Thinking Real Estate?
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet
Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker

Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 36, September 5, 2020 20451 N. Plum Grove Rd., Palatine, IL 60074 Ph:847-359-0746, Fax:847-705-9388

## ਕੇਂਦਰ ਸਰਕਾਰ ਨੇ ਕੈਪਟਨ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਈ

### ਵਜ਼ੀਫਾ ਘਪਲੇ ਦੀ ਜਾਂਚ ਅਚਾਨਕ ਆਪਣੇ ਹੱਥ ਲਈ

**ਚੰਡੀਗੜ੍ਹ:** ਵਾਅਦਾਖਿਲਾਫੀ, ਅੰਦਰੂਨੀ ਬਗਾਵਤ, ਕਰੋਨਾ ਖਿਲਾਫ ਜੰਗ 'ਚ ਨਾਕਾਮੀ ਅਤੇ ਮਾਫੀਆ ਰਾਜ ਨੂੰ ਹੱਲਾਸ਼ੇਰੀ ਵਰਗੇ ਮਸਲਿਆਂ ਉਤੇ ਚੁਫੇਰਿਉਂ ਘਿਰੀ ਪੰਜਾਬ ਦੀ ਕੈਪਟਨ ਸਰਕਾਰ ਲਈ ਹੁਣ ਨਵੀਂ ਮੁਸੀਬਤ ਖੜ੍ਹੀ ਹੋ ਗਈ ਹੈ। ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਵਲੋਂ ਦਲਿਤ ਪਰਿਵਾਰਾਂ ਨਾਲ ਸਬੰਧਤ ਹੋਣਹਾਰ ਵਿਦਿਆਰਥੀਆਂ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ (ਵਜ਼ੀਫਾ) ਸਕੀਮ ਦਾ ਕਰੋੜਾਂ ਰੁਪਏ ਛਕਣ ਦੇ ਦੋਸ਼ਾਂ ਦੇ ਮਾਮਲੇ ਦੀ ਜਾਂਚ ਮੋਦੀ ਸਰਕਾਰ ਵਲੋਂ ਆਪਣੇ ਹੱਥ ਲੈਣ ਦੇ ਚਰਚੇ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੁੜਿੱਕੀ ਵਿਚ ਫਸਦੇ ਨਜ਼ਰ ਆ ਰਹੇ ਹਨ। ਮੰਤਰੀ ਉਤੇ ਵਜ਼ੀਫਾ ਸਕੀਮ 'ਚ ਸਿੱਧੇ 63.91 ਕਰੋੜ ਰੁਪਏ ਹੜੱਪਣ ਦੇ ਦੋਸ਼ ਲੱਗ ਰਹੇ ਹਨ।

ਉਧਰ ਕੈਪਟਨ, ਕੇਂਦਰ ਦੇ ਇਸ ਫੈਸਲੇ ਪਿੱਛੋਂ ਸੰਘੀ ਢਾਂਚੇ ਨੂੰ ਤਬਾਹ ਕਰਨ ਦੀਆਂ ਦੁਹਾਈਆਂ ਪਾ ਰਹੇ ਹਨ। ਕੈਪਟਨ ਦਾ ਇਹ ਵੀ ਗਿਲਾ ਹੈ ਕਿ ਕੇਂਦਰੀ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਵਲੋਂ ਸੂਬਾ ਸਰਕਾਰ ਨਾਲ ਬਿਨਾ ਸਲਾਹ ਮਸ਼ਵਰਾ ਕੀਤੇ ਜਾਂ ਮੁੱਖ ਸਕੱਤਰ ਦੀ ਜਾਂਚ ਰਿਪੋਰਟ ਉਡੀਕੇ ਬਿਨਾ ਘੁਟਾਲੇ ਦੀ ਜਾਂਚ ਦਾ ਹੁਕਮ ਕਿਸੇ ਪਾਸਿਉਂ ਵੀ ਜਾਇਜ਼ ਨਹੀਂ।

ਸਿਆਸੀ ਮਾਹਰ ਕੇਂਦਰੀ ਫੈਸਲਿਆਂ ਬਾਰੇ ਕੈਪਟਨ ਦੀ 'ਹੁਕਮ ਅਦੂਲੀ' ਨੂੰ ਮੋਦੀ ਸਰਕਾਰ ਦੇ ਤਾਜ਼ਾ ਫੈਸਲੇ ਨਾਲ ਜੋੜ ਕੇ ਵੀ ਦੇਖ ਰਹੇ ਹਨ। ਯਾਦ ਰਹੇ ਕਿ ਇਸੇ ਹਫਤੇ ਕੈਪਟਨ ਸਰਕਾਰ ਨੇ ਕੇਂਦਰ ਦੇ ਖੇਤੀ ਆਰਡੀਨੈਂਸਾਂ ਤੇ ਬਿਜਲੀ ਸਮਝੌਤਿਆਂ ਖਿਲਾਫ ਵਿਧਾਨ ਸਭਾ ਵਿਚ ਮਤਾ ਪਾਇਆ ਸੀ। ਇਸ ਪਿੱਛੋਂ ਵਿੱਤ ਮੰਤਰੀ ਨੇ ਜੀ.ਐਸ.ਟੀ. ਬਾਰੇ ਕੇਂਦਰੀ ਸੁਝਾਵਾਂ ਨੂੰ ਮੰਨਣ ਤੋਂ ਕੋਰੀ ਨਾਂਹ ਕਰ ਦਿੱਤੀ।

ਵਧੀਕ ਮੁੱਖ ਸਕੱਤਰ ਵਲੋਂ ਐਸ.ਸੀ. ਅਤੇ ਬੀ.ਸੀ. ਭਾਈਚਾਰੇ ਦੀ ਭਲਾਈ ਵਿਭਾਗ ਦੇ ਮੁਖੀ ਹੁੰਦਿਆਂ ਡੂੰਘੀ ਪੜਤਾਲ ਤੋਂ ਬਾਅਦ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਕੈਪਟਨ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਥਾਂ ਇਸ ਦੀ ਜਾਂਚ ਆਪਣੇ ਮੁੱਖ ਸਕੱਤਰ ਨੂੰ ਸੌਂਪ ਦਿੱਤੀ। ਇਸ ਪਿੱਛੋਂ ਸਵਾਲ ਉਠੇ ਕਿ ਜਦੋਂ ਇਸੇ ਪੱਧਰ ਦੇ ਐਡੀਸ਼ਨਲ ਚੀਫ ਸੈਕਟਰੀ ਨੇ ਮਾਮਲੇ ਦੀ ਜਾਂਚ ਤਕਰੀਬਨ ਮੁਕੰਮਲ




ਕਰ ਲਈ ਸੀ ਤਾਂ ਚੀਫ ਸੈਕਟਰੀ ਨੇ ਇਸ ਮਾਮਲੇ ਦੀ ਜਾਂਚ ਦੀ ਕੀ ਤੁਕ ਬਣਦੀ ਹੈ?

ਧਰਮਸੋਤ ਖਿਲਾਫ ਵਧੀਕ ਮੁੱਖ ਸਕੱਤਰ ਵਲੋਂ ਜਿੰਨੇ ਦਸਤਾਵੇਜ਼ੀ ਸਬੂਤਾਂ ਨਾਲ ਸਰਕਾਰ ਨੂੰ ਜਾਂਚ ਰਿਪੋਰਟ ਸੌਂਪੀ ਹੈ, ਉਸ ਦੇ ਆਧਾਰ ਉਤੇ ਇਸ ਮੰਤਰੀ ਨੂੰ ਤੁਰੰਤ ਮੰਤਰੀ ਮੰਡਲ ਵਿਚੋਂ ਬਰਖਾਸਤ ਕਰ ਕੇ ਫੌਜਦਾਰੀ ਮੁਕੱਦਮਾ ਦਰਜ ਹੋਣਾ ਚਾਹੀਦਾ ਸੀ। ਪਰ ਕੋਸ਼ਿਸ਼ ਇਸ ਮਾਮਲੇ ਨੂੰ ਰਫਾ-ਦਫਾ ਕਰਨ ਦੀ ਹੋਈ। ਕੈਪਟਨ ਦੇ ਇਸ

(ਬਾਕੀ ਸਫਾ 6 ਉਤੇ)

## ਲਾਪਤਾ ਸਰੂਪ: ਸ਼੍ਰੋਮਣੀ ਕਮੇਟੀ ਖਿਲਾਫ ਰੋਹ ਭਖਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਵੇਂ ਲਾਪਤਾ ਸਰੂਪਾਂ ਦੇ ਮਾਮਲੇ ਵਿਚ ਆਪਣੇ ਕੁਝ ਮੁਲਾਜ਼ਮਾਂ ਖਿਲਾਫ ਕਾਰਵਾਈ ਕਰ ਕੇ ਇਹ ਮਾਮਲਾ ਨਿਬੇੜ ਬੈਠੀ ਹੈ ਪਰ ਸਿੱਖ ਜਥੇਬੰਦੀਆਂ ਵਿਚ ਰੋਸ ਵਧ ਰਿਹਾ ਹੈ। ਸਿੱਖ ਜਥੇਬੰਦੀਆਂ ਮੰਗ ਕਰ ਰਹੀਆਂ ਹਨ ਕਿ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਜਾਂਚ ਰਿਪੋਰਟ ਨੂੰ ਜਨਤਕ ਕੀਤਾ ਜਾਵੇ ਅਤੇ ਸਰੂਪ ਕਿਥੇ ਗਏ ਤੇ ਕਿਸ ਦੇ ਕਹਿਣ 'ਤੇ ਦਿੱਤੇ ਆਦਿ ਬਾਰੇ ਵੀ ਜਵਾਬਦੇਹੀ ਹੋਵੇ।

ਸਵਾਲ ਇਹ ਵੀ ਕੀਤਾ ਜਾ ਰਿਹਾ ਹੈ ਕਿ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਤੇ ਹੋਰ ਕਰਮਚਾਰੀਆਂ ਖਿਲਾਫ ਸਖਤੀ ਕਾਰਵਾਈ ਦੀ ਗੱਲ ਆਖੀ ਜਾ ਰਹੀ ਹੈ, ਪਰ ਸਾਬਕਾ ਤੇ ਮੌਜੂਦਾ ਕਮੇਟੀ ਪ੍ਰਧਾਨ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਕਿਸ ਆਧਾਰ ਉਤੇ ਬਖਸ਼ਿਆ ਗਿਆ? ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਐਲਾਨ ਕੀਤਾ ਕਿ ਜੇ ਸ਼੍ਰੋਮਣੀ ਕਮੇਟੀ ਨੇ 11 ਸਤੰਬਰ ਤੱਕ ਇਨ੍ਹਾਂ ਸਵਾਲਾਂ ਦੇ ਜਵਾਬ ਨਾ ਦਿੱਤੇ ਤਾਂ ਜਥੇਬੰਦੀ 13 ਸਤੰਬਰ ਤੋ ਰੋਸ ਵਿਖਾਵੇ ਸ਼ੁਰੂ ਕਰੇਗੀ।

ਦੱਸਣਯੋਗ ਹੈ ਕਿ ਅਕਾਲੀ ਦਲ ਅੰਮ੍ਰਿਤਸਰ ਸਮੇਤ ਵੱਡੀ ਗਿਣਤੀ ਜਥੇਬੰਦੀਆਂ ਇਸ ਜਾਂਚ ਰਿਪੋਰਟ ਨੂੰ ਰੱਦ ਕਰ ਚੁੱਕੀਆਂ ਹਨ। ਅਕਾਲੀ ਦਲ (ਅੰਮ੍ਰਿਤਸਰ) ਨੇ ਮਾਮਲੇ ਦੀ ਜਾਂਚ ਆਪਣੇ ਪੱਧਰ 'ਤੇ ਸ਼ੁਰੂ ਕਰ ਦਿੱਤੀ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਬੈਠੇ ਮੁੱਖ ਮੁਲਜ਼ਮਾਂ ਨੇ ਆਪਣਾ ਦੋਸ਼ ਹੋਰਨਾਂ ਸਿਰ ਲਾ ਕੇ ਸਿੱਖ ਕੌਮ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਅਸਲ ਮੁੱਦਾ ਛੱਡ ਕੇ ਕੋਸ਼ਿਸ਼ ਇਹ ਸਾਬਤ ਕਰਨ ਦੀ ਹੋ ਰਹੀ ਹੈ ਕਿ ਸਬੰਧਤ ਮੁਲਾਜ਼ਮਾਂ ਨੇ ਕਿਤਾਬਾਂ ਜਾਂ ਰਿਕਾਰਡ ਲਿਖਣ ਵਿਚ ਗਲਤੀ ਕੀਤੀ ਹੈ, ਸਰੂਪ ਗਾਇਬ ਨਹੀਂ ਹੋਏ ਤੇ ਅੱਗ ਲੱਗਣ ਦੀ ਘਟਨਾ ਨਾਲ ਕੋਈ ਨੁਕਸਾਨ ਨਹੀਂ ਹੋਇਆ ਜਦੋਂਕਿ ਮੁੱਦਾ 328 ਸਰੂਪ ਲਾਪਤਾ ਹੋਣ ਦਾ ਹੈ।

ਚੇਚੇ ਰਹੇ ਕਿ ਸਰੂਪਾਂ ਦੇ ਗਾਇਬ ਹੋਣ ਦਾ ਮਾਮਲਾ ਭਖਦਾ ਵੇਖ ਅਕਾਲ ਤਖਤ ਦੇ ਹੁਕਮਾਂ ਉਤੇ ਜਾਂਚ ਕਮੇਟੀ ਬਣਾਈ ਗਈ ਸੀ ਜਿਸ ਨੇ ਆਪਣੀ ਰਿਪੋਰਟ ਪਿਛਲੇ ਹਫਤੇ ਅਕਾਲ ਤਖਤ ਸਾਹਿਬ ਨੂੰ ਸੌਂਪੀ ਸੀ। ਜਥੇਦਾਰ ਨੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੇ ਹੁਕਮ ਦੇ ਕੇ ਇਹ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਸੀ ਪਰ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੁਝ ਮੁਲਾਜ਼ਮ ਨੂੰ ਬਰਖਾਸਤ ਕਰ ਕੇ ਹੀ ਮਾਮਲਾ ਨਿਬੇੜਨ ਦੀ ਕੋਸ਼ਿਸ਼ ਕੀਤੀ ਗਈ। ਹੁਣ ਸਿੱਖ ਜਥੇਬੰਦੀਆਂ ਸਵਾਲ ਕਰ ਰਹੀਆਂ ਹਨ ਕਿ ਸ਼੍ਰੋਮਣੀ ਕਮੇਟੀ ਇਹ ਦੱਸੇ ਕਿ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਹੋਏ ਸਰੂਪ ਆਖਰਕਾਰ ਕਿਥੇ ਹਨ। ਇਹ ਸਰੂਪ ਕਿਸ ਕੋਲ ਕਿਸ ਦੇ ਹੁਕਮਾਂ ਨਾਲ ਗਏ, ਜਿੰਨੀ ਦੇਰ ਤੱਕ ਇਨ੍ਹਾਂ ਗੱਲਾਂ ਦੀ ਸੱਚਾਈ ਬਾਹਰ ਨਹੀਂ ਆਉਂਦੀ ਉਨੀ ਦੇਰ ਤੱਕ ਸ਼੍ਰੋਮਣੀ ਕਮੇਟੀ ਕਿਸੇ ਵੀ ਤਰੀਕੇ ਨਾਲ ਖਾਲਸਾ ਪੰਥ ਦੇ ਸਾਹਮਣੇ ਸੁਰਖਰੂ ਨਹੀਂ ਹੋ ਸਕਦੀ। ਜਥੇਬੰਦੀਆਂ ਦੀ ਮੰਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਵੀ ਮੁੱਖ ਸਕੱਤਰ ਡਾ. ਰੂਪ ਸਿੰਘ ਵਾਂਗ ਇਖਲਾਕੀ ਤੌਰ 'ਤੇ ਤੁਰੰਤ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਜਥੇਬੰਦੀਆਂ ਦਾ ਕਹਿਣਾ ਹੈ ਕਿ ਦੋਸ਼ੀਆਂ ਨੂੰ ਬਰਖਾਸਤ ਕਰ ਕੇ ਮਾਮਲਾ ਨਿਬੇੜਨ ਦੀ ਥਾਂ ਕਾਨੂੰਨੀ ਕਾਰਵਾਈ ਵੀ ਹੋਣੀ ਚਾਹੀਦੀ ਹੈ; ਕਿਉਂਕਿ ਕੋਹਲੀ ਐਂਡ ਐਸੋਸੀਏਟਸ ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਥਾਪੜਾ

(ਬਾਕੀ ਸਫਾ 6 ਉਤੇ)

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

WorldWide Travel, Inc
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

Regal Jewels
2625 W. Devon Ave. Chicago, IL 60659
773-262-4377 773-517-0517
WWW.REGALJEWELS.COM
Open 11am to 8pm Closed on Tuesday

# ਵਜ਼ੀਫਾ ਘੁਟਾਲਾ: ਕੈਪਟਨ ਦੀ ਸਰਕਾਰ ਨੂੰ ਚੁਫੇਰਿਉਂ ਘੇਰਾ

**ਚੰਡੀਗੜ੍ਹ:** ਕੈਪਟਨ ਸਰਕਾਰ ਦਾ ਇਕ ਹੋਰ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰ ਗਿਆ ਹੈ। ਵਿਰੋਧੀ ਧਿਰਾਂ ਨੇ ਕੇਂਦਰ ਦੀ ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਘੁਟਾਲੇ ਵਿਚ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਭੂਮਿਕਾ ਸਾਹਮਣੇ ਆਉਣ 'ਤੇ ਉਸ ਨੂੰ ਕੈਬਨਿਟ ਵਿਚੋਂ ਬਰਖਾਸਤ ਕਰਕੇ ਇਨ੍ਹਾਂ ਘੁਟਾਲਿਆਂ ਦੀ ਜਾਂਚ ਹਾਈ ਕੋਰਟ ਦੀ ਨਿਗਰਾਨੀ ਹੇਠ ਸਮਾਂਬੱਧ ਕਰਾਉਣ ਦੀ ਮੰਗ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਭਾਵੇਂ ਕੈਬਨਿਟ ਮੰਤਰੀ ਦੇ ਬਚਾਅ ਲਈ ਟਿੱਲ ਲਾ ਰਹੇ ਹਨ ਪਰ ਵਿਰੋਧੀ ਧਿਰਾਂ ਨੇ ਧਰਮਸੋਤ ਦੀ ਬਰਖ਼ਾਸਤਗੀ ਲਈ ਸੜਕਾਂ ਉਤੇ ਮੋਰਚੇ ਸੰਭਾਲ ਲਏ ਹਨ।



ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਵਲੋਂ ਮੁੱਖ ਸਕੱਤਰ ਪੰਜਾਬ ਨੂੰ ਸੌਂਪੀ ਗਈ ਜਾਂਚ ਰਿਪੋਰਟ ਉਪਰੰਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਹੁਣ ਤੱਕ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਸੀ, ਪਰ ਕੈਪਟਨ ਸਰਕਾਰ ਦਲਿਤ ਪਰਿਵਾਰਾਂ ਦੇ ਹੋਣਹਾਰ ਅਤੇ ਯੋਗ ਵਿਦਿਆਰਥੀਆਂ ਦੀ ਵਜੀਫਾ ਰਾਸ਼ੀ ਹੜੱਪਣ ਵਾਲੇ ਮੰਤਰੀ ਅਤੇ ਉਸ ਦੇ ਗਰੋਹ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਦੋਸ਼ ਹਨ ਕਿ ਜਾਂਚ ਰਿਪੋਰਟ ਮੁਤਾਬਕ ਫਰਵਰੀ-ਮਾਰਚ 'ਚ ਇਸ ਸਕੀਮ ਅਧੀਨ ਪੰਜਾਬ ਸਰਕਾਰ ਨੂੰ ਆਏ 303 ਕਰੋੜ ਰੁਪਏ ਦੇ ਫੰਡ ਵੰਡਣ ਲਈ ਮੰਤਰੀ ਧਰਮਸੋਤ ਅਤੇ ਭਾਗੀਦਾਰ ਅਫਸਰਾਂ ਨੇ ਵਜ਼ੀਫਾ ਰਾਸ਼ੀ ਜਾਰੀ ਕਰਨ ਸਮੇਂ ਨਾ ਸਿਰਫ 'ਪਿੱਕ ਐਂਡ ਚੂਜ਼' ਦੀ ਨੀਤੀ ਅਪਣਾਈ ਸਗੋਂ ਅਜਿਹੇ ਕਾਲਜਾਂ/ਸੰਸਥਾਨਾਂ ਨੂੰ ਵੀ ਮੋਟੀਆਂ ਰਕਮਾਂ ਜਾਰੀ ਕਰ ਦਿੱਤੀਆਂ, ਜਿਨ੍ਹਾਂ ਦਾ ਵਜੂਦ ਹੀ ਨਹੀਂ ਹੈ। ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਵਜ਼ੀਫਾ ਸਕੀਮ ਦੇ ਫੰਡਾਂ ਵਿਚ ਗੜਬੜੀ ਦੇ ਕਥਿਤ ਦੋਸ਼ਾਂ ਨੂੰ ਬੇਬੁਨਿਆਦ ਅਤੇ ਝੂਠ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜੇ ਇਨ੍ਹਾਂ ਦੋਸ਼ਾਂ ਵਿਚ ਰੱਤੀ ਭਰ ਵੀ ਸਚਾਈ ਪਾਈ ਜਾਂਦੀ ਹੈ ਤਾਂ ਉਹ ਕਿਸੇ ਵੀ ਜਾਂਚ ਅਤੇ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਹਨ।

ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਦੇ ਘਪਲੇ ਸਬੰਧੀ ਸ਼੍ਰੋਮਣੀ ਅਕਾਲੀ ਦਲ ਵਲੋਂ ਪਟਿਆਲਾ ਗੇਟ ਚੌਕ ਵਿਚ ਐਸ.ਸੀ/ਬੀ.ਸੀ. ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਦਾ ਪੁਤਲਾ ਫੂਕਿਆ ਗਿਆ। ਪ੍ਰਦਰਸ਼ਨ ਦੌਰਾਨ ਪਾਰਟੀ ਵਰਕਰਾਂ ਨੇ ਨਾਅਰੇਬਾਜ਼ੀ ਕੀਤੀ ਅਤੇ ਧਰਮਸੋਤ ਨੂੰ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਕਰਨ ਦੀ ਮੰਗ ਕੀਤੀ।

ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਨੇ ਸਾਥੀਆਂ ਸਣੇ ਐਮ.ਐਲ.ਏ. ਹੋਸਟਲ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਘੁਟਾਲੇ ਦੇ ਮੁੱਦੇ 'ਤੇ ਸੂਬਾ ਸਰਕਾਰ ਖਿਲਾਫ ਰੋਸ ਮੁਜ਼ਾਹਰਾ ਕੀਤਾ ਅਤੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ। ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਇਸ ਸਕੀਮ ਤਹਿਤ ਹੁਣ ਅਰਬਾਂ ਰੁਪਏ ਦੀ ਵਜੀਫਾ ਰਾਸ਼ੀ ਖੁਰਦ-ਬੁਰਦ ਕੀਤੀ ਜਾ ਚੁੱਕੀ ਹੈ ਜਿਸ ਦੇ ਚਲਦਿਆਂ ਹੀ ਕਾਲਜਾਂ ਵਲੋਂ ਦਲਿਤ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾ ਰਿਹਾ। ਸ੍ਰੀ ਬੈਂਸ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਕੇਂਦਰ ਦੀ ਸਕੀਮ ਹੈ ਅਤੇ ਇਸ ਦੀ ਜਾਂਚ ਵੀ ਸੀ.ਬੀ.ਆਈ. ਤੋਂ ਕਰਵਾਈ ਜਾਣੀ ਚਾਹੀਦੀ ਹੈ।

ਕੇਂਦਰੀ ਫੂਡ ਪ੍ਰੋਸੈਸਿੰਗ ਉਦਯੋਗ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰੀ ਸ੍ਰੀ ਥਾਵਰ ਚੰਦ ਗਹਿਲੋਤ ਨੂੰ ਅਪੀਲ ਕੀਤੀ ਕਿ ਉਹ ਪੰਜਾਬ 'ਚ ਅਨੁਸੂਚਿਤ ਜਾਤੀ ਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਵਲੋਂ ਕੀਤੇ ਗਏ 63 ਕਰੋੜ ਰੁਪਏ ਦੇ ਐਸ. ਸੀ. ਸਕਾਲਰਸ਼ਿਪ ਘੁਟਾਲੇ ਦੀ ਸੀ. ਬੀ.ਆਈ. ਜਾਂਚ ਦੇ ਹੁਕਮ ਦੇਣ। ਸ੍ਰੀ ਗਹਿਲੋਤ ਨੂੰ ਲਿਖੇ ਇਕ ਪੱਤਰ ਵਿਚ ਕੇਂਦਰੀ ਫੂਡ ਪ੍ਰੋਸੈਸਿੰਗ ਉਦਯੋਗ ਮੰਤਰੀ ਨੇ ਕਿਹਾ ਕਿ ਮੰਤਰੀ ਦੇ ਇਸ਼ਾਰੇ ਉਤੇ ਜਿਹੜੇ ਫੰਡਾਂ ਦਾ ਘੁਟਾਲਾ ਕੀਤਾ ਗਿਆ, ਨੂੰ ਉਗਰਾਹੁਣਾ ਜ਼ਰੂਰੀ ਹੈ ਤਾਂ ਕਿ ਇਹ ਅਸਲ ਲਾਭਪਾਤਰੀਆਂ ਵਿਚ ਵੰਡੇ ਜਾ ਸਕਣੇ। ਉਨ੍ਹਾਂ ਨੇ ਅਪੀਲ ਕੀਤੀ ਕਿ ਕਿਉਂਕਿ ਕਾਂਗਰਸ ਸਰਕਾਰ ਐਸ. ਸੀ. ਸਕਾਲਰਸ਼ਿਪ ਦੇ ਫੰਡ ਲੋੜੀਂਦੇ ਲਾਭਪਾਤਰੀਆਂ ਨੂੰ ਵੰਡਣ ਵਿਚ ਅਸਫਲ ਰਹੀ ਹੈ ਤਾਂ ਅਜਿਹੇ ਵਿਚ ਕੇਂਦਰ ਸਰਕਾਰ ਨੂੰ ਬਾਕੀ ਦੀ ਜਾਂਚ ਦੀ ਜ਼ਿੰਮੇਵਾਰੀ ਆਪ ਚੁੱਕਣੀ ਚਾਹੀਦੀ ਹੈ।

## ਹਰਸਿਮਰਤ ਨੂੰ ਬੋਲਣ ਦਾ ਕੋਈ ਹੱਕ ਨਹੀਂ: ਕੈਪਟਨ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵਲੋਂ ਸਕਾਲਰਸ਼ਿਪ ਘੁਟਾਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕਰਨ ਨੂੰ ਬੇਤੁਕਾ ਦੱਸਦਿਆਂ ਕਿਹਾ ਕਿ ਹਰਸਿਮਰਤ ਨੂੰ ਇਸ ਮਾਮਲੇ 'ਤੇ ਬੋਲਣ ਦਾ ਕੋਈ ਨੈਤਿਕ ਅਧਿਕਾਰੀ ਨਹੀਂ ਹੈ। ਕੇਂਦਰੀ ਮੰਤਰੀ ਨੂੰ ਹਰੇਕ ਮਾਮਲੇ ਵਿਚ ਸੀ.ਬੀ.ਆਈ. ਤੋਂ ਜਾਂਚ ਦੀ ਮੰਗ ਕਰਨ ਦੀ ਆਦਤ ਪੈ ਗਈ ਹੈ। ਇਸ ਨਾਲ ਜਾਂਚ ਏਜੰਸੀ ਦੇ ਵਿਸ਼ੇਸ਼ ਰੁਤਬੇ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ, ਜਿਸ ਦੀ ਸਾਖ ਪਹਿਲਾਂ ਹੀ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵਿੱਚ ਡਿੱਗ ਚੁੱਕੀ ਹੈ। ਕੈਪਟਨ ਨੇ ਕਿਹਾ ਕਿ ਕਥਿਤ ਸਕਾਲਰਸ਼ਿਪ ਘੁਟਾਲੇ ਦੇ ਮਾਮਲੇ ਵਿਚ ਸੀ.ਬੀ.ਆਈ. ਦੀ ਜਾਂਚ ਦੀ ਮੰਗ ਕਰ ਕੇ ਪੰਜਾਬ ਦੀ ਪੁਲਿਸ ਫੋਰਸ ਅਤੇ ਪ੍ਰਸ਼ਾਸਨ ਉਤੇ ਬੇਭਰੋਸਾ ਦਿਖਾਇਆ ਹੈ।


## 'ਆਪਣੇ' ਵੀ ਹੋਏ ਕੈਪਟਨ ਸਰਕਾਰ ਦੁਆਲੇ

**ਚੰਡੀਗੜ੍ਹ:** ਪੋਸਟ ਮੈਟ੍ਰਿਕ ਐਸ. ਸੀ ਸਕਾਲਰਸ਼ਿਪ ਸਕੀਮ ਅਧੀਨ ਫੰਡਾਂ ਦੀਆਂ ਬੇਨੇਮੀਆਂ ਨੂੰ ਲੈ ਕੇ ਉਠੇ ਵਿਵਾਦ 'ਚ ਸਰਕਾਰ ਨੂੰ ਵਿਰੋਧੀ ਧਿਰਾਂ ਨੇ ਤਾਂ ਘੇਰਿਆ ਹੀ ਹੈ ਸਗੋਂ ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਅਤੇ ਮੈਂਬਰ ਰਾਜ ਸਭਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਆਪਣੀ ਸਰਕਾਰ ਨੂੰ ਇਕ ਵਾਰ ਫਿਰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚਿੰਤਾ ਦੀ ਗੱਲ ਹੈ ਕਿ ਸਾਡੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਸਿੱਖਿਆ ਯਕੀਨੀ ਬਣਾਉਣ ਲਈ ਖਰਚ ਕੀਤੇ ਜਾਣ ਵਾਲੇ ਪੈਸੇ ਦੀ ਵਿਭਾਗ ਵਲੋਂ ਦੁਰਵਰਤੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਇਸ ਗੰਭੀਰ ਮਾਮਲੇ ਬਾਰੇ ਜਲਦੀ ਹੀ ਸ੍ਰੀਮਤੀ ਸੋਨੀਆ ਗਾਂਧੀ ਨੂੰ ਚਿੱਠੀ ਲਿਖ ਕੇ ਮਾਮਲੇ ਦੀ ਸੰਵੇਦਨਸ਼ੀਲਤਾ ਤੋਂ ਜਾਣੂ ਕਰਵਾਉਣਗੇ। ਬਾਜਵਾ ਨੇ ਕਿਹਾ ਕਿ ਉਹ ਸੋਨੀਆ ਗਾਂਧੀ ਨੂੰ ਇਸ ਮਾਮਲੇ 'ਚ ਕਾਰਵਾਈ ਕਰਨ ਦੀ ਬੇਨਤੀ ਵੀ ਕਰਨਗੇ। ਸ. ਬਾਜਵਾ ਨੇ ਕਿਹਾ ਕਿ ਧਰਮਸੋਤ ਨੂੰ ਇਸ ਮਾਮਲੇ ਦੀ ਜਾਂਚ ਦੌਰਾਨ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ।

ਬਾਜਵਾ ਨੇ ਮੁੱਖ ਮੰਤਰੀ ਵਲੋਂ ਧਰਮਸੋਤ 'ਤੇ ਲੱਗੇ ਦੋਸ਼ਾਂ ਦੀ ਸਫਾਈ ਦਿੰਦਿਆਂ ਇਸ ਮਾਮਲੇ ਦਾ ਉਨ੍ਹਾਂ ਦੀ ਮਗਰਲੀ ਸਰਕਾਰ ਦੌਰਾਨ ਹੋਏ ਲੁੱਕ ਦੇ ਘੁਟਾਲੇ ਨਾਲ ਤੁਲਨਾ ਕਰਨ ਦੀ ਕੋਸ਼ਿਸ਼ ਨੂੰ ਪੂਰਨ ਤੌਰ 'ਤੇ ਰੱਦ ਕੀਤਾ ਤੇ ਕਿਹਾ ਕਿ ਉਸ ਸਮੇਂ ਹੋਇਆ ਲੁੱਕ ਦਾ ਘੁਟਾਲਾ 1997-2002 ਨਾਲ ਸਬੰਧਤ ਸੀ ਜਦਕਿ ਪੰਜਾਬ 'ਚ ਅਕਾਲੀ ਦਲ ਦੀ ਸਰਕਾਰ ਸੀ, ਪਰ ਇਹ ਘੁਟਾਲਾ 2004 ਵਿਚ ਸਾਹਮਣੇ ਆਇਆ ਤੇ ਵਿਜੀਲੈਂਸ ਨੇ ਇਸ ਉਤੇ ਕੇਸ ਦਰਜ ਕੀਤਾ। ਵਿਜੀਲੈਂਸ ਜਾਂਚ ਤੋਂ ਬਾਅਦ 63 ਅਧਿਕਾਰੀ ਇਸ ਲਈ ਜ਼ਿੰਮੇਵਾਰ ਠਹਿਰਾਏ ਗਏ ਸੀ ਤੇ ਉਕਤ ਮੰਤਰਾਲਿਆਂ ਨਾਲ ਸਬੰਧਤ 31 ਅਧਿਕਾਰੀਆਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ, ਪਰ ਮੇਰਾ ਇਸ ਘੁਟਾਲੇ ਨਾਲ ਕਦੇ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਾਂ ਸਾਹਮਣੇ ਨਹੀਂ ਆਇਆ ਕਿਉਂਕਿ ਉਕਤ ਲੁੱਕ ਦੀ ਖਰੀਦ ਮੇਰੇ ਮੰਤਰੀ ਬਣਨ ਤੋਂ ਪਹਿਲਾਂ ਦੀ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਆਪਣੇ ਇਕ ਉਸ ਮੰਤਰੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਸਬੰਧੀ ਘੁਟਾਲਾ ਉਸ ਦੇ ਆਪਣੇ ਵਿਭਾਗ ਦੇ ਮੁੱਖ ਅਧਿਕਾਰੀ ਵਲੋਂ ਲਿਆਂਦਾ ਗਿਆ ਹੈ ਜੋ ਕਿ ਰਾਜ ਦੇ ਮੁੱਖ ਸਕੱਤਰ ਦੇ ਰੈਂਕ ਵਿਚ ਹੈ।


Moving to Indiana?
Contact Ray Dhaliwal @ 317-993-4987
for Free Consultation!!!
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.

Ray Dhaliwal
Real Estate Broker
CENTURY 21 SCHEETZ RAYD@C21Scheetz.com

Low Interest Rates in History
No Cost Refinancing Available!

Madan Khatri
NMLS # 1980752
Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
Licensed in IL, CA, NJ, IN, and MA
953 Plum Grove Road, Unit B, Schaumburg, IL 60173


LEAF XPRESS
INIANAPOLIS, IN
Now Hiring!
We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.
Call, ISHAN: 317-688-9222
28-

Personalized Service-Committed To Quality
Solutions Financial Mortgage Company
Purchase & Refinance Your Home Loans

Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

# ਪੰਜਾਬ ਵਿਧਾਨ ਸਭਾ ਵਲੋਂ ਖੇਤੀ ਆਰਡੀਨੈਂਸ ਅਤੇ ਬਿਜਲੀ ਸੋਧ ਬਿੱਲ ਰੱਦ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਇਕ ਰੋਜ਼ਾ ਸੈਸ਼ਨ ਦੌਰਾਨ ਕੇਂਦਰ ਸਰਕਾਰ ਵਲੋਂ ਜਾਰੀ ਤਿੰਨ ਖੇਤੀਬਾੜੀ ਆਰਡੀਨੈਂਸਾਂ ਅਤੇ ਬਿਜਲੀ (ਸੋਧ) ਬਿੱਲ 2020 ਨੂੰ ਰੱਦ ਕਰ ਦਿੱਤਾ। ਇਹ ਮਤਾ ਹੁਣ ਪੰਜਾਬ ਦਾ ਰੋਸ ਪ੍ਰਗਟਾਉਣ ਲਈ ਸੰਸਦ ਦੇ ਦੋਵੇਂ ਸਦਨਾਂ ਨੂੰ ਭੇਜਿਆ ਜਾਵੇਗਾ।

ਭਾਜਪਾ ਦੇ ਦੋ ਵਿਧਾਇਕਾਂ ਨੂੰ ਛੱਡ ਕੇ ਬਾਕੀ ਸਦਨ ਨੇ ਆਰਡੀਨੈਂਸਾਂ ਅਤੇ ਬਿੱਲ ਖਿਲਾਫ ਮਤਾ ਬਹੁਸੰਮਤੀ ਨਾਲ ਪਾਸ ਕਰ ਦਿੱਤਾ। ਕਰੋਨਾ ਵਾਇਰਸ ਕਰ ਕੇ ਨੈਗੇਟਿਵ ਰਿਪੋਰਟ ਵਾਲੇ ਵਿਧਾਇਕਾਂ ਨੂੰ ਹੀ ਸਦਨ ਵਿਚ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ ਪਰ ਅਕਾਲੀ ਦਲ ਦੇ ਸਾਰੇ ਵਿਧਾਇਕ ਹੀ ਇਕ ਰੋਜ਼ਾ ਸੈਸ਼ਨ 'ਚੋਂ ਗੈਰਹਾਜ਼ਰ ਰਹੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਿੰਨੇ ਆਰਡੀਨੈਂਸਾਂ ਅਤੇ ਬਿਜਲੀ (ਸੋਧ) ਬਿੱਲ ਨੂੰ ਰੱਦ ਕਰਨ ਲਈ ਮਤਾ ਪੇਸ਼ ਕਰਦਿਆਂ ਕੇਂਦਰ ਸਰਕਾਰ ਤੋਂ ਇਨ੍ਹਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ। ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ, ਕਾਂਗਰਸ ਦੇ ਵਿਧਾਇਕ ਕੁਲਜੀਤ ਸਿੰਘ ਨਾਗਰਾ ਅਤੇ ਗੁਰਕੀਰਤ ਸਿੰਘ ਕੋਟਲੀ ਨੇ ਇਸ ਦਾ ਸਮਰਥਨ ਕੀਤਾ। 'ਆਪ' ਦੇ ਬਾਗੀ ਵਿਧਾਇਕ ਕੰਵਰ ਸੰਧੂ ਨੇ ਮਤੇ ਦਾ ਸਮਰਥਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਆਰਡੀਨੈਂਸਾਂ ਦੇ ਬਜਾਇ ਬਿੱਲ ਲਿਆ ਕੇ ਸਬੰਧਤ ਰਾਜ ਸਰਕਾਰਾਂ ਨੂੰ ਭਰੋਸੇ ਵਿਚ ਲੈਣਾ ਚਾਹੀਦਾ ਸੀ। 'ਆਪ' ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਅਕਾਲੀਆਂ ਉਤੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਆਰਡੀਨੈਂਸਾਂ ਵਿਚ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਗਾਰੰਟੀ ਦੀ ਧਾਰਾ ਸ਼ਾਮਲ ਕਰਵਾਉਣੀ ਚਾਹੀਦੀ ਹੈ।

ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਨਜੀਤ ਸਿੰਘ ਬੈਂਸ ਨੇ ਵੀ ਮਤੇ ਦਾ ਸਮਰਥਨ ਕੀਤਾ। ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਦੇ ਵਿਧਾਨ ਸਭਾ ਵਿਚ ਨਾ ਆਉਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਮਤੇ ਨੂੰ ਲਿਆਉਣ ਵਾਲੀ ਪਾਰਟੀ ਅਜਿਹੇ ਜ਼ਰੂਰੀ ਮੌਕੇ ਜਾਣ-ਬੁੱਝ ਕੇ ਵਿਧਾਨ ਸਭਾ ਵਿਚੋਂ ਗੈਰਹਾਜ਼ਰ ਰਹੀ ਹੈ। ਕੈਪਟਨ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਦਾਅਵੇ ਉਤੇ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ ਕਿ ਆਰਡੀਨੈਂਸ ਪੰਜਾਬ ਦੇ ਖੇਤੀਬਾੜੀ ਖੇਤਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ? ਉਨ੍ਹਾਂ ਕਿਹਾ,''ਕੇਂਦਰ ਸਰਕਾਰ ਖੇਤੀ ਨੂੰ ਨਿੱਜੀ ਹੱਥਾਂ ਵਿਚ ਦੇਣਾ ਚਾਹੁੰਦੀ ਹੈ। ਪਾਣੀ ਅਤੇ ਖੇਤੀ ਪੰਜਾਬ ਦੀ ਜੀਵਨ ਰੇਖਾ ਹਨ।

ਕੇਂਦਰ ਨੇ ਸੁਧਾਰਾਂ ਦੇ ਨਾਂ 'ਤੇ ਹਮੇਸ਼ਾ ਸੂਬੇ ਦੇ ਹਿੱਤਾਂ ਦੇ ਖਿਲਾਫ ਫੈਸਲੇ ਲਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀ ਬਾਂਹ ਫੜਨ ਦੀ ਥਾਂ 'ਤੇ ਕਿਸਾਨ ਵਿਰੋਧੀ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਸਾਰੇ ਖੇਤੀਬਾੜੀ ਪ੍ਰਧਾਨ ਸੂਬਿਆਂ ਖਾਸ ਕਰ ਕੇ ਹਰਿਆਣਾ ਨੂੰ ਪਾਰਟੀ ਪੱਧਰ ਤੋਂ ਉਪਰ ਉਠ ਕੇ ਅਜਿਹੇ ਆਰਡੀਨੈਂਸਾਂ ਦਾ ਵਿਰੋਧ ਕਰਨ ਦੀ ਅਪੀਲ ਕੀਤੀ। ਪੇਸ਼ ਕੀਤੇ ਗਏ ਮਤੇ ਅਨੁਸਾਰ ਤਿੰਨੋਂ ਆਰਡੀਨੈਂਸਾਂ ਕਾਰਨ ਪੈਦਾ ਹੋਈਆਂ ਚਿੰਤਾਵਾਂ ਤੇ ਪ੍ਰੇਸ਼ਾਨੀਆਂ ਬਾਰੇ ਵਿਧਾਨ ਸਭਾ ਚਿੰਤਤ ਹੈ। ਕਿਸਾਨ ਉਪਜ ਵਪਾਰ ਅਤੇ ਵਣਜ (ਤਰੱਕੀ ਤੇ ਸਹੂਲਤ) ਆਰਡੀਨੈਂਸ 2020, ਕੀਮਤ ਭਰੋਸੇ ਬਾਰੇ ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ) ਸਮਝੌਤਾ ਅਤੇ ਫਾਰਮ ਸੇਵਾਵਾਂ ਆਰਡੀਨੈਂਸ 2020 ਅਤੇ ਜ਼ਰੂਰੀ ਚੀਜ਼ਾਂ (ਸੋਧ) ਆਰਡੀਨੈਂਸ 2020 ਤੇ ਤਜਵੀਜ਼ਤ ਬਿਜਲੀ (ਸੋਧ) ਬਿੱਲ 2020 ਪੰਜਾਬ ਦੇ ਲੋਕਾਂ, ਖਾਸਕਰ ਕਿਸਾਨਾਂ ਤੇ ਬੇਜ਼ਮੀਨੇ ਮਜ਼ਦੂਰਾਂ ਦੇ ਹਿੱਤਾਂ ਵਿਰੁੱਧ ਹਨ।

ਮਤੇ ਮੁਤਾਬਕ ਇਹ ਆਰਡੀਨੈਂਸ ਸਾਲਾਂ ਦੀ ਮਿਹਨਤ ਨਾਲ ਬਣੀ ਖੇਤੀਬਾੜੀ ਮਾਰਕੀਟਿੰਗ ਪ੍ਰਣਾਲੀ ਅਤੇ ਸੰਵਿਧਾਨ ਵਿਰੁੱਧ ਵੀ ਹਨ। ਸੰਵਿਧਾਨ ਦੀ ਦੂਜੀ ਸੂਚੀ ਵਿਚ ਦਰਜ 14ਵੀਂ ਐਂਟਰੀ ਵਿਚ ਖੇਤੀਬਾੜੀ ਨੂੰ ਰਾਜਾਂ ਦਾ ਵਿਸ਼ਾ ਬਣਾਇਆ ਗਿਆ ਹੈ। ਇਹ ਆਰਡੀਨੈਂਸ ਫਸਲੀ ਸਮਰਥਨ ਮੁੱਲ ਤੋਂ ਹੇਠਾਂ ਫਸਲਾਂ ਦੀ ਵਿਕਰੀ ਦਾ ਆਧਾਰ ਤਿਆਰ ਕਰਨ ਵਾਲੇ ਅਤੇ ਸਹਿਕਾਰੀ ਸੰਘਵਾਦ ਦੀ ਭਾਵਨਾ ਦੇ ਖਿਲਾਫ ਹਨ। ਆਰਡੀਨੈਂਸਾਂ ਅਤੇ ਪ੍ਰਸਤਾਵਿਤ ਬਿਜਲੀ (ਸੋਧ) ਬਿੱਲ 2020 ਨੂੰ ਤੁਰਤ ਵਾਪਸ ਲੈ ਕੇ ਕਿਸਾਨਾਂ ਨੂੰ ਸਮਰਥਨ ਮੁੱਲ ਉਤੇ ਅਨਾਜ ਅਤੇ ਹੋਰ ਖੇਤੀਬਾੜੀ ਉਪਜਾਂ ਦੀ ਖਰੀਦ ਲਈ ਕਾਨੂੰਨੀ ਅਧਿਕਾਰ ਦੇਣ ਵਾਲਾ ਇਕ ਨਵਾਂ ਆਰਡੀਨੈਂਸ ਲਿਆਉਣ ਦੀ ਮੰਗ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਰਡੀਨੈਂਸ ਲਾਗੂ ਹੋਣ ਨਾਲ ਸੂਬਾ 80ਵਿਆਂ ਦੇ ਕਾਲੇ ਦੌਰ ਵਲ ਮੁੜ ਧੱਕਿਆ ਜਾਵੇਗਾ। ਇਨ੍ਹਾਂ ਆਰਡੀਨੈਂਸਾਂ ਦਾ ਮੂਲ ਅਧਾਰ ਸ਼ਾਂਤਾ ਕੁਮਾਰ ਕਮੇਟੀ ਦੀਆਂ ਸਿਫਾਰਸ਼ਾਂ ਹਨ ਜਿਨ੍ਹਾਂ ਦੇ ਨਤੀਜੇ ਕੌਮੀ ਪੱਧਰ ਉਤੇ ਵੀ ਭੈੜੇ ਨਿਕਲ ਸਕਦੇ ਹਨ ਕਿਉਂ ਜੋ ਸਿੱਟੇ ਵਜੋਂ ਐਫ.ਸੀ.ਆਈ. ਦੀ ਹੋਂਦ ਖਤਮ ਹੋ ਜਾਵੇਗੀ।



### ਇਕ ਘੰਟੇ ਦਾ ਸੈਸ਼ਨ ਲੋਕਤੰਤਰ ਲਈ ਕਾਲਾ ਦਿਨ ਗਰਦਾਨਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਦੇ ਇਕ ਘੰਟੇ ਦੇ ਸੈਸ਼ਨ ਨੂੰ ਪੰਜਾਬ ਦੇ ਲੋਕਤੰਤਰ ਦੇ ਇਤਿਹਾਸ ਵਿਚ ਕਾਲਾ ਦਿਨ ਕਰਾਰ ਦਿੰਦਿਆਂ ਸਰਕਾਰ ਉਤੇ ਲੋਕਾਂ ਦੇ ਮੁੱਦਿਆਂ ਉਤੇ ਬਹਿਸ ਤੋਂ ਭੱਜਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਇਹ ਵੀ ਝੂਠ ਬੋਲਿਆ ਹੈ ਕਿ ਅਕਾਲੀ ਦਲ ਦੇ ਵਿਧਾਇਕ ਮਤੇ ਤੋਂ ਡਰਦੇ ਸਦਨ ਵਿਚ ਹਾਜ਼ਰ ਨਹੀਂ ਹੋਏ। ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਨੇ ਵਿਧਾਨ ਸਭਾ ਵਿਚ ਗਲਤ ਜਾਣਕਾਰੀ ਦਿੱਤੀ ਕਿ ਸ਼੍ਰੋਮਣੀ ਅਕਾਲੀ ਦਲ ਸੈਸ਼ਨ ਵਿਚ ਨਹੀਂ ਆਇਆ ਜਦਕਿ ਉਨ੍ਹਾਂ ਦੀ ਸਰਕਾਰ ਨੇ ਵਿਰੋਧੀ ਧਿਰ ਨੂੰ ਵਿਧਾਨ ਸਭਾ ਤੋਂ ਬਾਹਰ ਰੱਖਿਆ। ਮੁੱਖ ਮੰਤਰੀ ਨੇ ਖੁਦ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਕਿਹਾ ਸੀ ਕਿ ਜੋ ਕਰੋਨਾ ਪਾਜ਼ੀਟਿਵ ਵਿਧਾਇਕਾਂ ਦੇ ਸੰਪਰਕ ਵਿਚ ਰਹੇ ਹਨ, ਉਹ ਵਿਧਾਨ ਸਭਾ ਸੈਸ਼ਨ ਵਿਚ ਨਾ ਆਉਣ।

## 'ਆਪ' ਵਿਧਾਇਕਾਂ ਨੇ ਸਰਕਾਰ ਦੀ ਨੀਅਤ ਉਤੇ ਚੁੱਕੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਉਪ ਨੇਤਾ ਸਰਬਜੀਤ ਕੌਰ ਮਾਣੂੰਕੇ ਅਤੇ ਹੋਰ ਵਿਧਾਇਕ ਇਜਲਾਸ 'ਚ ਹਿੱਸਾ ਲੈਣ ਲਈ ਪੀ.ਪੀ.ਈ. ਕਿੱਟਾਂ ਪਾ ਕੇ ਪਹੁੰਚੇ ਪਰ ਉਨ੍ਹਾਂ ਨੂੰ ਸਦਨ ਅੰਦਰ ਦਾਖਲ ਨਾ ਹੋਣ ਦਿੱਤਾ ਗਿਆ। ਉਧਰ, ਕਾਂਗਰਸ ਦੇ ਦੋ ਹੋਰ ਵਿਧਾਇਕਾਂ ਨਿਰਮਲ ਸਿੰਘ ਸ਼ੁਤਰਾਣਾ ਅਤੇ ਕੁਲਬੀਰ ਸਿੰਘ ਜ਼ੀਰਾ ਦੀ ਕਰੋਨਾ ਰਿਪੋਰਟ ਪਾਜੀਟਿਵ ਆਈ ਹੈ। ਇਨ੍ਹਾਂ ਵਿਚੋਂ ਕੁਲਬੀਰ ਸਿੰਘ ਜ਼ੀਰਾ ਸੈਸ਼ਨ ਦੌਰਾਨ ਮੌਜੂਦ ਰਹੇ ਸਨ।

'ਆਪ' ਦੇ ਵਿਧਾਇਕਾਂ ਨੇ ਵਿਧਾਨ ਸਭਾ ਅਤੇ ਪੰਜਾਬ ਭਵਨ ਦੇ ਬਾਹਰ ਧਰਨਾ ਦਿੱਤਾ ਜਿਨ੍ਹਾਂ ਦੇ ਸਮਰਥਨ ਵਿਚ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਵੀ ਪਹੁੰਚੇ। ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ, "ਅਸੀਂ ਕਰੋਨਾ ਦੀਆਂ ਨੈਗੇਟਿਵ ਰਿਪੋਰਟਾਂ ਨਾਲ ਲੈ ਕੇ ਆਏ ਸੀ, ਪਰ ਸਾਨੂੰ ਇਹ ਕਹਿ ਕੇ ਅੰਦਰ ਨਹੀਂ ਜਾਣ ਦਿੱਤਾ ਗਿਆ ਕਿ ਤੁਹਾਡਾ ਇਕ ਸੁਰੱਖਿਆ ਕਰਮੀ ਕਰੋਨਾ ਪਾਜੀਟਿਵ ਆਇਆ ਹੈ ਜਦਕਿ ਮੁੱਖ ਮੰਤਰੀ ਦੇ ਖੁਦ ਇਕ ਦਰਜਨੋਂ ਵੱਧ ਗੰਨਮੈਨ ਕਰੋਨਾ ਪਾਜੀਟਿਵ ਸਨ।"

ਸ੍ਰੀ ਚੀਮਾ ਨੇ ਵਿਧਾਨ ਸਭਾ ਵਿਚੋਂ ਸ਼੍ਰੋਮਣੀ ਅਕਾਲੀ ਦਲ ਦੀ ਗੈਰਹਾਜ਼ਰੀ ਦੇ ਫੈਸਲੇ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਖੇਤੀ ਵਿਰੋਧੀ ਆਰਡੀਨੈਂਸ, ਕੇਂਦਰੀ ਬਿਜਲੀ ਸੋਧ ਬਿੱਲ, ਪੰਜਾਬ ਦੇ ਪਾਣੀਆਂ ਅਤੇ ਐਸ.ਵਾਈ.ਐਲ. ਵਰਗੇ ਅਹਿਮ ਮੁੱਦੇ ਸਨ, ਜਿਨ੍ਹਾਂ ਉਤੇ ਚਰਚਾ ਲਈ ਸਦਨ 'ਚ ਉਨ੍ਹਾਂ ਦੀ ਮੌਜੂਦਗੀ ਬੇਹੱਦ ਜ਼ਰੂਰੀ ਸੀ ਪਰ ਬਾਦਲਾਂ ਅਤੇ ਭਾਜਪਾ ਦਾ ਦੋਗਲਾ ਸਟੈਂਡ ਸਭ ਦੇ ਸਾਹਮਣੇ ਆ ਗਿਆ ਹੈ।




# The Law Firm Of Fatima Johnson

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

- Deportation Defense •VAWA •Asylum •Work Permit
- Family and Marriage Based •Investor Visa (H1B, E-2, EB-5)
- SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

**Ph: 317-252-0013**

info@vitalvisa.com

*This is an attorney advertisement*






For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store

MIDWAY Business Broker
We Build Your Dreams

MIDWAY REALTY GROUP
We Build Your Dreams

MIDWAY REALTY GROUP
For all your Residential Real Estate Needs
Join our team, we are hiring real estate agents.

We help you to
- Home Selling
- Home Buying
- Rental / Lease
- New Construction
- Foreclosed / Short Sale
- REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at WWW.MBBIZ.COM

AJEET SINGH : 847-529-9778
NICK VERMA : 630-664-1435

# ਗੋਬਿੰਦ ਰਮਾਇਣ ਮਾਮਲਾ: ਸਿੱਖ ਸੰਗਤ ਨੂੰ ਮੋਦੀ ਖਿਲਾਫ ਕੇਸ ਦਰਜ ਕਰਵਾਉਣ ਦਾ ਸੱਦਾ

**ਅੰਮ੍ਰਿਤਸਰ:** ਗੋਬਿੰਦ ਰਮਾਇਣ ਬਾਰੇ ਦਿੱਤਾ ਬਿਆਨ ਵਾਪਸ ਲੈਣ ਤੇ ਸਿੱਖ ਕੌਮ ਤੋਂ ਮੁਆਫੀ ਮੰਗਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 15 ਦਿਨਾਂ ਦਾ ਅਲਟੀਮੇਟਮ ਦਿੱਤੀ ਗਿਆ ਸੀ ਪਰ ਇਸ ਦੇ ਬਾਵਜੂਦ ਮੋਦੀ ਵਲੋਂ ਇਸ ਮੁੱਦੇ ਉਤੇ ਕੋਈ ਮੁਆਫੀ ਨਹੀਂ ਮੰਗੀ ਗਈ। ਜਿਸ ਤੋਂ ਸਿੱਖ ਜਥੇਬੰਦੀਆਂ ਵਿਚ ਰੋਹ ਵਧ ਗਿਆ ਹੈ।

ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਆਖਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਗੋਬਿੰਦ ਰਮਾਇਣ ਬਾਰੇ ਦਿੱਤਾ ਬਿਆਨ ਵਾਪਸ ਨਹੀਂ ਲਿਆ ਗਿਆ ਅਤੇ ਨਾ ਹੀ ਸਿੱਖ ਕੌਮ ਕੋਲੋਂ ਮੁਆਫੀ ਮੰਗੀ ਗਈ ਹੈ। ਇਸ ਕਰ ਕੇ ਸਿੱਖ ਕੌਮ ਉਨ੍ਹਾਂ ਖਿਲਾਫ ਆਈ.ਪੀ.ਸੀ. ਦੀ ਧਾਰਾ 295-ਏ ਹੇਠ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਪੁਲਿਸ ਕੋਲ ਕੇਸ ਦਰਜ ਕਰਵਾਏ। ਮੁਤਵਾਜ਼ੀ ਜਥੇਦਾਰ ਵਲੋਂ ਜਾਰੀ ਕੀਤੇ ਹੁਕਮਾਂ ਤੋਂ ਬਾਅਦ ਸਿੱਖ ਕਾਰਕੁਨਾਂ ਨੇ ਇਥੋਂ ਦੀ ਥਾਣਾ ਈ ਡਿਵੀਜ਼ਨ (ਕੋਤਵਾਲੀ) ਵਿਚ ਪ੍ਰਧਾਨ ਮੰਤਰੀ ਖਿਲਾਫ ਕੇਸ ਦਰਜ ਕਰਨ ਲਈ ਸ਼ਿਕਾਇਤ ਪੱਤਰ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਬਾਹਰ ਮੀਡੀਆ ਨਾਲ ਗੱਲ ਕਰਦਿਆਂ ਮੁਤਵਾਜ਼ੀ ਜਥੇਦਾਰ ਨੇ ਆਖਿਆ ਕਿ ਅਯੁੱਧਿਆ ਵਿਚ ਰਾਮ ਮੰਦਰ ਨਿਰਮਾਣ ਲਈ ਭੂਮੀ ਪੂਜਨ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸੰਬੋਧਨ ਦੌਰਾਨ ਦਾਅਵਾ ਕੀਤਾ ਸੀ ਕਿ ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ 'ਗੋਬਿੰਦ ਰਮਾਇਣ' ਲਿਖੀ ਸੀ। ਇਹ ਬਿਆਨ ਦੇ ਕੇ ਸਿੱਖ ਕੌਮ ਨੂੰ ਹਿੰਦੂ ਧਰਮ ਦਾ ਹਿੱਸਾ ਬਣਾਉਣ ਦਾ ਯਤਨ ਕੀਤਾ ਗਿਆ ਜਿਸ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਪੰਜ ਸਿੰਘਾਂ ਨਾਲ ਵਿਚਾਰ ਵਟਾਂਦਰੇ ਮਗਰੋਂ ਗੁਰਮਤਾ ਜਾਰੀ ਕਰਕੇ ਪ੍ਰਧਾਨ ਮੰਤਰੀ ਨੂੰ 15 ਦਿਨਾਂ ਦਾ ਅਲਟੀਮੇਟਮ ਦਿੱਤਾ ਗਿਆ ਸੀ। ਉਨ੍ਹਾਂ ਨੂੰ ਆਪਣੇ ਸ਼ਬਦ ਵਾਪਸ ਲੈਣ ਅਤੇ ਸਿੱਖ ਕੌਮ ਕੋਲੋਂ ਮੁਆਫੀ ਮੰਗਣ ਲਈ ਆਖਿਆ ਗਿਆ ਸੀ ਪਰ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਉਤੇ ਚੁੱਪ ਧਾਰ ਲਈ ਹੈ।



ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਮੇਤ ਸਾਰੀਆਂ ਸਿੱਖ ਜਥੇਬੰਦੀਆਂ, ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਪ੍ਰਚਾਰਕ, ਸਿੱਖ ਰਾਜਸੀ ਪਾਰਟੀਆਂ, ਪਿੰਡਾਂ ਦੇ ਗੁਰਦੁਆਰਿਆਂ ਦੀਆਂ ਕਮੇਟੀਆਂ ਤੇ ਹੋਰ ਧਿਰਾਂ 15 ਸਤੰਬਰ ਤੱਕ ਨੇੜਲੇ ਥਾਣਿਆਂ ਵਿਚ ਇਸ ਸਬੰਧੀ ਸ਼ਿਕਾਇਤ ਪੱਤਰ ਦੇਣ ਅਤੇ ਧਾਰਾ 295 ਹੇਠ ਕੇਸ ਦਰਜ ਕਰਾਉਣ। ਵਿਦੇਸ਼ ਵਿਚ ਵਸਦੀਆਂ ਸਿੱਖ ਸੰਗਤਾਂ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਉਹ ਵੀ ਕੌਮਾਂਤਰੀ ਅਦਾਲਤ ਵਿਚ ਇਸ ਸਬੰਧੀ ਕੇਸ ਦਰਜ ਕਰਾਉਣ ਅਤੇ ਯੂ.ਐਨ.ਓ. ਕੋਲ ਵੀ ਇਸ ਬਾਰੇ ਸ਼ਿਕਾਇਤ ਕੀਤੀ ਜਾਵੇ।

## ਲਤਾ ਮੰਗੇਸ਼ਕਰ ਦੀ ਇਮਾਰਤ ਸੀਲ

**ਮੁੰਬਈ:** ਮਹਾਨ ਗਾਇਕਾ ਲਤਾ ਮੰਗੇਸ਼ਕਰ ਦੀ ਇਮਾਰਤ ਨੂੰ ਬੀ.ਐਮ.ਸੀ. ਨੇ ਕਰੋਨਾ ਦੇ ਮੱਦੇਨਜ਼ਰ ਅਹਿਤਿਆਤ ਵਜੋਂ ਸੀਲ ਕਰ ਦਿੱਤਾ ਹੈ। 90 ਸਾਲਾ ਗਾਇਕਾ ਦੱਖਣੀ ਮੁੰਬਈ ਦੇ ਪੈਡਰ ਰੋਡ ਸਥਿਤ ਪ੍ਰਭਕੁਜ ਬਿਲਡਿੰਗ ਵਿਚ ਰਹਿੰਦੀ ਹੈ। ਮੰਗੇਸ਼ਕਰ ਪਰਿਵਾਰ ਨੇ ਬਿਆਨ ਵਿਚ ਕਿਹਾ ਕਿ ਇਮਾਰਤ ਨੂੰ ਸੀਲ ਕਰ ਦਿੱਤਾ ਗਿਆ ਹੈ, ਕਿਉਂਕਿ ਇਸ ਵਿਚ ਬਹੁਤ ਸਾਰੇ ਬਜ਼ੁਰਗ ਰਹਿੰਦੇ ਹਨ। ਇਸ ਕਾਰਨ ਇਹ ਇਮਾਰਤ ਸੀਲ ਕੀਤੀ ਗਈ ਹੈ। ਪਰਿਵਾਰ ਨੇ ਅਪੀਲ ਕੀਤੀ ਹੈ ਕਿ ਇਸ ਬਾਰੇ ਅਫਵਾਹਾਂ ਨਾ ਫੈਲਾਈਆਂ ਜਾਣ।


# Matrimonials

## ਲੜਕੀ ਦੀ ਲੋੜ ਹੈ

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

ਸੈਣੀ ਸਿੱਖ, 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

## ਲੜਕੇ ਦੀ ਲੋੜ ਹੈ

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

Looking for a well-settled and educated boy in America for a beautiful US born Hindu Nai girl of 31 yrs, 5'-2", Masters in English and a JD (law) degree, Divorced with 1 child. Whole family is well-settled in New York. Please contact, Ph: 347-252-6400 34-37

*To Advertise with Punjab Times*
***Call: 847-359-0746***


# ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ 'ਪੰਥ ਰਤਨ'

**ਅੰਮ੍ਰਿਤਸਰ:** ਅਕਾਲ ਤਖਤ ਸਾਹਿਬ ਵਲੋਂ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸਿੱਖ ਜਗਤ ਦੀਆਂ 11 ਨਾਮਵਰ ਸ਼ਖਸੀਅਤਾਂ ਨੂੰ ਵੱਖ-ਵੱਖ ਵਿਸ਼ੇਸ਼ ਸਨਮਾਨ ਤੇ ਐਵਾਰਡ ਭੇਟ ਕਰ ਕੇ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਸਨਮਾਨਿਤ ਕੀਤੀਆਂ ਜਾਣ ਵਾਲੀਆਂ ਇਨ੍ਹਾਂ 11 ਸ਼ਖਸੀਅਤਾਂ 'ਚੋਂ ਚਾਰ ਸ਼ਖਸੀਅਤਾਂ ਗੁਰਪੁਰੀ ਪਿਆਨਾ ਕਰ ਚੁੱਕੀਆਂ ਹਨ ਤੇ ਬਾਕੀ ਮੌਜੂਦਾ ਸੱਤ ਸ਼ਖਸੀਅਤਾਂ ਇਸ ਵੇਲੇ ਵੱਖ-ਵੱਖ ਖੇਤਰਾਂ ਵਿਚ ਕਾਰਜਸ਼ੀਲ ਹਨ।

ਇਹ ਫੈਸਲਾ ਬੀਤੇ ਦਿਨੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਦੌਰਾਨ ਕੀਤਾ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਸਿੰਘ ਸਾਹਿਬਾਨ ਵਲੋਂ ਕੀਤੇ ਫੈਸਲੇ ਅਨੁਸਾਰ ਅਕਾਲ ਤਖਤ ਸਾਹਿਬ ਤੋਂ ਸਨਮਾਨਿਤ ਕੀਤੀਆਂ ਜਾਣ ਵਾਲੀਆਂ ਨਾਮਵਰ ਸਿੱਖ ਸ਼ਖਸੀਅਤਾਂ ਵਿਚ ਗੁਰਪੁਰਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ 'ਪੰਥ ਰਤਨ' ਸਨਮਾਨ ਦਿੱਤਾ ਜਾਵੇਗਾ।

ਇਸੇ ਤਰ੍ਹਾਂ ਗੁਰਪੁਰਵਾਸੀ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੂੰ 'ਗੁਰਮਤਿ ਮਾਰਤੰਡ' ਸਨਮਾਨ, ਗੁਰਪੁਰਵਾਸੀ ਗਿਆਨੀ ਮੇਵਾ ਸਿੰਘ ਸਾਬਕਾ ਮੈਂਬਰ ਧਰਮ ਪ੍ਰਚਾਰ ਕਮੇਟੀ ਨੂੰ 'ਸ਼੍ਰੋਮਣੀ ਗੁਰਮਤਿ ਪ੍ਰਚਾਰਕ' ਸਨਮਾਨ, ਗੁਰਪੁਰਵਾਸੀ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲਿਆਂ ਨੂੰ 'ਕੌਮੀ ਸ਼ਹੀਦ' ਦਾ ਸਨਮਾਨ, ਡਾ. ਗੁਰਨਾਮ ਸਿੰਘ ਖਾਲਸਾ ਮੁਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ 'ਭਾਈ ਮਰਦਾਨਾ ਜੀ ਯਾਦਗਾਰੀ ਐਵਾਰਡ', ਭਾਈ ਹਰਸਿਮਰਨ ਸਿੰਘ ਸ੍ਰੀ ਅਨੰਦਪੁਰ ਸਾਹਿਬ ਨੂੰ 'ਕੌਮੀ ਚਿੰਤਕ' ਸਨਮਾਨ, ਭਾਈ ਗਜਿੰਦਰ ਸਿੰਘ ਦਲ ਖਾਲਸਾ ਅਤੇ ਭਾਈ ਹਰਿੰਦਰ ਸਿੰਘ ਖਾਲਸਾ ਬਠਿੰਡਾ ਨੂੰ 'ਪੰਥ ਸੇਵਕ' ਐਵਾਰਡ, ਡਾ. ਦਰਸ਼ਨ ਸਿੰਘ ਸਾਬਕਾ ਪ੍ਰੋਫੈਸਰ ਅਤੇ ਮੁਖੀ ਧਰਮ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ 'ਭਾਈ ਗੁਰਦਾਸ ਜੀ ਯਾਦਗਾਰੀ ਐਵਾਰਡ', ਗਿਆਨੀ ਗੁਰਚਰਨ ਸਿੰਘ ਮੁਕਤਸਰੀ ਨੂੰ 'ਸ਼੍ਰੋਮਣੀ ਸੇਵਕ' ਅਤੇ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਨੂੰ 'ਵਿਦਿਆ ਮਾਰਤੰਡ' ਦੇ ਸਨਮਾਨ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਭਾਈ ਗਜਿੰਦਰ ਸਿੰਘ ਦਲ ਖਾਲਸਾ ਇਸ ਵੇਲੇ ਇਕ ਗੁਆਂਢੀ ਮੁਲਕ



ਵਿਚ ਜਲਾਵਤਨੀ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਸਮਝਿਆ ਜਾਂਦਾ ਹੈ ਕਿ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਆਉਂਦੇ ਦਿਨਾਂ ਵਿਚ ਇਨ੍ਹਾਂ 11 ਪ੍ਰਮੁੱਖ ਸਿੱਖ ਸ਼ਖਸੀਅਤਾਂ ਨੂੰ ਸਨਮਾਨਿਤ ਕਰਨ ਲਈ ਹੋਣ ਵਾਲੇ ਵਿਸ਼ੇਸ਼ ਸਮਾਗਮ ਦੀ ਮਿਤੀ ਦਾ ਐਲਾਨ ਕੀਤਾ ਜਾ ਸਕਦਾ ਹੈ।

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਪੰਥ ਰਤਨ ਸਨਮਾਨ ਦੇਣ ਦੇ ਲਏ ਗਏ ਫੈਸਲੇ ਲਈ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕੀਤਾ ਹੈ।


## ਪਦਮ ਪੁਰਸਕਾਰਾਂ ਲਈ ਨਾਮਜ਼ਦਗੀਆਂ

**ਨਵੀਂ ਦਿੱਲੀ:** ਗ੍ਰਹਿ ਮੰਤਰਾਲੇ ਅਨੁਸਾਰ 2021 ਦੇ ਪਦਮ ਪੁਰਸਕਾਰਾਂ ਲਈ ਨਾਮਜ਼ਦਗੀ 15 ਸਤੰਬਰ ਤੱਕ ਕਰਵਾਈ ਜਾ ਸਕਦੀ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਪੁਰਸਕਾਰਾਂ ਲਈ ਨਾਮਜ਼ਦਗੀ ਅਤੇ ਸਿਫਾਰਸ਼ਾਂ ਪਹਿਲੀ ਮਈ ਨੂੰ ਖੁੱਲ੍ਹੀਆਂ ਸਨ। ਹੁਣ ਤੱਕ 8035 ਲੋਕਾਂ ਨੇ ਇਸ ਪੁਰਸਕਾਰਾਂ ਲਈ ਨਾਮਜ਼ਦਗੀਆਂ ਕੀਤੀਆਂ ਹਨ।


SUPER TRAVEL
847-676-9090, 773-465-5566
*E-mail: supertravel2003@live.com*
**Lowest Fares With Excellent Service**
*United Airlines*
*British Airways*

*Etihad, Air India, KLM, Lufthansa, Delta, Qatar Airlines.*
**For Emergency Call anytime at 847-673-3825**
*EARLY BIRD SALE!!!!*
Domestic fares available



Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Loans Available In Most States!*
**Refinance up to 125% value of the house.*
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



Desi Bazar
Under new management.
*916 E. Main Street #118, Greenwood, IN, 46143*
**Tel: 317-888-2040, Fax: 317-887-6116**
Lakhvir S. Johal, Ph: 317-709-7800
Help Wanted in the Kitchen
*We specialize in all kind of Indian Groceries and Sweets*
• FRESH VEGETABLES EVERY THURSDAY
• FRESH GOAT MEAT
*10% off on all Gurudwara supplies and Religious programs!!*
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਪਾਵਨ ਸਰੂਪ ਮਾਮਲਾ: ਸ਼੍ਰੋਮਣੀ ਕਮੇਟੀ ਦੇ 12 ਮੁਲਾਜ਼ਮਾਂ ਖਿਲਾਫ ਕਾਰਵਾਈ

**ਅੰਮ੍ਰਿਤਸਰ:** ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਾਬਕਾ ਮੁੱਖ ਸਕੱਤਰ ਸਮੇਤ 12 ਕਰਮਚਾਰੀਆਂ ਖਿਲਾਫ ਕਾਰਵਾਈ ਕਰਦਿਆਂ ਪੰਜ ਕਰਮਚਾਰੀਆਂ ਨੂੰ ਸੇਵਾਵਾਂ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ ਜਦਕਿ ਪੰਜ ਨੂੰ ਮੁਅੱਤਲ ਕਰ ਦਿੱਤਾ ਹੈ।

ਐਸ.ਐਸ. ਕੋਹਲੀ ਚਾਰਟਰਡ ਅਕਾਊਂਟੈਂਟ ਕੰਪਨੀ ਦੀਆਂ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ 75 ਫੀਸਦ ਵਸੂਲੀ ਲਈ ਕਾਨੂੰਨੀ ਕਾਰਵਾਈ ਕਰਨ ਸਮੇਤ ਜਿਲਦਸਾਜ਼ੀ ਦਾ ਠੇਕਾ ਵੀ ਰੱਦ ਕਰ ਦਿੱਤਾ ਗਿਆ ਹੈ। ਇਸ ਦੌਰਾਨ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਮੈਡੀਕਲ ਸਾਇੰਸ ਦੇ ਵਿਹੜੇ ਵਿਚ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਅਕਾਲ ਤਖਤ ਵੱਲੋਂ ਭੇਜੀ ਗਈ ਜਾਂਚ ਰਿਪੋਰਟ 'ਤੇ ਕਾਰਵਾਈ ਕਰਦਿਆਂ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਨੂੰ ਵੀ ਲਾਪਰਵਾਹੀ ਵਰਤਣ ਦਾ ਦੋਸ਼ੀ ਪਾਇਆ ਗਿਆ ਹੈ। ਉਨ੍ਹਾਂ ਦੇ ਸਮੇਂ ਹੀ ਇਹ ਪਾਵਨ ਸਰੂਪ ਰਿਕਾਰਡ ਵਿਚੋਂ ਘਟੇ ਹਨ।

ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਹੋਣ ਦੇ ਬਾਵਜੂਦ ਕਾਰਵਾਈ ਨਾ ਕੀਤੇ ਜਾਣਾ ਆਪਸੀ ਮਿਲੀਭੁਗਤ ਦਾ ਸੰਕੇਤ ਹੈ। ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੌਜੂਦਾ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਅਸਤੀਫਾ ਦੇ ਦਿੱਤਾ ਸੀ, ਜੋ ਕਿ ਪ੍ਰਵਾਨ ਕਰ ਲਿਆ ਹੈ। ਸਕੱਤਰ ਮਨਜੀਤ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਖਿਲਾਫ ਵਿਭਾਗੀ ਕਾਰਵਾਈ ਹੋਵੇਗੀ। ਉਨ੍ਹਾਂ ਦੱਸਿਆ ਕਿ



ਪਬਲੀਕੇਸ਼ਨ ਵਿਭਾਗ ਦੇ ਮੀਤ ਸਕੱਤਰ ਗੁਰਬਚਨ ਸਿੰਘ, ਕਲਰਕ ਬਾਜ਼ ਸਿੰਘ, ਹੈਲਪਰ ਦਲਬੀਰ ਸਿੰਘ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ ਅਤੇ ਇਨ੍ਹਾਂ ਖਿਲਾਫ ਫੌਜਦਾਰੀ ਕੇਸ ਦਰਜ ਕਰਾਇਆ ਜਾਵੇਗਾ। ਇਸੇ ਤਰ੍ਹਾਂ ਸਹਾਇਕ ਅਕਾਊਂਟੈਂਟ ਜੁਝਾਰ ਸਿੰਘ ਅਤੇ ਗੋਇੰਦਵਾਲ ਦੇ ਅੰਗੀਠਾ ਸਾਹਿਬ ਦੇ ਸੇਵਾਦਾਰ ਅਮਰਜੀਤ ਸਿੰਘ ਦੀਆਂ ਸੇਵਾਵਾਂ ਵੀ ਖਤਮ ਕਰ ਦਿੱਤੀਆਂ ਗਈਆਂ ਹਨ। ਮੀਤ ਸਕੱਤਰ ਸਤਿੰਦਰ ਸਿੰਘ ਵਿੱਤ ਵਿਭਾਗ, ਨਿਸ਼ਾਨ ਸਿੰਘ ਮੀਤ ਸਕੱਤਰ, ਪਰਮਜੀਤ ਸਿੰਘ ਇੰਚਾਰਜ, ਗੁਰਮੁਖ ਸਿੰਘ ਸਹਾਇਕ ਸੁਪਰਵਾਈਜ਼ਰ ਨੂੰ ਤੁਰਤ ਮੁਅੱਤਲ ਕਰਨ ਦੇ ਆਦੇਸ਼ ਦਿੱਤੇ ਹਨ। ਇਨ੍ਹਾਂ ਸਾਰਿਆਂ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਪਬਲੀਕੇਸ਼ਨ ਵਿਭਾਗ ਨਾਲ ਜੁੜੇ ਜਿਲਦਸਾਜ਼ੀ ਦੇ ਠੇਕੇਦਾਰ ਕੁਲਵੰਤ ਸਿੰਘ ਤੇ ਜਸਪ੍ਰੀਤ ਸਿੰਘ ਦਾ ਠੇਕਾ ਤੁਰਤ ਰੱਦ ਕਰ ਦਿੱਤਾ ਗਿਆ ਹੈ ਅਤੇ ਭਵਿੱਖ ਵਿਚ ਇਨ੍ਹਾਂ ਨੂੰ ਕਾਲੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਸਤਿੰਦਰ ਸਿੰਘ ਕੋਹਲੀ ਦੀ ਚਾਰਟਰਡ ਅਕਾਊਂਟੈਂਟ ਕੰਪਨੀ ਜੋ ਪਿਛਲੇ ਇਕ ਦਹਾਕੇ ਤੋਂ ਸੰਸਥਾ ਦੇ ਖਾਤੇ ਦੇਖ ਰਹੀ ਹੈ ਅਤੇ ਆਡਿਟ ਕਰ ਰਹੀ ਹੈ, ਦੀਆਂ ਸੇਵਾਵਾਂ ਵੀ ਤੁਰਤ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸ੍ਰੀ ਅਕਾਲ ਤਖਤ ਦੇ ਆਦੇਸ਼ ਮੁਤਾਬਕ ਉਸ ਕੋਲੋਂ 75 ਫੀਸਦ ਵਸੂਲੀ ਲਈ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਸੇਵਾਮੁਕਤ ਹੋ ਚੁੱਕੇ ਪਬਲੀਕੇਸ਼ਨ ਵਿਭਾਗ ਦੇ ਸਹਾਇਕ ਸੁਪਰਵਾਈਜ਼ਰ ਕੰਵਲਜੀਤ ਸਿੰਘ ਦੇ ਫੰਡ ਰੋਕਣ ਦਾ ਫੈਸਲਾ ਕੀਤਾ ਗਿਆ ਹੈ। ਉਸ ਖਿਲਾਫ ਰਿਕਾਰਡ ਵਿਚ ਹੇਰਾ-ਫੇਰੀ ਕਰਨ, ਖੁਰਦ-ਬੁਰਦ ਕਰਨ ਅਤੇ ਧੋਖਾਧੜੀ ਦਾ ਕੇਸ ਵੀ ਦਰਜ ਕਰਵਾਇਆ ਜਾਵੇਗਾ।

ਜ਼ਿਕਰਯੋਗ ਹੈ ਕਿ ਇਸ ਕਰਮਚਾਰੀ ਦੇ ਸੇਵਾਮੁਕਤ ਹੋਣ ਸਮੇਂ ਹੀ ਰਿਕਾਰਡ ਵਿਚੋਂ 267 ਸਰੂਪ ਘਟਣ ਬਾਰੇ ਖੁਲਾਸਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਬਰਖਾਸਤ ਕੀਤੇ ਤੇ ਮੁਅੱਤਲ ਕੀਤੇ ਕਰਮਚਾਰੀਆਂ ਖਿਲਾਫ ਕਾਨੂੰਨੀ ਕਾਰਵਾਈ ਵਾਸਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸਬ-ਕਮੇਟੀ ਬਣਾਈ ਜਾਵੇਗੀ। ਉਨ੍ਹਾਂ ਆਖਿਆ ਕਿ ਸਿੱਖ ਸੰਸਥਾ ਵਿਚ ਹੇਰਾਫੇਰੀ ਅਤੇ ਘਪਲੇ ਕਰਨ ਦੀ ਕਿਸੇ ਨੂੰ ਆਗਿਆ ਨਹੀਂ ਦਿੱਤੀ ਜਾਵੇਗੀ। ਜਾਂਚ ਰਿਪੋਰਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ 'ਚ ਅੱਗ ਲੱਗਣ ਉਤੇ ਪਸ਼ਚਾਤਾਪ ਨਾ ਕਰਨ ਦੇ ਮਾਮਲੇ 'ਚ ਉਸ ਵੇਲੇ ਦੀ ਅੰਤ੍ਰਿੰਗ ਕਮੇਟੀ ਖਿਲਾਫ ਵੀ ਉਂਗਲ ਚੁੱਕੀ ਗਈ ਹੈ।

## ਟਕਸਾਲੀਆਂ ਨੇ ਸੀ.ਬੀ.ਆਈ. ਜਾਂਚ ਮੰਗੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਗੁਰੂ ਗ੍ਰੰਥ ਸਾਹਿਬ ਦੇ ਗੁੰਮ ਹੋਏ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਬੰਧਿਤ ਅਧਿਕਾਰੀਆਂ ਤੋਂ ਅਸਤੀਫੇ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖਿਲਾਫ ਕੇਸ ਦਰਜ ਕਰ ਕੇ ਸਖਤ ਕਾਰਵਾਈ ਕੀਤੀ ਜਾਵੇ। ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਅਹਿਮ ਸੰਸਥਾ ਹੈ, ਜੋ ਧਰਮ ਦੀ ਸੇਵਾ ਕਰਨ ਲਈ ਬਣੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਬਾਦਲਾਂ ਨੂੰ ਬਚਾਉਣ ਲਈ ਸਿੱਖਾਂ ਦੀ ਪਾਰਲੀਮੈਂਟ ਸ਼੍ਰੋਮਣੀ ਕਮੇਟੀ ਨੂੰ ਦੁਨੀਆਂ ਭਰ ਵਿਚ ਬਦਨਾਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਾਂਚ ਰਿਪੋਰਟ ਜਨਤਕ ਕਰੇ ਤੇ ਦੱਸੇ ਕਿ 328 ਸਰੂਪ ਕਿੱਥੇ ਹਨ।

## ਸੇਵਾਮੁਕਤ ਸਿੱਖ ਜੱਜ ਤੋਂ ਕਰਵਾਈ ਜਾਵੇ ਜਾਂਚ: ਢੀਂਡਸਾ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਮੰਗ ਕੀਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ 267 ਸਰੂਪ ਗਾਇਬ ਹੋਣ ਦੇ ਮਾਮਲੇ ਦੀ ਸੱਚਾਈ ਸਾਹਮਣੇ ਲਿਆਉਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਸਿੱਖ ਜੱਜ ਤੋਂ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਸ੍ਰੀ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਜਾਂਚ ਕਮੇਟੀ ਦੀ ਰਿਪੋਰਟ ਅਧੂਰੀ, ਗੈਰ-ਤਸੱਲੀਬਖਸ਼ ਅਤੇ ਸੰਗਤ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਲੀ ਹੈ। ਜਾਂਚ ਕਮੇਟੀ ਕਾਰਜਕਾਰੀ ਜਥੇਦਾਰ ਵੱਲੋਂ ਬਣਾਈ ਗਈ ਸੀ, ਉਸ 'ਤੇ ਸ਼ੁਰੂ ਤੋਂ ਹੀ ਸਵਾਲ ਖੜ੍ਹੇ ਹੋਣੇ ਸ਼ੁਰੂ ਹੋ ਗਏ ਸਨ।

## ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ 6 ਨੂੰ

**ਸ਼ਿਕਾਗੋ (ਬਿਊਰੋ):** ਇਥੇ ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਵਿਚ 6 ਸਤੰਬਰ, ਐਤਵਾਰ ਨੂੰ ਬਾਅਦ ਦੁਪਹਿਰ ਇਕ ਤੋਂ ਢਾਈ ਵਜੇ ਤਕ ਮਨੁੱਖੀ ਹੱਕਾਂ ਲਈ ਘੋਲ ਲੜਨ ਵਾਲੇ ਉਘੇ ਕਾਰਕੁਨ ਮਰਹੂਮ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਬਾਰੇ ਬਣਾਈ ਦਸਤਾਵੇਜ਼ੀ ਫਿਲਮ ਵੀ ਦਿਖਾਈ ਜਾਵੇਗੀ। ਹੋਰ ਜਾਣਕਾਰੀ ਲਈ contactus@srschicago.org 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਜ਼ਿਕਰਯੋਗ ਹੈ ਕਿ 25 ਵਰ੍ਹੇ ਪਹਿਲਾਂ ਜਦੋਂ ਭਾਈ ਖਾਲੜਾ ਪੰਜਾਬ ਵਿਚ ਅਣਪਛਾਤੀਆਂ ਲਾਸ਼ਾਂ ਬਾਰੇ ਤੱਥ ਇਕੱਠੇ ਕਰ ਰਹੇ ਸਨ ਤਾਂ ਭਾਰਤੀ ਸੁਰੱਖਿਆ ਏਜੰਸੀਆਂ ਨੇ ਉਨ੍ਹਾਂ ਨੂੰ ਅਗਵਾ ਕਰ ਕੇ ਖਤਮ ਕਰ ਦਿੱਤਾ ਗਿਆ ਸੀ।

## ਗਿਆਨੀ ਹਰਪ੍ਰੀਤ ਸਿੰਘ ਦੀ ਨਿਯੁਕਤੀ ਬਿਨਾ ਕਿਸੇ ਦਬਾਅ ਤੋਂ ਕੀਤੀ ਸੀ: ਬਡੂੰਗਰ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿੱਜੀ ਚੈਨਲ ਦੀ ਇੰਟਰਵਿਊ 'ਚ ਦਿੱਤੇ ਬਿਆਨ ਕਿ 267 ਸਰੂਪਾਂ ਦੀ ਜਾਂਚ ਦੇ ਮਾਮਲੇ 'ਚ ਬਾਦਲ ਪਰਿਵਾਰ ਦਾ ਉਨ੍ਹਾਂ ਉਤੇ ਇਕ ਫੀਸਦੀ ਵੀ ਦਬਾਅ ਨਹੀਂ ਸੀ, ਦੇ ਸੰਦਰਭ 'ਚ ਕਿਹਾ ਕਿ ਜਦੋਂ ਗਿਆਨੀ ਹਰਪ੍ਰੀਤ ਸਿੰਘ ਦੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਉਨ੍ਹਾਂ ਮੁਢਲੀ ਪਰਖ ਕੀਤੀ ਸੀ ਤਾਂ ਉਦੋਂ ਵੀ ਉਨ੍ਹਾਂ (ਪ੍ਰੋ. ਬਡੂੰਗਰ) ਉਤੇ ਕਿਸੇ ਦਾ ਦਬਾਅ ਨਹੀਂ ਸੀ।

ਲਿਹਾਜ਼ਾ ਉਨ੍ਹਾਂ ਖੁਦ ਆਪਣੇ ਤੌਰ ਉਤੇ ਲਏ ਫੈਸਲੇ ਦੇ ਆਧਾਰ ਉਤੇ ਮਗਰੋਂ ਪੰਥਕ ਜਥੇਬੰਦੀਆਂ ਦੀ ਰਾਇ 'ਤੇ ਗਿਆਨੀ ਹਰਪ੍ਰੀਤ



ਸਿੰਘ ਨੂੰ ਜਥੇਦਾਰ ਵਜੋਂ ਨਾਮਜ਼ਦ ਕੀਤਾ ਸੀ। ਸ੍ਰੀ ਬਡੂੰਗਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੁੰਦਿਆਂ ਉਹ ਕਿਸੇ ਧਾਰਮਿਕ ਰੁਝੇਵੇਂ ਤਹਿਤ ਦਮਦਮਾ ਸਾਹਿਬ ਗਏ ਤਾਂ ਗਿਆਨੀ ਹਰਪ੍ਰੀਤ ਸਿੰਘ ਉਥੇ ਹੈੱਡ ਗ੍ਰੰਥੀ ਵਜੋਂ ਤਾਇਨਾਤ ਸਨ। ਉਨ੍ਹਾਂ ਦੀ ਵਿਦਵਤਾ ਸਦਕਾ ਹੀ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਨਿਯੁਕਤੀ ਵੇਲੇ ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਤਰਜੀਹ ਦਿੱਤੀ ਤੇ ਫਿਰ ਰੈਗੂਲਰ ਵਜੋਂ ਜਥੇਦਾਰ ਦੀ ਮੋਹਰ ਵੀ ਉਨ੍ਹਾਂ ਦੀ ਪ੍ਰਧਾਨਗੀ ਵੇਲੇ ਹੀ ਲੱਗੀ ਸੀ। ਉਨ੍ਹਾਂ ਉਤੇ ਬਾਦਲ ਪਰਿਵਾਰ ਦਾ ਕੋਈ ਦਬਾਅ ਨਹੀਂ ਸੀ। ਉਨ੍ਹਾਂ ਇਹ ਵੀ ਇੰਕਸ਼ਾਫ ਕੀਤਾ ਕਿ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਨਾਮਜ਼ਦ ਹੋਣ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਦੀ ਸ਼ਰਤ ਵੀ ਸੀ ਕਿ ਉਹ ਸੰਗਤ ਤੋਂ ਬਿਨਾਂ ਕਿਸੇ ਦੇ ਦਬਾਅ ਹੇਠ ਕੰਮ ਨਹੀਂ ਕਰਨਗੇ, ਜਿਸ ਤੋਂ ਉਹ ਹੋਰ ਪ੍ਰਭਾਵਿਤ ਹੋਏ ਸਨ।

# ਲਾਪਤਾ ਸਰੂਪਾਂ ਦੇ ਮਾਮਲੇ 'ਤੇ ਲੌਂਗੋਵਾਲ ਦੀ ਕਾਰਗੁਜ਼ਾਰੀ 'ਤੇ ਉਠੇ ਸਵਾਲ

**ਅੰਮ੍ਰਿਤਸਰ:** ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਲਗਭਗ ਦਰਜਨ ਤੋਂ ਵੱਧ ਸਾਬਕਾ ਤੇ ਮੌਜੂਦਾ ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ ਕਾਰਵਾਈ ਕੀਤੀ ਗਈ ਹੈ ਪਰ ਸਿੱਖ ਜਥੇਬੰਦੀਆਂ ਨੇ ਇਸ ਮਾਮਲੇ ਵਿਚ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਕਾਰਗੁਜ਼ਾਰੀ 'ਤੇ ਵੀ ਪ੍ਰਸ਼ਨ ਚਿੰਨ੍ਹ ਲਾਇਆ ਹੈ ਤੇ ਉਨ੍ਹਾਂ ਦੇ ਅਸਤੀਫੇ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਲਾਪਤਾ ਸਰੂਪਾਂ ਬਾਰੇ ਖੁਲਾਸਾ ਕਰਨ ਦੀ ਵੀ ਮੰਗ ਕੀਤੀ ਗਈ ਹੈ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸਮੁੱਚੀ ਅੰਤ੍ਰਿੰਗ ਕਮੇਟੀ ਨੂੰ ਨੈਤਿਕ ਆਧਾਰ ਉਤੇ ਅਸਤੀਫਾ ਦੇਣਾ ਚਾਹੀਦਾ ਹੈ। ਸੰਗਠਨ ਦੇ ਮੁੱਖ ਜਾਂਚਕਰਤਾ ਸਰਬਜੀਤ ਸਿੰਘ ਨੇ ਮੀਡੀਆ ਨੂੰ ਇਕ ਪੱਤਰ ਵੀ ਜਾਰੀ ਕੀਤਾ ਹੈ ਜੋ ਚਾਰਟਡ ਅਕਾਊਂਟੈਂਟ ਕੰਪਨੀ ਵੱਲੋਂ 11 ਜੁਲਾਈ 2018 ਨੂੰ ਪ੍ਰਧਾਨ ਲੌਂਗੋਵਾਲ ਨੂੰ ਭੇਜਿਆ ਗਿਆ ਸੀ। ਸੱਤ ਸਫਿਆਂ ਦੇ ਇਸ ਪੱਤਰ ਵਿਚ ਕਈ ਅਹਿਮ ਦਾਅਵੇ ਕੀਤੇ ਗਏ ਸਨ ਜਿਨ੍ਹਾਂ ਵਿਚ ਮੁਅੱਤਲ ਕੀਤੇ ਗਏ ਵਿੱਤ ਵਿਭਾਗ ਦੇ ਮੀਤ ਸਕੱਤਰ ਸਤਿੰਦਰ ਸਿੰਘ ਖਿਲਾਫ ਗੰਭੀਰ ਦੋਸ਼ ਲਾਏ ਗਏ ਸਨ। ਸੰਸਥਾ ਦਾ ਆਡਿਟ ਕਰਦੀ ਸੀਏ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਵਿੱਤ ਵਿਭਾਗ ਨਾਲ ਸਬੰਧਤ ਇਸ ਮੀਤ ਸਕੱਤਰ ਵੱਲੋਂ ਆਡਿਟ ਲਈ ਲੋੜੀਂਦੇ ਦਸਤਾਵੇਜ਼ ਮੁਹੱਈਆ ਨਹੀਂ ਕੀਤੇ ਜਾਂਦੇ ਸਨ ਜਿਸ ਕਾਰਨ ਬੈਲੈਂਸ ਸ਼ੀਟ ਤਿਆਰ ਕਰਨ ਅਤੇ ਆਡਿਟ ਸਬੰਧੀ ਕੰਮ ਪ੍ਰਭਾਵਿਤ ਹੁੰਦਾ ਸੀ। ਸੰਗਠਨ ਆਗੂ ਨੇ ਆਖਿਆ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੇ ਇਸੇ ਮੀਤ ਸਕੱਤਰ ਨੂੰ ਮੁਅੱਤਲ ਕੀਤਾ ਹੈ ਪਰ ਜਦੋਂ ਦੋ ਸਾਲ ਪਹਿਲਾਂ ਇਸ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ ਸੀ ਤਾਂ ਉਸ ਵੇਲੇ ਉਸ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ ਗਈ। ਜੇ ਕਾਰਵਾਈ ਕੀਤੀ ਹੁੰਦੀ ਤਾਂ ਇਹ ਦਿਨ ਨਾ ਦੇਖਣੇ ਪੈਂਦੇ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਆਖਿਆ ਕਿ ਕਿਸੇ ਅਦਾਰੇ ਜਾਂ ਸੰਸਥਾ ਵਿਚ ਜਦੋਂ ਅਜਿਹਾ ਕੋਈ ਘਪਲਾ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਸੰਸਥਾ ਦੇ ਮੁਖੀ ਤੇ ਹੋਰ ਅਹਿਮ ਅਹੁਦੇਦਾਰਾਂ ਦੀ ਵੀ ਹੁੰਦੀ ਹੈ ਪਰ ਇਸ ਮਾਮਲੇ ਵਿਚ ਪ੍ਰਧਾਨਾਂ ਅਤੇ ਜਨਰਲ ਸਕੱਤਰਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਮਾਮਲੇ ਵਿਚ ਪ੍ਰਧਾਨ ਅਤੇ ਜਨਰਲ ਸਕੱਤਰ ਦੋਵਾਂ ਨੂੰ ਨੈਤਿਕ ਆਧਾਰ 'ਤੇ ਅਸਤੀਫਾ ਦੇਣਾ ਚਾਹੀਦਾ ਹੈ। ਮੌਜੂਦਾ ਸਕੱਤਰ ਅਤੇ ਪ੍ਰਧਾਨ ਦੇ ਨਿੱਜੀ ਸਕੱਤਰ ਮਹਿੰਦਰ ਸਿੰਘ ਆਹਲੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵਲੋਂ ਮੁਅੱਤਲ ਕੀਤੇ ਗਏ ਅਤੇ ਬਰਖਾਸਤ ਕੀਤੇ ਕਰਮਚਾਰੀਆਂ ਖਿਲਾਫ ਕਾਰਵਾਈ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਇਨ੍ਹਾਂ ਸਾਰਿਆਂ ਖਿਲਾਫ



ਦਿੱਤੇ ਹੁਕਮਾਂ 'ਤੇ ਅਮਲ ਕਰਨ ਲਈ ਆਖਿਆ ਗਿਆ ਹੈ।

ਦਲ ਖਾਲਸਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਮੁੱਦੇ 'ਤੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਵਿਰੁੱਧ ਕੀਤੀ ਕਾਰਵਾਈ ਨੂੰ ਅਧੂਰਾ ਦੱਸਦਿਆਂ ਕਿਹਾ ਕਿ ਮੁੱਖ ਸਕੱਤਰ ਡਾ. ਰੂਪ ਸਿੰਘ ਵਾਂਗ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਵੀ ਨੈਤਿਕ ਆਧਾਰ ਉਤੇ ਅਸਤੀਫਾ ਦੇਣਾ ਚਾਹੀਦਾ ਹੈ।

ਦਲ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੋਸ਼ ਲਾਇਆ ਕਿ ਕਮੇਟੀ ਦੇ ਅਧਿਕਾਰੀਆਂ ਨੇ ਪਾਵਨ ਸਰੂਪਾਂ ਦਾ ਵਪਾਰ ਕੀਤਾ ਹੈ, ਜਿਸ ਲਈ ਉਹ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਦੀਆਂ ਨਿਗਾਹਾਂ ਉਚ ਗੁਨਾਹਗਾਰ ਹਨ। ਉਨ੍ਹਾਂ ਕਿਹਾ ਕਿ ਪਬਲੀਕੇਸ਼ਨ ਵਿਭਾਗ ਦੇ ਤਤਕਾਲੀ ਮੁਲਜ਼ਮਾਂ ਨੂੰ ਪੁਲਿਸ ਹਵਾਲੇ ਕੀਤਾ ਜਾਵੇ ਤਾਂ ਜੋ ਹੋਰਨਾਂ ਆਗੂਆਂ ਦੀ ਕਥਿਤ ਸ਼ਮੂਲੀਅਤ ਦਾ ਖੁਲਾਸਾ ਹੋ ਸਕੇ। ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਧਾਨ ਨੂੰ ਸੰਸਥਾ ਦੀ ਇਸ ਨਿੱਘਰਦੀ ਹਾਲਾਤ ਲਈ ਜ਼ਿੰਮੇਵਾਰੀ ਕਬੂਲਦਿਆਂ ਨੈਤਿਕ ਆਧਾਰ ਉਤੇ ਅਸਤੀਫਾ ਦੇਣਾ ਚਾਹੀਦਾ ਹੈ। ਇਸ ਲਈ ਕਥਿਤ ਜ਼ਿੰਮੇਵਾਰ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵਿਰੁੱਧ ਵੀ ਕਾਰਵਾਈ ਹੋਣੀ ਚਾਹੀਦੀ ਹੈ। ਪੰਥਕ ਤਾਲਮੇਲ ਮੰਚ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਮਾਮਲੇ 'ਚ ਰਿਪੋਰਟ ਜਨਤਕ ਹੋਣ ਤੱਕ ਇਹ ਅਧੂਰੀ ਕਾਰਵਾਈ ਹੈ। ਕਿਉਂਕਿ ਇਹ ਜਾਣਨਾ ਜ਼ਰੂਰੀ ਹੈ ਕਿ ਰਿਪੋਰਟ ਮੁਤਾਬਕ ਕਾਰਵਾਈ ਹੋਈ ਹੈ ਜਾਂ ਰਿਪੋਰਟ ਹੀ ਅਹਿਮ ਪਹਿਲੂਆਂ ਉਤੇ ਚੁੱਪ ਹੈ। ਕੰਵਲਜੀਤ ਨੂੰ ਪਾਈ ਗਈ ਰਕਮ ਦਾ ਹਿਸਾਬ ਤੇ ਸਰੂਪ ਕਿੱਥੇ ਤੇ ਕਿਸ ਹਾਲਤ 'ਚ ਹਨ, ਆਦਿ ਸਵਾਲ ਅਜੇ ਅਣਸੁਲਝੇ ਹਨ। ਸਹਿ-ਕਨਵੀਨਰ ਐਡਵੋਕੇਟ ਜਸਵਿੰਦਰ ਸਿੰਘ ਅਤੇ ਕੋਰ ਕਮੇਟੀ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਹੀ ਮੁਲਜ਼ਮ ਠਹਿਰਾਉਣ ਦੀ ਪ੍ਰਕਿਰਿਆ ਰਾਹੀਂ ਮਸਲੇ ਨੂੰ ਦਿਸ਼ਾਹੀਣ ਕੀਤਾ ਜਾ ਰਿਹਾ ਹੈ। ਜਦੋਂਕਿ ਮੌਕੇ ਦੀ ਅੰਤ੍ਰਿੰਗ ਕਮੇਟੀ ਬਰੀ ਨਹੀਂ ਹੋ ਸਕਦੀ। ਮੁਲਾਜ਼ਮਾਂ ਨੂੰ ਸਜ਼ਾ ਦੇਣ ਬਾਰੇ ਅਪਣਾਇਆ ਗਿਆ ਮਾਪਦੰਡ ਵੀ ਸਪੱਸ਼ਟ ਨਹੀਂ। ਉਨ੍ਹਾਂ ਕਿਹਾ ਕਿ ਕਥਿਤ ਦੋਸ਼ੀਆਂ ਵਿਰੁੱਧ ਪਰਚੇ ਹੋਣੇ ਚਾਹੀਦੇ ਹਨ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਕਿਰਨਜੋਤ ਕੌਰ ਨੇ ਵੀ ਪ੍ਰਧਾਨ ਵੱਲ ਨਿਸ਼ਾਨਾ ਸਾਧਦਿਆਂ ਸੋਸ਼ਲ ਮੀਡੀਆ ਖਾਤੇ ਉਤੇ ਲਿਖਿਆ ਕਿ ਸ਼੍ਰੋਮਣੀ ਕਮੇਟੀ ਤਾਂ ਪ੍ਰਧਾਨ ਦੇ ਹੁਕਮਾਂ 'ਤੇ ਚੱਲਦੀ ਹੈ, ਫਿਰ ਪ੍ਰਧਾਨ ਨੇ ਇਖਲਾਕੀ ਜ਼ਿੰਮੇਵਾਰੀ ਲੈਂਦਿਆਂ ਅਸਤੀਫਾ ਕਿਉਂ ਨਹੀਂ ਦਿੱਤਾ? ਅਸਲ ਦੋਸ਼ੀਆਂ ਤੱਕ ਪਹੁੰਚਣਾ ਅਜੇ ਬਾਕੀ ਹੈ।

## ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਬਰਾਬਰ ਦੇ ਦੋਸ਼ੀ ਕਰਾਰ

**ਜਲੰਧਰ:** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰਪਾਲ ਸਿੰਘ ਗੋਲਡੀ, ਸਕੱਤਰ ਜਨਰਲ ਪ੍ਰੋ. ਬਲਵਿੰਦਰਪਾਲ ਸਿੰਘ, ਜਨਰਲ ਸਕੱਤਰ ਮਨਜੀਤ ਸਿੰਘ ਗਤਕਾ ਮਾਸਟਰ ਅਤੇ ਮਨਪ੍ਰੀਤ ਸਿੰਘ ਦਿੱਲੀ ਯੂਨਿਟ ਨੇ ਗੁੰਮ ਹੋਏ 328 ਸਰੂਪਾਂ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਬਰਾਬਰ ਦਾ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਤੇ ਸੁਖਬੀਰ ਬਾਦਲ ਨੂੰ ਬਚਾਉਣ ਲਈ ਛੋਟੇ ਮੁਲਾਜ਼ਮਾਂ ਖਿਲਾਫ ਕਾਨੂੰਨੀ ਕਾਰਵਾਈ ਸੀਮਤ ਕਰ ਦਿੱਤੀ ਗਈ ਹੈ। ਅਜਿਹਾ ਕਰ ਕੇ ਖਾਲਸਾ ਪੰਥ ਨਾਲ ਧੋਖਾ ਕੀਤਾ ਗਿਆ ਹੈ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਬੱਡੀ ਖਿਡਾਰੀ ਕਤਲ ਕੇਸ ਵਿਚ ਪੰਜ ਪੁਲਿਸ ਮੁਲਾਜ਼ਮ ਬਰਖਾਸਤ

**ਬਟਾਲਾ:** ਕਬੱਡੀ ਖਿਡਾਰੀ ਗੁਰਮੇਜ ਸਿੰਘ ਵਾਸੀ ਪਿੰਡ ਭਗਵਾਨਪੁਰ ਦੇ ਕਤਲ ਕਾਂਡ ਵਿਚ ਸ਼ਾਮਲ 5 ਪੁਲਿਸ ਮੁਲਾਜ਼ਮਾਂ ਨੂੰ ਉਚ ਅਧਿਕਾਰੀਆਂ ਵੱਲੋਂ ਵਿਭਾਗ ਵਿਚੋਂ ਬਰਖਾਸਤ ਕਰ ਦਿੱਤਾ ਗਿਆ ਹੈ। ਇਸ ਕਤਲ ਕਾਂਡ ਸਬੰਧੀ ਬਟਾਲਾ ਪੁਲਿਸ ਨੇ 6 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਸਾਰੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਸੀ।

ਇਨ੍ਹਾਂ ਮੁਲਜ਼ਮਾਂ ਵਿਚੋਂ 5 ਪੁਲਿਸ ਵਿਭਾਗ ਦੇ ਮੁਲਾਜ਼ਮ ਸਨ। ਐਸ.ਐਸ.ਪੀ. ਬਟਾਲਾ ਰਛਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਪੁਲਿਸ ਮੁਖੀ ਦੀਆਂ ਹਦਾਇਤਾਂ ਤਹਿਤ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿਚੋਂ ਹੌਲਦਾਰ ਬਲਕਾਰ ਸਿੰਘ ਵਾਸੀ ਪਿੰਡ ਕਾਲਾ ਬਾਲਾ ਅਤੇ ਹੌਲਦਾਰ ਸੁਰਿੰਦਰਪਾਲ ਸਿੰਘ ਵਾਸੀ ਮੱਲੀਆਂ ਕਲਾਂ ਜੋ ਮੁੱਖ ਮੰਤਰੀ ਸੁਰੱਖਿਆ ਵਿਚ ਤਾਇਨਾਤ ਸੀ, ਨੂੰ ਪੁਲਿਸ ਵਿਭਾਗ ਵਿਚ ਹੁੰਦੇ ਹੋਏ ਅਜਿਹੀ ਅਨੁਸ਼ਾਸ਼ਨਹੀਣਤਾ ਅਤੇ ਲਾਪਰਵਾਹੀ ਕਾਰਨ ਬਰਖਾਸਤ ਕਰ ਦਿੱਤਾ ਹੈ।

ਇਸੇ ਤਰ੍ਹਾਂ ਬਾਕੀ ਮੁਲਜ਼ਮਾਂ ਹੌਲਦਾਰ ਅਵਤਾਰ ਸਿੰਘ ਅੰਮ੍ਰਿਤਸਰ ਸਿਟੀ, ਏ.ਐਸ.ਆਈ. ਰਣਜੀਤ ਸਿੰਘ ਅੰਮ੍ਰਿਤਸਰ ਸਿਟੀ, ਏ.ਐਸ.ਆਈ. ਬਲਜੀਤ ਸਿੰਘ ਅੰਮ੍ਰਿਤਸਰ ਸਿਟੀ ਨੂੰ ਵੀ ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਵੱਲੋਂ ਬਰਖਾਸਤ ਕਰ ਦਿੱਤਾ ਗਿਆ ਹੈ।

# ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਦਾ ਦੇਹਾਂਤ

**ਨਵੀਂ ਦਿੱਲੀ:** ਸਾਬਕਾ ਰਾਸ਼ਟਰਪਤੀ ਭਾਰਤ ਰਤਨ ਪ੍ਰਣਾਬ ਮੁਖਰਜੀ ਦਾ ਦਿੱਲੀ ਦੇ ਆਰਮੀ ਰਿਸਰਚ ਐਂਡ ਰੈਫਰਲ ਹਸਪਤਾਲ ਵਿਚ ਦੇਹਾਂਤ ਹੋ ਗਿਆ, ਉਹ 84 ਸਾਲ ਦੇ ਸਨ। ਪ੍ਰਣਾਬ ਮੁਖਰਜੀ 10 ਅਗਸਤ ਨੂੰ ਕਰੋਨਾ ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਹਸਪਤਾਲ 'ਚ ਜੇਰੇ ਇਲਾਜ ਸਨ, ਜਿਥੇ ਉਨ੍ਹਾਂ ਦੇ ਦਿਮਾਗ 'ਚ ਬਣੇ ਖ਼ੂਨ ਦੇ ਥੱਕੇ ਹਟਾਉਣ ਲਈ ਬ੍ਰੇਨ ਸਰਜਰੀ ਵੀ ਕੀਤੀ ਗਈ ਪਰ ਸਰਜਰੀ ਤੋਂ ਬਾਅਦ ਤੋਂ ਹੀ ਉਹ ਕੌਮਾ 'ਚ ਸਨ।

5 ਦਹਾਕਿਆਂ ਤੋਂ ਵੱਧ ਸਿਆਸੀ ਜੀਵਨ ਹੰਢਾਉਣ ਵਾਲੇ ਪ੍ਰਣਾਬ ਮੁਖਰਜੀ ਨੇ ਕਾਂਗਰਸ ਪਾਰਟੀ 'ਚ ਰਹਿੰਦਿਆਂ ਵਿਦੇਸ਼ ਤੋਂ ਲੈ ਕੇ ਰੱਖਿਆ ਅਤੇ ਵਿੱਤ ਮੰਤਰੀ ਜਿਹੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ। ਪ੍ਰਣਾਬ ਮੁਖਰਜੀ ਦਾ ਸਿਆਸੀ ਸਫਰ ਉਸ ਵੇਲੇ ਸ਼ੁਰੂ ਹੋਇਆ ਜਦੋਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਉਨ੍ਹਾਂ ਦੀ ਸਿਆਸੀ ਕਾਬਲੀਅਤ ਨੂੰ ਸਲਾਹੁੰਦਿਆਂ ਮੁਖਰਜੀ ਨੂੰ ਰਾਜ ਸਭਾ 'ਚ ਸ਼ਾਮਲ ਕੀਤਾ। 1969 'ਚ ਮਿਦਨਾਪੁਰ ਜ਼ਿਮਨੀ ਚੋਣਾਂ ਵਿਚ ਵੀ.ਕੇ. ਕ੍ਰਿਸ਼ਨਾ ਮੈਨਨ ਦਾ ਚੋਣ ਪ੍ਰਚਾਰ ਸੰਭਾਲਣ ਤੋਂ ਬਾਅਦ ਹੀ ਇੰਦਰਾ ਗਾਂਧੀ ਨੇ ਉਨ੍ਹਾਂ ਨੂੰ ਰਾਜ ਸਭਾ ਲਈ ਚੁਣਿਆ, ਜਿਸ ਤੋਂ ਬਾਅਦ ਉਹ 1975, 1981, 1993 ਅਤੇ 1999 'ਚ ਵੀ ਰਾਜ ਸਭਾ ਲਈ ਚੁਣੇ ਗਏ।

2012 'ਚ ਕਾਂਗਰਸ ਵੱਲੋਂ ਉਨ੍ਹਾਂ ਨੂੰ ਰਾਸ਼ਟਰਪਤੀ ਉਮੀਦਵਾਰ ਵਜੋਂ ਪੇਸ਼ ਕੀਤਾ ਗਿਆ ਅਤੇ ਉਹ ਪੀ.ਏ. ਸੰਗਮਾ ਨੂੰ ਹਰਾ ਕੇ ਦੇਸ਼ ਦੇ 13ਵੇਂ ਰਾਸ਼ਟਰਪਤੀ ਬਣੇ। ਹਾਲਾਂਕਿ 2017 'ਚ ਸਿਹਤ ਕਾਰਨਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੁਬਾਰਾ ਰਾਸ਼ਟਰਪਤੀ ਦੇ ਅਹੁਦੇ ਲਈ ਆਪਣੀ ਉਮੀਦਵਾਰੀ ਨਹੀਂ ਭਰੀ।

## ਅਦਾਕਾਰ 'ਬਲੈਕ ਪੈਂਥਰ' ਦਾ ਦੇਹਾਂਤ

**ਲਾਸ ਏਂਜਲਸ:** 'ਬਲੈਕ ਪੈਂਥਰ' ਵਿਚ ਬੇਮਿਸਾਲ ਅਦਾਕਾਰੀ ਕਰਨ ਵਾਲੇ ਅਮਰੀਕੀ ਅਦਾਕਾਰ ਚੈਡਵਿਕ ਬੋਸਮੈਨ ਦੀ ਕੋਲੋਨ ਕੈਂਸਰ ਕਾਰਨ ਮੌਤ ਹੋ ਗਈ। ਉਹ 43 ਸਾਲਾਂ ਦਾ ਸੀ। ਅਭਿਨੇਤਾ ਦੇ ਪਰਿਵਾਰ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਬਿਆਨ ਜਾਰੀ ਕੀਤਾ, ਜਿਸ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਸਾਲ 2016 ਵਿਚ ਬਿਮਾਰੀ ਦਾ ਪਤਾ ਲੱਗਿਆ ਸੀ। ਉਸ ਦੇ ਅੰਤਮ ਪਲਾਂ ਵਿਚ ਉਸ ਦੀ ਪਤਨੀ ਅਤੇ ਪਰਿਵਾਰ ਨਾਲ ਸੀ। ਇਕ ਅਸਲ ਯੋਧੇ ਦੀ ਤਰ੍ਹਾਂ ਚੈਡਵਿਕ ਦੁਨੀਆਂ ਵਿਚ ਰਿਹਾ ਅਤੇ ਅਜਿਹੀਆਂ ਕਈ ਫਿਲਮਾਂ ਲੈ ਕੇ ਆਇਆ ਜੋ ਲੋਕਾਂ ਨੇ ਬਹੁਤ ਪਸੰਦ ਕੀਤੀਆਂ।" ਉਨ੍ਹਾਂ ਕਿਹਾ, "ਮਾਰਸ਼ਲ ਤੋਂ ਲੈ ਕੇ ਡੀਏ 5 ਬਲੱਡਜ਼ ਤੱਕ ਕਈ ਫਿਲਮਾਂ ਦੀ ਸ਼ੂਟਿੰਗ ਚੈਡਵਿਕ ਦੀਆਂ ਅਣਗਿਣਤ ਸਰਜਰੀਆਂ ਅਤੇ ਕੀਮੋਥੈਰੇਪੀਆਂ ਦੇ ਦੌਰਾਨ ਹੋਈ।"

# ਕਰੋਨਾ: ਖੁੱਲ੍ਹਾਂ ਦੇਣ ਵਾਲੇ ਦੇਸ਼ਾਂ ਨੂੰ ਡਬਲਿਊ. ਐਚ. ਓ. ਦੀ ਚਿਤਾਵਨੀ

**ਜਨੇਵਾ:** ਵਿਸ਼ਵ ਸਿਹਤ ਸੰਗਠਨ ਦੇ ਮੁਖੀ ਨੇ ਚਿਤਾਵਨੀ ਦਿੱਤੀ ਹੈ ਕਿ ਕਰੋਨਾ ਵਾਇਰਸ ਮਹਾਮਾਰੀ ਦੌਰਾਨ ਹਰ ਪਾਸੇ ਜਲਦਬਾਜ਼ੀ ਵਿਚ ਦਿੱਤੀ ਖੁੱਲ੍ਹ ਤਬਾਹੀ"ਕਰਨ ਵਾਲੇ ਕਦਮ ਹਨ। ਡਬਲਿਊ.ਐਚ.ਓ. ਦੇ ਡਾਇਰੈਕਟਰ-ਜਨਰਲ ਟੇਡਰੋਸ ਅਡਾਨੋਮ ਗੈਬਰੇਅਸਿਸ ਨੇ ਜ਼ੋਰ ਦੇ ਕੇ ਕਿਹਾ ਕਿ ਜਿਹੜੇ ਦੇਸ਼ ਖੁੱਲ੍ਹਾਂ ਦੇਣ ਲਈ ਗੰਭੀਰ ਹਨ, ਉਨ੍ਹਾਂ ਨੂੰ ਕਰੋਨਾ ਦੇ ਪ੍ਰਸਾਰ ਨੂੰ ਰੋਕਣ ਲਈ ਉਸ ਤੋਂ ਵੱਧ ਗੰਭੀਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਹੋਰ ਰਿਹਾ ਤੇ ਇਹ ਅਸੰਤੁਲਨ ਤਬਾਹੀ ਕਰ ਦੇਵੇਗਾ।

## ਦੇਸ਼ ਦੀ ਪਹਿਲੀ ਦਿਲ ਦੇ ਰੋਗਾਂ ਦੀ ਮਾਹਿਰ ਡਾਕਟਰ ਦਾ ਕਰੋਨਾ ਕਾਰਨ ਦੇਹਾਂਤ

**ਨਵੀਂ ਦਿੱਲੀ:** ਭਾਰਤ ਦੀ ਪਹਿਲੀ ਮਹਿਲਾ ਕਾਰਡਿਓਲਾਜਿਸਟ (ਦਿਲ ਦੇ ਰੋਗਾਂ ਦੀ ਮਾਹਿਰ) ਐਸ. ਪਦਮਾਵਤੀ (103) ਦਾ ਕਰੋਨਾ ਕਾਰਨ ਦੇਹਾਂਤ ਹੋ ਗਿਆ। ਪਦਮਾਵਤੀ ਨੂੰ ਬੁਖਾਰ ਤੇ ਸਾਹ 'ਚ ਤਕਲੀਫ ਕਾਰਨ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ।

ਪਦਮ ਵਿਭੂਸ਼ਣ ਨਾਲ ਨਿਵਾਜੀ ਜਾ ਚੁੱਕੀ ਪਦਮਾਵਤੀ ਨੇ ਆਲ ਇੰਡੀਆ ਹਾਰਟ ਫਾਊਂਡੇਸ਼ਨ ਦੇ ਨੈਸ਼ਨਲ ਹਾਰਟ ਇੰਸਟੀਚਿਊਟ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਲੰਮੇ ਸਮੇਂ ਤੱਕ ਸੰਸਥਾ ਦੇ ਨਿਰਦੇਸ਼ਕ ਤੇ ਚੇਅਰਮੈਨ ਵਜੋਂ ਕੰਮ ਕੀਤਾ। 20 ਜੂਨ, 1917 'ਚ ਮਿਆਂਮਾਰ 'ਚ ਜੰਮੀ ਪਦਮਾਵਤੀ ਨੇ ਰੰਗੂਨ ਮੈਡੀਕਲ ਕਾਲਜ ਤੋਂ ਐਮ.ਬੀ.ਬੀ.ਐਸ. ਦੀ ਡਿਗਰੀ ਲਈ ਸੀ। ਦੂਸਰੀ ਵਿਸ਼ਵ ਜੰਗ ਤੋਂ ਬਾਅਦ ਉਹ ਭਾਰਤ ਆ ਗਈ। ਭਾਰਤ 'ਚ ਆਉਣ ਬਾਅਦ ਉਨ੍ਹਾਂ ਵੱਖ-ਵੱਖ ਸੰਸਥਾਵਾਂ 'ਚ ਕੰਮ ਕੀਤਾ। ਪਦਮਾਵਤੀ ਨੂੰ 1967 'ਚ ਪਦਮ ਭੂਸ਼ਣ, 1992 'ਚ ਪਦਮ ਵਿਭੂਸ਼ਣ, 2003 'ਚ ਹਾਵਰਡ ਮੈਡੀਕਲ ਇੰਟਰਨੈਸ਼ਨਲ ਤੇ 1975 ਵਿਚ ਬੀ.ਸੀ. ਰਾਏ ਪੁਰਸਕਾਰ ਮਿਲੇ।

# ਕੇਂਦਰ ਸਰਕਾਰ ਨੇ ਕੈਪਟਨ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਈ

*(ਸਫਾ ਇਕ ਦੀ ਬਾਕੀ)*

ਰੁਖ ਪਿੱਛੋਂ ਮਾਮਲਾ ਹੋ ਭਖ ਗਿਆ ਅਤੇ ਅਕਾਲੀ ਦਲ ਤੇ ਭਾਜਪਾ ਆਗੂ ਨਿਰਪੱਖ ਜਾਂਚ ਲਈ ਕੇਂਦਰ ਕੋਲ ਜਾ ਪਹੁੰਚੇ।

ਹੁਣ ਪੰਜਾਬ ਤੋਂ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਦਾਅਵਾ ਕੀਤਾ ਹੈ ਕਿ ਸਮਾਜਿਕ ਨਿਆਂ ਮੰਤਰੀ ਡਾ. ਥਾਵਰ ਚੰਦ ਗਹਿਲੋਤ ਨੇ ਉਨ੍ਹਾਂ ਦੀ ਗੁਜ਼ਾਰਿਸ਼ ਉਤੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਭਾਰਤ ਸਰਕਾਰ ਵਿਚ ਸੰਯੁਕਤ ਸਕੱਤਰ ਪੱਧਰ ਦੇ ਦੋ ਅਧਿਕਾਰੀਆਂ ਨੂੰ ਵਿਭਾਗੀ ਜਾਂਚ ਦੇ ਆਦੇਸ਼ ਦਿੱਤੇ ਹਨ। ਉਧਰ, ਕੇਂਦਰ ਦੇ ਫੈਸਲੇ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਦਾਅਵਾ ਕੀਤਾ ਹੈ ਕਿ ਇਸ ਘੁਟਾਲੇ ਦੀਆਂ ਜੜ੍ਹਾਂ ਬੜੀਆਂ ਡੂੰਘੀਆਂ ਹਨ ਤੇ ਜੇਕਰ ਇਸ ਜਾਂਚ ਦਾ ਦਾਇਰਾ 2012-13 ਤੱਕ ਵਧਾਇਆ ਜਾਵੇ ਤਾਂ ਬਾਦਲਾਂ ਦੀ ਸਰਕਾਰ ਵੇਲੇ ਇਸੇ ਸਕੀਮ 'ਚ ਹੋਏ 1200 ਕਰੋੜ ਰੁਪਏ ਤੋਂ ਵੱਧ ਦੀ ਗੜਬੜੀ ਉਤੋਂ ਵੀ ਪਰਦਾ ਉਠੇਗਾ।

ਕੈਪਟਨ ਦੀਆਂ ਮੁਸ਼ਕਿਲਾਂ ਇਸ ਗੱਲੋਂ ਵੀ ਵਧ ਗਈਆਂ ਹਨ ਕਿ ਉਸ ਦੇ ਆਪਣੇ ਵੀ ਸਰਕਾਰ ਦੀ ਨੀਅਤ ਉਤੇ ਸਵਾਲ ਚੁੱਕਣ ਲੱਗੇ ਹਨ। ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਮੌਜੂਦਾ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਸਕਾਲਰਸ਼ਿਪ ਘਪਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਲਈ ਡਟੇ ਹੋਏ ਹਨ। ਇਨ੍ਹਾਂ ਆਗੂਆਂ ਦਾ ਦਾਅਵਾ ਹੈ ਕਿ ਪੰਜਾਬ 'ਚ 2012 ਤੋਂ ਅਨੁਸੂਚਿਤ ਜਾਤੀ ਵਿਦਿਆਰਥੀਆਂ ਦੇ ਵਜ਼ੀਫੇ ਦਾ ਘੁਟਾਲਾ ਹੋ ਰਿਹਾ ਹੈ, ਉਦੋਂ ਤੋਂ ਹੁਣ ਤੱਕ ਦੇ ਸਮੇਂ ਦੀ ਸੀ.ਬੀ.ਆਈ. ਜਾਂ ਹਾਈਕੋਰਟ ਦੇ ਜੱਜ ਤੋ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਉਧਰ, ਇਸ ਮਾਮਲੇ ਨੂੰ ਗੰਭੀਰਤ ਨਾਲ ਲੈਣ ਦੀ ਥਾਂ ਅਮਰਿੰਦਰ ਸਿੰਘ ਨੇ ਇਹ ਆਖ ਕੇ ਗੱਲ ਨਿਬੇੜ ਦਿੱਤੀ ਹੈ ਉਨ੍ਹਾਂ ਦੀ ਪਿਛਲੀ ਸਰਕਾਰ ਦੌਰਾਨ ਲੋਕ ਨਿਰਮਾਣ ਮੰਤਰੀ ਰਹੇ ਬਾਜਵਾ ਖਿਲਾਫ ਲੱਗੇ ਤਾਰਕੋਲ ਘੁਟਾਲੇ ਦੇ ਇਲਜ਼ਾਮ ਵੀ ਉਨੇ ਹੀ ਗੰਭੀਰ ਹਨ, ਜਿੰਨੇ ਹੁਣ ਸਕਾਲਰਸ਼ਿਪ ਮਾਮਲੇ ਵਿਚ ਲੱਗ ਰਹੇ ਹਨ। ਅਕਾਲੀ ਸਰਕਾਰ ਵੇਲੇ ਕਿਹੜਾ ਘੁਟਾਲਾ ਨਹੀਂ ਹੋਏ।

## ਵਾਲਮਾਰਟ ਪਾਰਕਿੰਗ ਲਾਟ 'ਚ ਬੰਦੂਕਧਾਰੀ ਨੂੰ ਗੋਲੀ ਮਾਰੀ

**ਕਲੋਵਿਸ (ਬਿਊਰੋ):** ਫਰਿਜ਼ਨੋ ਦੇ ਲਾਗਲੇ ਸ਼ਹਿਰ ਕਲੋਵਿਸ ਦੇ ਵਾਲਮਾਰਟ ਸਟੋਰ ਵਿਚ ਰਾਤੀਂ ਡੇਢ ਵਜੇ ਉਸ ਸਮੇਂ ਹਫੜਾ-ਦਫੜੀ ਮੱਚ ਗਈ, ਜਦੋਂ ਇੱਕ ਬੰਦੂਕਧਾਰੀ ਨੌਜਵਾਨ ਨੂੰ ਸਟੋਰ ਪਾਰਕਿੰਗ ਲਾਟ ਵਿਚ ਘੁੰਮਦੇ ਵੇਖਿਆ ਗਿਆ।

ਕਲੋਵਿਸ ਪੁਲਿਸ ਅਧਿਕਾਰੀ ਜਿੰਮ ਮੋਰੇਨੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਲੋਵਿਸ ਪੁਲਿਸ ਅਫਸਰ ਨੇ ਇੱਕ ਬੰਦੂਕਧਾਰੀ ਨੌਜਵਾਨ ਨੂੰ ਹਰਿੰਡਨ ਐਵੇਨਿਊ 'ਤੇ ਸਥਿਤ ਵਾਲਮਾਰਟ ਸਟੋਰ ਦੀ ਪਾਰਕਿੰਗ ਲਾਟ ਵਿਚ ਵੇਖਿਆ, ਜਦੋਂ ਉਸ ਨੂੰ ਹੱਥ ਉਪਰ ਕਰਨ ਲਈ ਕਿਹਾ ਤਾਂ ਉਸ ਨੇ ਪੁਲਿਸ ਅਫਸਰ 'ਤੇ ਬੰਦੂਕ ਤਾਣ ਦਿੱਤੀ ਅਤੇ ਪੁਲਿਸ ਦੀ ਜਵਾਬੀ ਕਾਰਵਾਈ ਵਿਚ ਬੰਦੂਕਧਾਰੀ ਨੌਜਵਾਨ ਮਾਰਿਆ ਗਿਆ। ਉਸ ਦੀ ਪਛਾਣ ਨਿਕਸਨ ਫਰੇਜ਼ਰ (26) ਕਲੋਵਿਸ ਨਿਵਾਸੀ ਵਜੋਂ ਹੋਈ ਹੈ।

## ਲਾਪਤਾ ਸਰੂਪ: ਸ਼੍ਰੋਮਣੀ ਕਮੇਟੀ ਖਿਲਾਫ ਰੋਹ ਭਖਿਆ

*(ਸਫਾ ਇਕ ਦੀ ਬਾਕੀ)*

ਦੱਸਿਆ ਜਾਂਦਾ ਹੈ, ਦੀਆਂ ਸੇਵਾਵਾਂ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਮੱਕੜ ਵਲੋਂ ਕਿਸੇ ਕਾਰਨ ਕੁਝ ਦਿਨਾਂ ਲਈ ਖਤਮ ਕੀਤੀਆਂ ਗਈਆਂ ਸਨ ਪਰ ਉਪਰੋਂ ਮਿਲੇ ਆਦੇਸ਼ ਤੋਂ ਬਾਅਦ ਮੁੜ ਤੁਰੰਤ ਬਹਾਲ ਕਰ ਦਿੱਤੀਆਂ ਗਈਆਂ ਸਨ। ਇਸੇ ਕਾਰਨ ਸ਼੍ਰੋਮਣੀ ਕਮੇਟੀ ਦੀ



ਕਾਰਵਾਈ ਉਤੇ ਖਦਸ਼ਾ ਜਤਾਇਆ ਜਾ ਰਿਹਾ ਹੈ। ਉਧਰ, ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਗਿਣਤੀ ਪੱਖੋਂ ਲਾਪਤਾ ਪਾਵਨ ਸਰੂਪਾਂ ਦੀ ਜਾਂਚ ਰਿਪੋਰਟ ਤੇ ਅੰਤ੍ਰਿੰਗ ਕਮੇਟੀ ਵਲੋਂ ਕਰਮਚਾਰੀਆਂ ਤੇ ਅਧਿਕਾਰੀਆਂ ਵਿਰੁਧ ਕੀਤੀ ਕਾਰਵਾਈ ਨੂੰ ਅਧੂਰਾ ਦੱਸਦੇ ਹੋਏ ਕਿਹਾ ਹੈ ਕਿ ਜਾਂਚ ਅਧਿਕਾਰੀ ਵਲੋਂ ਸਿਆਸੀ ਗੁਨਾਹਗਾਰਾਂ ਤੇ ਕਮੇਟੀ ਪ੍ਰਬੰਧਕਾਂ ਨੂੰ ਜਾਂਚ ਦੇ ਘੇਰੇ ਤੋਂ ਕਿਸ ਮਜਬੂਰੀ ਕਾਰਨ ਬਾਹਰ ਰਖਿਆ ਗਿਆ, ਉਨ੍ਹਾਂ ਨੂੰ ਇਸ ਦਾ ਵੀ ਜਵਾਬ ਦੇਣਾ ਚਾਹੀਦਾ ਹੈ।

## ਸ਼ਿਕਾਗੋ 'ਚ ਗੋਲੀਬਾਰੀ 'ਚ ਇੱਕ ਦੀ ਮੌਤ, 5 ਜ਼ਖਮੀ

**ਸ਼ਿਕਾਗੋ (ਬਿਊਰੋ):** ਇੱਥੇ ਇਕ ਪੈਨਕੇਕ ਹਾਊਸ ਰੈਸਟੋਰੈਂਟ ਦੇ ਬਾਹਰ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 5 ਹੋਰ ਜ਼ਖਮੀ ਹੋ ਗਏ। ਪੁਲਿਸ ਮੁਤਾਬਿਕ ਇਸ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਜ਼ਖਮੀ ਹੋਏ 5 ਲੋਕਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

ਪੁਲਿਸ ਮੁਤਾਬਿਕ ਇਕ ਵਿਅਕਤੀ ਬਾਹਰ ਖਾਣਾ ਖਾ ਰਿਹਾ ਸੀ, ਜਦੋਂ ਚਿੱਟੀ ਐਸ. ਯੂ. ਵੀ. ਗੱਡੀ ਵਿਚ ਆਏ ਲੋਕਾਂ ਨੇ ਉਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਗੋਲੀਬਾਰੀ ਕਿਸ ਨੇ ਅਤੇ ਕਿਉਂ ਕੀਤੀ? ਹਾਲ ਦੀ ਘੜੀ ਕੁਝ ਸਪਸ਼ਟ ਨਹੀਂ ਹੋ ਸਕਿਆ। ਪੁਲਿਸ ਮਾਮਲੇ ਦੀ ਜਾਂਚ ਕਰ ਜਾਰੀ ਹੈ।

## ਉਈਗਰ ਮੁਸਲਮਾਨਾਂ ਵਲੋਂ ਵਾਸ਼ਿੰਗਟਨ ਵਿਚ ਰੋਸ ਮੁਜਾਹਰਾ

**ਵਾਸ਼ਿੰਗਟਨ (ਬਿਊਰੋ):** ਚੀਨ ਵਲੋਂ ਹੋ ਰਹੀ ਵਧੀਕੀ ਦਾ ਵਿਰੋਧ ਕਰਨ ਲਈ ਉਈਗਰ ਮੁਸਲਮਾਨਾਂ ਨੇ ਇਥੇ ਸੂਬਾ ਵਿਭਾਗ ਦੇ ਅੱਗੇ ਉਤਰੀ ਤੁਰਕਿਸਤਾਨ ਦੇ ਝੰਡੇ ਦੇ ਰੰਗ ਨਾਲ ਬਣੇ ਮਾਸਕ ਪਾ ਕੇ ਪ੍ਰਦਰਸ਼ਨਕਾਰੀਆਂ ਨੇ ਉਈਗਰਾਂ ਦੀ ਹੋ ਰਹੀ ਨਸਲਕੁਸ਼ੀ ਦੇ ਵਿਰੋਧ ਵਿਚ ਸ਼ਾਂਤਮਈ ਰੋਸ ਮੁਜਾਹਰਾ ਕੀਤਾ। 'ਬਲੈਕ ਲਾਈਵਜ਼ ਮੈਟਰ' ਦੀ ਤਰਜ਼ 'ਤੇ ਮੁਜਾਹਰਾਕਾਰੀ 'ਉਈਗਰ ਲਾਈਵਜ਼ ਮੈਟਰ' ਦੇ ਪੋਸਟਰ ਲੈ ਕੇ ਪ੍ਰਦਰਸ਼ਨ ਕਰ ਰਹੇ ਸਨ। ਬੱਚਿਆਂ ਨੇ ਵੀ ਹਿੱਸਾ ਲਿਆ ਤੇ ਉਤਰੀ ਤੁਰਕਿਸਤਾਨ ਨੂੰ ਅਜ਼ਾਦ ਦੇਸ਼ ਵਜੋਂ ਤਵੱਜੋ ਦੇਣ ਦੀ ਮੰਗ ਕੀਤੀ। ਉਈਗਰ ਕਾਰਕੁੰਨ ਹੈਦਰ ਜੈਨ ਨੇ ਇਸ ਪ੍ਰਦਰਸ਼ਨ ਵਿਚ ਹਿੱਸਾ ਲਿਆ ਤੇ ਵਿਸ਼ਵ ਭਰ ਦੇ ਉਈਗਰਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦਾ ਸਾਥ ਦੇਣ।

ਜ਼ਿਕਰਯੋਗ ਹੈ ਕਿ ਚੀਨ ਤੋਂ ਪ੍ਰੇਸ਼ਾਨ ਹੋਏ ਲੋਕ ਅਮਰੀਕਾ ਸਣੇ ਦੁਨੀਆਂ ਭਰ ਦੇ ਕਈ ਦੇਸ਼ਾਂ ਵਿਚ ਸ਼ਰਣ ਲੈ ਕੇ ਬੈਠੇ ਹਨ। ਚੀਨ ਵਿਚ ਉਈਗਰ ਲੋਕਾਂ ਦੀ ਹਾਲਤ ਤਰਸਯੋਗ ਬਣੀ ਹੈ, ਤਸ਼ੱਦਦ ਕੀਤੇ ਜਾ ਰਹੇ ਹਨ ਅਤੇ ਗੁਲਾਮ ਬਣਾਇਆ ਗਿਆ ਹੈ। ਉਨ੍ਹਾਂ ਦਾ ਕਤਲ ਕੀਤਾ ਜਾਂਦਾ ਹੈ। ਧਾਰਮਿਕ ਘੱਟ ਗਿਣਤੀ ਦੇ ਕਰੀਬ 3 ਲੱਖ ਲੋਕਾਂ ਨੂੰ ਜੇਲ੍ਹਾਂ ਵਿਚ ਸੁੱਟ ਕੇ ਜਾਂ ਲੇਬਰ ਕੈਂਪਾਂ ਵਿਚ ਕੰਮ ਕਰਵਾਉਣ ਲਈ ਕੁੱਟਿਆ-ਮਾਰਿਆ ਜਾਂਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਕਰੋਨਾ ਵਾਇਰਸ ਨੇ ਭਾਰਤੀ ਅਰਥਚਾਰੇ ਨੂੰ ਮਧੋਲਿਆ

**ਨਵੀਂ ਦਿੱਲੀ:** ਕਰੋਨਾ ਵਾਇਰਸ ਮਹਾਮਾਰੀ ਦੇ ਕਹਿਰ ਤੇ ਉਸ ਦੀ ਰੋਕਥਾਮ ਲਈ ਲਾਏ ਗਏ ਲੌਕਡਾਊਨ ਨੇ ਦੇਸ਼ ਦੇ ਸੁਸਤ ਅਰਥਚਾਰੇ ਉਤੇ ਹੋਰ ਬੁਰਾ ਅਸਰ ਪਾਇਆ ਹੈ। ਸਰਕਾਰ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਚਾਲੂ ਵਿੱਤੀ ਵਰ੍ਹੇ 2020-21 ਦੀ ਅਪਰੈਲ-ਜੂਨ ਦੀ ਤਿਮਾਹੀ ਦੌਰਾਨ ਅਰਥਚਾਰੇ ਮਾਰਚ ਨੂੰ ਪੂਰੇ ਦੇਸ਼ 'ਚ ਲੌਕਡਾਊਨ ਲਾਇਆ ਸੀ। ਇਸ ਦਾ ਅਸਰ ਅਰਥਚਾਰੇ ਦੇ ਸਾਰੇ ਖੇਤਰਾਂ ਉਤੇ ਪਿਆ ਹੈ।

ਨਿਰਮਾਣ ਖੇਤਰ ਦੇ ਜੀ.ਡੀ.ਪੀ. ਵਿਚ ਕੁੱਲ ਮੁੱਲ ਯੋਗਦਾਨ (ਜੀ.ਵੀ.ਏ.) 2020-21 ਦੀ ਪਹਿਲੀ ਤਿਮਾਹੀ ਦੌਰਾਨ 39.3 ਫੀਸਦ ਘਟਿਆ ਜਦਕਿ ਇਸ ਸਾਲ ਪਹਿਲਾਂ ਇਸੇ ਤਿਮਾਹੀ 'ਚ



'ਚ 23.9 ਫੀਸਦੀ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ।

ਇਸ ਦੌਰਾਨ ਖੇਤੀ ਨੂੰ ਛੱਡ ਕੇ ਨਿਰਮਾਣ, ਉਸਾਰੀ ਤੇ ਸੇਵਾਵਾਂ ਸਮੇਤ ਸਾਰੇ ਖੇਤਰਾਂ ਦਾ ਪ੍ਰਦਰਸ਼ਨ ਖਰਾਬ ਰਿਹਾ ਹੈ। ਸਭ ਤੋਂ ਵੱਧ ਪ੍ਰਭਾਵ ਉਸਾਰੀ ਸੈਕਟਰ ਉਤੇ ਪਿਆ ਹੈ ਜੋ 50 ਫੀਸਦ ਤੋਂ ਹੇਠਾਂ ਡਿੱਗਿਆ ਹੈ। ਕੌਮੀ ਅੰਕੜਾ ਦਫਤਰ (ਐਨ.ਸੀ.ਓ.) ਦੇ ਅੰਕੜਿਆਂ ਅਨੁਸਾਰ ਕੁੱਲ ਘਰੇਲੂ ਉਤਪਾਦਨ (ਜੀ.ਡੀ.ਪੀ.) 'ਚ ਇਸ ਤੋਂ ਪਿਛਲੇ ਵਰ੍ਹੇ 2019-20 ਦੀ ਇਸੇ ਤਿਮਾਹੀ ਵਿਚ 5.2 ਫੀਸਦੀ ਦਾ ਵਾਧਾ ਹੋਇਆ ਸੀ। ਸਰਕਾਰ ਨੇ ਕਰੋਨਾ ਵਾਇਰਸ ਦੀ ਰੋਕਥਾਮ ਲਈ 25 ਇਸ 'ਚ 3 ਫੀਸਦ ਵਾਧਾ ਹੋਇਆ ਸੀ। ਹਾਲਾਂਕਿ ਖੇਤੀ ਸੈਕਟਰ 'ਚ ਇਸ ਦੌਰਾਨ 3.4 ਫੀਸਦ ਵਾਧਾ ਹੋਇਆ ਹੈ ਜਦਕਿ 2019-20 ਦੀ ਪਹਿਲੀ ਤਿਮਾਹੀ ਇਹ ਵਾਧਾ 3 ਫੀਸਦ ਸੀ। ਉਸਾਰੀ ਖੇਤਰ 'ਚ ਜੀ.ਵੀ.ਏ. ਵਿਕਾਸ 'ਚ ਚਾਲੂ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ ਵਿਚ 50.3 ਫੀਸਦ ਦੀ ਗਿਰਾਵਟ ਆਈ ਹੈ ਜਦਕਿ ਪਿਛਲੇ ਸਾਲ ਇਸੇ ਸਮੇਂ 5.2 ਫੀਸਦ ਵਾਧਾ ਦਰਜ ਕੀਤਾ ਗਿਆ ਸੀ। ਖਣਨ ਖੇਤਰ ਉਤਪਾਦਨ 'ਚ 23.3 ਫੀਸਦ ਕਮੀ ਆਈ ਹੈ ਜਦਕਿ ਪਿਛਲੇ ਸਾਲ ਇਸੇ ਸਮੇਂ ਇਸ ਨੇ 4.7 ਫੀਸਦ ਵਿਕਾਸ ਕੀਤਾ ਸੀ। ਬਿਜਲੀ, ਗੈਸ, ਜਲ ਸਪਲਾਈ ਤੇ ਹੋਰ ਜ਼ਰੂਰੀ ਸੇਵਾ ਖੇਤਰਾਂ 'ਚ ਵੀ 2020-21 ਦੀ ਪਹਿਲੀ ਤਿਮਾਹੀ ਵਿਚ 7 ਫੀਸਦ ਦੀ ਗਿਰਾਵਟ ਦਰਜ ਕੀਤੀ ਗਈ ਹੈ ਜਦਕਿ ਪਿਛਲੇ ਸਾਲ ਇਸੇ ਸਮੇਂ ਇਸ ਵਿਚ 7 ਫੀਸਦ ਵਾਧਾ ਦਰਜ ਕੀਤਾ ਗਿਆ ਸੀ।

ਅੰਕੜਿਆਂ ਅਨੁਸਾਰ ਵਪਾਰ, ਹੋਟਲ, ਟਰਾਂਸਪੋਰਟ, ਸੰਚਾਰ ਤੇ ਪ੍ਰਸਾਰਨ ਨਾਲ ਜੁੜੀਆਂ ਸੇਵਾਵਾਂ 47 ਫੀਸਦ ਤੱਕ ਘਟੀਆਂ ਹਨ। ਵਿੱਤੀ, ਰੀਅਲ ਅਸਟੇਟ ਤੇ ਪੇਸ਼ੇਵਰ ਸੇਵਾਵਾਂ 'ਚ 5.3 ਫੀਸਦ, ਲੋਕ ਪ੍ਰਸ਼ਾਸਨ, ਰੱਖਿਆ ਤੇ ਹੋਰਨਾਂ ਸੇਵਾਵਾਂ 'ਚ ਵੀ 10.3 ਦੀ ਗਿਰਾਵਟ ਦਰਜ ਕੀਤੀ ਗਈ ਹੈ। ਐਨ.ਐਸ.ਓ. ਨੇ ਬਿਆਨ ਵਿਚ ਕਿਹਾ, 'ਸਥਿਰ ਮੁੱਲ (2011-12) 'ਤੇ ਜੀ.ਡੀ.ਪੀ. 2020-21 ਦੀ ਪਹਿਲੀ ਤਿਮਾਹੀ 'ਚ 26.90 ਲੱਖ ਕਰੋੜ ਰੁਪਏ ਰਹਿਣ ਦਾ ਅਨੁਮਾਨ ਹੈ ਜੋ ਪਿਛਲੇ ਸਾਲ ਇਸੇ ਸਮੇਂ 35.35 ਲੱਖ ਕਰੋੜ ਰੁਪਏ ਸੀ। ਮਤਲਬ ਇਸ 'ਚ 23.9 ਫੀਸਦ ਦੀ ਗਿਰਾਵਟ ਦਰਜ ਕੀਤੀ ਗਈ ਹੈ।'

## ਕਾਂਗਰਸ ਵਲੋਂ ਮੋਦੀ ਸਰਕਾਰ ਦੇ ਇਰਾਦਿਆਂ 'ਤੇ ਫਿਕਰਮੰਦੀ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਮੋਦੀ ਸਰਕਾਰ ਉਤੇ ਦੋਸ਼ ਲਾਇਆ ਹੈ ਕਿ ਉਹ ਮੁਲਕ ਦੇ ਅਸੰਗਠਿਤ ਖੇਤਰ ਨੂੰ ਤਬਾਹ ਕਰ ਕੇ ਉਸ ਨੂੰ ਗੁਲਾਮ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੰਗਠਿਤ ਖੇਤਰ ਖਤਮ ਹੋ ਗਿਆ ਤਾਂ ਮੁਲਕ 'ਚ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋਣਗੇ। ਉਨ੍ਹਾਂ ਪੂਰੇ ਮੁਲਕ ਨੂੰ ਇਕਜੁੱਟ ਹੋ ਕੇ ਸਰਕਾਰ ਦੇ ਇਸ ਇਰਾਦੇ ਖਿਲਾਫ ਲੜਨ ਦਾ ਹੋਕਾ ਦਿੱਤਾ ਹੈ। ਉਂਜ ਭਾਜਪਾ ਤਰਜਮਾਨ ਸੰਬਿਤ ਪਾਤਰਾ ਨੇ ਰਾਹੁਲ ਦੇ ਇਸ ਬਿਆਨ ਦਾ ਮਖੌਲ ਉਡਾਉਂਦਿਆਂ ਕਿਹਾ ਕਿ ਉਹ 'ਜੀ-23' ਬਾਰੇ ਵੀਡੀਓ ਜਾਰੀ ਕਰੇ। ਭਾਜਪਾ ਦਾ ਸਿੱਧਾ ਇਸ਼ਾਰਾ ਕਾਂਗਰਸ ਦੇ ਉਨ੍ਹਾਂ 23 ਆਗੂਆਂ ਵਲ ਹੈ ਜਿਨ੍ਹਾਂ ਕਾਂਗਰਸ ਪ੍ਰਧਾਨ ਨੂੰ ਪਾਰਟੀ 'ਚ ਫੇਰਬਦਲ ਲਈ ਚਿੱਠੀ ਲਿਖੀ ਸੀ।

## ਕਰੋਨਾ ਤੋਂ ਪਹਿਲੇ ਮੰਦੇ ਅਰਥਚਾਰੇ ਬਾਰੇ ਦੱਸਣ ਵਿੱਤ ਮੰਤਰੀ: ਚਿਦੰਬਰਮ

**ਨਵੀਂ ਦਿੱਲੀ:** ਕਾਂਗਰਸ ਦੇ ਸੀਨੀਅਰ ਆਗੂ ਪੀ ਚਿਦੰਬਰਮ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦੇ 'ਰੱਬੀ ਘਟਨਾ' (ਐਕਟ ਆਫ ਗੌਡ) ਵਾਲੇ ਬਿਆਨ ਨੂੰ ਲੈ ਕੇ ਉਨ੍ਹਾਂ ਨੂੰ ਨਿਸ਼ਾਨੇ 'ਤੇ ਲਿਆ ਤੇ ਸਵਾਲ ਕੀਤਾ ਕਿ ਕੀ ਵਿੱਤ ਮੰਤਰੀ 'ਰੱਬ ਦੇ ਦੂਤ ਵਜੋਂ' ਇਸ ਦਾ ਜਵਾਬ ਦੇਣਗੇ ਕਿ ਕਰੋਨਾ ਵਾਇਰਸ ਮਹਾਮਾਰੀ ਤੋਂ ਪਹਿਲਾਂ ਅਰਥਚਾਰੇ ਦੇ ਮਾੜੇ ਪ੍ਰਬੰਧਨ ਦੀ ਵਿਆਖਿਆ ਕਿਵੇਂ ਕੀਤੀ ਜਾਵੇ। ਸਾਬਕਾ ਵਿੱਤ ਮੰਤਰੀ ਨੇ ਜੀ.ਐਸ.ਟੀ. ਦੇ ਮੁਆਵਜ਼ੇ ਦੇ ਮੁੱਦੇ 'ਤੇ ਸੂਬਿਆਂ ਸਾਹਮਣੇ ਕਰਜ਼ਿਆਂ ਦਾ ਬਦਲ ਰੱਖੇ ਜਾਣ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਵੀ ਹਮਲਾ ਬੋਲਿਆ।

## ਕੇਂਦਰ ਵਲੋਂ ਸਾਂਝੀ ਵੋਟਰ ਸੂਚੀ ਤਿਆਰ ਕਰਨ 'ਤੇ ਚਰਚਾ

**ਨਵੀਂ ਦਿੱਲੀ:** ਵੋਟਰ ਸੂਚੀਆਂ ਵਿਚ ਕਿਸੇ ਕਿਸਮ ਦੀ ਗੜਬੜ ਖਤਮ ਕਰਨ ਤੇ ਇਕਸਾਰਤਾ ਲਿਆਉਣ ਲਈ ਸਰਕਾਰ ਵਲੋਂ ਲੋਕ ਸਭਾ, ਵਿਧਾਨ ਸਭਾਵਾਂ ਤੇ ਸਥਾਨਕ ਮਿਊਂਸਪਲ ਸੰਸਥਾਵਾਂ ਦੀਆਂ ਚੋਣਾਂ ਲਈ ਇਕ ਸਾਂਝੀ ਵੋਟਰ ਸੂਚੀ ਤਿਆਰ ਕਰਨ ਦੀ ਸੰਭਾਵਨਾ ਬਾਰੇ ਚਰਚਾ ਕੀਤੀ ਜਾ ਰਹੀ ਹੈ।


ਅਧਿਕਾਰੀਆਂ ਨੇ ਦੱਸਿਆ ਕਿ ਇਸ ਸਮੇਂ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਲਈ ਚੋਣ ਕਮਿਸ਼ਨ ਵੋਟਰ ਸੂਚੀ ਤਿਆਰ ਕਰਦਾ ਹੈ। ਸੂਬਾਈ ਚੋਣ ਕਮਿਸ਼ਨ ਆਪੋ-ਆਪਣੇ ਸੂਬਿਆਂ ਵਿਚ ਆਪਣੀਆਂ ਖੁਦ ਬਣਾਈਆਂ ਵੋਟਰ ਸੂਚੀਆਂ ਮੁਤਾਬਕ ਸਥਾਨਕ ਸੰਸਥਾਵਾਂ ਜਿਵੇਂ ਮਿਊਂਸਪਲ ਕੌਂਸਲਾਂ ਤੇ ਪੰਚਾਇਤਾਂ ਦੀਆਂ ਚੋਣਾਂ ਕਰਵਾਉਂਦੇ ਹਨ। ਹੁਣ ਕੇਂਦਰ ਸਰਕਾਰ ਵਲੋਂ ਲੋਕ ਸਭਾ, ਵਿਧਾਨ ਸਭਾਵਾਂ ਤੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਲਈ ਇਕ ਵੋਟਰ ਸੂਚੀ ਤਿਆਰ ਕਰਨ ਦੀ ਸੰਭਾਵਨਾ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਇਕ ਸੀਨੀਅਰ ਅਧਿਕਾਰੀ ਨੇ ਦੱਸਿਆ, 'ਸਰਕਾਰ ਵਲੋਂ ਇਸ ਗੱਲ ਬਾਰੇ ਵਿਚਾਰ ਕੀਤੀ ਜਾ ਰਹੀ ਹੈ ਕਿ ਕੀ ਇਨ੍ਹਾਂ ਤਿੰਨ ਕਿਸਮ ਦੀਆਂ ਚੋਣਾਂ ਲਈ ਇਕ ਵੋਟਰ ਸੂਚੀ ਬਣ ਸਕਦੀ ਹੈ? ਹੁਣ, ਸੂਬਿਆਂ ਨੂੰ ਕੇਂਦਰੀ ਵੋਟਰ ਸੂਚੀ ਨੂੰ ਅਪਨਾਉਣ ਲਈ ਮਨਾਉਣਾ ਪਵੇਗਾ।' ਇਕ ਹੋਰ ਅਧਿਕਾਰੀ ਨੇ ਕਿਹਾ ਕਿ ਇਸ ਸਮੇਂ ਇਕ ਸਾਂਝੀ ਵੋਟਰ ਸੂਚੀ ਬਣਾਉਣਾ ਜ਼ਰੂਰੀ ਵੀ ਹੈ ਕਿਉਂਕਿ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਸਮੇਂ ਵੋਟਰ ਸੂਚੀਆਂ ਬਣਾਉਣ ਦੀ ਸਾਰੀ ਪ੍ਰਕਿਰਿਆ ਦਾ ਮੁੜ ਦੁਹਰਾਅ ਹੁੰਦਾ ਹੈ।

# ਰਾਸ਼ਟਰਪਤੀ ਨੇ 74 ਖਿਡਾਰੀਆਂ ਨੂੰ ਆਨਲਾਈਨ ਖੇਡ ਪੁਰਸਕਾਰ ਵੰਡੇ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਕੋਵਿਡ-19 ਕਾਰਨ ਆਨਲਾਈਨ ਸਮਾਗਮ ਦੌਰਾਨ 74 ਖਿਡਾਰੀਆਂ ਨੂੰ ਕੌਮੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਸਨਮਾਨਿਤ ਕੀਤੇ ਗਏ ਖਿਡਾਰੀਆਂ 'ਚ ਪੰਜਾਬ ਤੋਂ ਹਾਕੀ ਖਿਡਾਰੀ ਆਕਾਸ਼ਦੀਪ ਸਿੰਘ ਨੂੰ ਅਰਜੁਨ ਐਵਾਰਡ, ਕੁਲਦੀਪ ਸਿੰਘ ਭੁੱਲਰ (ਅਥਲੈਟਿਕਸ), ਅਜੀਤ ਸਿੰਘ (ਹਾਕੀ), ਮਨਪ੍ਰੀਤ ਸਿੰਘ (ਕਬੱਡੀ), ਮਨਜੀਤ ਸਿੰਘ (ਰੋਇੰਗ), ਸੁਖਵਿੰਦਰ ਸਿੰਘ (ਫੁਟਬਾਲ) ਅਤੇ ਲੱਖਾ ਸਿੰਘ (ਮੁੱਕੇਬਾਜ਼ੀ) ਨੂੰ ਮੇਜਰ ਧਿਆਨ ਚੰਦ ਐਵਾਰਡ ਜਦਕਿ ਕਰਨਲ ਸਰਫਰਾਜ਼ ਸਿੰਘ ਨੂੰ ਤੇਨਜ਼ਿੰਗ ਨੋਰਗੇ ਨੈਸ਼ਨਲ ਐਡਵੈਂਚਰ ਐਵਾਰਡ ਦਿੱਤਾ ਗਿਆ ਹੈ।

ਕ੍ਰਿਕਟਰ ਰੋਹਿਤ ਸ਼ਰਮਾ (ਖੇਲ ਰਤਨ) ਅਤੇ ਇਸ਼ਾਂਤ ਸ਼ਰਮਾ (ਅਰਜਨ ਪੁਰਸਕਾਰ) ਸਮਾਗਮ 'ਚ ਸ਼ਾਮਲ ਨਹੀਂ ਹੋ ਸਕੇ ਕਿਉਂਕਿ ਉਹ ਆਈ.ਪੀ.ਐਲ. ਲਈ ਯੂ.ਏ.ਈ. 'ਚ ਹਨ ਜਦਕਿ ਪਹਿਲਵਾਨ ਵਿਨੇਸ਼ ਫੋਗਾਟ (ਖੇਡ ਰਤਨ) ਅਤੇ ਬੈਡਮਿੰਟਨ ਖਿਡਾਰੀ ਸਾਤਵਿਕਸਾਈਰਾਜ (ਅਰਜੁਨ ਪੁਰਸਕਾਰ) ਨੂੰ ਕਰੋਨਾ ਪਾਜੀਟਿਵ ਪਾਏ ਜਾਣ ਮਗਰੋਂ ਸਮਾਗਮ ਤੋਂ ਹਟਣਾ ਪਿਆ। ਰੋਹਿਤ ਤੇ ਵਿਨੇਸ਼ ਤੋਂ ਇਲਾਵਾ ਟੇਬਲ ਟੈਨਿਸ ਖਿਡਾਰੀ ਮਨਿਕਾ ਬੱਤਰਾ, ਪੈਰਾਲੰਪਿਕ ਸੋਨ ਤਗਮਾ ਜੇਤੂ ਮਰੀਅੱਪਨ ਤਾਂਗਵੇਲੂ ਤੇ ਮਹਿਲਾ ਹਾਕੀ ਕਪਤਾਨ ਰਾਣੀ ਰਾਮਪਾਲ ਨੂੰ ਖੇਡ ਰਤਨ ਦਿੱਤੇ ਗਏ। ਖੇਡ ਮੰਤਰੀ ਕਿਰਨ ਰਿਜੀਜੂ ਨੇ ਸਮਾਗਮ ਸ਼ੁਰੂ ਹੋਣ



ਤੋਂ ਪਹਿਲਾਂ ਕਿਹਾ, 'ਕੋਵਿਡ-19 ਦੌਰਾਨ ਇਹ ਪਹਿਲਾ ਪੁਰਸਕਾਰ ਹੈ ਜਿਸ 'ਚ ਰਾਸ਼ਟਰਪਤੀ ਹਾਜ਼ਰ ਹੋਏ ਹਨ।' ਰਾਸ਼ਟਰਪਤੀ ਨੇ ਸਾਰੇ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ ਤੇ ਭਰੋਸਾ ਦਿੱਤਾ ਕਿ ਭਾਰਤ 2028 ਦੇ ਲਾਸ ਏਂਜਲਸ ਓਲੰਪਿਕ ਵਿਚ ਸਿਖਰਲੇ ਦਸ ਦੇਸ਼ਾਂ 'ਚ ਸ਼ਾਮਲ ਰਹਿਣ ਦੇ ਆਪਣੇ ਟੀਚੇ ਨੂੰ ਹਾਸਲ ਕਰ ਸਕਦਾ ਹੈ।

ਅਰਜਨ ਪੁਰਸਕਾਰ ਹਾਸਲ ਕਰਨ ਵਾਲੇ ਖਿਡਾਰੀਆਂ 'ਚ ਅਤਾਨੂੰ ਦਾਸ, ਦੁੱਤੀ ਚੰਦ, ਚਿਰਾਗ ਚੰਦਰਸ਼ੇਖਰ ਸ਼ੈੱਟੀ, ਵਿਸ਼ਵੇਸ਼ ਭ੍ਰਿਗੂਵੰਸ਼ੀ, ਮਨੀਸ਼ ਕੌਸ਼ਿਕ, ਲਵਲੀਨਾ ਬੋਰਗੋਹਾਨ, ਦੀਪਤੀ ਸ਼ਰਮਾ, ਸਾਵੰਤ ਅਜੈ ਅਨੰਤ, ਸੰਦੇਸ਼ ਝੀਂਗਣ, ਅਦਿਤੀ ਅਸ਼ੋਕ, ਆਕਾਸ਼ਦੀਪ ਸਿੰਘ, ਦੀਪਿਕਾ, ਦੀਪਕ, ਕਾਲੇ ਸਾਰਿਕਾ ਸੁਧਾਕਰ, ਦੱਤੂ ਬਬਨ ਭੋਕਾਨਲ, ਮਨੂੰ ਭਾਕਰ, ਸੌਰਭ ਚੌਧਰੀ, ਮਧੁਰਿਕਾ ਪਟਕਰ, ਦਿਵਿਜ ਸ਼ਰਨ, ਸ਼ਿਵਾ ਕੇਸ਼ਵਨ, ਦਿਵਿਆ ਕਾਕਰਾਨ, ਰਾਹੁਲ ਅਵਾਰੇ, ਸੁਯਸ਼ ਨਾਰਾਇਣ ਜਾਧਵ, ਸੰਦੀਪ, ਮਨੀਸ਼ ਨਰਵਾਲ ਸ਼ਾਮਲ ਹਨ।

ਦਰੋਣਾਚਾਰੀਆ ਪੁਰਸਕਾਰ ਧਰਮਿੰਦਰ ਤਿਵਾੜੀ, ਪੁਰਸ਼ੋਤਮ ਰਾਏ, ਸ਼ਿਵ ਸਿੰਘ, ਰੋਮੇਸ਼ ਪਠਾਨੀਆ, ਕ੍ਰਿਸ਼ਨ ਕੁਮਾਰ ਹੁੱਡਾ, ਵਿਜੈ ਭਾਲ ਚੰਦਰ ਮੁਨੀਸ਼ਵਰ, ਨਰੇਸ਼ ਕੁਮਾਰ, ਓਮ ਪ੍ਰਕਾਸ਼ ਦਹੀਆ, ਜਿਉਡ ਫੈਲਿਕਸ, ਯੋਗੇਸ਼ ਮਾਲਵੀਆ, ਜਸਪਾਲ ਰਾਣਾ, ਕੁਲਦੀਪ ਕੁਮਾਰ ਹਾਂਡੂ, ਗੌਰਵ ਖੰਨਾ ਨੂੰ ਦਿੱਤਾ ਗਿਆ। ਧਿਆਨਚੰਦ ਪੁਰਸਕਾਰ ਕੁਲਦੀਪ ਸਿੰਘ ਭੁੱਲਰ, ਜਿੰਮੀ ਫਿਲਿਪਸ, ਪ੍ਰਦੀਪ ਸ੍ਰੀਕ੍ਰਿਸ਼ਨ ਗਾਂਧੇ, ਐੱਨ ਊਸ਼ਾ, ਲੱਖਾ ਸਿੰਘ, ਸੁਖਵਿੰਦਰ ਸਿੰਘ ਸੰਧੂ, ਅਜੀਤ ਸਿੰਘ, ਮਨਪ੍ਰੀਤ ਸਿੰਘ, ਜੇ ਰਣਜੀਤ ਸਿੰਘ ਕੁਮਾਰ, ਸਤਿਆਪ੍ਰਕਾਸ਼ ਤਿਵਾੜੀ, ਮਨਜੀਤ ਸਿੰਘ, ਮਰਹੂਮ ਸਚਿਨ ਨਾਗ, ਨੰਦਨ ਬਾਲ, ਨੇਤਰਪਾਲ ਹੁੱਡਾ ਨੂੰ ਮਿਲਿਆ।

# ਡੀ. ਐਸ. ਪੀ. ਦਵਿੰਦਰ ਸਿੰਘ ਨੂੰ ਪਾਕਿਸਤਾਨ ਦੇ ਖਾਤੇ ਪਾਇਆ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਆਪਣੀ ਚਾਰਜਸ਼ੀਟ 'ਚ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਨੇ ਵਿਦੇਸ਼ ਮੰਤਰਾਲੇ 'ਚੋਂ ਜਾਣਕਾਰੀਆਂ ਹਾਸਲ ਕਰਨ ਲਈ ਜੰਮੂ ਕਸ਼ਮੀਰ ਪੁਲਿਸ ਦੇ ਮੁਅੱਤਲ ਡੀ.ਐਸ.ਪੀ. ਦਵਿੰਦਰ ਸਿੰਘ ਨੂੰ ਮੋਹਰਾ ਬਣਾਇਆ ਸੀ। ਜ਼ਿਕਰਯੋਗ ਹੈ ਕਿ ਦਹਿਸ਼ਤੀ ਜਥੇਬੰਦੀ ਹਿਜ਼ਬੁਲ ਮੁਜਾਹਿਦੀਨ ਦੀ ਮਦਦ ਕਰਨ ਦੇ ਦੋਸ਼ ਹੇਠ ਐਨ.ਆਈ.ਏ. ਨੇ ਦਵਿੰਦਰ ਸਿੰਘ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਹੈ।

ਜੁਲਾਈ ਮਹੀਨੇ ਦਾਇਰ ਕੀਤੀ ਗਈ ਇਸ ਚਾਰਜਸ਼ੀਟ 'ਚ ਦਵਿੰਦਰ ਸਿੰਘ ਤੇ ਹੋਰਾਂ ਉਤੇ ਪਾਕਿਸਤਾਨ ਆਧਾਰਿਤ ਅਤਿਵਾਦੀਆਂ ਅਤੇ ਦਿੱਲੀ ਸਥਿਤ ਪਾਕਿਸਤਾਨੀ ਹਾਈ ਕਮਿਸ਼ਨ ਦੀ ਮਦਦ ਨਾਲ 'ਭਾਰਤ ਖਿਲਾਫ ਜੰਗ' ਛੇੜਨ ਦਾ ਦੋਸ਼ ਲਾਇਆ ਗਿਆ ਹੈ। ਕੌਮੀ ਜਾਂਚ ਏਜੰਸੀ ਵਲੋਂ ਜੰਮੂ ਦੀ ਵਿਸ਼ੇਸ਼ ਅਦਾਲਤ 'ਚ ਦਾਇਰ ਚਾਰਜਸ਼ੀਟ ਅਨੁਸਾਰ ਜੰਮੂ ਕਸ਼ਮੀਰ ਪੁਲਿਸ ਵਿਚ ਤਾਇਨਾਤ ਦਵਿੰਦਰ ਸਿੰਘ ਪਾਕਿਸਤਾਨ ਹਾਈ ਕਮਿਸ਼ਨ ਵਿਚਲੇ ਆਪਣੇ ਸੂਤਰਧਾਰਾਂ ਦੇ ਲਗਾਤਾਰ ਸੰਪਰਕ 'ਚ ਸੀ। ਇਹ ਸੂਤਰਧਾਰ ਅੱਗੇ ਜਾਣਕਾਰੀ ਇਸਲਾਮਾਬਾਦ ਭੇਜਦੇ ਸਨ। ਐਨ.ਆਈ.ਏ. ਦੀ 3064 ਸਫਿਆਂ ਦੀ ਚਾਰਜਸ਼ੀਟ ਅਨੁਸਾਰ ਦਵਿੰਦਰ ਸਿੰਘ ਤੇ ਪੰਜ ਹੋਰਾਂ ਖਿਲਾਫ ਗੈਰ ਕਾਨੂੰਨੀ ਗਤੀਵਿਧੀਆਂ ਤੇ ਆਈ.ਪੀ.ਸੀ. ਦੀਆਂ ਵੱਖ-ਵੱਖ



ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਚਾਰਜਸ਼ੀਟ 'ਚ ਇਸ ਪੁਲਿਸ ਅਫਸਰ ਵਲੋਂ ਅਤਿਵਾਦੀਆਂ ਨੂੰ ਦਿੱਤੀਆਂ ਗਈਆਂ ਪਨਾਹਾਂ ਦੇ ਵੇਰਵੇ ਵੀ ਦਰਜ ਹਨ। ਚਾਰਜਸ਼ੀਟ ਅਨੁਸਾਰ ਦਵਿੰਦਰ ਸਿੰਘ ਨੇ ਪਾਕਿਸਤਾਨ ਹਾਈ ਕਮਿਸ਼ਨ ਵਿਚਲੇ ਸਾਥੀ ਦਾ ਸੰਪਰਕ ਨੰਬਰ 'ਪਾਕਿ ਭਾਈ' ਦੇ ਨਾਂ ਨਾਲ ਸੰਭਾਲਿਆ ਹੋਇਆ ਸੀ। ਇਸ ਨੰਬਰ ਤੋਂ ਉਸ ਨੂੰ ਕਸ਼ਮੀਰ 'ਚ ਸੁਰੱਖਿਆ ਦਸਤਿਆਂ ਦੀਆਂ ਗਤੀਵਿਧੀਆਂ ਤੇ ਵੀ.ਆਈ.ਪੀਜ਼. ਦੇ ਆਉਣ ਬਾਰੇ ਨਿਗਰਾਨੀ ਕਰਨ ਸਮੇਤ ਹੋਰ ਕਾਰਵਾਈਆਂ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਸੀ। ਹਿਜ਼ਬੁਲ ਮੁਜਾਹਿਦੀਨ ਨਾਲ ਜੁੜਨ ਤੋਂ ਬਾਅਦ ਦਵਿੰਦਰ ਸਿੰਘ ਨੂੰ ਵਿਦੇਸ਼ ਮੰਤਰਾਲੇ ਵਿਚ ਵੀ ਸੰਪਰਕ ਸਥਾਪਤ ਕਰਨ ਲਈ ਕਿਹਾ ਗਿਆ ਸੀ ਤਾਂ ਜੋ ਉਥੇ ਜਾਸੂਸੀ ਕੀਤੀ ਜਾ ਸਕਦੇ ਹਾਲਾਂਕਿ ਦਵਿੰਦਰ ਸਿੰਘ ਪਾਕਿਸਤਾਨੀ ਅੰਬੈਸੀ ਦੀ ਇਸ ਯੋਜਨਾ ਨੂੰ ਸਿਰੇ ਨਹੀਂ ਚੜ੍ਹਾ ਸਕਿਆ।

# ਪੰਜਾਬ ਨਾਲ ਲੱਗਦੀ ਸਰਹੱਦ 'ਤੇ ਪਾਕਿਸਤਾਨੀ ਤਸਕਰਾਂ ਨੇ ਸਰਗਰਮੀ ਵਧਾਈ

**ਚੰਡੀਗੜ੍ਹ:** ਗੁਆਂਢੀ ਦੇਸ਼ ਪਾਕਿਸਤਾਨ ਵਾਲੇ ਪਾਸਿਉਂ ਭਾਰਤ ਵਿਚ ਨਸ਼ੀਲੇ ਪਦਾਰਥ, ਹਥਿਆਰ ਅਤੇ ਜਾਅਲੀ ਕਰੰਸੀ ਦੀ ਤਸਕਰੀ ਦੀਆਂ ਵਾਰਦਾਤਾਂ ਨੂੰ ਲਗਾਤਾਰ ਵਧ ਰਹੀਆਂ ਹਨ। ਪਾਕਿਸਤਾਨੀ ਤਸਕਰ ਪੰਜਾਬ ਨਾਲ ਸਬੰਧਤ ਜ਼ਿਲ੍ਹਾ ਤਰਨ ਤਾਰਨ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਫਾਜ਼ਿਲਕਾ ਅਤੇ ਅਬੋਹਰ ਜ਼ਿਲ੍ਹੇ ਨਾਲ ਲੱਗਦੀ 530 ਕਿਲੋਮੀਟਰ ਭਾਰਤ-ਪਾਕਿਸਤਾਨ ਸਰਹੱਦ ਨੂੰ ਸੁਰੱਖਿਅਤ ਮੰਨਦੇ ਹਨ ਅਤੇ ਇਨ੍ਹਾਂ ਸਰਹੱਦਾਂ ਰਾਹੀਂ ਉਹ ਹੈਰੋਇਨ, ਘਾਤਕ ਹਥਿਆਰ ਅਤੇ ਜਾਅਲੀ ਕਰੰਸੀ ਨੂੰ ਭਾਰਤ ਵਿਚ ਭੇਜਣ ਦੀ ਤਾਕ ਵਿਚ ਰਹਿੰਦੇ ਹਨ।

ਪੰਜਾਬ ਦੇ 220 ਸਰਹੱਦੀ ਪਿੰਡਾਂ ਨਾਲ ਲੱਗਦੀ ਇਸ ਸਰਹੱਦ ਦੇ ਕੰਡਿਆਲੀ ਤਾਰ ਪਾਰ 21300 ਏਕੜ ਜ਼ਮੀਨ ਉਪਰ ਵਾਹੀ ਕਰਨ ਲਈ ਸਰਹੱਦੀ ਕਿਸਾਨ ਕੰਡਿਆਲੀ ਤਾਰ ਪਾਰ ਜਾਂਦੇ ਹਨ। ਤਾਰ ਪਾਰ ਜਾਣ ਅਤੇ ਆਉਣ ਸਮੇਂ ਬੀ.ਐਸ.ਐਫ. ਵਲੋਂ ਕਿਸਾਨਾਂ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਜਾਂਦੀ ਹੈ ਪਰ ਇਸ ਦੇ ਬਾਵਜੂਦ ਬਹੁਤ ਸਾਰੇ ਲੋਕ ਜਲਦੀ ਅਮੀਰ ਹੋਣ ਦੇ ਲਾਲਚ ਵਿਚ ਸਮੇਂ-ਸਮੇਂ 'ਤੇ ਵੱਖਰੇ ਢੰਗ ਅਪਣਾ ਕੇ ਪਾਕਿਸਤਾਨੀ ਤਸਕਰਾਂ ਵਲੋਂ ਰਾਤ ਸਮੇਂ ਉਨ੍ਹਾਂ ਦੇ ਖੇਤਾਂ ਵਿਚ ਲੁਕੋ ਕੇ ਰੱਖੀ ਜਾਂਦੀ ਹੈਰੋਇਨ ਨੂੰ ਭਾਰਤੀ ਖੇਤਰ ਵਿਚ ਲਿਆਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। 22 ਅਗਸਤ ਦੀ ਤੜਕਸਾਰ ਨੂੰ ਭਾਰਤ-ਪਾਕਿਸਤਾਨ ਸਰਹੱਦ ਖਾਲੜਾ ਸੈਕਟਰ ਅਧੀਨ ਬੀ.ਐਸ.ਐਫ. ਦੀ ਸਰਹੱਦੀ ਚੌਕੀ ਡੱਲ ਦੇ ਨਜ਼ਦੀਕ ਬੀ.ਐਸ.ਐਫ. ਵਲੋਂ ਭਾਰਤੀ ਖੇਤਰ ਵਿਚ ਦਾਖਲ ਹੋਏ ਪੰਜ ਘੁਸਪੈਠੀਆਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ ਸੀ।

ਪੁਲਿਸ ਵਲੋਂ ਇਹ ਦਾਅਵਾ ਕੀਤਾ ਗਿਆ ਸੀ ਕਿ ਮਾਰੇ ਗਏ ਘੁਸਪੈਠੀਆਂ ਦੇ ਕਬਜ਼ੇ 'ਚੋਂ ਬਰਾਮਦ ਹੋਏ 2 ਮੋਬਾਈਲ ਫੋਨਾਂ ਜ਼ਰੀਏ ਉਨ੍ਹਾਂ ਭਾਰਤੀ ਤਸਕਰਾਂ ਬਾਰੇ ਵੀ ਪਤਾ ਲੱਗ ਜਾਵੇਗਾ ਜੋ ਇਨ੍ਹਾਂ ਦੇ ਸੰਪਰਕ ਵਿਚ ਸਨ। ਪਤਾ ਚੱਲਿਆ ਹੈ ਕਿ ਅਜੇ ਤੱਕ ਪੁਲਿਸ ਦੇ ਹੱਥ ਕੁਝ ਵੀ ਨਹੀਂ ਲੱਗਾ। ਇਸ ਤੋਂ ਬਾਅਦ ਵੀ ਇਹ ਸਿਲਸਲਾ ਰੁਕਿਆ ਨਹੀਂ। ਹੁਣ ਬੀ.ਐਸ.ਐਫ. ਦੀ 181 ਬਟਾਲੀਅਨ ਨੇ ਭਾਰਤ-ਪਾਕਿ ਸਰਹੱਦ 'ਤੇ 14.790 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਹ ਹੈਰੋਇਨ ਬੀ.ਐਸ.ਐਫ. ਵਲੋਂ ਖਾਨਪੁਰ ਚੈਕ ਪੋਸਟ ਤੋਂ ਬਰਾਮਦ ਕੀਤੀ ਗਈ। ਕੌਮਾਂਤਰੀ ਬਾਜ਼ਾਰ 'ਚ ਇਸ ਦੀ ਕੀਮਤ 74 ਕਰੋੜ ਰੁਪਏ ਦੱਸੀ ਜਾ ਰਹੀ ਹੈ। ਇਸ ਤੋਂ ਪਹਿਲਾਂ ਵੀ ਪੰਜਾਬ ਪੁਲਿਸ ਨੇ ਪਾਕਿਸਤਾਨੀ ਸਮਗਲਰਾਂ ਦੀਆਂ ਕੋਸ਼ਿਸ਼ਾਂ ਨੂੰ ਅਸਫਲ ਕੀਤਾ ਹੈ। ਇਸ ਮਾਮਲੇ ਵਿਚ ਬੀ. ਐਸ. ਐਫ. ਦੀ 181 ਬਟਾਲੀਅਨ ਦੇ ਅਧਿਕਾਰੀ ਰਮੇਸ਼ ਚੰਦਰ ਸਹਾਇਕ ਕੰਪਨੀ ਕਮਾਂਡਰ ਦੀ ਸ਼ਿਕਾਇਤ ਉਤੇ ਕਿਸਾਨ ਰਣਵੀਰ ਸਿੰਘ ਪੁੱਤਰ ਮਦਨ ਲਾਲ ਵਾਸੀ ਖਾਨਪੁਰ ਅਤੇ ਕੁਝ ਹੋਰ ਅਣਪਛਾਤੇ ਵਿਅਕਤੀਆਂ ਖਿਲਾਫ ਐਨ.ਡੀ.ਪੀ.ਐਸ. ਐਕਟ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਅਨੁਸਾਰ ਇਸ ਮਾਮਲੇ ਵਿਚ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ।

1990 ਵਿਚ ਖਾੜਕੂਵਾਦ ਦੇ ਸਮੇਂ ਕੇਂਦਰ ਸਰਕਾਰ ਵਲੋਂ ਪੰਜਾਬ ਵਿਚ ਪੈਂਦੀ 530 ਕਿਲੋਮੀਟਰ ਲੰਬੀ ਜੋ ਕਿ ਜ਼ਿਲ੍ਹਿਆਂ ਦੀ ਸਰਹੱਦ 'ਤੇ ਕੰਡਿਆਲੀ ਤਾਰ ਲਗਾਈ ਸੀ, ਜਿਸ ਤੋਂ ਬਾਅਦ ਭਾਵੇਂ ਤਸਕਰੀ ਅਤੇ ਘੁਸਪੈਠ ਦੀਆਂ ਵਾਰਦਾਤਾਂ ਵਿਚ ਕਮੀ ਆਈ ਹੈ ਪਰ ਇਸ ਦੇ ਬਾਵਜੂਦ ਗੁਆਂਢੀ ਦੇਸ਼ ਆਪਣੀਆਂ ਹਰਕਤਾਂ ਨੂੰ ਲਗਾਤਾਰ ਜਾਰੀ ਰੱਖ ਰਿਹਾ ਹੈ। ਬੀ.ਐਸ.ਐਫ. ਵਲੋਂ ਕੰਡਿਆਲੀ ਤਾਰ ਦੇ ਨਾਲ ਹੀ 11 ਫੁੱਟ ਰਸਤਾ ਗਸ਼ਤ ਕਰਨ ਲਈ ਬਣਾਇਆ ਹੋਇਆ ਹੈ। ਕੰਡਿਆਲੀ ਤਾਰ ਪਾਰ 220 ਪਿੰਡਾਂ ਦੀ 21300 ਜ਼ਮੀਨ ਉਪਰ ਕਿਸਾਨਾਂ ਨੂੰ ਸਿਰਫ ਕਣਕ ਅਤੇ ਝੋਨਾ ਬੀਜਣ ਦੀ ਮਨਜ਼ੂਰੀ ਮਿਲੀ ਹੈ। ਆਪਣੀ ਫਸਲ ਦੀ ਦੇਖ ਭਾਲ ਲਈ ਬੀ.ਐਸ.ਐਫ. ਕਿਸਾਨਾਂ ਲਈ ਸਮਾਂ ਨਿਰਧਾਰਿਤ ਕੀਤਾ ਹੋਇਆ ਹੈ।

# ਅਨਲੌਕ 4: ਪੰਜਾਬ ਵਿਚ ਹਫਤਾਵਾਰੀ ਲੌਕਡਾਊਨ 30 ਤੱਕ ਵਧਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅਨਲੌਕ-4 ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਹਨ। ਸਰਕਾਰ ਨੇ ਰਾਜ ਦੇ ਸ਼ਹਿਰੀ ਖੇਤਰਾਂ 'ਚ ਹਫਤਾਵਾਰੀ ਲੌਕਡਾਊਨ ਅਤੇ ਰਾਤਰੀ ਕਰਫਿਊ ਨੂੰ 30 ਸਤੰਬਰ ਤੱਕ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਪੰਜਾਬ ਦੇ 167 ਮਿਊਂਸਪਲ ਕਸਬਿਆਂ ਵਿਚ ਹਫਤਾਵਾਰੀ ਲੌਕਡਾਊਨ ਅਤੇ ਸ਼ਹਿਰਾਂ ਵਿਚ ਰਾਤ 7 ਵਜੇ ਤੋਂ ਲੈ ਕੇ ਸਵੇਰੇ 5 ਵਜੇ ਤੱਕ ਕਰਫਿਊ ਸਤੰਬਰ ਦੇ ਅਖੀਰ ਤੱਕ ਲਾਗੂ ਰਹੇਗਾ।

ਰਾਜ ਭਰ ਵਿਚ ਧਾਰਾ 144 ਲਾਗੂ ਰੱਖਣ ਦਾ ਫੈਸਲਾ ਕੀਤਾ ਗਿਆ ਹੈ ਜਦੋਂਕਿ ਵਿਆਹ ਅਤੇ ਅੰਤਿਮ ਸੰਸਕਾਰ ਸਬੰਧੀ ਇਕੱਠਾਂ ਵਿਚ ਕ੍ਰਮਵਾਰ 30 ਅਤੇ 20 ਵਿਅਕਤੀ ਹੀ ਜਾ ਸਕਣਗੇ। ਮਿਊਂਸਪਲ ਖੇਤਰਾਂ ਵਿਚ ਸ਼ਨਿਚਰਵਾਰ ਅਤੇ ਐਤਵਾਰ ਨੂੰ ਮੁਕੰਮਲ ਕਰਫਿਊ ਰਹੇਗਾ ਜਦਕਿ ਵਿਅਕਤੀਆਂ ਦੀ ਪੰਜਾਬ ਦੇ ਸਾਰੇ ਸ਼ਹਿਰਾਂ ਦੀਆਂ ਮਿਊਂਸਪਲ ਹੱਦਾਂ ਵਿਚ ਪੂਰੇ ਹਫਤੇ ਦੌਰਾਨ ਸ਼ਾਮ 7 ਵਜੇ ਤੋਂ ਸਵੇਰੇ 5 ਵਜੇ ਤੱਕ ਸਾਰੇ ਗੈਰਜ਼ਰੂਰੀ




ਕੰਮਾਂ ਲਈ ਆਵਾਜਾਈ ਦੀ ਪਾਬੰਦੀ ਕਾਇਮ ਰਹੇਗੀ। ਇਨ੍ਹਾਂ ਪਾਬੰਦੀਆਂ ਤੋਂ ਲੋਕ ਸੇਵਾ ਕਮਿਸ਼ਨਾਂ, ਬੋਰਡਾਂ, ਯੂਨੀਵਰਸਿਟੀਆਂ ਦੁਆਰਾ ਲਈਆਂ ਜਾਣ ਵਾਲੀਆਂ ਪ੍ਰਵੇਸ਼ ਅਤੇ ਹੋਰ ਸਭ ਕਿਸਮ ਦੀਆਂ ਪ੍ਰੀਖਿਆਵਾਂ ਸਬੰਧੀ ਵਿਦਿਆਰਥੀਆਂ ਅਤੇ ਹੋਰਨਾਂ ਨੂੰ ਬਾਹਰ ਰੱਖਿਆ ਗਿਆ ਹੈ।

ਧਾਰਮਿਕ ਸਥਾਨਾਂ ਨੂੰ ਸਾਰੇ ਦਿਨ ਸ਼ਾਮ 6.30 ਵਜੇ ਤੱਕ ਖੁੱਲ੍ਹੇ ਰੱਖਣ ਦੀ ਇਜਾਜ਼ਤ ਹੋਵੇਗੀ। ਰੈਸਟੋਰੈਂਟ (ਮਾਲਜ਼ ਵਾਲਿਆਂ ਸਮੇਤ) ਅਤੇ ਸ਼ਰਾਬ ਦੇ ਠੇਕੇ ਖੁੱਲ੍ਹਣਗੇ। ਦਿਨ/ਰਾਤ ਦੀਆਂ ਬੰਦਿਸ਼ਾਂ ਹੋਟਲਾਂ 'ਤੇ ਲਾਗੂ ਨਹੀਂ ਹੋਣਗੀਆਂ। ਬੰਦਿਸ਼ਾਂ ਦੀਆਂ ਹਾਲਤਾਂ ਦੌਰਾਨ ਵੀ ਕੌਮੀ ਤੇ ਸੂਬਾਈ ਮਾਰਗਾਂ ਉਤੇ ਅੰਤਰ-ਰਾਜ ਤੇ ਰਾਜ ਦੇ ਅੰਦਰ ਲੋਕਾਂ ਦੇ ਆਉਣ ਜਾਣ, ਜ਼ਰੂਰੀ ਵਸਤਾਂ ਤੇ ਸੇਵਾਵਾਂ ਨਾਲ ਸਬੰਧਤ ਗਤੀਵਿਧੀਆਂ, ਬੱਸ, ਰੇਲ ਗੱਡੀਆਂ ਤੇ ਹਵਾਈ ਜਹਾਜ਼ਾਂ ਰਾਹੀਂ ਆਪਣੀ ਮੰਜ਼ਿਲ ਉਤੇ ਜਾਣ ਵਾਲੇ ਲੋਕਾਂ ਅਤੇ ਮਾਲ ਉਤਾਰਨ ਤੇ ਲਿਜਾਣ ਲਈ ਆਗਿਆ ਹੋਵੇਗੀ। ਜ਼ਰੂਰੀ ਵਸਤਾਂ ਨਾਲ ਸਬੰਧ ਰੱਖਣ ਵਾਲਿਆਂ ਨੂੰ ਛੱਡ ਕੇ ਦੁਕਾਨਾਂ/ਮਾਲਜ਼ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸ਼ਾਮ 6.30 ਵਜੇ ਤੱਕ ਖੋਲ੍ਹਣ ਦੀ ਇਜਾਜ਼ਤ ਹੋਵੇਗੀ ਪਰ ਸ਼ਨਿਚਰਵਾਰ ਤੇ ਐਤਵਾਰ ਨੂੰ ਸਾਰੇ ਸ਼ਹਿਰਾਂ ਵਿਚ ਇਹ ਬੰਦ ਰਹਿਣਗੇ।

ਜ਼ਰੂਰੀ ਵਸਤਾਂ ਨਾਲ ਸਬੰਧਤ ਦੁਕਾਨਾਂ ਹਫਤੇ ਦੇ ਅੰਤਲੇ ਦਿਨਾਂ (ਸ਼ਨਿਚਰਵਾਰ ਤੇ ਐਤਵਾਰ) ਨੂੰ ਵੀ ਸ਼ਾਮ 6.30 ਵਜੇ ਤੱਕ ਜ਼ਰੂਰ ਖੁੱਲ੍ਹ ਸਕਦੀਆਂ ਹਨ। ਵਾਹਨਾਂ ਵਿਚ ਸਵਾਰੀਆਂ ਦੀ ਸਮਰੱਥਾ ਉਤੇ ਲਗਾਈਆਂ ਬੰਦਿਸ਼ਾਂ ਲਾਗੂ ਰਹਿਣਗੀਆਂ।

ਸਰਕਾਰੀ ਤੇ ਪ੍ਰਾਈਵੇਟ ਦਫਤਰ ਇਸ ਮਹੀਨੇ ਦੇ ਅੰਤ ਤੱਕ 50 ਫੀਸਦੀ ਸਟਾਫ ਸਮਰੱਥਾ ਨਾਲ ਕੰਮ ਕਰਨਗੇ। ਜ਼ਿਆਦਾ ਪ੍ਰਭਾਵਿਤ ਪੰਜ ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਪਟਿਆਲਾ, ਮੁਹਾਲੀ ਤੇ ਲੁਧਿਆਣਾ ਵਿਚ ਦੁਕਾਨਾਂ ਖੋਲ੍ਹਣ ਸਬੰਧੀ ਢਿੱਲ ਦੇ ਹੁਕਮ ਦਿੱਤੇ ਹੋਏ ਹਨ। ਇਨ੍ਹਾਂ ਸ਼ਹਿਰਾਂ ਵਿਚ ਨਿਰਧਾਰਿਤ ਦਿਨ ਗੈਰ-ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਨੂੰ 50 ਫੀਸਦੀ ਖੋਲ੍ਹਣ ਦੀ ਸ਼ਰਤ ਹੁਣ ਹਟਾ ਦਿੱਤੀ ਗਈ ਹੈ।

## ਇਕਾਂਤਵਾਸ ਬਾਰੇ ਨਿਯਮ ਬਦਲੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਦੇਸ਼ਾਂ ਤੋਂ ਪਰਤਣ ਵਾਲੇ ਯਾਤਰੀਆਂ ਨੂੰ ਆਪਣੇ ਖਰਚੇ ਉਤੇ ਘਰੇਲੂ ਇਕਾਂਤਵਾਸ ਦੀ ਸਹੂਲਤ ਦੇ ਦਿੱਤੀ ਹੈ। ਜਾਰੀ ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੁਣ ਕੌਮਾਂਤਰੀ ਯਾਤਰੀਆਂ ਨੂੰ ਨਿਰਧਾਰਿਤ ਯਾਤਰਾ ਤੋਂ ਘੱਟੋ-ਘੱਟ 72 ਘੰਟੇ ਪਹਿਲਾਂ ਆਨਲਾਈਨ ਪੋਰਟਲ ਉਤੇ ਸਵੈ- ਘੋਸ਼ਣਾ ਪੱਤਰ ਜਮ੍ਹਾਂ ਕਰਨਾ ਹੋਵੇਗਾ ਕਿ ਉਹ 14 ਦਿਨਾਂ ਦੇ ਲਾਜ਼ਮੀ ਇਕਾਂਤਵਾਸ- ਸੱਤ ਦਿਨਾਂ ਦਾ ਸੰਸਥਾਗਤ ਇਕਾਂਤਵਾਸ ਤੇ ਮਗਰੋਂ ਸਿਹਤ ਦੀ ਸਵੈ-ਨਿਗਰਾਨੀ ਦੀ ਸ਼ਰਤ 'ਤੇ 7 ਦਿਨਾਂ ਦੇ ਘਰੇਲੂ ਇਕਾਂਤਵਾਸ ਦੀ ਪਾਲਣਾ ਕਰਨਗੇ। ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਹੁਣ ਯਾਤਰੀ ਘਰੇਲੂ ਇਕਾਂਤਵਾਸ ਲਈ ਸਿੱਧੇ ਆਨਲਾਈਨ ਵੀ ਅਪਲਾਈ ਕਰ ਸਕਦੇ ਹਨ ਜਿਸ ਤਹਿਤ ਸਿਰਫ ਮਾਨਸਿਕ ਪਰੇਸ਼ਾਨੀ ਦੇ ਠੋਸ ਕਾਰਨਾਂ/ਕੇਸਾਂ ਜਿਵੇਂ ਕਿ ਗਰਭ ਅਵਸਥਾ, ਪਰਿਵਾਰ ਵਿਚ ਮੌਤ ਹੋਣ, ਗੰਭੀਰ ਬਿਮਾਰੀ ਅਤੇ 10 ਸਾਲ ਜਾਂ ਇਸ ਤੋਂ ਘੱਟ ਉਮਰ ਵਾਲੇ ਬੱਚਿਆਂ ਦੇ ਮਾਪਿਆਂ ਲਈ 14 ਦਿਨਾਂ ਦੇ ਘਰੇਲੂ ਇਕਾਂਤਵਾਸ ਦੀ ਆਗਿਆ ਹੋਵੇਗੀ।

# 'ਇੰਡੀਆਨਾ ਸਿੱਖ ਆਊਟਰੀਚ ਮਿਸ਼ਨ, ਫੋਰਟ ਵੇਨ' ਦਾ ਗਠਨ

**ਫੋਰਟ ਵੇਨ, ਇੰਡੀਆਨਾ (ਐਸ. ਅਸ਼ੋਕ ਭੌਰਾ):** ਫੋਰਟ ਵੇਨ ਵਿਚ ਸਿੱਖ ਸੰਗਤ ਦੇ ਮੈਂਬਰਾਂ ਵਲੋਂ ਕਰੋਨਾ ਦੇ ਭਿਆਨਕ ਦੌਰ ਦੇ ਚੱਲਦਿਆਂ ਮਨੁੱਖਤਾ ਦੀ ਭਲਾਈ ਦਾ ਕੰਮ ਕਰਦਿਆਂ ਇਸ ਨੂੰ ਇੱਕ ਸੰਸਥਾ 'ਇੰਡੀਆਨਾ ਸਿੱਖ ਆਊਟਰੀਚ ਮਿਸ਼ਨ, ਫੋਰਟ ਵੇਨ' ਦਾ ਗਠਨ ਕੀਤਾ ਹੈ।

ਮਿਸ਼ਨ ਦੇ ਕੋ-ਆਰਡੀਨੇਟਰ ਜੱਸੀ ਜਸਵੀਰ ਸਿੰਘ ਨੇ ਦੱਸਿਆ ਕਿ ਕਰੋਨਾ ਦੌਰਾਨ ਬਣੇ ਮਾਲੀ ਬਦਹਾਲੀ ਵਾਲੇ ਹਾਲਾਤ ਨੂੰ ਦੇਖਦਿਆਂ ਉਨ੍ਹਾਂ ਤੇ ਉਨ੍ਹਾਂ ਦੇ ਸਾਥੀ ਕੋ-ਆਰਡੀਨੇਟਰਾਂ- ਮਨਮੋਹਨ ਸਿੰਘ ਤੇ ਹਰਜਿੰਦਰ ਸਿੰਘ ਅਤੇ ਕੁਝ ਹੋਰ ਪਤਵੰਤੇ ਸੱਜਣਾਂ ਵੱਲੋਂ ਗੁਰੂ ਨਾਨਕ ਸਾਹਿਬ ਦੇ ਆਸ਼ੇ ਅਨੁਸਾਰ ਆਪਣੇ ਆਲੇ-ਦੁਆਲੇ ਦੇ ਭਾਈਚਾਰਿਆਂ ਦੀ ਮਦਦ ਲਈ ਪਿਛਲੇ ਚਾਰ ਮਹੀਨਿਆਂ ਤੋਂ ਸੇਵਾ ਚੱਲ ਰਹੀ ਸੀ। ਹੁਣ ਮੀਟਿੰਗ ਵਿਚ ਇਸ ਨੂੰ ਇੱਕ ਜਥੇਬੰਦਕ ਸੰਸਥਾ ਦੇ ਰੂਪ 'ਚ ਗਠਨ ਕਰਨ ਦਾ ਫੈਸਲਾ ਕੀਤਾ ਹੈ ਗਿਆ ਹੈ।

ਇਸ ਮੀਟਿੰਗ ਵਿਚ ਸ਼ਹਿਰ ਦੇ ਉਘੇ ਪਤਵੰਤੇ ਬਿਜਨਸਮੈਨ ਤੇ ਗੁਰਦੁਆਰਾ ਸਾਹਿਬ ਦੇ ਮੁੱਢਲੇ ਸੰਸਥਾਪਕਾਂ-ਰੇਸ਼ਮ ਸਿੰਘ, ਕਰਨੈਲ ਸਿੰਘ, ਬਲਵੀਰ ਸਿੰਘ ਭੌਰਾ, ਮਹਿੰਦਰ ਸਿੰਘ ਚੇਰਾ, ਅਮਰੀਕ ਸਿੰਘ ਭੌਰਾ, ਜੋਗਾ ਸਿੰਘ, ਓਂਕਾਰ ਸਿੰਘ ਮਾਨ, ਪਰਮਿੰਦਰ ਸਿੰਘ ਖਾਲਸਾ, ਬਲਜੀਤ ਸਿੰਘ ਸੈਣੀ, ਸਰਦੂਲ ਸਿੰਘ ਕਾਹਮਾ ਤੇ ਪੰਮੀ ਸਿੰਘ ਬੋਲਾ ਨੇ ਹਿੱਸਾ ਲਿਆ।



ਜੱਸੀ ਜਸਵੀਰ ਸਿੰਘ ਨੇ ਦੱਸਿਆ ਕਿ ਅਸੀਂ ਇਹ ਸੰਸਥਾ ਖਾਲਸਾ ਏਡ ਦੇ ਸੰਚਾਲਕ ਸ. ਰਵੀ ਸਿੰਘ, ਮਨੁੱਖਤਾ ਦੇ ਸੇਵਾ ਵਾਲੇ ਵੀਰ ਗੁਰਪ੍ਰੀਤ ਸਿੰਘ ਮਿੰਟੂ ਤੇ ਹੋਰ ਸੰਸਥਾਵਾਂ, ਜੋ ਸਮਾਜ ਤੇ ਸਿੱਖੀ ਦੀ ਬਿਹਤਰੀ ਲਈ ਕੰਮ ਕਰ ਰਹੀਆਂ ਹਨ, ਤੋਂ ਸੇਧ ਲੈ ਕੇ ਬਣਾਈ ਹੈ। ਸੰਸਥਾ ਦੇ ਮੰਤਵ ਬਾਰੇ ਸਪੱਸ਼ਟ ਕਰਦਿਆਂ ਦੱਸਿਆ ਗਿਆ ਕਿ ਗਰੀਬਾਂ, ਬੇ-ਸਹਾਰਿਆਂ, ਬੇ-ਘਰਾਂ ਤੇ ਲੋੜਵੰਦ ਸਾਰੇ ਭਾਈਚਾਰਿਆਂ ਦੇ ਭੈਣਾਂ ਤੇ ਭਰਾਵਾਂ ਦੀ ਮਦਦ ਕੀਤੀ ਜਾਵੇਗੀ। ਸਿੱਖ ਭਾਈਚਾਰੇ ਦਾ ਦਸਵੰਧ ਨਾ ਸਿਰਫ ਗੁਰਦੁਆਰੇ ਦੇ ਲੰਗਰ 'ਤੇ ਖਰਚਣ ਦੀ ਥਾਂ ਹੋਰ ਸਮਾਜਕ ਮਨੋਰਥਾਂ ਵੱਲ ਮੋੜਿਆ ਜਾਵੇਗਾ। ਗੁਰਦੁਆਰੇ ਨੂੰ ਇੱਕ ਇਮਾਰਤ (ਜਿੱਥੇ ਕਬਜਾਧਾਰੀ ਮਾਨਸਿਕਤਾ ਵਾਲੇ ਕਬਜੇ ਕਰੀ ਬੈਠੇ ਹਨ) ਤੋਂ ਬਾਹਰ ਹੋਰ ਗੈਰ-ਸਿੱਖ ਭਾਈਚਾਰਿਆਂ ਤੱਕ ਲੈ ਕੇ ਜਾਇਆ ਜਾਵੇਗਾ ਅਤੇ ਸਭ ਤੋਂ ਅਹਿਮ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸੰਦੇਸ਼, ਸਿੱਖੀ ਦੀ ਪਛਾਣ, ਸਿੱਖ ਵਿਚਾਰਧਾਰਾ ਨੂੰ ਹੋਰਨਾਂ ਭਾਈਚਾਰਿਆਂ ਤੱਕ ਪਹੁੰਚਾਇਆ ਜਾਵੇਗਾ। ਅਸੀਂ ਆਸ ਕਰਦੇ ਹਾਂ ਕਿ ਗੁਰੂ ਸਾਹਿਬ ਇਸ ਕਾਰਜ 'ਚ ਅੰਗ-ਸੰਗ ਹੋ ਕੇ ਸਹਾਈ ਹੋਣਗੇ।

# ਕੇਂਦਰ ਸਰਕਾਰ ਵਲੋਂ ਅਯੋਗ ਤੇ ਭ੍ਰਿਸ਼ਟ ਮੁਲਾਜ਼ਮਾਂ ਦੀ ਛਾਂਟੀ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਅਯੋਗ ਜਾਂ ਭ੍ਰਿਸ਼ਟਾਚਾਰ 'ਚ ਗਲਤਾਨ ਸਟਾਫ ਦੀ ਪਛਾਣ ਕਰਨ ਲਈ ਆਪਣੇ ਸਾਰੇ ਵਿਭਾਗਾਂ ਨੂੰ 30 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਆਪਣੇ ਸਾਰੇ ਮੁਲਾਜ਼ਮਾਂ ਦੇ ਸੇਵਾ ਰਿਕਾਰਡ 'ਤੇ ਨਜ਼ਰਸਾਨੀ ਕਰਨ ਲਈ ਕਿਹਾ ਹੈ। ਅਮਲਾ ਮੰਤਰਾਲੇ ਨੇ ਹੁਕਮਾਂ 'ਚ ਸਾਫ ਕਰ ਦਿੱਤਾ ਕਿ ਜੇਕਰ ਕੋਈ ਸਰਕਾਰੀ ਮੁਲਾਜ਼ਮ ਅਯੋਗ ਜਾਂ ਫਿਰ ਭ੍ਰਿਸ਼ਟਾਚਾਰ 'ਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਨੂੰ ਲੋਕ ਹਿੱਤ ਵਿਚ ਸਮੇਂ ਤੋਂ ਪਹਿਲਾਂ ਸੇਵਾ ਮੁਕਤ ਕਰ ਦਿੱਤਾ ਜਾਵੇ। ਮੁਲਾਜ਼ਮਾਂ ਦੀ ਕਾਰਗੁਜ਼ਾਰੀ ਉਤੇ ਨਜ਼ਰਸਾਨੀ ਫੰਡਾਮੈਂਟਲ ਰੂਲ (ਐਫ.ਆਰ.) 56(ਜੇ) ਤੇ 56 (ਆਈ) ਅਤੇ ਕੇਂਦਰੀ ਸਿਵਲ ਸੇਵਾਵਾਂ (ਪੈਨਸ਼ਨ) ਰੂਲਜ਼ 1972 ਦੇ ਨੇਮ 48(1)(ਬੀ) ਤਹਿਤ ਕੀਤੀ ਜਾਵੇਗੀ।

ਇਨ੍ਹਾਂ ਨੇਮਾਂ ਤਹਿਤ ਸਬੰਧਤ ਅਥਾਰਿਟੀ ਨੂੰ 'ਜੇਕਰ ਲੋਕ ਹਿੱਤ ਵਿਚ ਜ਼ਰੂਰੀ ਹੋਵੇ' ਤਾਂ ਕਿਸੇ ਸਰਕਾਰੀ ਮੁਲਾਜ਼ਮ ਨੂੰ ਸੇਵਾ ਮੁਕਤ ਕਰਨ ਦਾ 'ਪੂਰਾ ਅਧਿਕਾਰ' ਹੈ। ਹੁਕਮਾਂ ਵਿਚ ਇਹ ਵੀ ਸਾਫ ਕਰ ਦਿੱਤਾ ਗਿਆ ਹੈ ਕਿ ਸਰਕਾਰੀ ਮੁਲਾਜ਼ਮਾਂ ਦੀ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ, ਇਨ੍ਹਾਂ ਨੇਮਾਂ ਤਹਿਤ ਸਜ਼ਾ ਨਹੀਂ ਹੈ। ਇਹ (ਲਾਜ਼ਮੀ ਸੇਵਾ ਮੁਕਤੀ), ਜਿਸ ਦੀ ਕੇਂਦਰੀ ਸਿਵਲ ਸਰਵਿਸਿਜ਼ (ਵਰਗੀਕਰਨ, ਕੰਟਰੋਲ ਤੇ ਅਪੀਲ) ਰੂਲ 1965 ਤਹਿਤ ਇਕ ਸਜ਼ਾ ਵਜੋਂ ਵਿਵਸਥਾ ਹੈ, ਤੋਂ ਹਟ ਕੇ ਹੈ।

# ਕੇਂਦਰ ਵਲੋਂ ਸਿਆਸੀ ਇਕੱਠਾਂ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਅਨਲੌਕ 4 ਦੇ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਮੈਟਰੋ ਸੇਵਾਵਾਂ 7 ਸਤੰਬਰ ਤੋਂ ਪੜਾਅਵਾਰ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸੇ ਤਰ੍ਹਾਂ 21 ਸਤੰਬਰ ਤੋਂ ਸਿਆਸੀ, ਸਮਾਜਿਕ ਅਤੇ ਧਾਰਮਿਕ ਪ੍ਰੋਗਰਾਮਾਂ 'ਚ 100 ਵਿਅਕਤੀ ਜੁੜ ਸਕਣਗੇ।

ਅਜਿਹੇ ਸਮਾਗਮਾਂ ਦੌਰਾਨ ਮਾਸਕ, ਸਮਾਜਿਕ ਦੂਰੀ, ਥਰਮਲ ਸਕਰੀਨਿੰਗ ਅਤੇ ਸੈਨੇਟਾਈਜ਼ਰ ਆਦਿ ਜਿਹੇ ਨੇਮਾਂ ਦਾ ਲਾਜ਼ਮੀ ਤੌਰ ਉਤੇ ਪਾਲਣ ਕਰਨਾ ਪਵੇਗਾ। ਉਂਜ ਸਕੂਲ, ਕਾਲਜ, ਵਿਦਿਅਕ ਅਤੇ ਕੋਚਿੰਗ ਅਦਾਰੇ ਵਿਦਿਆਰਥੀਆਂ ਲਈ 30 ਸਤੰਬਰ ਤੱਕ ਬੰਦ ਰਹਿਣਗੇ ਪਰ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕੁਝ ਰਾਹਤਾਂ ਦਿੱਤੀਆਂ ਗਈਆਂ ਹਨ। ਇਕ ਹੋਰ ਅਹਿਮ ਨਿਰਦੇਸ਼ ਤਹਿਤ ਗ੍ਰਹਿ ਮੰਤਰਾਲੇ ਨੇ ਸੂਬਾ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਕੰਟੇਨਮੈਂਟ ਜ਼ੋਨ ਤੋਂ ਬਾਹਰ ਸਥਾਨਕ ਪੱਧਰ ਉਤੇ ਕਿਸੇ ਤਰ੍ਹਾਂ ਦਾ ਲੌਕਡਾਊਨ ਕੇਂਦਰ ਸਰਕਾਰ ਨਾਲ ਵਿਚਾਰ ਵਟਾਂਦਰਾ ਕੀਤੇ ਬਿਨਾਂ ਲਾਗੂ ਨਾ ਕਰੇ। ਮੰਤਰਾਲੇ ਨੇ ਕਿਹਾ ਕਿ ਸੂਬੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਆਨਲਾਈਨ ਪੜ੍ਹਾਈ ਜਾਂ ਟੈਲੀ ਕਾਊਂਸਲਿੰਗ ਅਤੇ ਸਬੰਧਤ ਕੰਮਾਂ ਲਈ ਇਕੋ ਸਮੇਂ 'ਚ 50 ਫੀਸਦੀ ਅਮਲਾ ਸੱਦਣ ਦੀ ਇਜਾਜ਼ਤ ਦੇ ਸਕਦੇ ਹਨ। ਨੌਵੀਂ ਤੋਂ 12ਵੀਂ ਤੱਕ ਦੀਆਂ ਜਮਾਤਾਂ ਦੇ ਵਿਦਿਆਰਥੀ ਕੰਟੇਨਮੈਂਟ ਜ਼ੋਨਾਂ ਤੋਂ ਬਾਹਰ ਵਾਲੇ ਇਲਾਕਿਆਂ 'ਚ ਸਥਿਤ ਆਪਣੇ ਸਕੂਲਾਂ ਵਿਚ ਜਾ ਸਕਦੇ ਹਨ ਜਿਥੇ ਉਹ ਵਾਲੰਟੀਅਰ ਆਧਾਰ 'ਤੇ ਆਪਣੇ ਅਧਿਆਪਕਾਂ ਤੋਂ ਮਾਰਗ ਦਰਸ਼ਨ ਹਾਸਲ ਕਰ ਸਕਦੇ ਹਨ। ਦਿਸ਼ਾ ਨਿਰਦੇਸ਼ਾਂ ਮੁਤਾਬਕ ਮਾਪਿਆਂ ਦੀ ਲਿਖਤੀ ਸਹਿਮਤੀ ਉਤੇ ਹੀ ਵਿਦਿਆਰਥੀ ਸਕੂਲ ਜਾ ਸਕਣਗੇ।

# 'ਕਰੋਨਾ ਦੇ ਲੱਛਣ ਮੁੜ ਦਿਖਾਈ ਦੇਣ 'ਤੇ ਘਬਰਾਉਣ ਦੀ ਲੋੜ ਨਹੀਂ'

**ਨਵੀਂ ਦਿੱਲੀ:** ਕਰੋਨਾ ਵਾਇਰਸ ਲਾਗ ਦੇ ਮੁੜ ਉਭਰਨ ਬਾਰੇ ਹਾਂਗਕਾਂਗ, ਬੈਲਜੀਅਮ ਅਤੇ ਨੀਦਰਲੈਂਡਜ਼ 'ਚ ਕੇਸ ਆਉਣ ਮਗਰੋਂ ਵਿਗਿਆਨੀਆਂ ਨੇ ਕਿਹਾ ਹੈ ਕਿ ਅਜੇ ਇਸ ਬਾਰੇ ਘਬਰਾਉਣ ਦੀ ਲੋੜ ਨਹੀਂ ਹੈ। ਭਾਰਤ ਅਤੇ ਹੋਰ ਮੁਲਕਾਂ ਦੇ ਵਿਗਿਆਨੀਆਂ ਨੇ ਕਿਹਾ ਹੈ ਕਿ ਭਰੋਸੇਯੋਗ ਅਨੁਮਾਨਾਂ ਲਈ ਅਜੇ ਹੋਰ ਵਧੇਰੇ ਅਧਿਐਨ ਦੀ ਲੋੜ ਹੈ।

ਬੈਲਜੀਅਮ ਦੇ ਲਾਗ ਬਾਰੇ ਉਘੇ ਡਾਕਟਰ ਮਾਰਕ ਵੈਨ ਰੈਂਸਟ ਨੇ ਕਿਹਾ ਕਿ ਵਿਅਕਤੀਗਤ ਕੇਸਾਂ ਤੋਂ ਲਾਗ ਦੇ ਮੁੜ ਫੈਲਣ ਬਾਰੇ ਸਿੱਟੇ ਨਹੀਂ ਕੱਢੇ ਜਾ ਸਕਦੇ ਹਨ। ਲਾਗ ਦੇ ਮੁੜ ਉਭਰਨ ਕਾਰਨ ਵੈਕਸੀਨ ਤਿਆਰ ਕਰਨ ਦੇ ਪ੍ਰੋਗਰਾਮ ਉਤੇ ਵੀ ਅਸਰ ਪੈ ਸਕਦਾ ਹੈ ਪਰ ਵਿਗਿਆਨੀਆਂ ਨੇ ਇਸ ਖਦਸ਼ੇ ਨੂੰ ਦੂਰ ਕਰ ਦਿੱਤਾ ਹੈ। ਹਾਂਗਕਾਂਗ ਯੂਨੀਵਰਸਿਟੀ ਦੇ ਰਸਾਲੇ 'ਚ ਅਧਿਐਨ ਪ੍ਰਕਾਸ਼ਿਤ ਹੋਇਆ ਹੈ ਕਿ ਕਰੋਨਾ ਤੋਂ ਤੰਦਰੁਸਤ ਹੋਣ ਦੇ 142 ਦਿਨਾਂ ਮਗਰੋਂ ਵਿਅਕਤੀ



'ਚ ਸਾਰਸ-ਕੋਵ-2 ਦੀ ਲਾਗ ਮੁੜ ਉਭਰ ਆਈ ਹੈ। ਵਿਗਿਆਨੀਆਂ ਮੁਤਾਬਕ ਬਹੁਤੇ ਲੋਕਾਂ ਦੇ ਲਾਗ ਤੋਂ ਤੰਦਰੁਸਤ ਹੋਣ ਦੇ ਬਾਵਜੂਦ ਕਰੋਨਾ ਦੇ ਲੱਛਣ ਬਰਕਰਾਰ ਰਹਿ ਸਕਦੇ ਹਨ। ਦਿੱਲੀ ਦੇ ਨੈਸ਼ਨਲ ਇੰਸਟੀਚਿਊਟ ਆਫ ਇਮਿਊਨੋਲੌਜੀ ਦੇ ਸਤਿਆਜੀਤ ਰੱਥ ਨੇ ਕਿਹਾ ਕਿ ਇਕ-ਅੱਧੇ ਮਰੀਜ਼ ਦੇ ਕੇਸ ਨਾਲ ਫਿਕਰ ਕਰਨ ਦੀ ਲੋੜ ਨਹੀਂ ਹੈ।

## ਨੌਜਵਾਨਾਂ ਤੋਂ ਬਜ਼ੁਰਗਾਂ 'ਚ ਕਰੋਨਾ ਫੈਲਣ ਦਾ ਖਤਰਾ

**ਜਨੇਵਾ:** ਵਿਸ਼ਵ ਸਿਹਤ ਸੰਗਠਨ ਦੇ ਯੂਰਪ ਮੁਖੀ ਡਾਕਟਰ ਹਾਂਸ ਕਲੂਗੇ ਨੇ ਕਿਹਾ ਹੈ ਕਿ ਨੌਜਵਾਨਾਂ 'ਚ ਕਰੋਨਾ ਵਾਇਰਸ ਦੇ ਵਧਦੇ ਕੇਸਾਂ ਨਾਲ ਬਜ਼ੁਰਗਾਂ 'ਚ ਲਾਗ ਫੈਲਣ ਦਾ ਖਤਰਾ ਹੈ ਜਿਸ ਕਾਰਨ ਵਧੇਰੇ ਮੌਤਾਂ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਯੂਰਪ 'ਚ ਮੌਸਮ ਠੰਢਾ ਮਗਰੋਂ ਕੇਸਾਂ 'ਚ ਵਾਧਾ ਹੋ ਸਕਦਾ ਹੈ। ਉਨ੍ਹਾਂ ਮੁਤਾਬਕ ਪੀੜਤ ਨੌਜਵਾਨਾਂ ਦੇ ਬਜ਼ੁਰਗਾਂ ਦੇ ਸੰਪਰਕ 'ਚ ਆਉਣ ਨਾਲ ਉਹ (ਬਜ਼ੁਰਗ) ਕਰੋਨਾ ਦੇ ਸ਼ਿਕਾਰ ਬਣ ਸਕਦੇ ਹਨ।

## ਭਾਰਤੀ ਮੂਲ ਦੇ ਡਾਕਟਰ ਨੇ ਬਣਾਈ ਇਮਿਊਨਿਟੀ ਯੋਜਨਾ

ਲੰਡਨ: ਬ੍ਰਿਟੇਨ 'ਚ ਭਾਰਤੀ ਮੂਲ ਦੇ ਡਾਕਟਰ ਅਸੀਮ ਮਲਹੋਤਰਾ ਦੀ ਨਵੀਂ ਕਿਤਾਬ ਰਿਲੀਜ਼ ਕੀਤੀ ਗਈ ਜਿਸ 'ਚ ਸਿਹਤ ਮਾਪਦੰਡਾਂ 'ਚ ਸੁਧਾਰਾਂ ਬਾਰੇ ਆਸਾਨ ਤਰੀਕੇ ਦੱਸੇ ਗਏ ਹਨ। ਸ੍ਰੀ ਮਲਹੋਤਰਾ ਦੀ ਕਿਤਾਬ 'ਦਿ 21 ਡੇਅ ਇਮਿਊਨਿਟੀ ਪਲਾਨ' ਵਿਚ ਅਜ਼ਮਾਏ ਅਤੇ ਪਰਖੇ ਗਏ ਤਰੀਕਿਆਂ ਨੂੰ ਸ਼ਾਮਲ ਕੀਤਾ ਗਿਆ ਹੈ ਕਿ ਕਿਵੇਂ ਸਿਰਫ 21 ਦਿਨਾਂ 'ਚ ਲੋਕ ਜੋਖਮ ਦੇ ਖਦਸ਼ੇ ਨੂੰ ਰੋਕ ਸਕਦੇ ਹਨ। ਇਸ ਤੋਂ ਇਲਾਵਾ ਕਿਤਾਬ 'ਚ ਕਰੋਨਾ ਵਾਇਰਸ ਸਮੇਤ ਵੱਖ-ਵੱਖ ਲਾਗਾਂ ਨੂੰ ਫੈਲਾਉਣ ਵਾਲੇ ਤੱਤਾਂ ਉਤੇ ਕਾਬੂ ਪਾਉਣ ਦੇ ਤਰੀਕਿਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

# ਖੇਤੀ ਆਰਡੀਨੈਂਸ: ਸੁਖਬੀਰ ਵਲੋਂ ਬਚਾਅ ਲਈ ਕੇਂਦਰੀ ਚਿੱਠੀ ਦੀ ਓਟ

**ਪਟਿਆਲਾ:** ਕਿਸਾਨ ਜਥੇਬੰਦੀਆਂ ਵਲੋਂ ਖੇਤੀ ਆਰਡੀਨੈਂਸਾਂ ਖਿਲਾਫ ਰੋਸ ਵਜੋਂ ਭਾਜਪਾ ਤੇ ਅਕਾਲੀ ਆਗੂਆਂ ਨੂੰ ਪਿੰਡਾਂ 'ਚ ਵੜਨ ਤੋਂ ਰੋਕਣ ਲਈ ਸ਼ੁਰੂ ਕੀਤੇ ਨਾਕਾਬੰਦੀ ਧਰਨਿਆਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਬਚਾਅ ਲਈ ਪੂਰੀ ਵਾਹ ਲਾ ਰਿਹਾ ਹੈ।

ਕੇਂਦਰ ਦੇ 3 ਖੇਤੀ ਅਰਡੀਨੈਂਸਾਂ ਨੂੰ ਲੈ ਕੇ ਜਿਥੇ ਪੰਜਾਬ ਭਰ ਵਿਚ ਕਿਸਾਨ ਜਥੇਬੰਦੀਆਂ ਸੰਘਰਸ਼ ਵਿੱਢ ਰਹੀਆਂ ਹਨ, ਉਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਐਲਾਨ ਕੀਤਾ ਕਿ ਸਰਕਾਰੀ ਏਜੰਸੀਆਂ ਵਲੋਂ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦ ਜਾਰੀ ਰਹੇਗੀ। ਉਨ੍ਹਾਂ ਦਾਅਵਾ ਕੀਤਾ ਹੈ ਕਿ ਇਸ ਸਬੰਧੀ ਕੇਂਦਰ ਤੋਂ ਉਨ੍ਹਾਂ ਨੂੰ ਇਕ ਚਿੱਠੀ ਮਿਲੀ ਹੈ ਜਿਸ 'ਚ ਉਨ੍ਹਾਂ ਇਹ ਸਪਸ਼ਟ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚਿੱਠੀ 'ਚ ਕਿਸਾਨਾਂ ਦੇ ਮਨਾਂ ਵਿਚ ਪੈਦਾ ਹੋ ਗਏ ਹੋਰ ਵੀ ਸ਼ੰਕੇ ਦੂਰ ਕੀਤੇ ਗਏ ਹਨ ਕਿਉਂਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਲੋਂ ਮਿਲ ਕੇ ਜਿਥੇ ਇਸ ਮਾਮਲੇ ਉਤੇ ਕਿਸਾਨਾਂ ਨੂੰ ਗੁਮਰਾਹ ਕੀਤਾ ਗਿਆ ਉਥੇ ਅਕਾਲੀ ਦਲ ਖਿਲਾਫ ਝੂਠਾ ਪ੍ਰਚਾਰ ਵੀ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਚਿੱਠੀ 'ਚ ਕੇਂਦਰ ਸਰਕਾਰ ਨੇ ਅਧਿਕਾਰਤ ਤੌਰ ਉਤੇ ਕਿਸਾਨਾਂ ਨੂੰ ਭਰੋਸਾ ਦੁਆਇਆ ਕਿ ਖੇਤੀਬਾੜੀ ਜਿਣਸਾਂ ਦੇ



ਮੰਡੀਕਰਨ ਲਈ ਤਿੰਨ ਆਰਡੀਨੈਂਸਾਂ ਨਾਲ ਕਿਸਾਨਾਂ ਦੀ ਜਿਣਸ ਦੀ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਮੌਜੂਦਾ ਨੀਤੀ 'ਤੇ ਕੋਈ ਫਰਕ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਖੇਤੀਬਾੜੀ ਜਿਣਸਾਂ ਦੀ ਸਰਕਾਰੀ ਏਜੰਸੀਆਂ ਰਾਹੀਂ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਮੌਜੂਦਾ ਨੀਤੀ 'ਚ ਕੋਈ ਤਬਦੀਲੀ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਸੂਬੇ ਦੇ ਕਿਸਾਨਾਂ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਰਡੀਨੈਂਸ ਵਿਚ ਲਿਖੀ ਕਿਸੇ ਵੀ ਗੱਲ ਉਤੇ ਇਤਰਾਜ਼ ਹੋਵੇ ਤਾਂ ਉਹ ਕੇਂਦਰ ਜਾ ਕੇ ਉਕਤ ਲਾਈਨ ਨੂੰ ਕਟਵਾਉਣ ਲਈ ਵੀ ਤਿਆਰ ਹਨ। ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਵਲੋਂ ਪ੍ਰਾਪਤ ਹੋਏ ਪੱਤਰ ਮਗਰੋਂ ਕਿਸਾਨਾਂ ਨੂੰ ਇਹ ਭਰੋਸਾ ਦਵਾਇਆ। ਉਨ੍ਹਾਂ ਕਿਹਾ ਕਿ ਇਸ ਚਿੱਠੀ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜਦੋਂ ਤੱਕ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੈ, ਐਮ.ਐਸ.ਪੀ ਕਦੇ ਬੰਦ ਨਹੀਂ ਹੋਵੇਗੀ, ਐਫ.ਸੀ.ਆਈ ਸਮੇਤ ਹੋਰ ਸਰਕਾਰੀ ਏਜੰਸੀਆਂ ਜ਼ਰੀਏ ਫਸਲਾਂ ਖਰੀਦੀਆਂ ਜਾਣਗੀਆਂ ਅਤੇ ਜਦੋਂ ਇਹ ਆਰਡੀਨੈਂਸ ਸੰਸਦ ਵਿਚ ਲਿਆਂਦਾ ਜਾਵੇਗਾ ਤਾਂ ਕਿਸਾਨਾਂ ਦੇ ਸ਼ੰਕੇ ਦੂਰ ਕਰਨ ਲਈ ਹੋਰ ਸਪਸ਼ਟ ਕਰ ਦਿੱਤਾ ਜਾਵੇਗਾ ਕਿ ਆਰਡੀਨੈਂਸ ਦਾ ਐਮ.ਐਸ.ਪੀ ਨਾਲ ਕੋਈ ਲੈਣਾ ਦੇਣਾ ਹੀ ਨਹੀਂ ਹੈ।

## ਕੇਂਦਰ ਦੀ ਚਿੱਠੀ ਕਿਸਾਨੀ ਨਾਲ ਧੋਖਾ ਕਰਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਡੈਮੋਕਰੇਟਿਕ) ਦੇ ਆਗੂਆਂ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਤੇ ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਖੇਤੀ ਆਰਡੀਨੈਂਸਾਂ ਸਬੰਧੀ ਵਿਖਾਈ ਜਾ ਰਹੀ 'ਰਾਹਤ' ਵਾਲੀ ਕੇਂਦਰੀ ਖੇਤੀ ਮੰਤਰੀ ਦੀ ਲਿਖੀ ਚਿੱਠੀ ਨੂੰ ਕਿਸਾਨੀ ਨਾਲ ਧੋਖਾ ਦੱਸਿਆ ਹੈ। ਉਨ੍ਹਾਂ ਇਸ ਨੂੰ ਮੋਦੀ ਸਰਕਾਰ ਤੇ ਬਾਦਲਕਿਆਂ ਵਲੋਂ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਸੋਚੀ ਸਮਝੀ ਸਾਜ਼ਿਸ਼ ਵੀ ਕਰਾਰ ਦਿੱਤਾ ਹੈ। ਦੋਵੇਂ ਆਗੂਆਂ ਨੇ ਕਿਹਾ ਕਿ ਇਕ ਪਾਸੇ ਤਾਂ ਕੇਂਦਰ ਖੇਤੀ ਆਰਡੀਨੈਂਸਾਂ ਨੂੰ ਲੈ ਕੇ ਨੋਟੀਫਿਕੇਸ਼ਨ ਜਾਰੀ ਕਰ ਰਿਹਾ ਹੈ, ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੇਂਦਰ ਵਲੋਂ ਲਿਆਂਦੀ ਚਿੱਠੀ ਵਿਖਾ ਕੇ ਕਿਸਾਨਾਂ ਨੂੰ ਭੰਬਲਭੂਸੇ 'ਚ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।

## ਕੇਂਦਰ ਦੀ ਚਿੱਠੀ ਬਾਰੇ ਕਿਸਾਨ ਮਜ਼ਦੂਰ ਜਥੇਬੰਦੀ ਨੂੰ ਨਹੀਂ ਭਰੋਸਾ

**ਚੰਡੀਗੜ੍ਹ:** ਸੂਬੇ ਦੀ ਕਿਸਾਨ ਮਜ਼ਦੂਰ ਜਥੇਬੰਦੀ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਐਮ.ਐਸ.ਪੀ. ਜਾਰੀ ਰਹਿਣ ਸਬੰਧੀ ਕੇਂਦਰੀ ਖੇਤੀ ਮੰਤਰੀ ਦੀ ਚਿੱਠੀ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ ਹੈ। ਜਥੇਬੰਦੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਅਤੇ ਜਨਰਲ ਸਕੱਤਰ ਸ. ਸਵਰਨ ਸਿੰਘ ਪੰਧੇਰ ਨੇ ਕਿਹਾ ਕਿ ਖੇਤੀ ਆਰਡੀਨੈਂਸ ਤੇ ਬਿਜਲੀ ਸੋਧ ਬਿੱਲ 2020 ਨੂੰ ਸਹਿਮਤੀ ਦੇ ਚੁੱਕਾ ਅਕਾਲੀ ਦਲ ਬਾਦਲ ਬੜੀ ਕਸੂਤੀ ਸਥਿਤੀ ਵਿਚ ਫਸ ਚੁੱਕਾ ਹੈ, ਜਿਸ ਦੇ ਚੱਲਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਤੋਂ ਅਣਅਧਿਕਾਰਤ ਚਿੱਠੀ ਲਿਖਵਾ ਕੇ ਪੰਜਾਬ ਦੇ ਕਿਸਾਨਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਕਿਸਾਨ ਇਸ ਚਾਲ ਵਿਚ ਨਹੀਂ ਆਉਣਗੇ।

# ਵਿਧਾਨ ਸਭਾ ਸੈਸ਼ਨ 'ਚ ਸਰਬਸੰਮਤੀ ਨਾਲ ਸੱਤ ਬਿੱਲ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਸਰਬਸੰਮਤੀ ਨਾਲ ਸੱਤ ਬਿੱਲ ਪਾਸ ਕਰ ਦਿੱਤੇ ਗਏ। ਵਿਰੋਧੀ ਧਿਰ ਨੇ ਬਿੱਲ ਪਹਿਲਾਂ ਨਾ ਦੇਣ ਦਾ ਗਿਲਾ ਕੀਤਾ। ਵਿਧਾਇਕਾਂ ਦੀ ਤਿਆਰੀ ਨਾ ਹੋਣ ਕਾਰਨ ਬਿੱਲਾਂ 'ਤੇ ਬਹਿਸ ਨਹੀਂ ਹੋਈ। ਵਿਧਾਨ ਸਭਾ ਨੇ ਉਚੇਰੀ ਸਿੱਖਿਆ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵਲੋਂ ਪੇਸ਼ ਕੀਤਾ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ ਬਿੱਲ-2020 ਨੂੰ ਮਨਜ਼ੂਰੀ ਦਿੱਤੀ।

ਇਹ ਯੂਨੀਵਰਸਿਟੀ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਤਰਨ ਤਾਰਨ 'ਚ ਸਥਾਪਤ ਕੀਤੀ ਜਾਣੀ ਹੈ। ਸਦਨ ਵਲੋਂ ਪੰਜਾਬ ਗੁੱਡ ਕੰਡਕਟ ਪ੍ਰਜ਼ਿਨਰਜ਼ (ਆਰਜ਼ੀ ਰਿਹਾਈ) ਸੋਧ ਬਿੱਲ, 2020 ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ। ਬਿੱਲ ਪੇਸ਼ ਕਰਦਿਆਂ ਉਚੇਰੀ ਸਿੱਖਿਆ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਇਸ ਦੇ ਅਮਲੀ ਜਾਮਾ ਪਹਿਨਣ ਨਾਲ ਸੰਕਟਕਾਲੀ ਸਮਿਆਂ, ਮਹਾਮਾਰੀਆਂ ਅਤੇ ਆਪਾਤਕਾਲੀਨ ਪ੍ਰਸਥਿਤੀਆਂ ਦੌਰਾਨ ਪੈਰੋਲ ਦੇ ਸਮੇਂ ਵਿੱਚ ਵਾਧਾ ਕਰਨ ਦਾ ਰਾਹ ਖੁੱਲ੍ਹੇਗਾ।

ਪੰਜਾਬ ਵਿੱਤੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧਨ (ਦੂਜੀ ਸੋਧ) ਬਿੱਲ 2020 ਬਿੱਲ ਪੇਸ਼ ਕਰਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਕੋਵਿਡ-19 ਕਾਰਨ ਸੂਬਾ ਸਰਕਾਰ ਦੇ ਸਰੋਤਾਂ 'ਤੇ ਮਾੜੇ ਪ੍ਰਭਾਵ ਪਏ ਹਨ ਜਿਸ ਦੇ ਮੱਦੇਨਜ਼ਰ 2020-2021 ਲਈ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਦਾ 2% ਤੱਕ ਵਾਧੂ ਕਰਜ਼ਾ ਲੈਣ ਦੀ ਸੀਮਾ ਵਧਾ ਕੇ ਰਾਹਤ ਦਿੱਤੀ ਹੈ, ਜੋ 12130.00 ਕਰੋੜ ਰੁਪਏ ਬਣਦੀ ਹੈ।

ਉਂਜ ਕਰਜ਼ ਲੈਣ ਦੀਆਂ ਸੀਮਾਵਾਂ ਵਿਚ ਢਿੱਲ 0.5 ਫੀਸਦੀ ਤੱਕ ਸ਼ਰਤ ਰਹਿਤ ਹੈ ਅਤੇ ਬਾਕੀ 1.5 ਫੀਸਦੀ ਉਤੇ ਢਿੱਲ 'ਇਕ ਦੇਸ਼ ਇਕ ਰਾਸ਼ਨ ਕਾਰਡ' ਪ੍ਰਣਾਲੀ ਲਾਗੂ ਕਰਨ, ਕਾਰੋਬਾਰ ਵਿਚ ਸੁਧਾਰ ਦੀ ਸਹੂਲਤ, ਸ਼ਹਿਰੀ ਸਥਾਨਕ ਸੰਸਥਾ/ਸਹੂਲਤ ਸੁਧਾਰ ਅਤੇ ਪਾਵਰ ਸੈਕਟਰ ਵਰਗੇ ਸੁਧਾਰਾਂ ਨੂੰ ਲਾਗੂ ਕਰਨਾ ਹੋਵੇਗਾ। ਵਿਧਾਨ ਸਭਾ ਨੇ ਪੰਜਾਬ ਕਲੀਨਿਕਲ ਅਸਟੈਬਲਿਸ਼ਮੈਂਟ (ਰਜਿਸਟਰੇਸ਼ਨ ਅਤੇ ਰੈਗੂਲੇਸ਼ਨ) ਬਿੱਲ-2020 ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਬਿੱਲ ਪੇਸ਼ ਕਰਦਿਆਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਇਸ ਕਾਨੂੰਨ ਦਾ ਉਦੇਸ਼ ਕਲੀਨਿਕ ਅਦਾਰਿਆਂ ਨੂੰ ਨਿਯਮਤ ਕਰਨਾ ਹੈ ਤਾਂ ਜੋ ਉਨ੍ਹਾਂ ਦੇ ਕੰਮਕਾਜ ਵਿਚ ਪਾਰਦਰਸ਼ਤਾ ਯਕੀਨੀ ਬਣਾਈ ਜਾ ਸਕੇ।

ਇਸੇ ਤਰ੍ਹਾਂ ਕੰਟਰੈਕਟ ਲੇਬਰ (ਰੈਗੂਲੇਸ਼ਨ ਐਂਡ ਐਬੋਲਿਸ਼ਨ) (ਪੰਜਾਬ ਸੋਧ) ਬਿੱਲ, 2020 ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਕਿਰਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਵਰਕਰਾਂ ਦੀ ਗਿਣਤੀ ਵਧਾਉਣ ਲਈ 20 ਤੋਂ 50 ਤਕ ਕੰਟਰੈਕਟ ਲੇਬਰ (ਰੈਗੂਲੇਸ਼ਨ ਐਂਡ ਐਬੋਲਿਸ਼ਨ) ਐਕਟ, 1970 ਦੀ ਧਾਰਾ 1 ਦੀ ਉਪ ਧਾਰਾ (4) ਦੀ ਉਪ-ਧਾਰਾ (ਏ) ਅਤੇ (ਬੀ) ਵਿਚ ਲੋੜੀਂਦੀ ਸੋਧ ਨੂੰ ਪ੍ਰਸਤਾਵਨਾ ਦਿੱਤੀ ਗਈ ਹੈ। ਸਦਨ ਵਲੋਂ ਇੰਡਸਟਰੀਅਲ ਡਿਸਪਿਊਟ (ਪੰਜਾਬ ਸੋਧ) ਬਿੱਲ, 2020 ਨੂੰ ਵੀ ਮਨਜ਼ੂਰੀ ਦਿੱਤੀ ਗਈ। ਬਿੱਲ ਵਿਚ ਚੈਪਟਰ 5-ਬੀ ਤਹਿਤ ਕਾਮਿਆਂ ਦੀ ਮੌਜੂਦਾ ਲਾਗੂ ਸੀਮਾ ਨੂੰ 100 ਤੋਂ ਵਧਾ ਕੇ 300 ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਹੁਣ ਅਦਾਰੇ ਦੇ ਬੰਦ ਹੋਣ ਜਾਂ ਨੌਕਰੀ ਤੋਂ ਕੱਢੇ ਜਾਣ ਦੀ ਸੂਰਤ ਵਿਚ ਕਾਮੇ 3 ਮਹੀਨੇ ਦੀ ਵਾਧੂ ਤਨਖਾਹ ਲੈਣ ਦੇ ਯੋਗ ਹੋ ਜਾਣਗੇ। ਇਸ ਦੌਰਾਨ ਸਦਨ ਵਲੋਂ ਪੰਜਾਬ ਵਸਤਾਂ ਅਤੇ ਸੇਵਾਵਾਂ ਟੈਕਸ (ਦੂਜੀ ਸੋਧ) ਬਿੱਲ, 2020 ਵੀ ਪਾਸ ਕੀਤਾ ਗਿਆ।

# ਖਾਲਿਸਤਾਨੀ ਝੰਡਾ ਲਹਿਰਾਉਣ ਵਾਲੇ ਕਾਬੂ

**ਮੋਗਾ:** ਜ਼ਿਲ੍ਹਾ ਸਕੱਤਰੇਤ ਦੀ ਇਮਾਰਤ ਉਤੇ ਖਾਲਿਸਤਾਨੀ ਝੰਡਾ ਝੁਲਾਉਣ ਅਤੇ ਤਿਰੰਗੇ ਦੀ ਬੇਅਦਬੀ ਕਰਨ ਦੇ ਮਾਮਲੇ ਵਿਚ ਨਾਮਜ਼ਦ ਦੋਵਾਂ ਮੁਲਜ਼ਮਾਂ ਨੂੰ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਕਾਬੂ ਕਰ ਲਿਆ ਹੈ। ਐਸ.ਪੀ. (ਡੀ) ਜਗਤਪ੍ਰੀਤ ਸਿੰਘ ਨੇ ਦੋਵਾਂ ਮੁਲਜ਼ਮਾਂ ਜਸਪਾਲ ਸਿੰਘ ਉਰਫ ਰਿੰਪਾ ਤੇ ਇੰਦਰਜੀਤ ਸਿੰਘ ਗਿੱਲ ਵਾਸੀ ਪਿੰਡ ਰੌਲੀ (ਮੋਗਾ) ਨੂੰ ਦਿੱਲੀ ਪੁਲਿਸ ਵਲੋਂ ਗ੍ਰਿਫਤਾਰ ਕਰਨ ਦੀ ਪੁਸ਼ਟੀ ਕੀਤੀ ਹੈ। ਝੰਡਾ ਝੁਲਾਉਣ ਦੀ ਵੀਡੀਓ ਬਣਾਉਣ ਵਾਲੇ ਸਥਾਨਕ ਆਈ.ਟੀ.ਆਈ. ਦੇ ਵਿਦਿਆਰਥੀ ਆਕਾਸ਼ਦੀਪ ਸਿੰਘ (19) ਵਾਸੀ ਸਾਧੂਵਾਲਾ (ਜ਼ੀਰਾ) ਨੂੰ ਪੁਲਿਸ ਨੇ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਸੀ।



ਪੁਲਿਸ ਮੁਤਾਬਕ ਵੀਡੀਓ ਬਣਾਉਣ ਵਾਲਾ ਆਕਾਸ਼ਦੀਪ ਸਿੰਘ ਤੇ ਰਿੰਪਾ ਮਾਮੇ-ਭੂਆ ਦੇ ਪੁੱਤਰ ਹਨ। ਦੋਵਾਂ ਮੁਲਜ਼ਮਾਂ ਨੇ 13 ਅਗਸਤ ਨੂੰ ਸਕੱਤਰੇਤ ਦੀ ਰੇਕੀ ਕੀਤੀ ਅਤੇ 14 ਅਗਸਤ ਨੂੰ ਝੰਡਾ ਝੁਲਾਉਣ ਪਿੱਛੋਂ ਅਕਾਸ਼ਦੀਪ ਨੇ ਵੀਡੀਓ ਰਿੰਪਾ ਨੂੰ ਸੌਂਪ ਦਿੱਤੀ। ਇਸ ਮਗਰੋਂ ਦੋਵੇਂ ਮੁਲਜ਼ਮ ਪਿੰਡ ਪੱਖੋਵਾਲ (ਲੁਧਿਆਣਾ) ਵਿਚ ਜੱਗਾ ਸਿੰਘ ਕੋਲ ਚਲੇ ਗਏ, ਜੋ ਮੁਲਜ਼ਮ ਇੰਦਰਜੀਤ ਗਿੱਲ ਦਾ ਰਿਸ਼ਤੇਦਾਰ ਹੈ।

ਪੁਲਿਸ ਨੇ ਇਨ੍ਹਾਂ ਬਾਰੇ ਸੂਹ ਦੇਣ ਵਾਲੇ ਲਈ 50 ਲੱਖ ਰੁਪਏ ਦਾ ਇਨਾਮ ਰੱਖਿਆ ਸੀ। ਸੂਤਰਾਂ ਮੁਤਾਬਕ 16 ਅਗਸਤ ਨੂੰ ਸਥਾਨਕ ਇਕ ਪੁਲਿਸ ਅਧਿਕਾਰੀ ਨੇ ਇਨ੍ਹਾਂ ਮੁਲਜ਼ਮਾਂ ਦਾ ਪਤਾ ਲਗਾ ਕੇ ਉਚ ਅਧਿਕਾਰੀਆਂ ਨੂੰ ਦੱਸ ਦਿੱਤਾ। ਮੁਲਜ਼ਮਾਂ ਦੀ ਸੂਹ ਮਿਲਣ ਮਗਰੋਂ ਐਸ.ਐਸ.ਪੀ. ਹਰਮਨਬੀਰ ਗਿੱਲ ਨੇ ਐਸ.ਪੀ. ਜਗਤਪ੍ਰੀਤ ਸਿੰਘ ਤੇ ਡੀ.ਐਸ.ਪੀ. ਜੰਗਜੀਤ ਸਿੰਘ ਰੰਧਾਵਾ ਨੂੰ ਪੜਤਾਲ ਲਈ ਸਿਵਲ ਵਰਦੀ 'ਚ ਮੋਟਰਸਾਈਕਲ ਉਤੇ ਪਿੰਡ ਰੌਲੀ ਭੇਜਿਆ ਤਾਂ ਸ਼ੱਕ ਸਚਾਈ 'ਚ ਬਦਲ ਗਿਆ। ਪੁਲਿਸ ਨੇ ਛਾਪਾ ਮਾਰਿਆ ਤਾਂ ਵੀਡੀਓ ਬਣਾਉਣ ਵਾਲਾ ਵਿਦਿਆਰਥੀ ਥਿੜਕ ਗਿਆ ਅਤੇ ਪੁਲਿਸ ਅੱਗੇ ਪੇਸ਼ ਹੋ ਗਿਆ। ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਦੋਵਾਂ ਮੁੱਖ ਮੁਲਜ਼ਮਾਂ ਨੂੰ ਵੀ ਕਾਬੂ ਕਰ ਲਿਆ ਹੈ।

# ਸਿੱਖ ਜਥੇਬੰਦੀਆਂ ਨੇ ਗਿਆਨੀ ਇਕਬਾਲ ਸਿੰਘ ਨਾਲ 'ਨਰਮੀ' ਬਾਰੇ ਕੀਤੇ ਸਵਾਲ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲਾ ਦੇ ਪ੍ਰਚਾਰ ਉਤੇ ਲਾਈ ਗਈ ਰੋਕ ਦਾ ਫੈਸਲਾ ਪੰਥਕ ਹਲਕਿਆਂ ਵਿਚ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਿੱਖ ਜਥੇਬੰਦੀਆਂ ਦੇ ਸਮੂਹ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਅਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਹੈ ਕਿ ਸਿੱਖ ਪ੍ਰਚਾਰਕ ਬਾਰੇ ਦਿਖਾਈ ਗਈ ਸਖਤੀ ਪੱਖਪਾਤ ਦਾ ਪ੍ਰਦਰਸ਼ਨ ਹੈ। ਉਨ੍ਹਾਂ ਇਸ ਸਜ਼ਾ ਨੂੰ ਸਖਤ ਆਖਦਿਆਂ ਕਿਹਾ ਕਿ ਗੁਰੂ ਸਾਹਿਬ ਨੂੰ ਲਵ-ਕੁਸ਼ ਦਾ ਵੰਸ਼ਜ ਦੱਸਣ ਵਾਲੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਦੇ ਮਾਮਲੇ ਵਿਚ ਤਾਂ ਸਿਰਫ ਬਿਆਨ ਨਾਲ ਅਸਹਿਮਤੀ ਪ੍ਰਗਟਾਈ ਗਈ ਹੈ, ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲਾ ਖਿਲਾਫ ਆਈਆਂ ਸ਼ਿਕਾਇਤਾਂ ਤੋਂ ਬਾਅਦ ਇਸ ਮਾਮਲੇ ਦੀ ਜਾਂਚ ਲਈ ਸ੍ਰੀ ਅਕਾਲ ਤਖਤ ਨੇ ਅਕਤੂਬਰ 2019 ਵਿਚ ਪੰਜ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਸੀ। ਇਸ ਕਮੇਟੀ ਵਲੋਂ ਪ੍ਰਚਾਰਕ ਢੱਡਰੀਆਂਵਾਲਾ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਇਸ ਸਬੰਧੀ ਤਿੰਨ ਮੀਟਿੰਗਾਂ ਵੀ ਸੱਦੀਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿਚ ਸ਼ਾਮਲ ਹੋਣ ਲਈ ਪ੍ਰਚਾਰਕ ਨੂੰ ਸੱਦਾ ਦਿੱਤਾ ਗਿਆ ਪਰ ਉਹ ਕਿਸੇ ਵੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਇਆ। ਕਰੋਨਾ ਦੇ ਚੱਲਦਿਆਂ ਵਿਦਵਾਨਾਂ ਵਲੋਂ ਕੁਝ ਮੀਟਿੰਗਾਂ ਵੀਡੀਓ ਕਾਨਫਰੰਸ ਰਾਹੀਂ



ਵੀ ਕੀਤੀਆਂ ਗਈਆਂ। ਕਿਸੇ ਵੀ ਮੀਟਿੰਗ ਵਿਚ ਸਿੱਖ ਪ੍ਰਚਾਰਕ ਦੇ ਸ਼ਾਮਲ ਨਾ ਹੋਣ ਕਾਰਨ ਪੰਜ ਮੈਂਬਰੀ ਕਮੇਟੀ ਨੇ ਬੀਤੇ ਦਿਨੀਂ ਆਪਣੀ ਰਿਪੋਰਟ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪ ਦਿੱਤੀ ਸੀ, ਜਿਸ 'ਚ ਉਸ ਨੂੰ ਬੋਲੇ ਗਲਤ ਕਥਨਾਂ ਲਈ ਦੋਸ਼ੀ ਕਰਾਰ ਦਿੱਤਾ ਗਿਆ।ਇਸ ਫੈਸਲੇ ਤੋਂ ਬਾਅਦ ਸੋਸ਼ਲ ਮੀਡੀਆ ਉਤੇ ਵੱਡੀ ਚਰਚਾ ਛਿੜੀ ਹੋਈ ਹੈ, ਜਿਸ ਵਿਚ ਕੁਝ ਧਿਰਾਂ ਵਲੋਂ ਸੋਸ਼ਲ ਮੀਡੀਆ ਉਤੇ ਇਸ ਫੈਸਲੇ ਬਾਰੇ ਕਿੰਤੂ-ਪ੍ਰੰਤੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਸਿੱਖ ਪ੍ਰਚਾਰਕ ਢੱਡਰੀਆਂਵਾਲਾ ਮਾਮਲੇ ਵਿਚ ਬਣਾਈ ਗਈ ਜਾਂਚ ਕਮੇਟੀ ਦੇ ਇਕ ਮੈਂਬਰ ਨੇ ਅਕਾਲ ਤਖਤ ਵਲੋਂ ਕੀਤੀ ਕਾਰਵਾਈ ਉਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਆਖਿਆ ਕਿ ਇਸ ਫੈਸਲੇ ਨਾਲ ਜਿੱਥੇ ਸਖਤ ਰੁਖ ਅਖਤਿਆਰ ਕਰਨ ਦਾ ਸੰਕੇਤ ਦਿੱਤਾ ਗਿਆ ਹੈ, ਉਥੇ ਹੀ ਗੱਲਬਾਤ ਦੇ ਰਸਤੇ ਵੀ ਖੁੱਲ੍ਹੇ ਰੱਖੇ ਗਏ ਹਨ।

# ਪੰਜਾਬ ਵਲੋਂ ਕੇਂਦਰ ਦੇ ਜੀ.ਐਸ.ਟੀ. ਬਾਰੇ ਬਦਲ ਰੱਦ

**ਚੰਡੀਗੜ੍ਹ:** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੂੰ ਪੱਤਰ ਲਿਖ ਕੇ ਕੇਂਦਰ ਵਲੋਂ ਰਾਜਾਂ ਨੂੰ ਜੀ.ਐਸ.ਟੀ. ਮੁਆਵਜ਼ੇ ਦੇ ਭੁਗਤਾਨ ਲਈ ਪੇਸ਼ ਕੀਤੇ ਦੋ ਬਦਲਾਂ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਕਿਸੇ ਵੀ ਬਦਲ ਦੀ ਚੋਣ ਕਰਨ ਤੋਂ ਅਸਮਰੱਥ ਹੈ। ਮਨਪ੍ਰੀਤ ਨੇ ਕੇਂਦਰੀ ਵਿੱਤ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਵਸਤਾਂ ਤੇ ਸੇਵਾਵਾਂ ਕਰ ਕੌਂਸਲ (ਜੀ.ਐਸ.ਟੀ.ਸੀ.) ਦੀ ਪਿਛਲੀ ਮੀਟਿੰਗ ਵਿਚ ਲਏ ਗਏ ਫੈਸਲੇ ਉਤੇ ਮੁੜ ਵਿਚਾਰ ਕਰਨ।

ਮਨਪ੍ਰੀਤ ਨੇ ਕਿਹਾ ਕਿ ਕੇਂਦਰੀ ਫੈਸਲਾ ਸਹਿਕਾਰੀ ਸੰਘੀ ਢਾਂਚੇ ਦੀ ਭਾਵਨਾ ਨਾਲ ਵਿਸ਼ਵਾਸਘਾਤ ਹੈ। ਪੰਜਾਬ ਜੀ.ਐਸ.ਟੀ.ਸੀ. ਦੀ ਅਗਲੀ ਬੈਠਕ ਵਿਚ ਇਹ ਮਾਮਲਾ ਇਕ ਵਾਰ ਫਿਰ ਏਜੰਡੇ ਉਤੇ ਲਿਆਉਣਾ ਚਾਹੁੰਦਾ ਹੈ। ਵਿੱਤ ਮੰਤਰੀ ਨੇ ਵਿਚਾਰ-ਵਟਾਂਦਰੇ ਲਈ ਮੰਤਰੀਆਂ ਦੇ ਸਮੂਹ ਦੇ ਗਠਨ ਦਾ ਵੀ ਸੁਝਾਅ ਦਿੱਤਾ। ਵਿੱਤ ਮੰਤਰੀ ਮਨਪ੍ਰੀਤ ਨੇ ਉਸ ਵੇਲੇ ਦੇ ਚੇਅਰਪਰਸਨ ਦੇ ਬਿਆਨਾਂ ਵਲ ਧਿਆਨ ਦਿਵਾਇਆ ਕਿ ਮੁਆਵਜ਼ਾ ਮਾਲੀਏ ਦੇ ਨੁਕਸਾਨ ਦਾ 100 ਫੀਸਦੀ ਹੋਵੇਗਾ, ਇਹ 5 ਸਾਲ ਦੀ ਨਿਰਧਾਰਿਤ ਮਿਆਦ



ਦੇ ਅੰਦਰ ਦੇਣ ਯੋਗ ਹੋਵੇਗਾ, ਇਸ ਦਾ ਭੁਗਤਾਨ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ, ਕੇਵਲ ਫੰਡਿੰਗ ਬਾਰੇ ਫੈਸਲਾ ਜੀ.ਐਸ.ਟੀ. ਕੌਂਸਲ ਵਲੋਂ ਕੀਤਾ ਜਾਵੇਗਾ ਅਤੇ ਜੇਕਰ ਕੋਈ ਘਾਟ ਆਉਂਦੀ ਹੈ ਤਾਂ ਲੋੜੀਂਦੇ ਫੰਡ ਲਈ ਕਰਜ਼ਾ ਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਵਿਵਸਥਾ ਉਮੀਦ ਕਰਦੀ ਹੈ ਕਿ ਮੁਆਵਜ਼ੇ ਬਾਰੇ ਕੇਂਦਰੀ ਕਾਨੂੰਨ ਕੌਂਸਲ ਦੀ ਸਿਫਾਰਸ਼ ਅਨੁਸਾਰ ਬਣਾਏ ਜਾਣ। ਜੇਕਰ ਕੋਈ ਕਾਨੂੰਨ ਇਸ ਨੂੰ ਮਾਨਤਾ ਨਹੀਂ ਦਿੰਦਾ ਉਹ ਅਸੰਵਿਧਾਨਕ ਹੈ। ਜੀ.ਐਸ.ਟੀ. ਕਾਨੂੰਨ ਦੀਆਂ ਧਾਰਾਵਾਂ ਉਨ੍ਹਾਂ ਵਸਤਾਂ ਬਾਰੇ ਅਸਪੱਸ਼ਟ ਹਨ, ਜਿਨ੍ਹਾਂ ਉਤੇ ਪੰਜ ਸਾਲਾਂ ਬਾਅਦ ਟੀਚਾ ਪੂਰਾ ਨਾ ਹੋਣ 'ਤੇ ਸੈੱਸ ਲਾਇਆ ਜਾ ਸਕਦਾ ਹੈ। ਉਨ੍ਹਾਂ ਚੇਤੇ ਕਰਾਇਆ ਕਿ ਜਦੋਂ ਜੀ.ਐਸ.ਟੀ. ਕੌਂਸਲ ਦੀ 10ਵੀਂ ਬੈਠਕ ਵਿਚ ਇਸ ਮਸਲੇ ਨੂੰ ਉਠਾਇਆ ਗਿਆ ਸੀ ਤਾਂ ਕੌਂਸਲ ਦੇ ਸੈਕਟਰੀ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਮੁਆਵਜ਼ੇ ਲਈ ਹੋਰ ਢੰਗ ਨਾਲ ਸਰੋਤਾਂ ਨੂੰ ਇਕੱਤਰ ਕਰ ਸਕਦੀ ਹੈ ਅਤੇ ਇਸ ਨੂੰ 5 ਸਾਲ ਤੋਂ ਵੱਧ ਸਮਾਂ ਸੈੱਸ ਜਾਰੀ ਰੱਖ ਕੇ ਰਿਕਵਰ ਕੀਤਾ ਜਾ ਸਕਦਾ ਹੈ। ਪੱਤਰ ਵਿਚ ਲਿਖਿਆ ਹੈ ਕਿ ਸੰਵਿਧਾਨ ਦੀ ਧਾਰਾ 293 ਦੇ ਅਧੀਨ ਕੋਈ ਮੁਆਵਜ਼ਾ ਨਹੀਂ ਹੈ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਮੁਆਵਜ਼ਾ ਐਕਟ ਇਹ ਮੰਗ ਕਰਦਾ ਹੈ ਕਿ ਸਾਰੇ ਸਰੋਤ ਪਹਿਲਾਂ ਮੁਆਵਜ਼ਾ ਫੰਡ ਵਿਚ ਜਮ੍ਹਾਂ ਕੀਤੇ ਜਾਣੇ ਚਾਹੀਦੇ ਹਨ ਜੋ ਭਾਰਤ ਦੇ ਜਨਤਕ ਖਾਤੇ (ਧਾਰਾ 10) ਦਾ ਹਿੱਸਾ ਬਣਨਗੇ। ਉਨ੍ਹਾਂ ਸਵਾਲ ਕੀਤਾ ਕਿ ਕਿਸੇ ਸੂਬੇ ਦੁਆਰਾ ਲਏ ਗਏ ਕਰਜ਼ੇ ਨੂੰ ਮੁਆਵਜ਼ਾ ਫੰਡ ਵਿਚ ਕਿਵੇਂ ਜਮ੍ਹਾਂ ਕੀਤਾ ਜਾ ਸਕਦਾ ਹੈ। ਮਨਪ੍ਰੀਤ ਨੇ ਕਿਹਾ ਕਿ ਕੇਂਦਰ ਜੀ.ਐਸ.ਟੀ. ਘਾਟੇ ਨੂੰ ਬੀਤੇ ਵਿੱਤੀ ਵਰ੍ਹੇ ਨਾਲੋਂ 10 ਫੀਸਦੀ ਦੀ ਵਾਧਾ ਦਰ ਮੰਨ ਕੇ ਚੱਲ ਰਿਹਾ ਹੈ ਅਤੇ ਮਹਾਮਾਰੀ ਦਾ ਹਵਾਲਾ ਦਿੱਤਾ ਜਾ ਰਿਹਾ ਹੈ। ਇਹ ਘਾਟੇ ਦਾ ਅਨੁਮਾਨ ਲਾਉਣ ਦੀ ਪੂਰੀ ਕਵਾਇਦ ਨੂੰ ਆਪਹੁਦਰਾ, ਇਕਪਾਸੜ ਅਤੇ ਕਿਸੇ ਕਾਨੂੰਨੀ ਪ੍ਰਮਾਣਿਕਤਾ ਤੋਂ ਮੁਕਤ ਬਣਾਉਂਦਾ ਹੈ।

# ਮੋਦੀ-ਸ਼ਾਹ ਦੀ ਨਫਰਤੀ ਰਾਜਨੀਤੀ ਦੇ ਨਿਕਲਣ ਵਾਲੇ ਭਿਆਨਕ ਸਿੱਟੇ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੰਗਰੇਜ਼ੀ ਦੇ ਅਖਬਾਰ 'ਇੰਡੀਅਨ ਐਕਸਪ੍ਰੈਸ' ਨਾਲ ਗੱਲਬਾਤ ਕਰਦਿਆਂ ਇਹ ਗੱਲ ਬੜੇ ਜ਼ੋਰ ਨਾਲ ਉਭਾਰੀ ਹੈ ਕਿ "ਜੇ ਚੀਨ ਨਾਲ ਭਾਰਤ ਦੀ ਲੜਾਈ ਹੋਈ ਤਾਂ ਉਸ ਵਿਚ ਪਾਕਿਸਤਾਨ ਜਰੂਰ ਸ਼ਾਮਿਲ ਹੋਵੇਗਾ।" ਆਰਥਕ ਮੰਦਵਾੜੇ ਦੇ ਬਾਵਜੂਦ ਉਸ ਨੇ ਮੋਦੀ ਸਰਕਾਰ ਨੂੰ ਵੱਡੀ ਪੱਧਰ ਉਤੇ ਫੌਜੀ ਤਿਆਰੀ ਕਰਨ ਦਾ ਸੁਝਾਅ ਦਿੱਤਾ ਹੈ। ਹੁਣ ਇਥੇ ਸਾਡੇ ਸਾਰਿਆਂ ਦੇ ਸੋਚਣ ਵਾਲਾ ਨੁਕਤਾ ਇਹ ਹੈ ਕਿ ਇਹ ਨੌਬਤ ਹੀ ਕਿਉਂ ਆਈ ਕਿ ਭਾਰਤ ਵਿਰੁਧ ਲੜੀ ਜਾਣ ਵਾਲੀ ਜੰਗ ਵਿਚ ਪਾਕਿਸਤਾਨ ਅਤੇ ਚੀਨ ਇਕਜੁਟ ਹੋ ਗਏ ਹਨ? ਕਿਥੇ ਤਾਂ ਇਸ ਤੋਂ ਪਹਿਲਾਂ ਚੀਨ, ਭਾਰਤ ਨਾਲ ਯੁਧਨੀਤਕ ਸਾਂਝ ਪਾਉਣ ਦੇ ਯਤਨ ਕਰ ਰਿਹਾ ਸੀ, ਜਿਸ ਦਾ ਨਰੇਂਦਰ ਮੋਦੀ ਖੁਦ ਬੜਾ ਪ੍ਰਚਾਰ ਕਰ ਰਿਹਾ ਸੀ ਅਤੇ ਕਿਥੇ ਹੁਣ ਉਹ ਪਾਕਿਸਤਾਨ ਨਾਲ ਮਿਲ ਕੇ ਗਲਵਾਨ ਘਾਟੀ ਤੋਂ ਬਾਅਦ ਭਾਰਤ ਨੂੰ ਇਕ ਹੋਰ ਫੌਜੀ ਝਟਕਾ ਦੇਣ ਦੀਆਂ ਧਮਕੀਆਂ ਦੇ ਰਿਹਾ ਹੈ ਤੇ ਉਸ ਦੀਆਂ

**ਗੁਰਬਚਨ ਸਿੰਘ**
ਫੋਨ: 91-98156-98451

ਤਿਆਰੀਆਂ ਕਰ ਰਿਹਾ ਹੈ। ਡੋਕਲਾਮ 'ਚ ਬੀੜੀਆਂ ਮਿਜ਼ਾਈਲਾਂ ਇਸ ਦੀ ਤਾਜ਼ਾ ਮਿਸਾਲ ਹਨ।

ਮੋਦੀ ਸਰਕਾਰ ਦੀਆਂ ਨੀਤੀਆਂ ਦੇ ਪੈਰੋਕਾਰ ਤੇ ਸੀਨੀਅਰ ਪੱਤਰਕਾਰ ਸ਼ੇਖਰ ਗੁਪਤਾ ਨੇ ਆਪਣੇ ਇੰਟਰਨੈਟ ਅਖਬਾਰ 'ਦ ਪ੍ਰਿੰਟ' ਵਿਚ ਛਪੀ ਆਪਣੀ ਇਕ ਲਿਖਤ 'ਚ ਇਸ ਨੁਕਤੇ ਦੀ ਜਾਣਕਾਰੀ ਦਿੱਤੀ ਹੈ। ਸ਼ੇਖਰ ਗੁਪਤਾ ਦਾ ਕਹਿਣਾ ਹੈ ਕਿ ਚੀਨ ਦੇ ਫੌਜੀ ਮੁਖੀ ਅਤੇ ਰਾਸ਼ਟਰਪਤੀ 'ਸ਼ੀ ਜਿਨਪਿੰਗ ਨੇ ਨਰੇਂਦਰ ਮੋਦੀ ਨੂੰ ਉਸ ਦੀ ਰਾਜਸੀ ਜ਼ਿੰਦਗੀ ਦੀ ਸਭ ਤੋਂ ਵਡੀ ਚੁਣੌਤੀ ਦਿੱਤੀ ਹੈ। ਆਉਣ ਵਾਲੇ ਦਿਨਾਂ, ਹਫਤਿਆਂ, ਮਹੀਨਿਆਂ ਅਤੇ ਸਾਲਾਂ ਵਿਚ ਇਸ ਬਾਰੇ ਲਿਆ ਗਿਆ ਕੋਈ ਵੀ ਫੈਸਲਾ ਜਿਥੇ ਭਾਰਤ ਦੇ ਭਵਿਖ ਦੀ ਦਿਸ਼ਾ ਤੈਅ ਕਰੇਗਾ, ਉਥੇ ਨਰੇਂਦਰ ਮੋਦੀ ਦੇ ਆਪਣੇ ਰਾਜਸੀ ਭਵਿਖ ਦਾ ਵੀ ਫੈਸਲਾ ਕਰੇਗਾ।'

ਲਿਖਤ ਵਿਚ ਦਿੱਤੀ ਗਈ ਜਾਣਕਾਰੀ ਅਨੁਸਾਰ ਨਰੇਂਦਰ ਮੋਦੀ ਨੇ ਪਿਛਲੇ 6 ਸਾਲ ਵਿਚ ਕਈ ਅਣਕਿਆਸੇ ਅਤੇ ਹੈਰਾਨੀਜਨਕ ਫੈਸਲੇ ਲੈਣ ਦੀ ਦਲੇਰੀ ਕੀਤੀ ਹੈ। ਨਰੇਂਦਰ ਮੋਦੀ ਦੇ ਕਾਬਲ ਤੋਂ ਵਾਪਸ ਆਉਂਦਿਆਂ ਪਾਕਿਸਤਾਨ ਰੁਕਣਾ ਇਸ ਦਲੇਰੀ ਦੀ ਇਕ ਮਿਸਾਲ ਹੈ। ਸ਼ੇਖਰ ਗੁਪਤਾ ਦਾ ਕਹਿਣਾ ਹੈ ਕਿ ਮਹਾਨ ਆਗੂ ਹਮੇਸ਼ਾ ਯੁਧਨੀਤਕ ਅਤੇ ਰਣਨੀਤਕ ਮਸਲਿਆਂ ਵਿਚਾਲੇ ਨਿਖੇੜਾ ਕਰਦੇ ਹਨ। ਅਟਲ ਬਿਹਾਰੀ ਵਾਜਪਾਈ ਤੋਂ ਲੈ ਕੇ ਡਾ. ਮਨਮੋਹਨ ਸਿੰਘ ਤਕ ਸਾਰੇ ਪ੍ਰਧਾਨ ਮੰਤਰੀ ਪਾਕਿਸਤਾਨ ਨਾਲ ਰਿਸ਼ਤੇ ਸੁਧਾਰਨ ਲਈ ਗੱਲਬਾਤ ਕਰਦੇ ਰਹੇ, ਜਦੋਂ ਕਿ ਮੋਦੀ ਅਤੇ ਉਸ ਦੀ ਪਾਰਟੀ ਨੇ ਪਾਕਿਸਤਾਨ ਨੂੰ ਸਾਰੇ ਦੇਸ਼ਾਂ ਵਿਚੋਂ ਨਿਖੇੜਨ ਦੇ ਯਤਨ ਕਰਦਿਆਂ ਆਪਣੀ ਸਾਰੀ ਰਾਜਸੀ ਚੋਣ-ਨੀਤੀ ਪਾਕਿਸਤਾਨ, (ਸਿੱਖ-ਮੁਸਲਿਮ) ਦਹਿਸ਼ਤਗਰਦੀ ਅਤੇ ਇਸਲਾਮ ਵਿਰੁਧ ਸੇਧਤ ਕਰ ਦਿੱਤੀ। ਮੋਦੀ ਨੇ ਚੀਨ ਨੂੰ ਭਰਮਾਉਣ ਲਈ ਉਸ ਨਾਲ ਦੋਸਤੀ ਦੇ ਵੱਡੇ-ਵੱਡੇ ਦਾਅਵੇ ਕੀਤੇ ਅਤੇ ਦੋਹਾਂ ਦੇਸ਼ਾਂ ਵਿਚਲੇ ਵਪਾਰ ਦੇ 60 ਅਰਬ ਡਾਲਰ ਦੇ ਘਾਟੇ ਵਲੋਂ ਅੱਖਾਂ ਮੀਟ ਛੱਡੀਆਂ। ਹਾਲਾਂ ਕਿ ਦੇਸ਼ ਦੀਆਂ ਆਰਥਕ ਹਾਲਤਾਂ ਅਤੇ ਸਵਦੇਸ਼ੀ ਰਾਸ਼ਟਰਵਾਦ ਨੇ ਉਸ ਨੂੰ ਅਮਰੀਕਾ ਨਾਲ ਕੋਈ ਛੋਟਾ ਜਿਹਾ ਵਪਾਰਕ ਸਮਝੌਤਾ ਵੀ ਨਾ ਕਰਨ ਲਈ ਮਜਬੂਰ ਕੀਤਾ। ਲਿਖਤ ਅਨੁਸਾਰ ਮੋਦੀ ਦੀਆਂ ਗਿਣਤੀਆਂ-ਮਿਣਤੀਆਂ ਇਹ ਸਨ ਕਿ 60 ਅਰਬ ਡਾਲਰ ਦੇ ਲਾਲਚ ਵਿਚ ਚੀਨ ਪਾਕਿਸਤਾਨ ਬਾਰੇ ਚੁਪ ਰਹੇਗਾ ਅਤੇ ਮੋਦੀ ਸਰਕਾਰ ਉਸ ਦੀ ਇਸ ਚੁਪ ਦਾ ਫਾਇਦਾ ਪਾਕਿਸਤਾਨ ਵਿਰੋਧੀ ਪ੍ਰਚਾਰ ਵਿਚ ਉਠਾਏਗੀ। ਪੂਰਬ ਵਿਚ ਚੀਨ ਅਤੇ ਪੱਛਮ ਵਿਚ ਅਰਬ ਮੁਲਕਾਂ ਨਾਲ ਵਖਰਾ ਸਮਝੌਤੇ ਕਰ ਕੇ ਮੋਦੀ ਨੂੰ ਇਹ ਵਹਿਮ ਸੀ ਕਿ ਉਹ ਪਾਕਿਸਤਾਨ ਨੂੰ ਇਸ ਖਿਤੇ ਵਿਚ ਇਕੱਲਾ ਕਰ ਦੇਵੇਗਾ, ਪਰ ਸ਼ੀ ਜਿਨਪਿੰਗ ਨੇ ਮੋਦੀ ਦੀਆਂ ਇਨ੍ਹਾਂ ਸਭ ਗਿਣਤੀਆਂ ਮਿਣਤੀਆਂ ਨੂੰ ਫੇਲ੍ਹ ਕਰ ਦਿੱਤਾ ਹੈ। ਨਰੇਂਦਰ ਮੋਦੀ ਹੁਣ ਦੋਹਾਂ ਪਾਸਿਆਂ ਤੋਂ ਕਸੂਤਾ ਘਿਰ ਗਿਆ ਹੈ।

ਸ਼ੇਖਰ ਗੁਪਤਾ ਅਨੁਸਾਰ ਹੁਣ ਮੋਦੀ ਕੋਲ ਤਿੰਨ ਰਸਤੇ ਬਚੇ ਹਨ। ਪਹਿਲਾਂ, ਇੱਕ ਵੱਡੀ ਮਹਾਸ਼ਕਤੀ (ਅਮਰੀਕਾ) ਨਾਲ ਜੁੜ ਜਾਏ। ਦੂਜਾ, ਦੋ ਗੁਆਂਢੀ ਮੁਲਕਾਂ ਵਿਚੋਂ ਇਕ ਨਾਲ ਸਮਝੌਤਾ ਕਰੇ ਅਤੇ ਜਾਂ ਫਿਰ ਤੀਜਾ, ਇਕੋ ਵੇਲੇ ਦੋ ਮੋਰਚਿਆਂ ਉਤੇ ਲੜੇ। ਸ਼ੇਖਰ ਗੁਪਤਾ ਦਾ ਇਹ ਵੀ ਮੰਨਣਾ ਹੈ ਕਿ ਦੁਨੀਆਂ ਹੁਣ ਬਹੁਧਰੁਵੀ ਬਣ ਚੁਕੀ ਹੈ। ਅਮਰੀਕਾ ਦੁਨੀਆਂ ਦੀ ਇਕੋ-ਇਕ ਮਹਾਸ਼ਕਤੀ ਨਹੀਂ ਰਿਹਾ। ਚੀਨ ਨੇ ਦੂਜੇ ਧੁਰੇ ਵਜੋਂ ਰੂਸ ਦੀ ਥਾਂ ਲੈ ਲਈ ਹੈ। ਸ਼ੇਖਰ ਗੁਪਤਾ ਦਾ ਇਹ ਵੀ ਕਹਿਣਾ ਹੈ ਕਿ ਦੋ ਦੁਸ਼ਮਣ ਧਿਰਾਂ ਵਿਚਾਲੇ ਸਮਝੌਤਾ ਸਿਰਫ ਵੱਡੀ ਧਿਰ ਦੀ ਮਰਜੀ ਨਾਲ ਹੀ ਸੰਭਵ ਹੈ ਅਤੇ ਸਰਹੱਦੀ ਫੈਸਲੇ ਨੂੰ ਨਿਬੇੜਨ ਵਿਚ ਚੀਨ ਦੀ ਕੋਈ ਦਿਲਚਸਪੀ ਨਹੀਂ। ਸ਼ੀ ਜਿਨਪਿੰਗ ਭਾਰਤ ਨਾਲ ਸਮਝੌਤਾ ਨਹੀਂ ਕਰੇਗਾ।

ਸ਼ੇਖਰ ਗੁਪਤਾ ਪੁਛਦਾ ਹੈ ਕਿ ਕੀ ਫਿਰ ਮੋਦੀ ਪਾਕਿਸਤਾਨ ਨਾਲ ਸਮਝੌਤਾ ਕਰੇਗਾ? ਸ਼ੇਖਰ ਗੁਪਤਾ ਫਿਰ ਆਪ ਹੀ ਜੁਆਬ ਦਿੰਦਾ ਹੈ: ਇਹ ਸਮਝੌਤਾ ਰਾਤੋ-ਰਾਤ ਨਹੀਂ ਹੋ ਸਕਦਾ ਅਤੇ ਫਿਰ ਇਸ ਸਮਝੌਤੇ ਦਾ ਇਕ ਦੂਜਾ ਪੱਖ ਵੀ ਹੈ। ਮੋਦੀ ਨੂੰ ਆਪਣੀ ਪਾਕਿਸਤਾਨ-ਦਹਿਸ਼ਤਗਰਦੀ ਅਤੇ ਇਸਲਾਮ ਵਿਰੋਧੀ ਸਾਰੀ ਚੋਣ ਰਣਨੀਤੀ ਬਦਲਣੀ ਪਵੇਗੀ। ਪਰ ਫਿਰ ਇਹ ਸੁਆਲ ਪੈਦਾ ਹੁੰਦਾ ਹੈ ਕਿ ਕੀ ਤੁਹਾਡੀਆਂ ਭੜਕਾਈਆਂ ਰਾਸ਼ਟਰਵਾਦੀ ਭਾਵਨਾਵਾਂ ਤੁਹਾਨੂੰ ਇੰਜ ਕਰਨ ਦੇਣਗੀਆਂ? ਇਥੇ ਆ ਕੇ ਮੋਦੀ ਦੀ 'ਦੇਸ਼ ਭਗਤ' ਨਫਰਤੀ ਰਾਜਨੀਤੀ ਦੇ ਸਾਰੇ ਰਸਤੇ ਬੰਦ ਹੋ ਜਾਂਦੇ ਹਨ।

ਸ਼ੇਖਰ ਗੁਪਤਾ ਦਾ ਹਵਾਲਾ ਮੈਂ ਸੁਚੇਤ ਰੂਪ ਵਿਚ ਇਸ ਕਰ ਕੇ ਦਿੱਤਾ ਹੈ ਤਾਂ ਕਿ ਕਿਤੇ ਇਹ ਨਾ ਸਮਝਿਆ ਜਾਏ ਕਿ ਇਹ ਸਾਰਾ ਬਿਰਤਾਂਤ ਮੈਂ ਆਪਣੇ ਤਰਕ ਦੀ ਪੁਸ਼ਟੀ ਲਈ ਘੜ ਰਿਹਾ ਹਾਂ। ਇਹ ਬਾਹਰਮੁਖੀ ਹਾਲਤਾਂ ਹਨ, ਜਿਨ੍ਹਾਂ ਵਿਚ ਮੋਦੀ ਸਰਕਾਰ ਘਿਰ ਗਈ ਹੈ। ਚੀਨ ਨਾਲ ਉਹ ਲੜ ਨਹੀਂ ਸਕਦੀ ਅਤੇ ਲੜੇ ਬਿਨਾ ਚੀਨ ਗਲਵਾਨ ਘਾਟੀ ਅਤੇ ਆਪਣੇ ਕਬਜੇ ਹੇਠ ਲਏ ਹੋਰ ਇਲਾਕੇ ਛੱਡਣ ਨੂੰ ਤਿਆਰ ਨਹੀਂ। ਪਾਰਲੀਮੈਂਟ ਵਿਚ ਚੀਨ ਕੋਲੋਂ ਅਕਸਾਈ ਚਿੰਨ੍ਹ ਲੈਣ ਦੇ ਦਾਅਵੇ ਕਰਨ ਵਾਲਾ ਅਮਿਤ ਸ਼ਾਹ ਹੁਣ ਇਸ ਸਾਰੇ ਮਸਲੇ ਬਾਰੇ ਦੜ ਵੱਟ ਗਿਆ ਹੈ। ਆਪਣੇ ਤੋਂ ਮਾੜੇ ਮੁਲਕ ਪਾਕਿਸਤਾਨ ਨੂੰ ਧਮਕੀਆਂ ਦੇ ਕੇ 'ਦੇਸ਼ ਭਗਤੀ' ਦੀਆਂ ਡੀਂਗਾਂ ਮਾਰਨ ਵਾਲੇ ਲੋਕ ਹੁਣ ਅਮਰੀਕੀ ਸਮੁੰਦਰੀ ਜੰਗੀ ਬੇੜਿਆਂ ਦੀ ਦੱਖਣੀ ਚੀਨ ਵਿਚ ਮੌਜੂਦਗੀ ਅਤੇ 'ਜਲਾਵਤਨ' ਤਿੱਬਤ ਸਰਕਾਰ ਦਾ ਦਬਾਅ ਪਾ ਕੇ ਆਪਣੀ ਝੂਠੀ ਇੱਜਤ ਬਚਾਉਣ ਦਾ ਕੋਈ ਰਾਹ ਲੱਭ ਰਹੇ ਹਨ।

ਇਥੇ ਧਿਆਨ ਵਿਚ ਰਹੇ ਕਿ 1980 ਵਿਆਂ ਵਿਚ ਇਸ ਨਫਰਤੀ ਰਾਜਨੀਤੀ ਦਾ ਅਰੰਭ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਸੀ, ਜਿਸ ਦਾ ਸਿੱਟਾ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਅਤੇ ਉਸ ਦੀ ਮੌਤ ਦੇ ਰੂਪ ਵਿਚ ਨਿਕਲਿਆ। ਲਾਲ ਕ੍ਰਿਸ਼ਨ ਅਡਵਾਨੀ ਨੇ ਇਸੇ ਨਫਰਤੀ ਰਾਜਨੀਤੀ ਨੂੰ ਮੁਸਲਿਮ ਵਿਰੋਧ ਵਿਚ ਜਥੇਬੰਦ ਕਰ ਕੇ 6 ਦਸੰਬਰ 1992 ਨੂੰ ਬਾਬਰੀ ਮਸਜਿਦ ਦੀ ਸ਼ਹਾਦਤ ਨਾਲ ਅੱਗੇ ਤੋਰਿਆ ਅਤੇ ਕੇਂਦਰ ਵਿਚ ਕਰੀਬ ਸਾਢੇ ਪੰਜ ਸਾਲ ਸਰਕਾਰ ਚਲਾਈ। ਨਰੇਂਦਰ ਮੋਦੀ ਉਸੇ ਬ੍ਰਾਹਮਣੀ ਨਫਰਤੀ ਰਾਜਨੀਤੀ ਦਾ ਕਾਰਪੋਰੇਟ ਸੈਕਟਰ ਨਾਲ ਗਠਜੋੜ ਬਣਾ ਕੇ ਉਸ ਰਾਜਨੀਤੀ ਨੂੰ ਇਥੇ ਤਕ ਲੈ ਕੇ ਆਇਆ ਹੈ। ਸ਼ੇਖਰ ਗੁਪਤਾ ਦੇ ਕਥਨ ਅਨੁਸਾਰ 'ਨਰੇਂਦਰ ਮੋਦੀ ਨੇ ਆਪਣੀ ਸਾਰੀ ਰਾਜਸੀ ਚੋਣ-ਨੀਤੀ ਪਾਕਿਸਤਾਨ, ਦਹਿਸ਼ਤਗਰਦੀ ਅਤੇ ਇਸਲਾਮ ਵਿਰੁਧ ਸੇਧਤ ਕਰ ਦਿੱਤੀ।'

ਬਿਨਾ ਸ਼ੱਕ ਨਰੇਂਦਰ ਮੋਦੀ ਨੇ ਅਡਵਾਨੀ ਦੀ ਬ੍ਰਾਹਮਣੀ ਨਫਰਤੀ ਰਾਜਨੀਤੀ ਨੂੰ ਹੋਰ ਉਚੇ ਪੱਧਰ ਉਤੇ ਪੁਚਾਇਆ। ਦਸੰਬਰ 2008 ਵਿਚ ਹੋਈਆਂ ਗੁਜਰਾਤ ਚੋਣਾਂ ਦੌਰਾਨ ਉਸ ਨੇ ਸਾਰੇ ਸਥਾਪਿਤ ਨੇਮਾਂ ਦੀਆਂ ਧੱਜੀਆਂ ਉਡਾਉਂਦਿਆਂ ਸ਼ਰੇਆਮ ਇਸਲਾਮ ਅਤੇ ਪਾਕਿਸਤਾਨ ਵਿਰੁਧ ਜ਼ਹਿਰ ਉਗਲੀ। ਉਸ ਦੇ ਪ੍ਰਚਾਰ ਦਾ ਕੇਂਦਰੀ ਨੁਕਤਾ ਇਹ ਸੀ, "ਇਹ ਚੋਣਾਂ ਧਰਮ ਨਾਲ ਸਬੰਧਤ ਹਨ। ਇਹ ਚੋਣਾਂ ਫੈਸਲਾ ਕਰਨਗੀਆਂ ਕਿ ਹਿੰਦੂਆਂ ਦਾ ਰਖਵਾਲਾ ਕੌਣ ਹੈ? ਜਦੋਂ ਅਸੀਂ ਹਿੰਦੂ ਧਰਮ ਨੂੰ ਬਚਾਉਣ ਦੀ ਗੱਲ ਕਰਦੇ ਹਾਂ ਤਾਂ ਕਿਹਾ ਜਾਂਦਾ ਹੈ ਕਿ ਅਸੀਂ ਹਿੰਦੂ ਅਤਿਵਾਦ ਫੈਲਾ ਰਹੇ ਹਾਂ। ਹਿੰਦੂ ਅਤਿਵਾਦੀ ਨਹੀਂ ਬਣ ਸਕਦੇ। ਜੇ ਕਿਸੇ ਦਿਨ ਹਿੰਦੂਆਂ ਦਾ ਇਕ ਗਰੁਪ ਵੀ ਅਤਿਵਾਦੀ ਬਣ ਗਿਆ ਤਾਂ ਉਹ ਦੁਨੀਆਂ ਉਤੇ ਰਾਜ ਕਰਨਗੇ ਅਤੇ ਪਾਕਿਸਤਾਨ ਦਾ ਇਸ ਦੁਨੀਆਂ ਤੋਂ ਨਾਂ-ਨਿਸ਼ਾਨ ਤਕ ਮਿਟ ਜਾਏਗਾ। ਮੈਂ ਗੋਧਰਾ ਦੇ ਮੁਸਲਮਾਨਾਂ ਨੂੰ ਕਿਹਾ ਸੀ ਕਿ ਉਹ ਮੁਜਰਿਮਾਂ ਨੂੰ ਸ਼ਰਨ ਨਾ ਦੇਣ, ਪਰ ਉਹ ਨਹੀਂ ਮੰਨੇ। ਅੱਜ ਉਹ ਸ਼ਰਮ ਨਾਲ ਸਿਰ ਉਚਾ ਨਹੀਂ ਕਰ ਸਕਦੇ। (ਇਥੇ ਮੋਦੀ 2002 ਵਿਚ ਗੁਜਰਾਤ ਅੰਦਰ ਉਸ ਦੀ ਅਗਵਾਈ ਹੇਠ ਮੁਸਲਮਾਨਾਂ ਦੇ ਹੋਏ ਕਤਲੇਆਮ ਦਾ ਹਵਾਲਾ ਦੇ ਰਿਹਾ ਹੈ।) ਮੁਸ਼ੱਰਫ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਉਸ ਨੇ ਗੁਜਰਾਤ ਦੇ ਲੋਕਾਂ ਲਈ ਕੋਈ ਸਮੱਸਿਆ ਖੜੀ ਕੀਤੀ ਤਾਂ ਹਿੰਦੂ ਦਹਿਸ਼ਤਗਰਦ ਬਣ ਕੇ ਪਾਕਿਸਤਾਨ ਦਾ ਸੰਸਾਰ ਦੇ ਨਕਸ਼ੇ ਤੋਂ ਨਿਸ਼ਾਨ ਤਕ ਮਿਟਾ ਦੇਣਗੇ।"

ਇਸੇ ਨਫਰਤੀ ਰਾਜਨੀਤੀ ਦਾ ਪ੍ਰਚਾਰ ਹੁਣ ਤਕ ਮੋਦੀ ਕਰਦਾ ਆ ਰਿਹਾ ਹੈ, ਪਰ ਇਸ ਨਫਰਤੀ ਰਾਜਨੀਤੀ ਦੀਆਂ ਆਪਣੀਆਂ ਸੀਮਾਵਾਂ ਹਨ। ਨਫਰਤ ਦੀ ਰਾਜਨੀਤੀ ਨੂੰ ਲਗਾਤਾਰ ਜਾਰੀ ਰੱਖਣ ਲਈ ਨਫਰਤੀ ਭੱਠੀ ਨੂੰ ਨਿਰੰਤਰ ਬਲਦੀ ਰੱਖਣਾ ਪੈਂਦਾ ਹੈ। ਇਸੇ ਰਾਜਨੀਤੀ ਦੀ ਇਕ ਕੜੀ ਵਜੋਂ 5 ਅਗਸਤ 2019 ਨੂੰ ਜੰਮੂ ਅਤੇ ਕਸ਼ਮੀਰ ਸੂਬੇ ਦੀ ਧਾਰਾ 370 ਖਤਮ ਕਰ ਦਿੱਤੀ ਗਈ। ਸੂਬੇ ਨੂੰ ਦੋ ਹਿਸਿਆਂ ਵਿਚ ਵੰਡ ਕੇ ਜੰਮੂ ਕਸ਼ਮੀਰ ਨੂੰ ਦਿੱਲੀ ਦੀ ਸਿੱਧੀ ਬਸਤੀ ਬਣਾਉਣ ਦਾ ਇਕ ਤਰਫਾ ਧੱਕੜ ਫੈਸਲਾ ਲਾਗੂ ਕਰ ਦਿੱਤਾ ਗਿਆ। ਗੱਲ ਇਥੇ ਹੀ ਖਤਮ ਨਹੀਂ ਹੋਈ। ਆਪਣੇ ਆਪ ਨੂੰ ਸਰਦਾਰ ਪਟੇਲ ਦੇ ਵਾਰਿਸ ਹੋਣ ਦਾ ਦਾਅਵਾ ਕਰਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਰਲੀਮੈਂਟ ਵਿਚ ਇਹ ਐਲਾਨ ਕਰ ਮਾਰਿਆ ਕਿ ਅਗਲੀ ਵਾਰੀ ਆਜ਼ਾਦ ਕਸ਼ਮੀਰ ਨੂੰ ਪਾਕਿਸਤਾਨ ਕੋਲੋਂ ਅਤੇ ਅਕਸਾਈ ਚਿੰਨ੍ਹ ਨੂੰ ਚੀਨ ਕੋਲੋਂ ਆਜ਼ਾਦ ਕਰਵਾਉਣ ਦੀ ਹੈ। ਬਸ ਇਥੇ ਹੀ ਮੋਦੀ-ਸ਼ਾਹ-ਡੋਵਾਲ ਤ੍ਰਿਕੜੀ ਮਾਰ ਖਾ ਗਈ। ਪੰਜਾਬੀ ਵਿਚ ਇਕ ਕਹਾਵਤ ਹੈ, 'ਅਤਿ ਤੇ ਖੁਦਾ ਦਾ ਵੈਰ ਹੁੰਦਾ ਹੈ।' ਦੇਸ਼ ਅੰਦਰਲੇ ਸਿੱਖਾਂ ਅਤੇ ਮੁਸਲਮਾਨਾਂ ਸਮੇਤ ਧਾਰਮਿਕ ਘਟ ਗਿਣਤੀਆਂ ਅਤੇ ਦਲਿਤਾਂ ਦੇ ਮਨਾਂ ਵਿਚ ਪੁਲਸੀ ਦਹਿਸ਼ਤ ਪਾ ਕੇ ਸਦਾ ਲਈ ਰਾਜ ਕਰਨ ਦਾ ਸੁਪਨਾ ਲੈਣ ਵਾਲੀ ਇਹ ਤ੍ਰਿਕੜੀ ਅਮਰੀਕੀ ਸਾਮਰਾਜ ਦੀ ਸ਼ਹਿ ਉਤੇ ਚੀਨ ਨੂੰ ਵੰਗਾਰਨ ਦੀ ਹਿੰਮਤ ਕਰ ਬੈਠੀ। ਤ੍ਰਿਕੜੀ ਦੇ ਮਨ ਵਿਚ ਇਹ ਵਹਿਮ ਸੀ ਕਿ ਵੱਡੀ ਭਾਰਤੀ ਮੰਡੀ ਦੇ ਲਾਲਚ ਵਿਚ ਚੀਨ ਇਨ੍ਹਾਂ 'ਰਾਮ ਭਗਤਾਂ' ਦੀਆਂ ਧਮਕੀਆਂ ਬਾਰੇ ਦੜ ਵੱਟ ਜਾਏਗਾ, ਪਰ ਹੋਇਆ ਇਸ ਦੇ ਐਨ ਉਲਟ। ਇਸੇ ਨਫਰਤੀ ਰਾਜਨੀਤੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਅੱਜ ਦੇਸ਼ ਦੋਹਾਂ ਪਾਸਿਆਂ ਤੋਂ ਘਿਰ ਗਿਆ ਹੈ।

ਭਾਰਤੀ ਫੌਜ ਦੇ 20 ਜਵਾਨ ਮਾਰ ਕੇ, 76 ਬੁਰੀ ਤਰ੍ਹਾਂ ਜਖਮੀ ਕਰ ਕੇ ਅਤੇ 10 ਬੰਦੀ ਬਣਾ ਕੇ ਚੀਨ ਨੇ ਮੋਦੀ ਸਰਕਾਰ ਨੂੰ ਇਕ ਵੱਡਾ ਝਟਕਾ ਦਿੱਤਾ ਹੈ। ਲੱਦਾਖ ਵਿਚ ਚੀਨ ਦੀ ਇਸ ਫੌਜੀ ਕਾਰਵਾਈ ਨੇ ਨਾ ਸਿਰਫ ਭਾਰਤੀ ਫੌਜ ਸਗੋਂ ਆਰ. ਐਸ. ਐਸ. ਸਮੇਤ ਮੋਦੀ ਸਰਕਾਰ ਨੂੰ ਸੰਸਾਰ ਭਰ ਵਿਚ ਜਲੀਲ ਕੀਤਾ ਹੈ। ਸਾਰੇ ਮਿੰਨਤਾਂ ਤਰਲਿਆਂ ਦੇ ਬਾਵਜੂਦ ਚੀਨੀ ਫੌਜ ਪਿਛੇ ਹਟਣ ਤੋਂ ਸਾਫ ਇਨਕਾਰ ਕਰ ਰਹੀ ਹੈ। ਮੋਦੀ ਸਰਕਾਰ ਵਲੋਂ ਲੱਦਾਖ ਖੇਤਰ ਨੂੰ ਕਸ਼ਮੀਰ ਨਾਲੋਂ ਵੱਖ ਕਰਨਾ ਚੀਨ ਦੇ ਹੱਕ ਵਿਚ ਭੁਗਤਿਆ ਹੈ, ਕਿਉਂਕਿ ਕਸ਼ਮੀਰ ਦਾ ਮਸਲਾ ਯੂਨਾਈਟਿਡ ਨੇਸ਼ਨਜ਼ ਵਿਚ ਹੋਣ ਕਰਕੇ ਚੀਨ ਇਸ ਇਲਾਕੇ ਉਤੇ ਆਪਣੇ ਦਾਅਵੇ ਨੂੰ ਜੋਰਦਾਰ ਢੰਗ ਨਾਲ ਪੇਸ਼ ਨਹੀਂ ਸੀ ਕਰ ਸਕਦਾ, ਪਰ ਹੁਣ ਜਦੋਂ ਕਿ ਮੋਦੀ ਸਰਕਾਰ ਨੇ ਖੁਦ ਹੀ ਲੱਦਾਖ ਨੂੰ ਕਸ਼ਮੀਰ ਨਾਲੋਂ ਵਖ ਕਰ ਦਿੱਤਾ ਹੈ ਤਾਂ ਚੀਨ ਸਰਕਾਰ ਦੇ ਇਸ ਇਲਾਕੇ ਉਤੇ ਦਾਅਵਾ ਕਰਨ ਨੂੰ ਯੂਨਾਈਟਿਡ ਨੇਸ਼ਨਜ਼ ਵਿਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਚੀਨ ਦੀ ਇਸ ਇਕੋ ਕਾਰਵਾਈ ਨੇ ਮੋਦੀ ਸਰਕਾਰ ਦੇ ਪੈਰਾਂ ਹੇਠੋਂ ਜਮੀਨ ਖਿਚ ਲਈ ਹੈ। ਨਾ ਸਿਰਫ ਏਸ਼ੀਆ ਸਗੋਂ ਸਮਾਂ ਪਾ ਕੇ ਸਾਰੇ ਸੰਸਾਰ ਦੇ ਚੌਧਰੀ ਬਣਨ ਦੀਆਂ ਉਸ ਦੀਆਂ ਸਾਮਰਾਜੀ ਲਾਲਸਾਵਾਂ ਉਤੇ ਪਾਣੀ ਫਿਰ ਗਿਆ ਹੈ। ਚੀਨ ਦੀ ਸਰਕਾਰੀ ਅਖਬਾਰ 'ਗਲੋਬਲ ਟਾਈਮਜ਼' ਨੇ ਮੋਦੀ ਸਰਕਾਰ ਨੂੰ ਬੜੀ ਸਪਸ਼ਟ ਚੇਤਾਵਨੀ ਦਿੱਤੀ ਹੈ ਕਿ ਜਾਂ ਤਾਂ ਉਹ ਕਰੋਨਾ ਵਾਇਰਸ ਦੀ ਮਹਾਮਾਰੀ ਪਿਛੋਂ ਬਣਨ ਵਾਲੇ ਨਵੇਂ ਸੰਸਾਰ ਪ੍ਰਬੰਧ ਵਿਚ ਚੀਨ ਦੀ ਚੌਧਰ ਕਬੂਲ ਕਰੇ, ਨਹੀਂ ਤੇ ਡੁਬ ਰਹੇ ਅਮਰੀਕੀ ਸਾਮਰਾਜ ਦੇ ਬੇੜੇ ਵਿਚ ਸੁਆਰ ਹੋ ਕੇ ਉਸ ਦੇ ਨਾਲ ਹੀ ਡੁਬਣ ਲਈ ਤਿਆਰ ਰਹੇ।

ਚੀਨ ਦੀ ਇਹ ਫੌਜੀ ਕਾਰਵਾਈ ਮੋਦੀ ਸਰਕਾਰ ਵਲੋਂ ਆਜ਼ਾਦ ਕਸ਼ਮੀਰ ਵਿਚ ਕਿਸੇ ਵੀ ਕਿਸਮ ਦੀ ਮਾਅਰਕੇਬਾਜ਼ੀ ਕਰਨ ਵਿਚ ਵੀ ਵੱਡੀ ਰੁਕਾਵਟ ਬਣ ਗਈ ਹੈ। ਆਜ਼ਾਦ ਕਸ਼ਮੀਰ ਦੇ ਕੋਲ ਬੈਠੀ ਚੀਨੀ ਫੌਜ ਮੋਦੀ ਸਰਕਾਰ ਦੀ ਇਸ ਕਿਸਮ ਦੀ ਕਿਸੇ ਵੀ ਹਰਕਤ ਵਿਚ ਸੌਖਿਆਂ ਹੀ ਦਖਲ-ਅੰਦਾਜ਼ੀ ਕਰਨ ਦੀ ਹਾਲਤ ਵਿਚ ਹੋ ਗਈ ਹੈ। ਇਸ ਕਾਰਵਾਈ ਨੇ ਪਾਕਿਸਤਾਨ ਦੇ ਚਾਰ ਟੁਕੜੇ ਕਰਨ ਦਾ ਭਰਮ ਪਾਲ ਰਹੀ ਭਾਰਤੀ ਫੌਜ ਅਤੇ ਆਰ. ਐਸ. ਐਸ. ਦੇ ਵੀ ਹੱਥ ਬੰਨ ਦਿੱਤੇ ਹਨ, ਕਿਉਂਕਿ ਇਸ ਕਾਰਵਾਈ ਨਾਲ ਮੋਦੀ ਸਰਕਾਰ ਨੂੰ ਸਪਸ਼ਟ ਸੰਕੇਤ ਪਹੁੰਚ ਗਿਆ ਹੈ ਕਿ ਪਾਕਿਸਤਾਨ ਉਤੇ ਕੀਤੇ ਗਏ ਕਿਸੇ ਵੀ ਹਮਲੇ ਨੂੰ ਚੀਨੀ ਫੌਜ ਦਰਸ਼ਕ ਬਣ ਕੇ ਨਹੀਂ ਵੇਖੇਗੀ। ਫਿਰ ਨੇਪਾਲ ਕੋਲੋਂ ਇਸ ਖਿਤੇ ਵਿਚ ਭਾਰਤੀ ਚੌਧਰ ਨੂੰ ਚੁਣੌਤੀ ਦਿਵਾ ਕੇ ਚੀਨ ਨੇ ਸਾਰੇ ਸੰਸਾਰ ਨੂੰ ਇਹ ਵੀ ਵਿਖਾ ਦਿੱਤਾ ਹੈ ਕਿ ਨਾ ਸਿਰਫ ਪਾਕਿਸਤਾਨ ਸਗੋਂ ਇਸ ਖਿਤੇ ਵਿਚਲੇ ਸਾਰੇ ਛੋਟੇ ਗੁਆਂਢੀ ਮੁਲਕ ਹੀ ਮੋਦੀ ਸਰਕਾਰ ਦੀਆਂ ਸਾਮਰਾਜੀ ਨੀਤੀਆਂ ਤੋਂ ਪ੍ਰੇਸ਼ਾਨ ਹਨ। ਅਸਾਮ ਵਿਚਲੇ ਜਿਹਤੇ ਬੰਗਲਾ ਦੇਸ਼ੀਆਂ ਦੀ ਅਮਿਤ ਸ਼ਾਹ ਸਿਉਂਕ ਨਾਲ ਤੁਲਨਾ ਕਰਦਾ ਸੀ, ਅੱਜ ਉਸੇ ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਭਾਰਤ ਦੀ ਰਾਜਦੂਤ ਨੂੰ ਮਿਲਣ ਤੋਂ ਵੀ ਇਨਕਾਰੀ ਹੈ।

ਭਾਰਤੀ ਜਨਤਾ ਪਾਰਟੀ ਦੇ ਰਾਜ ਸਭਾ ਮੈਂਬਰ ਅਤੇ ਮੂੰਹਫਟ ਆਗੂ ਸੁਬਰਾਮਨੀਅਮ ਸੁਆਮੀ ਨੇ ਇਸ ਹਕੀਕਤ ਦੀ ਪੁਸ਼ਟੀ ਇਹ ਕਹਿ ਕੇ ਕੀਤੀ ਹੈ ਕਿ ਮੋਦੀ ਸਰਕਾਰ ਦੀਆਂ ਆਰਥਕ ਨੀਤੀਆਂ ਵਾਂਗ ਉਸ ਦੀ ਵਿਦੇਸ਼ ਨੀਤੀ ਵੀ ਅਸਫਲ ਸਿੱਧ ਹੋਈ ਹੈ। ਉਲਟਾ ਹੁਣ ਪਾਕਿਸਤਾਨ ਨੇ ਜੂਨਾਗੜ੍ਹ ਉਤੇ ਆਪਣਾ ਹੱਕ ਜਤਾ ਕੇ ਜੰਗ ਲੱਗਣ ਦੀ ਸੂਰਤ ਵਿਚ ਗੁਜਰਾਤ ਸਰਹੱਦ ਉਤੇ ਚੌਥਾ ਮੋਰਚਾ ਖੁੱਲ੍ਹਣ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ। ਭਾਰਤ-ਚੀਨ ਲੜਾਈ ਹੋਣ ਦੀ ਸੂਰਤ ਵਿਚ ਹੁਣ ਭਾਰਤੀ ਫੌਜ ਪਾਕਿਸਤਾਨ ਨਾਲ ਲੱਗਦੀ ਸਰਹੱਦ ਜੰਮੂ-ਕਸ਼ਮੀਰ, ਪੰਜਾਬ ਅਤੇ ਰਾਜਿਸਥਾਨ ਦੇ ਨਾਲ-ਨਾਲ ਗੁਜਰਾਤ ਦੀ ਸਰਹੱਦ ਉਤੇ ਵੀ ਤਾਇਨਾਤ ਕਰਨੀ ਪਵੇਗੀ।

ਮੋਦੀ ਸਰਕਾਰ ਦੀ ਮੁਸਲਮਾਨ ਵਿਰੋਧੀ ਰਾਜਨੀਤੀ ਦੀ ਵੀ ਫੂਕ ਨਿਕਲ ਗਈ ਹੈ। ਦੇਸ਼ ਵਿਚਲੇ ਮੁਸਲਮਾਨਾਂ ਨੂੰ ਡਰਾ-ਧਮਕਾ ਕੇ ਬ੍ਰਾਹਮਣ-ਬਾਣੀਆਂ ਵੋਟ ਇਕੱਠੀ ਕਰਨ ਦਾ ਰਾਹ ਮੁਸਲਿਮ ਮੁਲਕਾਂ ਵਿਚ ਪਨਪ ਰਹੇ ਭਾਰਤ ਵਿਰੋਧੀ ਰੋਹ ਨੇ ਰੋਕ ਦਿੱਤਾ ਹੈ। ਹੁਣ ਪਾਕਿਸਤਾਨ ਵਿਰੋਧੀ ਪ੍ਰਚਾਰ ਮਹਿੰਗਾ ਪੈ ਸਕਦਾ ਹੈ, ਕਿਉਂਕਿ ਇਸ ਕਿਸਮ ਦੇ ਪ੍ਰਚਾਰ ਨਾਲ ਜਦੋਂ ਹੀ ਪਾਕਿਸਤਾਨ ਵਿਰੁਧ ਕੋਈ ਕਾਰਵਾਈ ਕਰਨ ਦਾ ਦਬਾਅ ਬਣਿਆ, ਉਦੋਂ ਹੀ ਚੀਨੀ ਫੌਜ ਦੀ ਇਹ ਕਾਰਵਾਈ ਮੋਦੀ ਸਰਕਾਰ ਦੀ ਰਣਨੀਤੀ ਵਿਚ ਰੁਕਾਵਟ ਬਣੇਗੀ। ਇਸ ਤੋਂ ਪਹਿਲਾਂ ਕਿ ਕਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਨਜਿੱਠਣ ਵਿਚ ਨਾਕਾਮ ਰਹੀ ਮੋਦੀ-ਸਰਕਾਰ ਲੋਕਾਂ ਨੂੰ ਗੁੰਮਰਾਹ ਕਰਨ ਲਈ ਪਾਕਿਸਤਾਨ ਦੇ ਕਬਜੇ ਹੇਠਲੇ ਕਸ਼ਮੀਰ ਵਿਚ ਕੋਈ ਕਾਰਵਾਈ ਕਰਦੀ, ਚੀਨ ਨੇ ਭਾਰਤ ਨੂੰ ਲੱਦਾਖ ਵਿਚ ਉਲਝਾ ਲਿਆ ਹੈ।

ਭਾਰਤ-ਚੀਨ ਸਰਹੱਦੀ ਤਣਾਓ ਮਹਿਜ ਜਮੀਨੀ ਹੱਦਾਂ ਦਾ ਝਗੜਾ ਨਹੀਂ ਹੈ, ਸਗੋਂ ਇਹ ਦੋ ਸਾਮਰਾਜੀ ਮੁਲਕਾਂ ਵਿਚਾਲੇ ਕੁਦਰਤੀ ਸੋਮਿਆਂ ਉਤੇ ਕਬਜਾ ਕਰਨ ਅਤੇ ਸੰਸਾਰ ਭਰ ਵਿਚ ਆਪਣੀ ਚੌਧਰ ਕਾਇਮ ਕਰਨ ਦੀ ਲੜਾਈ ਹੈ। ਚੀਨ ਆਪਣੀ ਆਰਥਕ ਅਤੇ ਫੌਜੀ ਸ਼ਕਤੀ ਦੇ ਬਲਬੂਤੇ ਅਮਰੀਕੀ ਸਾਮਰਾਜ ਕੋਲੋਂ ਸੰਸਾਰ ਦੀ ਇਕੋ-ਇਕ ਮਹਾਸ਼ਕਤੀ ਹੋਣ ਦਾ ਤਾਜ ਖੋਹਣਾ ਚਾਹੁੰਦਾ ਹੈ। ਇਸ ਖੇਤਰ ਦਾ ਚੌਧਰੀ ਹੋਣ ਦਾ ਐਲਾਨ ਉਸ ਨੇ ਪਹਿਲਾਂ ਹੀ ਕਰ ਦਿੱਤਾ ਹੈ। ਮੋਦੀ, ਸ਼ਾਹ ਤੇ ਡੋਵਾਲ ਤਿੱਕੜੀ ਅਮਰੀਕੀ ਸਾਮਰਾਜ ਦੇ ਆਸਰੇ ਇਹ ਤਾਜ ਆਪਣੇ ਸਿਰ ਸਜਾਉਣ ਦੇ ਸੁਪਨੇ ਲੈ ਰਹੀ ਹੈ, ਪਰ ਹੁਣ ਉਸ ਦੇ ਇਨ੍ਹਾਂ ਸੁਪਨਿਆਂ ਉਤੇ ਪਾਣੀ ਫਿਰ ਗਿਆ ਹੈ। ਵਿਸ਼ਵ ਗੁਰੂ ਹੋਣ ਦਾ ਐਲਾਨ ਕਰ ਕੇ ਮੋਦੀ ਸਰਕਾਰ ਅਮਰੀਕੀ ਸਾਮਰਾਜ ਦੀ ਮਦਦ ਨਾਲ ਇਸ ਖਿਤੇ ਵਿਚ ਆਪਣੀ ਚੌਧਰ ਸਥਾਪਿਤ ਕਰਨ ਲਈ ਚੀਨ ਨੂੰ ਪਛਾੜਨ ਦਾ ਜੋ ਭਰਮ ਪਾਲ ਰਹੀ ਸੀ, ਉਹ ਹੁਣ ਉਲਟਾ ਪੈ ਗਿਆ ਹੈ। ਮੋਦੀ ਸਰਕਾਰ ਆਪਣੇ ਹੀ ਬਣਾਏ ਭਰਮਜਾਲ 'ਚ ਫਸ ਗਈ ਹੈ।

10 ਅਪਰੈਲ 1974 ਨੂੰ ਯੂਨਾਈਟਿਡ ਨੇਸ਼ਨਜ਼ ਦੀ ਆਮ ਸਭਾ ਦੇ ਖਾਸ ਇਜਲਾਸ ਵਿਚ ਚੀਨੀ ਆਗੂ ਡੇਂਗ-ਸਿਆਓ-ਪਿੰਗ ਨੇ ਇਕ 'ਮਹਾਸ਼ਕਤੀ' ਦੀ ਵਿਆਖਿਆ ਕਰਦਿਆਂ ਕਿਹਾ ਸੀ, "ਮਹਾਸ਼ਕਤੀ ਇਕ ਸਾਮਰਾਜੀ ਮੁਲਕ ਹੁੰਦਾ ਹੈ, ਜੋ ਹਰੇਕ ਥਾਂ ਦੂਜੇ ਮੁਲਕਾਂ ਨੂੰ ਆਪਣੀਆਂ ਹਮਲਾਵਰ ਨੀਤੀਆਂ ਦਾ ਸ਼ਿਕਾਰ ਬਣਾਉਂਦਾ ਹੈ, ਉਨ੍ਹਾਂ ਦੇ ਅੰਦਰੂਨੀ ਮਸਲਿਆਂ ਵਿਚ ਦਖਲ ਦਿੰਦਾ ਹੈ, ਉਨ੍ਹਾਂ ਉਤੇ ਕਬਜਾ ਕਰਦਾ ਹੈ, ਉਨ੍ਹਾਂ ਅੰਦਰ ਭੰਨਤੋੜ ਕਰਦਾ ਹੈ ਜਾਂ ਉਨ੍ਹਾਂ ਦੀ ਲੁਟ ਕਰਦਾ ਹੈ ਅਤੇ ਆਪਣੀ ਸੰਸਾਰ ਚੌਧਰ ਸਥਾਪਿਤ ਕਰਨ ਦੇ ਯਤਨ ਕਰਦਾ ਹੈ। ਜੇ ਕਿਸੇ ਵੱਡੇ ਸਮਾਜਵਾਦੀ ਮੁਲਕ ਵਿਚ ਪੂੰਜੀਵਾਦ ਮੁੜ ਬਹਾਲ ਹੋ ਜਾਏ ਤਾਂ ਯਕੀਨੀ ਹੈ ਕਿ ਉਹ ਇਕ ਮਹਾਂਸ਼ਕਤੀ ਬਣ ਜਾਏਗਾ।...ਚੀਨ ਕਦੇ ਵੀ ਆਪਣਾ ਖਾਸਾ ਨਹੀਂ ਬਦਲੇਗਾ ਅਤੇ ਹਮੇਸ਼ਾ ਦਬੇ-ਕੁਚਲੇ ਲੋਕਾਂ ਅਤੇ ਦਬੀਆਂ-ਕੁਚਲੀਆਂ ਕੌਮਾਂ ਦੇ ਹੱਕ ਵਿਚ ਖੜੇਗਾ, ਪਰ ਜੇ ਇਕ ਦਿਨ ਚੀਨ ਨੇ ਆਪਣਾ ਰੰਗ ਬਦਲ ਲਿਆ ਅਤੇ ਉਹ ਮਹਾਂਸ਼ਕਤੀ ਬਣ ਗਿਆ, ਜੇ ਉਹ ਵੀ ਸੰਸਾਰ ਭਰ ਵਿਚ ਇਕ ਜਾਬਰ ਦਾ ਰੋਲ

*(ਬਾਕੀ ਅਗਲੇ ਸਫੇ 'ਤੇ)*



***ਅੱਜ ਮੋਦੀ ਤਿੱਕੜੀ ਦੀ ਨਫਰਤੀ ਰਾਜਨੀਤੀ ਦੇਸ਼ ਨੂੰ ਜਿਥੇ ਲੈ ਆਈ ਹੈ, ਉਸ ਤੋਂ ਅੱਗੇ ਹਨੇਰਾ ਖੂਹ ਹੈ। ਦੇਸ਼ ਦੇ ਲੋਕ ਕਿੰਨੇ ਭਿਆਨਕ ਸੰਕਟ ਵਿਚ ਫਸ ਗਏ ਹਨ, ਇਸ ਦਾ ਅੰਦਾਜ਼ਾ ਇਸ ਤਥ ਤੋਂ ਲਾਇਆ ਜਾ ਸਕਦਾ ਹੈ ਕਿ ਅੱਜ ਮੋਦੀ ਸਰਕਾਰ ਤੇ ਸੂਬਾ ਸਰਕਾਰਾਂ ਕੋਲ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਜੋਗੇ ਵੀ ਪੈਸੇ ਨਹੀਂ ਹਨ। ਅੱਜ ਕੇਂਦਰ ਸਰਕਾਰ ਜੀ. ਐਸ. ਟੀ. ਦੇ ਰੂਪ ਵਿਚ ਸੂਬਿਆਂ ਦਾ ਇਕੱਠਾ ਕੀਤਾ 97,000 ਕਰੋੜ ਰੁਪਿਆ ਉਨ੍ਹਾਂ ਨੂੰ ਦੇਣ ਤੋਂ ਇਨਕਾਰੀ ਹੈ। ਪਹਿਲਾਂ ਤਾਂ ਉਹ ਧੌਂਸ ਨਾਲ ਸੂਬਿਆਂ ਦਾ ਇਹ ਪੈਸਾ ਦਬਣ ਨੂੰ ਫਿਰਦੀ ਸੀ, ਪਰ ਜਦੋਂ ਸੋਨੀਆ ਗਾਂਧੀ ਨੇ ਕਾਂਗਰਸੀ ਤੇ ਵਿਰੋਧੀ ਸੂਬਿਆਂ ਦੇ 7 ਮੁੱਖ ਮੰਤਰੀਆਂ ਦੀ ਮੀਟਿੰਗ ਸੱਦ ਕੇ ਕੇਂਦਰ ਨੂੰ ਚੇਤਾਵਨੀ ਦਿੱਤੀ ਕਿ ਇਹ ਗੈਰਕਾਨੂੰਨੀ ਧੱਕੜਸ਼ਾਹੀ ਕੇਂਦਰ ਤੇ ਸੂਬਾ ਸਰਕਾਰਾਂ ਵਿਚਾਲੇ ਦਰਾੜ ਪੈਦਾ ਕਰ ਸਕਦੀ ਹੈ, ਤਾਂ ਲੱਦਾਖ ਘਟਨਾਵਾਂ ਕਾਰਨ ਪੈਦਾ ਹੋਈ ਰਾਸ਼ਟਰੀ ਸੁਰਖਿਆ ਦਾ ਵਾਸਤਾ ਪਾ ਕੇ ਉਨ੍ਹਾਂ ਨੂੰ ਰਿਜ਼ਰਵ ਬੈਂਕ ਤੋਂ ਕਰਜਾ ਲੈਣ ਲਈ ਮਨਾਇਆ ਜਾ ਰਿਹਾ ਹੈ। ਪੰਜਾਬ, ਦਿੱਲੀ ਅਤੇ ਕੇਰਲਾ ਨੇ ਇਉਂ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ।***

# ਸ਼੍ਰੋਮਣੀ ਕਮੇਟੀ 'ਚ ਭ੍ਰਿਸ਼ਟਾਚਾਰ ਦੇ ਭਬਾਕੇ ਨਿਕਲਣੇ ਸ਼ੁਰੂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਉਹ ਵੀ ਸਮਾਂ ਸੀ, ਜਦੋਂ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ, ਅੰਗਰੇਜ਼ਾਂ ਦੇ ਮਹੰਤਾਂ ਨਾਲ ਸਿੱਧੀ ਟੱਕਰ ਵਿਚ ਜਾਨਾਂ ਵਾਰੀਆਂ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਚੁਣੇ ਹੋਏ ਪ੍ਰਤੀਨਿਧਾਂ ਰਾਹੀਂ ਚਲਾਉਣ ਦਾ ਹੱਕ ਜਿੱਤਿਆ ਸੀ। ਸੰਘਰਸ਼ ਦੀ ਅਗਵਾਈ ਉਦੋਂ ਕਥਾ-ਕੀਰਤਨ ਕਰਨ ਵਾਲੇ ਰਵਾਇਤੀ ਸਿੱਖ ਸੰਤਾਂ ਨੇ ਨਹੀਂ ਸੀ ਕੀਤੀ, ਉਹ ਤਾਂ ਮਰਿਆਦਾ ਉਪਰ ਪਹਿਰਾ ਦੇਣਾ ਵੀ ਭੁੱਲ ਕੇ ਅੰਗਰੇਜ਼ਾਂ ਦੀ ਖੁਸ਼ੀ ਖਾਤਰ ਅਵੱਗਿਆ ਹੁੰਦੀ ਵੇਖ ਕੇ ਅੱਖਾਂ ਮੀਟ ਲੈਂਦੇ ਰਹੇ ਸਨ। ਕੁਰਬਾਨੀਆਂ ਕਰਨ ਵਾਲੇ ਹੋਰ ਸਨ ਅਤੇ ਸਮਾਂ ਪਾ ਕੇ ਕੁਰਬਾਨੀਆਂ ਦਾ ਲਾਹਾ ਲੈਣ ਵਾਲੇ ਲੋਕ ਅੱਗੇ ਆ ਗਏ ਹਨ। ਮੁਢਲੇ ਦਿਨਾਂ ਵਿਚ ਗੁਰੂਘਰਾਂ ਲਈ ਗਦਰ ਪਾਰਟੀ ਵਾਲੇ ਬਾਬਿਆਂ ਨੂੰ ਸਿੱਖ ਸੰਗਤ ਆਪ ਅੱਗੇ ਲਾਉਂਦੀ ਸੀ। ਜਦੋਂ ਉਹ ਆਜ਼ਾਦੀ ਲੈਣ ਲਈ ਜੇਲ੍ਹਾਂ ਵਿਚ ਚਲੇ ਗਏ ਤਾਂ ਹੌਲੀ-ਹੌਲੀ ਪ੍ਰਬੰਧ ਉਨ੍ਹਾਂ ਦੇ ਹੱਥੀਂ ਆਉਣ ਲੱਗ ਪਿਆ ਸੀ, ਜਿਨ੍ਹਾਂ ਦਾ ਗੋਲਕਾਂ ਵੱਲ ਮੂੰਹ ਅਤੇ ਗੁਰੂ ਵੱਲ ਪਿੱਠ ਹੁੰਦੀ ਸੀ। ਉਨ੍ਹਾਂ ਨੇ ਕੀਤੀ-ਕੱਤਰੀ ਨੂੰ ਸਿਆਸਤ ਦੀ ਭੇਟ ਚਾੜ੍ਹ ਛੱਡਿਆ। ਗੋਲਕਾਂ ਦਾ ਚੜ੍ਹਾਵਾ ਰਾਜਸੀ ਚੋਣਾਂ ਲਈ ਵਰਤਣ ਵਾਲਿਆਂ ਨੇ ਚਿਤਾਵਨੀਆਂ ਦੀ ਵੀ ਪ੍ਰਵਾਹ ਨਹੀਂ ਸੀ ਕੀਤੀ ਤੇ ਇਸ ਦਾ ਨਤੀਜਾ ਜੋ ਨਿਕਲਣਾ ਸੀ, ਉਹ ਆਖਰ ਨੂੰ ਲੋਕਾਂ ਸਾਹਮਣੇ ਆ ਗਿਆ ਹੈ। ਸ਼੍ਰੋਮਣੀ ਕਮੇਟੀ ਭ੍ਰਿਸ਼ਟਾਚਾਰ ਦਾ ਅੱਡਾ ਸਾਬਤ ਹੋਈ ਪਈ ਹੈ।

ਬਹੁਤ ਸਾਰੇ ਲੋਕਾਂ ਦਾ ਖਿਆਲ ਸੀ ਕਿ ਜਿਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਹੇਠਾਂ ਤੋਂ ਬਾਹਰਾ ਭ੍ਰਿਸ਼ਟਾਚਾਰ ਫੈਲਦਾ ਜਾਂਦਾ ਹੈ, ਉਹ ਇੱਕ ਦਿਨ ਖੁਦ ਹੀ ਭੜਾਸ ਦੇ ਭਬਾਕੇ ਨਾਲ ਬਾਹਰ ਆ ਜਾਵੇਗਾ। ਘਟਨਾਵਾਂ ਦੀ ਤੋਰ ਨੇ ਇਹੋ ਗੱਲ ਸਾਬਤ ਕੀਤੀ ਹੈ। ਸ਼ੁਰੂਆਤ ਤਾਂ ਪੰਜ ਸਿੰਘ ਸਾਹਿਬਾਨ, ਜੋ ਕੋਈ ਪੱਧਰ ਕਾਇਮ ਰੱਖੇ ਬਿਨਾ ਸੱਦੇ ਅਤੇ ਬਿਠਾਏ ਜਾਂਦੇ ਹਨ, ਦੀ ਮੀਟਿੰਗ ਨਾਲ ਹੋਈ। ਇਸ ਵਿਚ ਸਿੱਖ ਕਥਾਵਾਚਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਮੁੱਦਾ ਬਹੁਤ ਵੱਡਾ ਬਣਾ ਕੇ ਪੇਸ਼ ਕੀਤਾ, ਹਾਲਾਂਕਿ ਉਸ ਦੇ ਖਿਲਾਫ ਰੌਲਾ ਕੁਝ ਲੋਕ ਨਿੱਜੀ ਕਿੜਾਂ ਕਾਰਨ ਹੀ ਪਾਉਂਦੇ ਸਨ, ਅਸਲ ਵਿਚ ਮੁੱਦਾ ਹੀ ਨਹੀਂ ਸੀ। ਫਿਰ ਇਸ ਮੀਟਿੰਗ ਵਿਚ ਹੋਰ ਮੁੱਦੇ ਛੱਡ ਕੇ ਪਹਿਲਾ ਮੁੱਦਾ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਹੋਏ ਜਾਂ ਗਾਇਬ ਕੀਤੇ ਗਏ ਸਰੂਪਾਂ ਦਾ ਛੋਹ ਲਿਆ ਤਾਂ ਉਸੇ ਨੇ ਲੀਰਾਂ ਦਾ ਖਿੱਦੋ ਖਿਲਾਰ ਦਿੱਤਾ। ਪਹਿਲੀ ਵਾਰ ਇਹ ਗੱਲ




ਉਥੇ ਮੰਨਣੀ ਪਈ ਕਿ ਗੁਰੂ ਘਰ ਦੀ ਪ੍ਰਿੰਟਿੰਗ ਪ੍ਰੈੱਸ ਵਿਚ ਮੰਗ ਜੋਗੇ ਗੁਰੂ ਗ੍ਰੰਥ ਸਾਹਿਬ ਛਾਪਣ ਦੇ ਵਕਤ ਬਹੁਤ ਸਾਰੇ ਪੇਜ ਵਾਧੂ ਛਾਪ ਕੇ ਬਾਹਰੋ-ਬਾਹਰ ਉਨ੍ਹਾਂ ਦੀਆਂ ਜਿਲਦਾਂ ਬੰਨ੍ਹ ਕੇ ਕਮਾਈ ਹੋ ਰਹੀ ਸੀ। ਸਾਰਾ ਜ਼ਿੰਮਾ ਇਸ ਕੰਮ ਨਾਲ ਜੁੜੇ ਹੋਏ ਦੋ-ਚਾਰ ਬੰਦਿਆਂ ਸਿਰ ਸੁੱਟ ਕੇ ਲੀਡਰਸ਼ਿਪ ਅਤੇ ਖਾਸ ਤੌਰ ਉਤੇ ਪਬਲੀਕੇਸ਼ਨ ਦਾ ਸਭ ਤੋਂ ਵੱਧ ਸਮਾਂ ਇੰਚਾਰਜ ਰਹੇ ਸਾਬਕਾ ਚੀਫ ਸੈਕਟਰੀ ਨੂੰ ਸਿਰਫ ਅਸਤੀਫਾ ਪ੍ਰਵਾਨ ਕਰ ਕੇ ਛੱਡ ਦਿੱਤਾ ਹੈ। ਜਿਹੜੇ ਲੋਕਾਂ ਦੇ ਸਿਰ ਬੋਝ ਪਾਇਆ ਗਿਆ ਹੈ, ਉਹ ਮੂੰਹ ਪਾੜ-ਪਾੜ ਦੱਸੀ ਜਾਂਦੇ ਹਨ ਕਿ ਇਨ੍ਹਾਂ ਬੀੜਾਂ ਦੀ ਕਮਾਈ ਵਿਚੋਂ ਫਲਾਣੇ ਆਗੂ ਅਤੇ ਫਲਾਣੇ ਅਧਿਕਾਰੀ ਨੂੰ ਹਿੱਸਾ ਮਿਲਦਾ ਸੀ। ਇਸ ਤਰ੍ਹਾਂ ਜੇ ਸ਼੍ਰੋਮਣੀ ਕਮੇਟੀ ਇਹ ਸੋਚਦੀ ਹੋਵੇ ਕਿ ਚਾਰ ਬੰਦੇ ਅੱਗੇ ਕਰ ਕੇ ਬਾਕੀਆਂ ਨੂੰ ਬਚਾ ਲਿਆ ਜਾਵੇਗਾ ਤਾਂ ਇਹ ਕੋਸ਼ਿਸ਼ ਕਈ ਵੱਡਿਆਂ ਦੇ ਅਹੁਦਿਆਂ ਤੱਕ ਵੀ ਪਹੁੰਚ ਸਕਦੀ ਹੈ।

ਸ਼੍ਰੋਮਣੀ ਕਮੇਟੀ ਨੇ ਇਸ ਵਾਰੀ ਫੈਸਲਾ ਲੈਣ ਸਮੇਂ ਜਿਹੜੀ ਇੱਕੋ ਵੱਡੀ ਗੱਲ ਕੀਤੀ, ਉਹ ਇਹ ਸੀ ਕਿ ਕਮੇਟੀ ਦੇ ਸਾਰੇ ਵਹੀ-ਖਾਤਿਆਂ ਦਾ ਆਡਿਟ ਕਰਨ ਵਾਲੀ ਕੋਹਲੀ ਕੰਪਨੀ ਨੂੰ ਅੱਗੋਂ ਲਈ ਲਾਂਭੇ ਕਰ ਦਿੱਤਾ ਹੈ। ਕਰੋੜਾਂ ਦੀ ਕਮਾਈ ਇਸ ਕੰਪਨੀ ਨੂੰ ਸ਼੍ਰੋਮਣੀ ਕਮੇਟੀ ਦੇ ਖਾਤੇ ਵਿਚੋਂ ਹੁੰਦੀ ਰਹੀ ਹੈ ਤੇ ਉਦੋਂ ਇਸ ਦੇ ਖਿਲਾਫ ਰੌਲਾ ਪੈਂਦਾ ਵੀ ਗੌਲਿਆ ਨਹੀਂ ਸੀ ਜਾਂਦਾ, ਕਿਉਂਕਿ ਇਸ ਕੰਪਨੀ ਦੇ ਮਾਲਕ ਅਕਾਲੀ ਰਾਜਨੀਤੀ ਦੇ ਵੱਡੇ ਘਰ ਨਾਲ ਜੁੜੇ ਹੋਏ ਸਨ। ਨੇੜਿਉਂ ਜਾਣਨ ਦਾ ਦਾਅਵਾ ਕਰਨ ਵਾਲੇ ਲੋਕ ਇਹ ਕਹਿ ਰਹੇ ਹਨ ਕਿ ਇਸ ਕੰਪਨੀ ਨਾਲੋਂ ਵੱਧ ਲਿਹਾਜੂ ਲੱਭੀ ਕੰਪਨੀ ਨੂੰ ਇਹੋ ਕੰਮ ਸੌਂਪਣ ਲਈ ਸਾਰਾ ਡਰਾਮਾ ਕੀਤਾ ਗਿਆ ਹੈ। ਇਸ ਦੀ ਅਸਲੀਅਤ ਵੀ ਅਗਲੇ ਦਿਨਾਂ ਵਿਚ ਸਾਹਮਣੇ ਆ ਜਾਵੇਗੀ।

ਜੋ ਗੱਲ ਅਜੇ ਲੋਕਾਂ ਤੱਕ ਨਹੀਂ ਪਹੁੰਚੀ, ਉਹ ਇਹ ਹੈ ਕਿ ਕੁਰਬਾਨੀਆਂ ਨਾਲ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਛੁਡਾਉਣ ਪਿੱਛੋਂ ਬਣਾਈ ਗਈ ਇਸ ਸ਼੍ਰੋਮਣੀ ਕਮੇਟੀ ਵਿਚ ਭ੍ਰਿਸ਼ਟਾਚਾਰ ਹਰ ਪੱਧਰ ਉਤੇ ਹੁੰਦਾ ਹੈ। ਪਿਛਲੇ ਦਿਨੀਂ ਜਦੋਂ ਪੰਜਾਬ ਵਿਚ ਕਰੋਨਾ ਵਾਇਰਸ ਕਾਰਨ ਕਰਫਿਊ ਲੱਗਾ ਪਿਆ ਸੀ, ਸੰਗਤ ਗੁਰਦੁਆਰਿਆਂ ਵਿਚ ਜਾ ਨਹੀਂ ਸੀ ਸਕਦੀ, ਉਦੋਂ ਖਾਲਸੇ ਦੇ ਜਨਮ ਅਸਥਾਨ ਤਖਤ ਕੇਸਗੜ੍ਹ ਸਾਹਿਬ ਦੇ ਲੰਗਰ ਵਿਚ ਲੱਖਾਂ ਰੁਪਏ ਦੀ ਤਾਜ਼ਾ ਸਬਜ਼ੀ ਖਰੀਦੀ ਅਤੇ ਸੰਗਤ ਦੇ ਉਥੇ ਆਉਣ ਤੋਂ ਬਿਨਾ ਹੀ ਸੰਗਤ ਨੂੰ ਵਰਤਾਈ ਜਾਂਦੀ ਦਿਖਾਈ ਗਈ ਸੀ। ਰੌਲਾ ਪੈਣ ਮਗਰੋਂ ਛੋਟੇ ਬੰਦੇ ਦਾਅ ਉਤੇ ਲਾ ਕੇ ਵੱਡੀਆਂ ਪ੍ਰਬੰਧਕੀ ਤੋਪਾਂ ਅਤੇ ਧਾਰਮਿਕ ਪਦਵੀਆਂ ਦੇ ਮਾਲਕਾਂ ਨੂੰ ਬਚਾ ਲਿਆ ਸੀ। ਇਸ ਤੋਂ ਪਹਿਲਾਂ ਕਰੋਨਾ ਦੇ ਦੌਰ ਵਿਚ ਹੀ ਇਹ ਰੌਲਾ ਵੀ ਪਿਆ ਸੀ ਕਿ ਦਰਬਾਰ ਸਾਹਿਬ ਦੇ ਲੰਗਰ ਲਈ ਅਸਲੀ ਲੱਕੜਾਂ ਦੀ ਥਾਂ ਫਰ੍ਹੇ ਵਾਲੀਆਂ ਫੱਟੀਆਂ ਖਰੀਦਣ ਨਾਲ ਘਪਲਾ ਕੀਤਾ ਗਿਆ ਹੈ। ਉਦੋਂ ਪਹਿਲਾਂ ਲੰਗਰ ਵਿਚ ਆਉਂਦੇ ਘਿਓ ਅਤੇ ਬਹੁਤ ਸਾਰੀਆਂ ਹੋਰ ਵਸਤਾਂ ਦੀ ਖਰੀਦ ਦਾ ਵੀ ਘਪਲਾ ਨਿਕਲਿਆ ਸੀ। ਇੱਕ ਵਾਰੀ ਸ੍ਰੀ ਹਰਿਮੰਦਰ ਸਾਹਿਬ ਆਉਂਦੇ ਲੋਕਾਂ ਵੱਲੋਂ ਸ਼ਰਧਾ ਨਾਲ ਚੜ੍ਹਾਏ ਪ੍ਰਸ਼ਾਦਿ ਦੀਆਂ ਜਾਅਲੀ ਪਰਚੀਆਂ ਦਾ ਰੌਲਾ ਪਿਆ ਤਾਂ ਪਤਾ ਲੱਗਾ ਕਿ ਅਸਲ ਪਰਚੀਆਂ ਘੱਟ ਤੇ ਜਾਅਲੀ ਬਹੁਤ ਵੱਧ ਛਾਪ ਕੇ ਬਾਹਰ ਦੇ ਬਾਹਰ ਪੈਸੇ ਕਈ ਥਾਂਈਂ ਵੰਡੇ ਜਾਂਦੇ ਹਨ। ਇਹ ਮਾਮਲਾ ਵੀ ਉਛਲਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਅੰਦਰ ਚੜ੍ਹਦੇ ਚੰਦੋਏ ਬਾਅਦ ਵਿਚ ਉਨ੍ਹਾਂ ਹੀ ਦੁਕਾਨਾਂ ਨੂੰ ਪੁਚਾਏ ਜਾਂਦੇ ਹਨ ਅਤੇ ਥੋੜ੍ਹੀ ਜਿਹੀ ਡਰਾਈ ਕਲੀਨਿੰਗ ਦੇ ਬਾਅਦ ਦੋ-ਦੋ ਲੱਖ ਰੁਪਏ ਵਿਚ ਉਹੋ ਚੰਦੋਏ ਸ਼ਰਧਾਲੂਆਂ ਨੂੰ ਫਿਰ ਵੇਚ ਕੇ ਏਥੇ ਦਰਬਾਰ ਸਾਹਿਬ ਚੜ੍ਹਾਏ ਜਾਂਦੇ ਹਨ ਤੇ ਇੱਕ-ਇੱਕ ਚੰਦੋਆ ਕਈ ਵਾਰੀ ਵਿਕਦਾ ਹੈ। ਚੰਦੋਏ ਵੇਚਣ ਦਾ ਧੰਦਾ ਕਰਦੇ ਲੋਕਾਂ ਨਾਲ ਹਿੱਸਾ-ਪੱਤੀ ਅਗੇਤੀ ਰੱਖੀ ਜਾਂਦੀ ਤੇ ਸੰਗਤਾਂ ਨੂੰ ਸਿਰਫ ਉਨ੍ਹਾਂ ਦੁਕਾਨਾਂ ਤੋਂ ਹੀ ਚੰਦੋਏ ਖਰੀਦਣ ਲਈ ਮਜਬੂਰ ਕੀਤਾ ਜਾਂਦਾ ਹੈ। ਹੋਰ ਤਾਂ ਹੋਰ, ਇੱਕ ਵਾਰੀ ਇਹ ਮੁੱਦਾ ਉਠ ਪਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬੁੱਕ ਕਰਵਾਏ ਜਾਂਦੇ ਅਖੰਡਪਾਠਾਂ ਦੀ ਜਾਅਲੀ ਬੁਕਿੰਗ ਕੀਤੀ ਜਾਂਦੀ ਹੈ ਤੇ ਜੇ ਪੰਜ ਕਮੇਟੀ ਵੱਲੋਂ ਬੁੱਕ ਕੀਤੇ ਜਾਂਦੇ ਹਨ ਤਾਂ ਓਸੇ ਦਿਨ ਵਿਚ ਪੰਜ-ਸੱਤ ਉਸ ਦੇ ਬਰਾਬਰ ਜਾਅਲੀ ਪਾਠ ਬੁੱਕ ਕੀਤੇ ਅਤੇ ਪੈਸੇ ਆਪਣੀ ਜੇਬ ਵਿਚ ਪਾਏ ਜਾਂਦੇ ਹਨ। ਇਸ ਦਾ ਪਤਾ ਲੱਗਣ ਮਗਰੋਂ ਕਾਰਵਾਈ ਇਸ ਕਰ ਕੇ ਨਹੀਂ ਸੀ ਕੀਤੀ ਗਈ ਕਿ ਇਸ ਤਰ੍ਹਾਂ ਕਰਨ ਵਾਲਾ ਬੰਦਾ ਇੱਕ ਸਿੰਘ ਸਾਹਿਬ ਦੇ ਪਰਿਵਾਰ ਵਿਚੋਂ ਸੀ ਅਤੇ ਸਿੰਘ ਸਾਹਿਬ ਦੀ ਅਕਾਲੀ ਲੀਡਰਸ਼ਿਪ ਨੂੰ ਕੁਝ ਖਾਸ ਮੁੱਦਿਆਂ ਉਤੇ ਹੁਕਮਨਾਮੇ ਜਾਰੀ ਕਰਨ ਲਈ ਲੋੜ ਸੀ।

ਅਸੀਂ ਇਸ ਅਦਾਰੇ ਅੰਦਰ ਹੁੰਦੇ ਭ੍ਰਿਸ਼ਟਾਚਾਰ ਦੇ ਏਨੇ ਕਿੱਸੇ ਸੁਣੇ ਹੋਏ ਤੇ ਅਖਬਾਰਾਂ ਵਿਚ ਛਪੀਆਂ ਖਬਰਾਂ ਦੀਆਂ ਏਨੀਆਂ ਕਤਰਨਾਂ ਸਾਡੇ ਕੋਲ ਪਈਆਂ ਹਨ ਕਿ ਇੱਕ ਵੱਡੀ ਫਾਈਲ ਬਣ ਸਕਦੀ ਹੈ। ਉਹ ਸਾਰੇ ਇਸ ਵੇਲੇ ਛਾਪਣ ਦੀ ਥਾਂ ਅਸੀਂ ਪਾਠਕਾਂ ਨੂੰ ਸਿਰਫ ਇਹ ਦੱਸਣਾ ਚਾਹੁੰਦੇ ਹਾਂ ਕਿ ਦੀਵੇ ਹੇਠ ਹਨੇਰਾ ਬਹੁਤ ਸੰਘਣਾ ਦਿੱਸਦਾ ਪਿਆ ਹੈ। ਜਿਹੜੇ ਗੁਰੂਘਰ ਵਿਚ ਲੋਕ ਸ਼ਰਧਾ ਨਾਲ ਮੱਥਾ ਟੇਕਣ ਜਾਂਦੇ ਹਨ, ਉਥੇ ਇਸ ਵੇਲੇ ਇਸ ਹੱਦ ਤੱਕ ਹਨੇਰ-ਖਾਤਾ ਪਿਆ ਹੋਇਆ ਹੈ ਕਿ ਉਸ ਦੀ ਸੜ੍ਹਿਆਂਦ ਆਪਣੀ ਭੜਾਸ ਦੇ ਨਾਲ ਹੀ ਭਬੂਕਾ ਬਣ ਕੇ ਬਾਹਰ ਨਿਕਲਣ ਲੱਗ ਪਈ ਹੈ। ਜਿਨ੍ਹਾਂ ਘਟਨਾਵਾਂ ਦੀ ਇਸ ਵਕਤ ਸਾਰੇ ਪਾਸੇ ਚਰਚਾ ਹੋ ਰਹੀ ਹੈ, ਉਹ ਇਸ ਭੜਾਸ ਦੀ ਇੱਕ ਕਿਸ਼ਤ ਹੀ ਹਨ, ਇੱਕੋ-ਇੱਕ ਨਹੀਂ ਹਨ।

# ਮੋਦੀ-ਸ਼ਾਹ ਦੀ ਨਫਰਤੀ ਰਾਜਨੀਤੀ ਦੇ ਨਿਕਲਣ ਵਾਲੇ ਭਿਆਨਕ ਸਿੱਟੇ

*(ਪਿਛਲੇ ਸਫੇ ਦੀ ਬਾਕੀ)*

ਨਿਭਾਉਣ ਲੱਗ ਪਿਆ, ਜੇ ਉਸ ਨੇ ਵੀ ਧੱਕੜ, ਹਮਲਾਵਰ ਅਤੇ ਲੁਟੇਰੀਆਂ ਨੀਤੀਆਂ ਅਪਨਾ ਲਈਆਂ ਤਾਂ ਦੁਨੀਆਂ ਭਰ ਦੇ ਲੋਕ ਉਸ ਨੂੰ ਇਕ ਸਮਾਜਕ-ਸਾਮਰਾਜੀ ਵਜੋਂ ਪਛਾਣ ਕਰ ਕੇ, ਉਸ ਦਾ ਵਿਰੋਧ ਕਰਨ ਅਤੇ ਚੀਨੀ ਲੋਕਾਂ ਨਾਲ ਮਿਲ ਕੇ ਉਸ ਨੂੰ ਉਲਟਾ ਦੇਣ।"

ਮਨੁੱਖੀ ਇਤਿਹਾਸ ਦਾ ਇਹ ਕ੍ਰਿਸ਼ਮਾ ਹੀ ਕਿਹਾ ਜਾ ਸਕਦਾ ਹੈ ਕਿ 46 ਸਾਲ ਬਾਅਦ ਡੇਂਗ-ਸਿਆਓ-ਪਿੰਗ ਦੇ ਇਹ ਸ਼ਬਦ ਅੱਜ ਅੱਖਰ-ਅੱਖਰ ਸੱਚ ਸਾਬਤ ਹੋ ਰਹੇ ਹਨ। ਅੱਜ ਚੀਨ ਦੁਨੀਆਂ ਦੀ ਇਕ ਹੋਰ ਮਹਾਸ਼ਕਤੀ ਬਣ ਗਿਆ ਹੈ ਅਤੇ ਐਨ ਇਹੀ ਰੋਲ ਨਿਭਾ ਰਿਹਾ ਹੈ, ਜੋ ਇਕ ਮਹਾਸ਼ਕਤੀ ਲਈ ਡੇਂਗ-ਸਿਆਓ-ਪਿੰਗ ਨੇ ਸਪਸ਼ਟ ਕੀਤਾ ਹੈ। ਇਹ ਵੀ ਮਨੁੱਖੀ ਇਤਿਹਾਸ ਦਾ ਇਕ ਕਰੂਰ ਵਿਅੰਗ ਹੀ ਹੈ ਕਿ ਇਸੇ ਡੇਂਗ-ਸਿਆਓ-ਪਿੰਗ ਨੇ ਮਾਓ-ਜੇ-ਤੁੰਗ ਦੀ ਮੌਤ ਪਿਛੋਂ ਚੀਨ ਨੂੰ ਸਾਮਰਾਜੀ ਰਾਹ ਵੱਲ ਤੋਰਨ ਵਿਚ ਮੁਖ ਭੂਮਿਕਾ ਨਿਭਾਈ ਸੀ। ਇਹ ਡੇਂਗ-ਸਿਆਓ-ਪਿੰਗ ਜੁੰਡਲੀ ਹੀ ਸੀ, ਜਿਸ ਨੇ 1976 ਵਿਚ ਮਾਓ-ਜੇ-ਤੁੰਗ ਦੀ ਮੌਤ ਪਿਛੋਂ ਉਸ ਦੇ ਅਸਲੀ ਪੈਰੋਕਾਰ ਇਨਕਲਾਬੀ ਕਮਿਊਨਿਸਟਾਂ ਨੂੰ ਪਾਰਟੀ ਵਿਚੋਂ ਬਾਹਰ ਧਕਿਆ ਅਤੇ ਆਪਣੇ ਆਰਥਕਵਾਦੀ ਚੇਲਿਆਂ ਨੂੰ ਪਾਰਟੀ ਸਫਾਂ ਵਿਚ ਅਹਿਮ ਅਹੁਦਿਆਂ ਉਤੇ ਨਿਯੁਕਤ ਕੀਤਾ।

ਸਾਰੀ ਉਮਰ ਮਾਓ-ਜੇ-ਤੁੰਗ ਦੀ ਵਿਚਾਰਧਾਰਾ ਨੂੰ ਸਿਰਮੌਰ ਮੰਨਣ ਵਾਲੇ ਮੌਕਾਪ੍ਰਸਤ ਆਗੂਆਂ ਨੇ ਉਸ ਦੇ ਅਕਾਲ ਚਲਾਣੇ ਤੋਂ ਫੌਰੀ ਬਾਅਦ ਹੀ ਚੀਨੀ ਕਮਿਊਨਿਸਟ ਪਾਰਟੀ ਦੇ ਅਹਿਮ ਅਹੁਦਿਆਂ ਉਤੇ ਕਬਜ਼ਾ ਕਰ ਲਿਆ ਅਤੇ ਸਮੁੱਚੇ ਦੇਸ਼ ਨੂੰ ਪੂੰਜੀਵਾਦੀ ਰਾਹ ਵੱਲ ਤੋਰ ਦਿੱਤਾ। ਇਹ ਡੇਂਗ-ਸਿਆਓ-ਪਿੰਗ ਹੀ ਸੀ, ਜਿਸ ਨੇ ਪੈਦਾਵਾਰ, ਹੋਰ ਪੈਦਾਵਾਰ ਅਤੇ ਹੋਰ ਵਧੇਰੇ ਪੈਦਾਵਾਰ ਦਾ ਨਾਹਰਾ ਦੇ ਕੇ ਅਮਰੀਕਾ ਦੀਆਂ ਬਹੁਕੌਮੀ ਸਾਮਰਾਜੀ ਕੰਪਨੀਆਂ ਨੂੰ ਚੀਨ ਵਿਚ ਪੂੰਜੀ ਲਾਉਣ ਦੀ ਖੁਲ੍ਹ ਦਿੱਤੀ ਤੇ ਹਰੇਕ ਤਰ੍ਹਾਂ ਦੇ ਸਾਮਰਾਜੀਆਂ ਲਈ ਚੀਨ ਦੇ ਦਰ ਖੋਲ੍ਹ ਦਿੱਤੇ। ਇਸ ਪਿਛੋਂ ਹੀ ਚੀਨ ਵਿਚ ਪੂੰਜੀਵਾਦ ਦੇ ਫੈਲਣ ਅਤੇ ਉਸ ਦੇ ਅਜੋਕੇ ਸਾਮਰਾਜ ਵਿਚ ਵਟਣ ਦਾ ਰਾਹ ਖੁਲ੍ਹਿਆ। ਇਹ ਡੇਂਗ-ਸਿਆਓ-ਪਿੰਗ ਹੀ ਸੀ, ਜਿਸ ਦਾ ਇਹ ਕਥਨ ਬੜਾ ਪ੍ਰਸਿਧ ਹੋਇਆ ਕਿ ਬਿਲੀ ਜਿੰਨਾ ਚਿਰ ਚੂਹੇ ਫੜਦੀ ਹੈ, ਓਨਾ ਚਿਰ ਕੋਈ ਫਰਕ ਨਹੀਂ ਪੈਂਦਾ ਕਿ ਉਹ ਚਿੱਟੀ ਹੈ ਜਾਂ ਕਾਲੀ। ਜਿਸ ਦਾ ਭਾਵ ਸੀ ਕਿ ਜਿੰਨਾ ਚਿਰ ਪੈਦਾਵਾਰ ਵਧਦੀ ਹੈ, ਓਨਾ ਚਿਰ ਕੋਈ ਫਰਕ ਨਹੀਂ ਪੈਂਦਾ ਕਿ ਇਹ ਪੈਦਾਵਾਰ ਸਮਾਜਵਾਦੀ ਆਰਥਕ ਰਿਸ਼ਤਿਆਂ ਅਧੀਨ ਹੋ ਰਹੀ ਹੈ ਜਾਂ ਪੂੰਜੀਵਾਦੀ ਆਰਥਕ ਰਿਸ਼ਤਿਆਂ ਅਧੀਨ।

ਮਾਓ-ਜੇ-ਤੁੰਗ ਨੇ ਇਹ ਸੱਚ ਚੀਨੀ ਇਨਕਲਾਬ ਦੇ 20 ਸਾਲ ਬਾਅਦ 1969 ਵਿਚ ਹੀ ਭਾਂਪ ਲਿਆ ਸੀ ਕਿ "ਸਾਡੀ ਪਾਰਟੀ ਦੀ ਕਮਿਊਨਿਸਟ ਬੁਨਿਆਦ ਮਜਬੂਤ ਨਹੀਂ। ਸਾਡਾ ਮਹਾਨ ਕਿਰਤੀ ਸਭਿਆਚਾਰਕ ਇਨਕਲਾਬ ਤੋਂ ਬਿਨਾ ਨਹੀਂ ਸਰਨਾ। ਆਪਣੀ ਸੂਝ ਦੇ ਆਧਾਰ ਉਤੇ ਮੈਂ ਕਹਿ ਸਕਦਾ ਹਾਂ ਕਿ ਸਾਡੀਆਂ ਭਾਰੀ ਬਹੁਗਿਣਤੀ ਫੈਕਟਰੀਆਂ ਵਿਚ, ਸਾਰੀਆਂ ਨਹੀਂ, ਪਰ ਭਾਰੀ ਬਹੁਗਿਣਤੀ ਫੈਕਟਰੀਆਂ ਵਿਚ ਅਗਵਾਈ ਖਰੇ ਮਾਰਕਸਵਾਦੀਆਂ ਅਤੇ ਕਿਰਤੀ ਜਨਸਮੂਹਾਂ ਦੇ ਹੱਥਾਂ ਵਿਚ ਨਹੀਂ। ਪਾਰਟੀ ਕਮੇਟੀਆਂ ਦੇ ਮੈਂਬਰਾਂ, ਸਕੱਤਰਾਂ, ਉਪ ਸਕੱਤਰਾਂ, ਪਾਰਟੀ ਬਰਾਂਚ ਸਕੱਤਰਾਂ ਵਿਚ ਕੁਝ ਚੰਗੇ ਲੋਕ ਵੀ ਹਨ, ਪਰ ਉਹ ਆਰਥਕਵਾਦੀ ਸੋਚ ਦੇ ਪੈਰੋਕਾਰ ਹਨ।" ਇਹ ਨਿਰੋਲ ਆਰਥਕਵਾਦੀ ਸੋਚ ਦੇ ਪੈਰੋਕਾਰ ਹੀ ਅੱਜ ਚੀਨ ਨੂੰ ਇਥੇ ਤੱਕ ਲੈ ਕੇ ਆਏ ਹਨ। ਅੱਜ ਇਨ੍ਹਾਂ ਆਰਥਕਵਾਦੀਆਂ ਨਾਲ ਹੀ ਮੋਦੀ ਸਰਕਾਰ ਦੀ ਟੱਕਰ ਹੈ।

ਮੋਦੀ ਸਰਕਾਰ ਦੀਆਂ ਸਾਮਰਾਜੀ ਨੀਤੀਆਂ ਹੀ ਅੱਜ ਉਸ ਨੂੰ ਇਥੇ ਲੈ ਕੇ ਆਈਆਂ ਹਨ। ਦੇਸ਼ ਵਿਚ ਇੰਡੀਅਨ ਨੈਸ਼ਨਲਿਜ਼ਮ (ਹਿੰਦੂ ਰਾਸ਼ਟਰਵਾਦ) ਨਾਂ ਦੀ ਕੋਈ ਚੀਜ਼ ਨਹੀਂ ਹੈ। ਇਹ ਸਿਰਫ 15-20 ਫੀਸਦੀ ਬ੍ਰਾਹਮਣ-ਬਾਣੀਆ ਉਚ ਜਾਤੀ ਅਤੇ ਉਚ ਮਧ ਵਰਗੀ ਲੋਕਾਂ ਦਾ ਮਾਨਸਿਕ ਸ਼ੋਰ ਹੈ, ਜਿਹੜੇ ਮਨੂਵਾਦੀ ਸੋਚ ਅਧੀਨ ਰਬੋਂ ਹੀ ਆਪਣੇ-ਆਪ ਨੂੰ ਇਸ ਦੇਸ਼ ਦੇ ਮਾਲਕ ਅਤੇ ਬਾਕੀ ਸਾਰਿਆਂ ਨੂੰ ਆਪਣਾ ਗੁਲਾਮ ਸਮਝਦੇ ਹਨ। ਇਹ ਮੂਰਖ ਲੋਕ ਕਿਸ ਕਿਸਮ ਦੀ ਮਾਨਸਿਕ ਕਲਪਨਾ ਵਿਚ ਜਿਉਂਦੇ ਹਨ ਕਿ ਦੇਸ਼ ਅੰਦਰ ਰਹਿੰਦੀਆਂ ਧਾਰਮਿਕ ਘਟ ਗਿਣਤੀਆਂ ਅਤੇ ਦਲਿਤ-ਪਛੜੇ-ਗਰੀਬ ਵਰਗਾਂ ਦੀ ਤਾਂ ਗੱਲ ਛਡੋ, ਇਹ ਆਪਣੀਆਂ ਸਰਹੱਦਾਂ ਉਤੇ ਮੌਜੂਦ ਖੁਦ-ਮੁਖਤਿਆਰ ਆਜ਼ਾਦ ਗੁਆਂਢੀ ਮੁਲਕਾਂ-ਨੇਪਾਲ ਅਤੇ ਬੰਗਲਾਦੇਸ਼ ਨੂੰ ਵੀ ਆਪਣਾ ਗੁਲਾਮ ਹੀ ਸਮਝਦੇ ਹਨ। ਨੇਪਾਲ ਦੇ ਪ੍ਰਧਾਨ ਮੰਤਰੀ ਅਤੇ ਹੋਰਨਾਂ ਆਗੂਆਂ ਪ੍ਰਤੀ ਇਨ੍ਹਾਂ ਦੀ ਸ਼ਬਦਾਵਲੀ ਨਿਹਾਇਤ ਘਟੀਆ ਕਿਸਮ ਦੀ ਹੈ।

'ਦ ਹਿੰਦੂ' ਅਖਬਾਰ ਦੀ ਇਕ ਖਬਰ ਅਨੁਸਾਰ ਬੰਗਲਾਦੇਸ਼ ਦੇ ਵਪਾਰ ਮੰਤਰੀ ਨੇ ਮੋਦੀ ਦੀ ਪੱਤਰਕਾਰ ਜੁੰਡਲੀ ਨੂੰ ਵਾਰਨਿੰਗ ਦਿੱਤੀ ਹੈ ਕਿ ਉਹ ਬੰਗਲਾਦੇਸ਼ ਅਤੇ ਚੀਨ ਵਿਚਾਲੇ ਹੋਏ ਸਮਝੌਤਿਆਂ ਬਾਰੇ ਬੰਦਿਆਂ ਵਾਲੀ ਭਾਸ਼ਾ ਵਿਚ ਗੱਲ ਕਰੇ। ਇਨ੍ਹਾਂ ਦੀ ਅਖੌਤੀ ਦੇਸ਼ ਭਗਤੀ ਅਤੇ ਸਵੈਮਾਣ ਦੀ ਇਕੋ ਹੀ ਮਿਸਾਲ ਕਾਫੀ ਹੈ ਕਿ ਜਦੋਂ ਡੋਕਲਾਮ ਦੇ ਮਸਲੇ ਉਤੇ 73 ਦਿਨ ਚੀਨ ਨਾਲ ਫੌਜੀ ਤਣਾਓ ਬਣਿਆ ਰਿਹਾ ਤਾਂ ਉਨ੍ਹਾਂ ਦਿਨਾਂ ਵਿਚ ਵੀ ਅਡਾਨੀ ਐਂਡ ਕੰਪਨੀ ਨੇ ਚੀਨੀ ਕੰਪਨੀਆਂ ਨਾਲ ਅਰਬਾਂ ਰੁਪਏ ਦੇ ਸਮਝੌਤੇ ਕੀਤੇ।

ਚੀਨ ਦੀ ਕਮਿਊਨਿਸਟ ਪਾਰਟੀ ਦੇ ਤਰਜਮਾਨ 'ਗਲੋਬਲ ਟਾਈਮਜ਼' ਨੇ ਮੋਦੀ ਸਰਕਾਰ ਨੂੰ ਬੜੀ ਸਖਤ ਭਾਸ਼ਾ ਵਿਚ ਚੇਤਾਵਨੀ ਦਿੱਤੀ ਹੈ, "ਅਮਰੀਕਾ ਦੀਆਂ ਇਕਤਰਫਾ ਚਾਲਾਂ ਕਰਕੇ ਹੁਣ ਜਦੋਂ ਕਿ ਚੀਨ-ਅਮਰੀਕਾ ਵਿਚਲੇ ਰਿਸ਼ਤੇ ਲਗਾਤਾਰ ਤਣਾਓ ਭਰਪੂਰ ਹੁੰਦੇ ਜਾ ਰਹੇ ਹਨ ਤਾਂ ਭਾਰਤੀ ਮੌਕਾਪ੍ਰਸਤਾਂ ਨੂੰ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇ ਉਨ੍ਹਾਂ ਨੇ ਚੀਨ ਉਤੇ ਦਬਾਅ ਪਾਉਣ ਲਈ ਇਸ ਟਕਰਾਅ ਨੂੰ ਵਰਤਣ ਦੇ ਯਤਨ ਕੀਤੇ ਤਾਂ ਇਹ ਭਾਰਤ-ਚੀਨ ਦੇ ਆਪਸੀ ਯੁਧਨੀਤਕ ਭਰੋਸੇ ਨੂੰ ਗੰਭੀਰ ਨੁਕਸਾਨ ਪਹੁੰਚਾਏਗਾ। ਜੇ ਭਾਰਤ ਨੇ ਹੋਰ ਦੁਸ਼ਮਣੀ ਭਰੀਆਂ ਚਾਲਾਂ ਚਲੀਆਂ ਤਾਂ ਚੀਨ ਨੂੰ ਇਨ੍ਹਾਂ ਦਾ ਜੁਆਬ ਦੇਣਾ ਪਵੇਗਾ ਅਤੇ ਫਿਰ ਉਸ ਹਾਲਤ ਵਿਚ ਭਾਰਤ ਅਮਰੀਕਾ ਕੋਲੋਂ ਮਦਦ ਮੰਗਣ ਜੋਗਾ ਵੀ ਨਹੀਂ ਰਹੇਗਾ।"

ਅੱਜ ਮੋਦੀ ਤਿੱਕੜੀ ਦੀ ਨਫਰਤੀ ਰਾਜਨੀਤੀ ਦੇਸ਼ ਨੂੰ ਜਿਥੇ ਲੈ ਆਈ ਹੈ, ਉਸ ਤੋਂ ਅੱਗੇ ਹਨੇਰਾ ਖੂਹ ਹੈ। ਦੇਸ਼ ਦੇ ਲੋਕ ਕਿੰਨੇ ਭਿਆਨਕ ਸੰਕਟ ਵਿਚ ਫਸ ਗਏ ਹਨ, ਇਸ ਦਾ ਅੰਦਾਜ਼ਾ ਇਸ ਤਥ ਤੋਂ ਲਾਇਆ ਜਾ ਸਕਦਾ ਹੈ ਕਿ ਅੱਜ ਮੋਦੀ ਸਰਕਾਰ ਤੇ ਸੂਬਾ ਸਰਕਾਰਾਂ ਕੋਲ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਜੋਗੇ ਵੀ ਪੈਸੇ ਨਹੀਂ ਹਨ। ਅੱਜ ਕੇਂਦਰ ਸਰਕਾਰ ਜੀ. ਐਸ. ਟੀ. ਦੇ ਰੂਪ ਵਿਚ ਸੂਬਿਆਂ ਦਾ ਇਕੱਠਾ ਕੀਤਾ 97,000 ਕਰੋੜ ਰੁਪਿਆ ਉਨ੍ਹਾਂ ਨੂੰ ਦੇਣ ਤੋਂ ਇਨਕਾਰੀ ਹੈ। ਪਹਿਲਾਂ ਤਾਂ ਉਹ ਧੌਂਸ ਨਾਲ ਸੂਬਿਆਂ ਦਾ ਇਹ ਪੈਸਾ ਦਬਣ ਨੂੰ ਫਿਰਦੀ ਸੀ, ਪਰ ਜਦੋਂ ਸੋਨੀਆ ਗਾਂਧੀ ਨੇ ਕਾਂਗਰਸੀ ਤੇ ਵਿਰੋਧੀ ਸੂਬਿਆਂ ਦੇ 7 ਮੁੱਖ ਮੰਤਰੀਆਂ ਦੀ ਮੀਟਿੰਗ ਸੱਦ ਕੇ ਕੇਂਦਰ ਨੂੰ ਚੇਤਾਵਨੀ ਦਿੱਤੀ ਕਿ ਇਹ ਗੈਰਕਾਨੂੰਨੀ ਧੱਕੇਸ਼ਾਹੀ ਕੇਂਦਰ ਤੇ ਸੂਬਾ ਸਰਕਾਰਾਂ ਵਿਚਾਲੇ ਦਰਾੜ ਪੈਦਾ ਕਰ ਸਕਦੀ ਹੈ, ਤਾਂ ਲੱਦਾਖ ਘਟਨਾਵਾਂ ਕਾਰਨ ਪੈਦਾ ਹੋਈ ਰਾਸ਼ਟਰੀ ਸੁਰੱਖਿਆ ਦਾ ਵਾਸਤਾ ਪਾ ਕੇ ਉਨ੍ਹਾਂ ਨੂੰ ਰਿਜ਼ਰਵ ਬੈਂਕ ਤੋਂ ਕਰਜਾ ਲੈਣ ਲਈ ਮਨਾਇਆ ਜਾ ਰਿਹਾ ਹੈ। ਪੰਜਾਬ, ਦਿੱਲੀ ਅਤੇ ਕੇਰਲਾ ਨੇ ਇਉਂ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ।

ਇਸ ਨੂੰ ਮੋਦੀ ਸਰਕਾਰ ਦਾ ਪਾਗਲਪਣ ਕਿਹਾ ਜਾਏ ਜਾਂ ਕੁਝ ਹੋਰ ਕਿ ਜਦੋਂ ਦੇਸ਼ ਦੇ ਕਰੋੜਾਂ ਲੋਕ ਦੋ ਵੇਲੇ ਦੀ ਰੋਟੀ ਤੋਂ ਆਤੁਰ ਹਨ, ਕਰੋੜਾਂ ਲੋਕ ਕੋਰੋਨਾ ਵਾਇਰਸ ਦੇ ਸਾਏ ਹੇਠ ਜੀਅ ਰਹੇ ਹਨ, ਉਦੋਂ ਮੋਦੀ ਸਰਕਾਰ ਇਜ਼ਰਾਈਲ ਕੋਲੋਂ ਖੜੇ ਪੈਰ 15,000 ਕਰੋੜ ਰੁਪਏ ਦੇ ਦੋ ਅਵਾਕਸ (ਰਾਡਾਰ) ਖਰੀਦ ਰਹੀ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਜਦੋਂ ਪਾਕਿਸਤਾਨ ਵਿਚ ਬਾਲਾਕੋਟ ਸਰਜੀਕਲ ਸਟਰਾਈਕ ਕੀਤੀ ਗਈ ਸੀ ਤਾਂ ਪਾਕਿਸਤਾਨ ਕੋਲ ਸਵੀਡਨ ਦੇ ਰਾਡਾਰ ਹੋਣ ਕਾਰਨ ਉਸ ਨੇ ਭਾਰਤ ਦਾ ਇਕ ਜੰਗੀ ਬੰਬਾਰ ਫੁੰਡ ਲਿਆ ਸੀ, ਜਿਸ ਨਾਲ ਦੇਸ਼ ਦੀ ਬੜੀ ਨਮੋਸ਼ੀ ਹੋਈ ਸੀ। ਦੇਸ਼ ਦੀ ਸੁਰਖਿਆ ਨੂੰ ਖਤਰੇ ਦੀ ਦੁਹਾਈ ਪਾ ਕੇ ਅਤੇ ਚੀਨ ਦੀਆਂ ਜੰਗੀ ਤਿਆਰੀਆਂ ਨੂੰ ਵੇਖ ਕੇ ਹੁਣ ਧੜਾਧੜ ਜੰਗੀ ਹਥਿਆਰ ਖਰੀਦੇ ਜਾ ਰਹੇ ਹਨ। ਕਰੋੜਾਂ-ਕਰੋੜ ਲੋਕਾਂ ਦੀ ਜਿੰਦਗੀ ਦੀ ਕੀਮਤ ਉਤੇ ਇਹ ਜੰਗੀ ਹਥਿਆਰ ਖਰੀਦੇ ਜਾ ਰਹੇ ਹਨ। ਮੌਜੂਦਾ ਭਾਰਤੀ ਹੁਕਮਰਾਨ ਆਪਣੇ ਦਿਮਾਗ ਉਤੇ ਏਨਾ ਜੋਰ ਵੀ ਨਹੀਂ ਪਾ ਰਹੇ ਕਿ ਉਹ ਜੋ ਕੁਝ ਮਰਜੀ ਖਰੀਦ ਲੈਣ, ਪਰ ਅਮਰੀਕੀ ਸਾਮਰਾਜੀ ਮਹਾਸ਼ਕਤੀ ਨਾਲ ਹਥਿਆਰਬੰਦ ਟੱਕਰ ਲੈਣ ਦਾ ਮਨ ਬਣਾਈ ਬੈਠੇ ਚੀਨ ਦਾ ਮੁਕਾਬਲਾ ਉਹ ਕਦੀ ਵੀ ਨਹੀਂ ਕਰ ਸਕਦੇ। ਜਿਨ੍ਹਾਂ ਅਮਰੀਕੀ ਜੰਗੀ ਬੇੜਿਆਂ ਦੀ ਤਬਾਹਕੁੰਨ ਸ਼ਕਤੀ ਉਤੇ ਭਾਰਤੀ ਹੁਕਮਰਾਨ ਝੂਠੀ ਆਸ ਲਾਈ ਬੈਠੇ ਹਨ, ਉਨ੍ਹਾਂ ਬਾਰੇ ਚੀਨੀ ਕਮਿਊਨਿਸਟ ਪਾਰਟੀ ਦੇ ਤਰਜਮਾਨ 'ਗਲੋਬਲ ਟਾਈਮਜ਼' ਨੇ 30 ਅਗਸਤ ਦੇ ਆਪਣੇ ਸੰਪਾਦਕੀ ਵਿਚ ਅਮਰੀਕੀ ਸਾਮਰਾਜ ਨੂੰ ਚੇਤਾਵਨੀ ਦਿੰਦਿਆਂ ਲਿਖਿਆ ਹੈ ਕਿ ਜੇ ਉਸ ਦੇ ਜੰਗੀ ਬੇੜਿਆਂ ਨੇ ਦੱਖਣੀ ਚੀਨੀ ਸਮੁੰਦਰ ਵਿਚ ਕੋਈ ਵੀ ਭੜਕਾਊ ਕਾਰਵਾਈ ਕੀਤੀ ਤਾਂ ਚੀਨ ਦੀਆਂ ਖਾਸ ਤੌਰ ਉਤੇ ਇਸੇ ਕੰਮ ਲਈ ਵਿਕਸਿਤ ਕੀਤੀਆਂ ਆਧੁਨਿਕ 'ਕਾਤਲ ਮਿਜ਼ਾਈਲਾਂ' ਉਨ੍ਹਾਂ ਨੂੰ ਸਮੇਤ ਫੌਜ ਇਥੇ ਖੜੇ ਖੜੇ ਹੀ ਸਮੁੰਦਰ ਵਿਚ ਗਰਕ ਕਰ ਦੇਣਗੀਆਂ।

ਦਰਅਸਲ ਅਜੋਕੇ ਸੰਸਾਰ ਪ੍ਰਬੰਧ ਨੂੰ ਤਿੰਨ ਮੁਖ ਵਰਤਾਰੇ ਗਤੀ ਦੇ ਰਹੇ ਹਨ। ਪਹਿਲਾਂ ਵਰਤਾਰਾ ਮੁਨਾਫੇ ਦੇ ਰੂਪ ਵਿਚ ਵੱਧ ਤੋਂ ਵੱਧ ਪੂੰਜੀ ਇਕੱਠੀ ਕਰਨ ਦੀ ਸਾਮਰਾਜੀ ਧੁਸ (ਹਵਸ) ਹੈ। ਦੂਜਾ ਵਰਤਾਰਾ ਹਰੇਕ ਦੂਜੇ ਪੂੰਜੀਪਤੀ ਤੋਂ ਵੱਧ ਪੂੰਜੀ ਇਕੱਠੀ ਕਰਨ ਅਤੇ ਇਕ-ਦੂਜੇ ਕੋਲੋਂ ਪੂੰਜੀ ਖੋਹਣ ਵਾਸਤੇ ਸਾਮਰਾਜੀਆਂ ਵਿਚਾਲੇ ਚਲ ਰਿਹਾ ਅੰਨਾ ਮੁਕਾਬਲਾ ਹੈ ਅਤੇ ਤੀਜਾ ਵਰਤਾਰਾ ਇਨ੍ਹਾਂ ਦੋਹਾਂ ਵਰਤਾਰਿਆਂ ਦੇ ਫਲਸਰੂਪ ਪੈਦਾ ਹੋ ਰਹੀ ਅਨਾਰਕੀ ਭਾਵ ਗੜਬੜਚੌਥ ਹੈ, ਜਿਸ ਦਾ ਸਮਾਜੀ ਅਤੇ ਰਾਜਸੀ ਪ੍ਰਗਟਾਵਾ ਅਮਰੀਕਾ ਸਮੇਤ ਸਮੁੱਚੇ ਸੰਸਾਰ ਦੇ ਸਮਾਜਾਂ ਵਿਚੋਂ ਹੋ ਰਿਹਾ ਹੈ। ਇਸ ਵੇਲੇ ਸੰਸਾਰ ਭਰ ਦੀਆਂ ਹੋਰਨਾਂ ਬਾਕੀ ਸਾਰੀਆਂ ਵਿਰੋਧਤਾਈਆਂ ਨੂੰ ਗਤੀ ਦੇ ਰਹੀ ਮੁੱਖ ਵਿਰੋਧਤਾਈ ਅਮਰੀਕੀ ਅਤੇ ਚੀਨੀ ਸਾਮਰਾਜ ਵਿਚਲੀ ਵਿਰੋਧਤਾਈ ਹੈ। ਸੰਸਾਰ ਦੇ ਪਿੜ ਵਿਚ ਚੀਨ ਦੇ ਇਕ ਮਹਾਸ਼ਕਤੀ ਵਜੋਂ ਪ੍ਰਗਟ ਹੋਣ ਤੋਂ ਪਹਿਲਾਂ ਅਮਰੀਕਾ ਇਕੋ-ਇਕ ਮਹਾਸ਼ਕਤੀ ਸੀ, ਜੋ ਆਪਣੀਆਂ ਮਨਮਾਨੀਆਂ ਕਰ ਰਹੀ ਸੀ। ਅਫਗਾਨਿਸਤਾਨ ਤੋਂ ਲੈ ਕੇ ਇਰਾਕ, ਸੀਰੀਆ, ਲਿਬੀਆ ਅਤੇ ਅਨੇਕ ਅਫਰੀਕੀ ਮੁਲਕ ਇਨ੍ਹਾਂ ਮਨਮਾਨੀਆਂ ਕਾਰਨ ਤਬਾਹ ਹੋ ਗਏ।

ਰੂਸ ਭਾਵੇਂ ਅਮਰੀਕੀ ਮਨਮਾਨੀਆਂ ਤੋਂ ਦੁਖੀ ਸੀ, ਪਰ ਪ੍ਰਮਾਣੂ ਹਥਿਆਰਾਂ ਨੂੰ ਛੱਡ ਕੇ ਬਾਕੀ ਫੌਜੀ ਅਤੇ ਆਰਥਕ ਪਖੋਂ ਉਹ ਇਕੱਲਾ ਅਮਰੀਕਾ ਦਾ ਮੁਕਾਬਲਾ ਕਰਨ ਦੇ ਸਮਰਥ ਨਹੀਂ ਸੀ, ਪਰ ਪਿਛਲੇ ਕੁਝ ਸਾਲਾਂ ਵਿਚ ਚੀਨ ਦੇ ਇਕ ਆਰਥਕ ਅਤੇ ਫੌਜੀ ਪੱਖੋਂ ਮਹਾਸ਼ਕਤੀ ਵਜੋਂ ਉਭਰਨ ਕਾਰਨ ਉਸ ਦਾ ਹੌਸਲਾ ਵਧਿਆ ਹੈ ਅਤੇ ਇਨ੍ਹਾਂ ਦੋਹਾਂ ਦੇਸ਼ਾਂ ਵਿਚਾਲੇ ਹੋਏ ਯੁਧਨੀਤਕ ਸਮਝੌਤੇ ਪਿਛੋਂ ਰੂਸ ਤੇ ਚੀਨ ਰਲ ਕੇ ਹਰ ਪੱਖੋਂ ਅਮਰੀਕੀ ਮਹਾਸ਼ਕਤੀ ਨੂੰ ਮਾਤ ਦੇਣ ਦੇ ਯੋਗ ਹੋ ਗਏ ਹਨ। ਇਸ ਹਾਲਤ ਵਿਚ ਸੰਸਾਰ ਦੀ ਸਾਮਰਾਜੀ ਸਰਦਾਰੀ ਹਾਸਲ ਕਰਨ ਲਈ ਅਮਰੀਕਾ ਅਤੇ ਚੀਨ ਵਿਚਾਲੇ ਚਲ ਰਿਹਾ ਟਕਰਾਓ ਹੁਣ ਆਪਣੇ ਉਚਤਮ ਪੜਾਅ ਉਤੇ ਪਹੁੰਚ ਗਿਆ ਹੈ। ਇਹ ਕਿਸੇ ਵੇਲੇ ਵੀ ਤੀਜੀ ਸੰਸਾਰ ਸਾਮਰਾਜੀ ਜੰਗ ਦਾ ਰੂਪ ਲੈ ਸਕਦਾ ਹੈ। ਮੋਦੀ ਜੁੰਡਲੀ ਆਪਣੀ ਸਾਮਰਾਜੀ ਹਵਸ ਵਿਚੋਂ ਖਾਹ-ਮਖਾਹ ਦੇਸ਼ ਦੇ 138 ਕਰੋੜ ਲੋਕਾਂ ਨੂੰ ਇਸ ਸਾਮਰਾਜੀ ਜੰਗ ਦੀ ਭੱਠੀ ਵਿਚ ਝੋਕਣ ਲਈ ਤਿਆਰ ਬੈਠੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 5 ਸਤੰਬਰ 2020*

## ਨਿਆਂ-ਅਨਿਆਂ ਦੀ ਘੁੰਮਣਘੇਰੀ

ਪੰਜਾਬ ਪੁਲਿਸ ਦੇ ਸਾਬਕਾ ਮੁਖੀ ਸੁਮੇਧ ਸੈਣੀ ਖਿਲਾਫ ਸ਼ਿਕੰਜਾ ਹੌਲੀ-ਹੌਲੀ ਕੱਸਿਆ ਜਾ ਰਿਹਾ ਹੈ। ਉਹ ਪੰਜਾਬ ਦੇ ਸਾਬਕਾ ਆਈ. ਏ. ਐਸ. ਅਫਸਰ ਦੇ ਪੁੱਤਰ ਅਤੇ 'ਸਿਟਕੋ' ਦੇ ਜੂਨੀਅਰ ਇੰਜੀਨੀਅਰ (ਜੇ. ਈ.) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਅਦਾਲਤ ਨੇ ਹੁਣ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਅਜੇ ਪਿਛਲੇ ਦਿਨੀਂ ਹੀ ਇਸ ਕੇਸ ਵਿਚ ਉਸ ਖਿਲਾਫ ਕਤਲ ਦੀ ਧਾਰਾ 302 ਜੋੜੀ ਗਈ ਸੀ ਅਤੇ ਪੁਲਿਸ ਉਸ ਨੂੰ ਗ੍ਰਿਫਤਾਰ ਕਰਨ ਵੀ ਨਿਕਲੀ ਸੀ, ਪਰ ਉਹ ਘਰ ਮਿਲੇ ਨਹੀਂ ਸਨ। ਅਦਾਲਤ ਨੇ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਦੌਰਾਨ ਸਪਸ਼ਟ ਕਿਹਾ ਕਿ ਸੈਣੀ ਖਿਲਾਫ ਕਤਲ ਦੀ ਧਾਰਾ ਤਹਿਤ ਦੋਸ਼ ਹਨ, ਇਸ ਲਈ ਹੁਣ ਇਸ ਮਾਮਲੇ ਦੀ ਸਹੀ ਪੁਣ-ਛਾਣ ਉਸ ਨੂੰ ਗ੍ਰਿਫਤਾਰ ਕਰ ਕੇ ਪੁੱਛ-ਪੜਤਾਲ ਦੌਰਾਨ ਹੀ ਹੋ ਸਕਦੀ ਹੈ। ਚੇਤੇ ਰਹੇ, ਬੇਅਦਬੀ ਮਾਮਲੇ ਵਿਚ ਵੀ ਸੁਮੇਧ ਸੈਣੀ ਦਾ ਨਾਂ ਬੋਲਦਾ ਹੈ। ਉਧਰ, ਅਲਾਹਾਬਾਦ ਹਾਈ ਕੋਰਟ ਨੇ ਡਾ. ਕਫੀਲ ਖਾਨ ਦੀ ਕੌਮੀ ਸੁਰੱਖਿਆ ਐਕਟ (ਐਨ. ਐਸ. ਏ.) ਤਹਿਤ ਹਿਰਾਸਤ ਰੱਦ ਕਰ ਦਿੱਤੀ ਹੈ ਅਤੇ ਉਨ੍ਹਾਂ ਨੂੰ ਤੁਰੰਤ ਰਿਹਾ ਕੀਤੇ ਜਾਣ ਦੇ ਹੁਕਮ ਜਾਰੀ ਕੀਤੇ ਹਨ। ਹਾਈ ਕੋਰਟ ਵਿਚ ਦੱਸਿਆ ਗਿਆ ਸੀ ਕਿ ਹੇਠਲੀ ਅਦਾਲਤ ਨੇ ਡਾ. ਕਫੀਲ ਨੂੰ ਜ਼ਮਾਨਤ ਦੇ ਦਿੱਤੀ ਸੀ ਅਤੇ ਉਸ ਨੂੰ ਰਿਹਾ ਕੀਤਾ ਜਾਣਾ ਸੀ, ਪਰ ਉਸ ਨੂੰ ਚਾਰ ਦਿਨ ਤੱਕ ਰਿਹਾ ਹੀ ਨਹੀਂ ਕੀਤਾ ਗਿਆ। ਇਸ ਤੋਂ ਬਾਅਦ ਉਸ ਉਤੇ ਐਨ. ਐਸ. ਏ. ਲਾ ਦਿੱਤਾ ਗਿਆ। ਜਾਹਰ ਹੈ ਕਿ ਉਸ ਨੂੰ ਨਾਜਾਇਜ਼ ਤੌਰ 'ਤੇ ਹਿਰਾਸਤ 'ਚ ਰੱਖਿਆ ਗਿਆ। ਅਦਾਲਤ ਦੇ ਹੁਕਮਾਂ ਤੋਂ ਬਾਅਦ ਹੁਣ ਉਸ ਨੂੰ ਮਥੁਰਾ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ ਹੈ। ਇਸੇ ਦੌਰਾਨ ਦਿੱਲੀ ਹਾਈ ਕੋਰਟ ਨੇ ਦਿੱਲੀ ਪੁਲਿਸ ਵਲੋਂ ਹਿੰਸਾ ਦੇ ਮਾਮਲੇ ਵਿਚ ਗ੍ਰਿਫਤਾਰ ਦਿਵਾਂਗਨਾ ਕਲੀਤਾ ਨੂੰ ਜ਼ਮਾਨਤ ਦੇ ਦਿੱਤੀ ਹੈ। ਪੁਲਿਸ ਦਾ ਦੋਸ਼ ਸੀ ਕਿ ਦਿੱਲੀ ਦੰਗਿਆਂ ਦੌਰਾਨ ਉਸ ਨੇ ਔਰਤਾਂ ਨੂੰ ਭਾਸ਼ਣਾਂ ਰਾਹੀਂ ਭੜਕਾਇਆ, ਪਰ ਪੁਲਿਸ ਅਦਾਲਤ ਵਿਚ ਆਪਣੇ ਇਹ ਦੋਸ਼ ਸਾਬਤ ਨਹੀਂ ਕਰ ਸਕੀ।

ਇਹ ਤਿੰਨੇ ਮਾਮਲੇ ਇਸ ਪੱਖ ਤੋਂ ਵਿਚਾਰਨ ਵਾਲੇ ਹਨ ਕਿ ਸਬੰਧਤ ਧਿਰਾਂ ਦੀ ਲੰਮੀ ਲੜਾਈ ਤੋਂ ਬਾਅਦ ਅਦਾਲਤ ਨੇ ਪੀੜਤਾਂ ਨੂੰ ਰਾਹਤ ਦਿੱਤੀ ਹੈ। ਸੁਮੇਧ ਸੈਣੀ ਵਾਲਾ ਮਾਮਲਾ ਵਧੇਰੇ ਸੰਗੀਨ ਇਸ ਕਰ ਕੇ ਹੈ, ਕਿਉਂਕਿ ਕਰੀਬ ਤਿੰਨ ਦਹਾਕਿਆਂ ਤਕ ਵੱਖ-ਵੱਖ ਸਰਕਾਰਾਂ ਅਤੇ ਪ੍ਰਸ਼ਾਸਨ ਨੇ ਉਸ ਦਾ ਹੀ ਡਟ ਕੇ ਸਾਥ ਦਿੱਤਾ ਅਤੇ ਪੀੜਤ ਧਿਰ ਥਾਣਿਆਂ ਤੇ ਅਦਾਲਤਾਂ ਵਿਚ ਕੂਕਾਂ ਮਾਰਦੀ ਰਹੀ। ਡਾ. ਕਫੀਲ ਖਾਨ ਅਤੇ ਦਿਵਾਂਗਨਾ ਕਲੀਤਾ ਦੇ ਮਾਮਲੇ ਇਸ ਕਰ ਕੇ ਸੰਗੀਨ ਹਨ ਕਿ ਕੇਂਦਰ ਵਿਚ ਆਰ. ਐਸ. ਐਸ. ਦੇ ਪ੍ਰਭਾਵ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਆਪਣੇ ਹਰ ਵਿਰੋਧੀ ਨੂੰ ਮਲੀਆਮੇਟ ਕਰਨ ਦਾ ਤਹੱਈਆ ਕੀਤਾ ਹੋਇਆ ਹੈ। ਡਾ. ਕਫੀਲ ਖਾਨ ਨੂੰ ਤਾਂ ਸ਼ਰੇਆਮ ਨਾਜਾਇਜ਼ ਗ੍ਰਿਫਤਾਰ ਕੀਤਾ ਗਿਆ ਅਤੇ ਦਿਵਾਂਗਨਾ ਕਲੀਤਾ, ਜਿਸ ਨੇ ਨਾਗਰਿਕਤਾ ਕਾਨੂੰਨ ਖਿਲਾਫ ਅਵਾਜ਼ ਬੁਲੰਦ ਕੀਤੀ ਸੀ, ਨੂੰ ਦਿੱਲੀ ਵਿਚ ਹਿੰਸਾ ਭੜਕਾਉਣ ਦੇ ਨਾਂ ਹੇਠ ਸੀਖਾਂ ਪਿਛੇ ਕਰ ਦਿੱਤਾ ਗਿਆ। ਅਸਲ ਵਿਚ ਮੋਦੀ ਸਰਕਾਰ ਅਜਿਹੀਆਂ ਇਕਪਾਸੜ ਕਾਰਵਾਈਆਂ ਕਰ ਕੇ ਲੋਕਾਂ ਨੂੰ ਇਹ ਸਪਸ਼ਟ ਸੰਕੇਤ ਅਤੇ ਸਬਕ ਦੇ ਰਹੀ ਹੈ ਕਿ ਜਿਹੜਾ ਵੀ ਸ਼ਖਸ ਉਸ ਦੀ ਮਰਜ਼ੀ ਤੋਂ ਬਿਨਾ ਬੋਲੇਗਾ, ਉਸ ਦਾ ਇਹੀ ਹਸ਼ਰ ਹੋਵੇਗਾ। ਪ੍ਰੋਫੈਸਰ ਤੇ ਸ਼ਾਇਰ ਵਰਵਰਾ ਰਾਓ, ਉਘੀ ਵਕੀਲ ਭਾਰਦਵਾਜ, ਅਰੁਣ ਫਰੇਰਾ, ਗੌਤਮ ਨਵਲਖਾ ਅਤੇ ਹੋਰ ਕਈ ਬੁੱਧਜੀਵੀ, ਜੋ ਲੋਕਾਂ ਦੇ ਹੱਕ ਵਿਚ ਆਪੋ-ਆਪਣੀ ਗੱਲ ਰੱਖਦੇ ਰਹੇ ਹਨ, ਝੂਠੇ ਮੁਕੱਦਮਿਆਂ ਵਿਚ ਉਲਝਾ ਕੇ ਸੀਖਾਂ ਪਿਛੇ ਡੱਕ ਦਿੱਤੇ ਗਏ ਹਨ। ਦਿੱਲੀ ਯੂਨੀਵਰਸਿਟੀ ਦਾ ਪ੍ਰੋਫੈਸਰ ਜੀ. ਐਨ. ਸਾਈਬਾਬਾ, ਜੋ ਸਰੀਰ ਪੱਖੋਂ 90 ਫੀਸਦੀ ਅਪਾਹਜ ਹੈ, ਨੂੰ ਝੂਠੇ ਕੇਸ ਵਿਚ ਉਲਝਾ ਕੇ ਉਮਰ ਕੈਦ ਤਹਿਤ ਜੇਲ੍ਹ ਵਿਚ ਡੱਕਿਆ ਗਿਆ ਹੈ। ਪਿਛਲੇ ਦਿਨੀਂ ਉਸ ਦੀ ਮਾਂ ਦਾ ਦੇਹਾਂਤ ਹੋਇਆ ਤਾਂ ਉਸ ਨੂੰ ਅੰਤਿਮ ਸੰਸਕਾਰ ਉਤੇ ਪੁੱਜਣ ਲਈ ਆਰਜ਼ੀ ਰਾਹਤ ਵੀ ਨਾ ਦਿੱਤੀ ਗਈ। ਇਸ ਕਰ ਕੇ ਉਪਰੋਕਤ ਤਿੰਨਾਂ ਮਾਮਲਿਆਂ ਦੀ ਇਸ ਕਰ ਕੇ ਵੀ ਚਰਚਾ ਹੋ ਰਹੀ ਹੈ ਕਿ ਸਰਕਾਰਾਂ ਦੇ ਸ਼ਿਕੰਜੇ ਦੇ ਬਾਵਜੂਦ ਕੁਝ ਜੱਜਾਂ ਨੇ ਮਾਮਲਿਆਂ ਦੀ ਗੰਭੀਰਤਾ ਨੂੰ ਸਮਝਦਿਆਂ ਪੀੜਤਾਂ ਦੇ ਹੱਕ ਵਿਚ ਕਾਰਵਾਈ ਕੀਤੀ ਹੈ।

ਇਨ੍ਹਾਂ ਸਮੁੱਚੇ ਹਾਲਾਤ ਤੋਂ ਜਾਹਰ ਹੈ ਕਿ ਭਾਰਤ ਅੰਦਰ ਇਨਸਾਫ ਲੈਣਾ ਹੁਣ ਕਿੰਨਾ ਵੱਡਾ ਕਾਰਜ ਹੋ ਗਿਆ ਹੈ। ਅਜਿਹੇ ਬਹੁਤ ਸਾਰੇ ਕੇਸ ਗਿਣਾਏ ਜਾ ਸਕਦੇ ਹਨ, ਜਿਸ ਵਿਚ ਦੋਸ਼ੀ ਤਾਂ ਸ਼ਰੇਆਮ ਘੁੰਮਦੇ-ਫਿਰਦੇ ਹਨ ਅਤੇ ਜਿਹੜੇ ਜੇਲ੍ਹਾਂ ਅੰਦਰ ਵੀ ਬੰਦ ਹਨ, ਉਹ ਜੇਲ੍ਹਾਂ ਅੰਦਰ ਵੀ ਪੂਰੀਆਂ ਸੁੱਖ-ਸਹੂਲਤਾਂ ਮਾਣ ਰਹੇ ਹਨ ਜਾਂ ਉਨ੍ਹਾਂ ਨੂੰ ਫਰਲੋ 'ਤੇ ਬਾਹਰ ਆਉਣ ਲਈ ਵੀ ਕੋਈ ਔਖ ਨਹੀਂ ਹੁੰਦੀ, ਪਰ ਜੋ ਲੋਕ, ਆਮ ਲੋਕਾਂ ਦੀ ਅਵਾਜ਼ ਬਣਨ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਬੇਵਜ੍ਹਾ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਹਾਲ ਹੀ ਵਿਚ ਦਿੱਲੀ ਦੇ ਉਘੇ ਵਕੀਲ ਪ੍ਰਸ਼ਾਂਤ ਭੂਸ਼ਣ ਦੇ ਮਾਮਲੇ ਨੇ ਵੀ ਸਭ ਸਪਸ਼ਟ ਕਰ ਦਿੱਤਾ ਹੈ। ਉਸ ਨੂੰ ਟਵੀਟਾਂ ਕਰ ਕੇ ਦੋਸ਼ੀ ਠਹਿਰਾਇਆ ਗਿਆ। ਚੰਗੀ ਗੱਲ ਇਹ ਹੋਈ ਕਿ ਬਹੁਤ ਸਾਰੇ ਵਕੀਲਾਂ, ਜੱਜਾਂ/ਸਾਬਕਾਂ ਜੱਜਾਂ ਅਤੇ ਵੱਖ-ਵੱਖ ਤਬਕਿਆਂ ਨਾਲ ਸਬੰਧਤ ਸ਼ਖਸੀਅਤਾਂ ਨੇ ਉਸ ਦੇ ਹੱਕ ਵਿਚ ਅਵਾਜ਼ ਬੁਲੰਦ ਕੀਤੀ। ਇਥੋਂ ਤਕ ਕਿ ਅਟਾਰਨੀ ਜਨਰਲ ਨੇ ਵੀ ਸੁਪਰੀਮ ਕੋਰਟ ਨੂੰ ਕਿਹਾ ਕਿ ਪ੍ਰਸ਼ਾਂਤ ਭੂਸ਼ਣ ਨੂੰ ਸਜ਼ਾ ਤੋਂ ਬਿਨਾ ਹੀ ਛੱਡ ਦਿੱਤਾ ਜਾਵੇ, ਪਰ ਇਥੇ ਵੱਡਾ ਸਵਾਲ ਇਹੀ ਹੈ ਕਿ ਮੁਲਕ ਦਾ ਸਾਧਾਰਨ ਸ਼ਖਸ ਪ੍ਰਸ਼ਾਂਤ ਭੂਸ਼ਣ ਜਿੰਨਾ ਪ੍ਰਭਾਵਸ਼ਾਲੀ ਨਹੀਂ ਅਤੇ ਆਮ ਬੰਦੇ ਦੀ ਅਵਾਜ਼ ਬਹੁਤੀ ਦੂਰ ਤਕ ਨਹੀਂ ਜਾਂਦੀ। ਮੁਲਕ ਦੀ ਆਜ਼ਾਦੀ ਨੂੰ ਪੌਣੀ ਸਦੀ ਹੋ ਚੱਲੀ ਹੈ, ਪਰ ਅਜੇ ਤਕ ਅਜਿਹਾ ਸਿਸਟਮ ਨਹੀਂ ਬਣ ਸਕਿਆ ਕਿ ਆਮ ਬੰਦਾ ਆਪਣੇ ਨਾਲ ਹੋਈ ਜ਼ਿਆਦਤੀ ਦੀ ਗੱਲ ਵੀ ਕਰ ਸਕੇ। ਇਸੇ ਕਰ ਕੇ ਇਹ ਸੋਚਣ ਦਾ ਵੇਲਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੀਡਰ ਮੁਲਕ ਦਾ ਬੇਪਰਵਾਹ!*

ਜਕੜਿਆ ਪਿਆ ਕਰੋਨਾ ਨੇ ਮੁਲਕ ਸਾਰਾ, ਲੱਭਦਾ ਲੋਕਾਂ ਨੂੰ ਕੋਈ ਨਹੀਂ ਰਾਹ ਮੀਆਂ।
ਲੀਡਰ ਮੁਲਕ ਦਾ ਮਾਰਚ ਦੀ ਗੱਲ ਛੱਡੋ, ਬਣਿਆ ਕਦੀ ਨਹੀਂ ਖੈਰ-ਖਵਾਹ ਮੀਆਂ।
'ਮਨ ਕੀ ਬਾਤ' ਨੂੰ ਜਦੋਂ ਉਹ ਕਦੇ ਛੋਹੇ, ਦਿੰਦਾ ਵਾਇਰਸ ਏਜੰਡੇ ਤੋਂ ਲਾਹ ਮੀਆਂ।
ਗਿਣਤੀ ਮੌਤਾਂ ਦੀ ਜਦੋਂ ਵੀ ਲੋਕ ਪੜ੍ਹਦੇ, ਪੜ੍ਹ ਕੇ ਨਿਕਲਦੀ ਸਾਫ ਹੈ ਧਾਹ ਮੀਆਂ।
ਹੁੰਦਾ ਆਗੂ ਨੂੰ ਲੋਕਾਂ ਦਾ ਦਰਦ ਜੇਕਰ, ਏਧਰ-ਓਧਰ ਨਾ ਲਾਂਵਦਾ ਟੂਲ ਮੀਆਂ।
ਆਗੂ ਏਦਾਂ ਦੇ ਪੀਹਣ ਹੈ ਪਾਈ ਬੈਠਾ, ਲੱਗਦਾ ਗਿਆ ਕਰੋਨਾ ਨੂੰ ਭੁੱਲ ਮੀਆਂ।

# ਨਿਜੀਕਰਨ, ਮੋਦੀ ਤੇ ਮਿਹਨਤਕਸ਼

***ਵਿਸ਼ਵ ਭਰ ਦਾ ਤਜਰਬਾ ਦੱਸਦਾ ਹੈ ਕਿ ਸਦਮਾ ਨੀਤੀਆਂ ਦਾ ਸਹਾਰਾ ਲੈ ਕੇ ਜਿਨ੍ਹਾਂ ਦੇਸ਼ਾਂ ਵਿਚ ਨਿਜੀਕਰਨ ਕੀਤਾ ਗਿਆ, ਉਥੇ ਖੁਦਕੁਸ਼ੀਆਂ ਦੀ ਦਰ ਦੁੱਗਣੀ ਹੋ ਗਈ; ਵੇਸਵਾਗਮਨੀ, ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ ਵਿਚ ਇੰਨਾ ਵਾਧਾ ਹੋਇਆ ਕਿ ਖਾਨਾਜੰਗੀ ਵਰਗਾ ਮਾਹੌਲ ਬਣ ਗਿਆ। ਭਾਰਤ ਵਿਚ ਵੀ ਅਸੀਂ ਅਜਿਹਾ ਮਾਹੌਲ ਬਣਿਆ ਅਤੇ ਬਣਦਾ ਦੇਖ ਰਹੇ ਹਾਂ...***

ਆਪਣੀ ਪਹਿਲੀ ਪਾਰੀ ਦੌਰਾਨ "ਸੌਗੰਧ ਹੈ ਮੁਝੇ ਇਸ ਮਿੱਟੀ ਕੀ ਮੈਂ ਦੇਸ ਨਹੀਂ ਬਿਕਨੇ ਦੂੰਗਾ" ਤੋਂ ਯੂ ਟਰਨ ਲੈਂਦਿਆਂ ਮੋਦੀ ਸਰਕਾਰ ਦੂਜੀ ਪਾਰੀ ਵਿਚ ਦੇਸ਼ ਦੇ ਹਰ ਵਿਭਾਗ, ਹਰ ਸ਼ੈਅ ਦਾ ਨਿਜੀਕਰਨ ਕਰਨ ਦੇ ਹੀ ਨਹੀਂ ਬਲਕਿ ਦੇਸ਼ੀ ਵਿਦੇਸ਼ੀ ਪੂੰਜੀਪਤੀਆਂ ਦੇ ਸਪੁਰਦ ਕਰਨ ਦੇ ਰਸਤੇ ਤੇਜ਼ੀ ਨਾਲ ਪੈ ਚੁੱਕੀ ਹੈ। ਮੋਦੀ ਸਰਕਾਰ 'ਰਾਸ਼ਟਰਵਾਦ' ਦੇ ਨਾਮ ਉਪਰ ਦੇਸ਼ ਦੇ ਕੁਲ ਵਿਭਾਗਾਂ ਤੇ ਕੁਲ ਵਸੀਲਿਆਂ ਦੇ ਨਿੱਜੀਕਰਨ ਲਈ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਅਤੇ ਨਾਲ ਹੀ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਸਮੇਤ ਦੇਸ਼ ਦੇ ਸਮੁੱਚੇ ਮਿਹਨਤਕਸ਼ ਲੋਕਾਂ ਨੂੰ ਦੁਨੀਆਂ ਭਰ ਦੀਆਂ ਈਸਟ ਇੰਡੀਆ ਕੰਪਨੀ ਵਰਗੀਆਂ ਤੇ ਉਸ ਤੋਂ ਕਿਤੇ ਵੱਡੀਆਂ ਅਤੇ ਜ਼ਾਲਮ ਹਜ਼ਾਰਾਂ ਕਾਰਪੋਰੇਸ਼ਨਾਂ ਦੇ



**ਅਮਰੀਕ ਸਿੰਘ**
ਫੋਨ: +91-84373-12220

ਰਹਿਮੋ-ਕਰਮ ਉਪਰ ਛੱਡਣ ਦਾ ਫੈਸਲਾ ਕਰ ਚੁੱਕੀ ਹੈ। ਦੇਸ਼ ਦੇ ਲੋਕ, ਕੁਦਰਤੀ ਵਸੀਲੇ, ਕਿਰਤ ਸ਼ਕਤੀ, ਦੇਸ਼ ਦੀ ਉਪਜ ਆਦਿ ਫਿਰ ਬਹੁਕੌਮੀ ਕਾਰਪੋਰੇਸ਼ਨਾਂ ਦੀ ਗੁਲਾਮੀ ਵਲ ਧੱਕੀ ਜਾ ਰਹੀ ਹੈ ਪ੍ਰੰਤੂ ਰਾਸ਼ਟਰਵਾਦ ਦਾ ਸ਼ੋਰ ਸੰਘ ਪਾੜ-ਪਾੜ ਕੇ ਪਾਇਆ ਜਾ ਰਿਹਾ ਹੈ।

ਕਰੋਨਾ ਸੰਕਟ ਦੌਰਾਨ ਇਕ ਪਾਸੇ ਕਰੋਨਾ ਯੋਧਿਆਂ ਦੀ ਤਾਰੀਫ, ਹੌਸਲਾ-ਅਫਜ਼ਾਈ ਤੇ ਸਨਮਾਨ (ਸਿਰਫ ਗੱਲਾਂ ਤੇ ਥਾਲੀਆਂ-ਤਾੜੀਆਂ ਤੇ ਫੁੱਲਾਂ ਨਾਲ) ਕੀਤਾ ਜਾ ਰਿਹਾ ਸੀ, ਦੂਜੇ ਪਾਸੇ ਨਿੱਜੀਕਰਨ ਲਈ ਕਰੋਨਾ ਸੰਕਟ ਨੂੰ ਸੁਨਹਿਰੀ ਮੌਕਾ ਸਮਝਸਿੱਖਿਆ, ਸਿਹਤ, ਬਿਜਲੀ, ਰੇਲਵੇ, ਬੀ.ਐਸ.ਐਨ.ਐਲ., ਐਲ.ਆਈ.ਸੀ., ਬੀ.ਪੀ.ਸੀ.ਐਲ., ਆਈ.ਓ.ਸੀ., ਆਰਡੀਨੈਂਸ ਫੈਕਟਰੀਆਂ, ਕੋਲਾ ਉਦਯੋਗ ਆਦਿ ਸਮੇਤ ਸਾਰੇ ਸਰਕਾਰੀ ਵਿਭਾਗਾਂ ਤੇ ਸੰਸਥਾਵਾਂ ਉਪਰ ਨਿਜੀਕਰਨ ਦਾ ਹਮਲਾ ਬੋਲ ਦਿੱਤਾ ਹੈ। ਸਪਸ਼ਟ ਹੈ ਕਿ ਸਰਕਾਰੀ ਨੀਤੀ-ਘਾੜਿਆਂ ਨੇ ਸ਼ਿਕਾਗੋ ਸਕੂਲ ਅਮਰੀਕਾ ਦੇ ਅਰਥ ਸ਼ਾਸਤਰੀ ਮਿਲਟਨ ਫਰਾਈਡਮੈਨ (ਜਿਸ ਨੂੰ ਸਦਮਾ ਨੀਤੀਆਂ ਦਾ ਜਨਮ ਦਾਤਾ ਕਿਹਾ ਜਾਂਦਾ ਹੈ) ਦੇ ਸਬਕ ਕਿ "ਵੱਡੇ ਸੰਕਟ ਉਡੀਕਦੇ ਰਹੋ, ਫੇਰ ਰਾਜ ਦੇ ਵੱਖ-ਵੱਖ ਹਿੱਸੇ ਉਸੇ ਸਮੇਂ ਨਿੱਜੀ ਕਾਰੋਬਾਰੀਆਂ ਨੂੰ ਸੌਂਪ ਦਿਓ। ਜਦੋਂ ਹਾਲੇ ਨਾਗਰਿਕ ਸਦਮੇ ਦੀ ਹਾਲਤ 'ਚ ਹੀ ਹੋਣ, ਫੇਰ ਫਟਾਫਟ 'ਸੁਧਾਰਾਂ' ਨੂੰ ਸਥਾਈ ਰੂਪ ਦੇ ਦਿਉ" (ਸੰਕਟ ਚਾਹੇ ਹਕੀਕੀ ਹੋਵੇ ਜਾਂ ਮਨਸੂਈ ਪੈਦਾ ਕੀਤਾ), ਉਪਰ ਹੀ ਅਮਲ ਕੀਤਾ ਹੈ। ਠੀਕ ਉਸੇ ਤਰ੍ਹਾਂ, ਜਿਵੇਂ ਅਮਰੀਕਾ ਵਿਚ 9/11 ਦੀ ਘਟਨਾ ਸਮੇਂ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਅਤੇ ਉਸ ਦਾ ਲਾਣਾ ਇਕ ਪਾਸੇ ਦੇਸ਼ ਦੇ ਅੱਗ ਬੁਝਾਊ ਤੇ ਸਿਹਤ ਕਾਮਿਆਂ (ਜਿਨ੍ਹਾਂ ਦੇ 403 ਕਰਮਚਾਰੀ ਰਾਹਤ ਕਾਰਜ ਕਰਦਿਆਂ ਮੌਤ ਦੇ ਮੂੰਹ ਜਾ ਪਏ ਸਨ) ਨਾਲ ਜੱਫੀਆਂ ਪਾ ਕੇ ਫੋਟੋਆਂ ਖਿਚਵਾ ਰਹੇ ਸਨ, ਦੂਜੇ ਪਾਸੇ ਉਨ੍ਹਾਂ ਹੀ ਵਿਭਾਗਾਂ ਨੂੰ ਨਿੱਜੀ ਪੂੰਜੀਪਤੀਆਂ ਹਵਾਲੇ ਕਰ ਰਹੇ ਸਨ।

ਭਾਰਤ ਵਿਚ ਕਰੋਨਾ 'ਸਦਮੇ' ਸਮੇਂ ਨਿੱਜੀਕਰਨ ਦੀ ਹਨੇਰੀ ਝੁਲਾਉਂਦਿਆਂ ਮੋਦੀ ਸਰਕਾਰ ਉਹੀ ਪੁਰਾਣਾ ਰਾਗ ਜਿਵੇਂ ਕਰਮਚਾਰੀਆਂ ਦੇ ਮਹਿੰਗੇ ਪੈਣ ਦਾ, ਸਰਕਾਰੀ ਵਿਭਾਗਾਂ ਦੇ ਘਾਟੇ ਦਾ, ਵਿਦੇਸ਼ੀ ਪੂੰਜੀ ਤੇ ਤਕਨੀਕ ਦੇ ਆਉਣ ਦਾ, ਮੁਕਾਬਲੇਬਾਜ਼ੀ ਵਧਣ ਦਾ, ਸੰਸਾਰ ਪੱਧਰੀ ਸੇਵਾਵਾਂ ਦਾ ਤੇ ਦੇਸ਼ ਦੇ ਵਿਕਾਸ ਆਦਿ ਦਾ ਅਲਾਪ ਰਹੀ ਹੈ; ਜਦਕਿ ਅਸਲ ਉਦੇਸ਼ 'ਸਟਾਫ ਉਪਰ ਘੱਟ ਤੋਂ ਘੱਟ ਖਰਚ ਕਰ, ਜਨਤਾ ਦਾ ਹੋਰ ਵੱਧ ਤੋਂ ਵੱਧ ਪੈਸਾ ਨਿੱਜੀ ਪੂੰਜੀਪਤੀਆਂ ਦੀਆਂ ਤਜੋਰੀਆਂ ਵਿਚ ਪਾਉਣ' ਦਾ ਹੈ। ਆਓ ਸੰਖੇਪ ਵਿਚ ਸਰਕਾਰ ਦੀਆਂ ਦਲੀਲਾਂ ਦੀ ਪੁਣ-ਛਾਣ ਕਰੀਏ। ਸਰਕਾਰੀ ਨੀਤੀ-ਘਾੜੇ ਚੀਕ-ਚੀਕ ਕੇ ਕਹਿੰਦੇ ਹਨ ਕਿ ਸਰਕਾਰੀ ਕਰਮਚਾਰੀ ਮਹਿੰਗੇ ਪੈਂਦੇ ਹਨ। ਅਸੀਂ ਜਾਣਦੇ ਹਾਂ ਜਦੋਂ ਉਹ ਦਲੀਲ ਦਿੰਦੇ ਹਨ ਤਾਂ ਉਨ੍ਹਾਂ ਦਾ ਸਪਸ਼ਟ ਇਸ਼ਾਰਾ ਦਰਜਾ ਚਾਰ ਅਤੇ ਦਰਜਾ ਤਿੰਨ ਕਰਮਚਾਰੀ ਵੱਲ ਹੀ ਹੁੰਦਾ ਹੈ ਜੋ ਕਿਸੇ ਵੀ ਵਿਭਾਗ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਅਫਸਰਸ਼ਾਹੀ ਰਾਜਨੀਤਕ ਲੋਕਾਂ ਵਾਂਗ ਕਦੇ ਵੀ ਮਹਿੰਗੀ ਨਹੀਂ ਮੰਨੀ ਜਾਂਦੀ। ਦੇਸ਼ ਦੇ ਨੀਤੀ ਆਯੋਗ ਦੇ ਮੁਤਾਬਕ ਮਾਰਚ 2019 ਵਿਚ ਭਾਰਤ ਵਿਚ ਪ੍ਰਤੀ ਵਿਅਕਤੀ ਔਸਤ ਆਮਦਨ ਪ੍ਰਤੀ ਮਹੀਨਾ 11254 ਰੁਪਏ ਹੈ ਜੋ ਪ੍ਰਤੀ ਪਰਿਵਾਰ (ਪੰਜ ਮੈਂਬਰਾਂ ਦੇ ਨਾਲ) ਔਸਤ ਆਮਦਨ 56270 ਰੁਪਏ ਪ੍ਰਤੀ ਮਹੀਨਾ ਬਣਦੀ ਹੈ। ਭਾਰਤੀ ਰੇਲਵੇ ਦੇ ਪ੍ਰਮੁੱਖ ਅਦਾਰੇ ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਇਕ ਅਧਿਐਨ ਮੁਤਾਬਕ ਤਕਨੀਸ਼ੀਅਨਾਂ ਅਤੇ ਸਹਾਇਕਾਂ (ਦਰਜਾ ਤਿੰਨ ਤੇ ਦਰਜਾ ਚਾਰ) ਦੀ ਔਸਤ ਕੁਲ ਤਨਖਾਹ (ਗਰੌਸ ਸੇਲਰੀ) 46851 ਰੁਪਏ ਹੈ ਅਤੇ ਨੈਟ ਤਨਖਾਹ 26868 ਰੁਪਏ ਬਣਦੀ ਹੈ; ਜਦਕਿ ਅਫਸਰਸ਼ਾਹੀ ਦੀ ਔਸਤਨ ਤਨਖਾਹ ਇੱਕ ਲੱਖ 48 ਹਜ਼ਾਰ 552 ਰੁਪਏ ਬਣਦੀ ਹੈ। ਸਪਸ਼ਟ ਹੈ ਕਿ ਭਾਰਤ ਵਿਚ ਪ੍ਰਤੀ ਵਿਅਕਤੀ ਔਸਤ ਆਮਦਨ ਦੇ ਹਿਸਾਬ ਨਾਲ ਕਰਮਚਾਰੀ ਮਹਿੰਗੇ ਨਹੀਂ ਪੈਂਦੇ। ਹਾਂ ਠੇਕੇਦਾਰੀ, ਆਊਟਸੋਰਸਿੰਗ, ਅਸਥਾਈ ਤੇ ਪ੍ਰਾਈਵੇਟ ਕੰਪਨੀਆਂ ਵਿਚ ਕੰਮ ਕਰਦੇ ਮਜ਼ਦੂਰ ਬੇਇੰਤਹਾ ਲੁੱਟ ਤੇ ਸ਼ੋਸ਼ਣ ਦੇ ਕਾਰਨ ਸਸਤੇ ਜ਼ਰੂਰ ਪੈਂਦੇ ਹਨ।

ਦੂਜੀ ਗੱਲ ਸਰਕਾਰੀ ਵਿਭਾਗਾਂ ਦੇ ਘਾਟੇ ਦੀ; ਸਰਕਾਰੀ ਤੇ ਜਨਤਕ ਅਦਾਰੇ ਸਿਰਫ ਮੁਨਾਫੇ ਲਈ ਹੀ ਉਸਾਰੇ ਨਹੀਂ ਜਾਂਦੇ। ਇਨ੍ਹਾਂ ਨੂੰ ਉਸਾਰਨ ਦੇ ਮਕਸਦ ਬੜੇ ਉਚੇ ਤੇ ਸੁੱਚੇ ਹੁੰਦੇ ਹਨ। ਇਨ੍ਹਾਂ ਨੂੰ ਮੁਨਾਫਿਆਂ ਦੇ ਸਿੱਧੜ ਜਿਹੇ ਪੈਮਾਨੇ ਨਾਲ ਮਾਪਣਾ ਠੀਕ ਨਹੀਂ ਪਰ ਜੇਕਰ ਸਰਕਾਰ ਦੇ ਪੈਮਾਨੇ ਮੁਤਾਬਕ ਵੀ ਦੇਖੀਏ ਤਾਂ ਨਰਸਿਮਹਾ ਰਾਓ-ਮਨਮੋਹਨ ਸਿੰਘ ਜੋੜੀ ਵਲੋਂ 1991 ਤੋਂ ਨਵੀਆਂ ਆਰਥਿਕ ਨੀਤੀਆਂ (ਜਿਨ੍ਹਾਂ ਨੂੰ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਵੀ ਕਿਹਾ ਜਾਂਦਾ ਹੈ) ਲਈ ਦੇਸ਼ ਦੇ ਦਰਵਾਜ਼ੇ ਖੋਲ੍ਹਣ ਤੋਂ ਬਾਅਦ ਰੇਲਵੇ ਵਿਚ ਪਲੇਟਫਾਰਮ ਟਿਕਟ ਜੋ 2011 ਵਿਚ 5 ਰੁਪਏ ਮਿਲਦਾ ਸੀ, ਤੋਂ ਵਧਾ ਕੇ 50 ਰੁਪਏ ਦੀ ਕਰਨ, ਰੇਲਵੇ ਕਿਰਾਏ ਭਾੜੇ ਵਿਚ ਪ੍ਰਤੱਖ ਤੇ ਅਪ੍ਰਤੱਖ ਬੇਤਹਾਸ਼ਾ ਵਾਧਾ ਕਰਨ ਤੇ ਹੋਰ ਕਈ ਤਰ੍ਹਾਂ ਦੇ ਬੇਹਿਸਾਬ ਚਾਰਜ ਲਗਾਉਣ ਦੇ ਬਾਵਜੂਦ ਤੇ ਤਕਰੀਬਨ 1400 ਕਰੋੜ ਰੁਪਇਆ ਰੱਦ ਕੀਤੀਆਂ ਟਿਕਟਾਂ ਤੋਂ ਕਮਾਉਣ ਦੇ ਬਾਵਜੂਦ ਰੇਲ ਦਾ ਘਾਟਾ ਲਗਾਤਾਰ ਵਧਦਾ ਕਿਉਂ ਜਾ ਰਿਹਾ ਹੈ? ਤਕਰੀਬਨ ਪੰਜ ਸਾਲ ਪਹਿਲਾਂ ਦੇਸ਼ ਦੇ ਨੀਤੀ-ਘਾੜਿਆਂ ਕਹਿ ਰਹੇ ਸਨ ਕਿ ਅਗਰ ਰੇਲਵੇ ਸੌ ਰੁਪਏ ਕਮਾਉਂਦੀ ਹੈ, ਰੇਲਵੇ ਨੂੰ 92 ਰੁਪਏ ਤਨਖਾਹ, ਭੱਤੇ, ਪੈਨਸ਼ਨ ਤੇ ਰੇਲਵੇ ਦੇ ਰੱਖ ਰਖਾਅ ਉਪਰ ਖਰਚ ਕਰਨੇ ਪੈਂਦੇ ਹਨ। ਰੇਲ ਦੇ ਵਿਕਾਸ ਲਈ ਰੇਲਵੇ ਕੋਲ ਕੇਵਲ 8 ਫੀਸਦੀ ਪੈਸਾ ਹੀ ਬਚਦਾ ਹੈ। ਪਿਛਲੇ ਸਾਲ ਤੋਂ ਇਹ ਚੀਕ ਚਿਹਾੜਾ ਪਾਇਆ ਜਾ ਰਿਹਾ ਹੈ ਕਿ ਅਗਰ ਭਾਰਤੀ ਰੇਲਵੇ ਸੌ ਰੁਪਏ ਕਮਾਉਂਦੀ ਹੈ, ਉਸ ਨੂੰ 111 ਰੁਪਏ ਖਰਚ ਕਰਨੇ ਪੈਂਦੇ ਹਨ, ਭਾਵ ਰੇਲਵੇ ਨੂੰ 11 ਫੀਸਦੀ ਘਾਟਾ ਪੈ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ 1995 ਵਿਚ ਰੇਲਵੇ ਕਰਮਚਾਰੀਆਂ ਦੀ ਸੰਖਿਆ ਤਕਰੀਬਨ 18 ਲੱਖ ਸੀ ਜੋ ਹੁਣ ਘਟ ਕੇ 11 ਲੱਖ ਦੇ ਕਰੀਬ ਰਹਿ ਗਈ ਹੈ ਤੇ ਠੇਕੇਦਾਰੀ, ਆਊਟਸੋਰਸਿੰਗ ਆਦਿ ਵਿਚ ਅੰਧਾ-ਧੁੰਦ ਵਾਧਾ ਹੋਇਆ ਹੈ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਰੇਲ ਕਰਮਚਾਰੀਆਂ ਤੋਂ ਲੈ ਕੇ ਸਮੁੱਚਾ ਢਾਂਚਾ ਪੂਰੀ ਤਰ੍ਹਾਂ ਓਵਰਲੋਡ ਚਲ ਰਿਹਾ ਹੈ। ਇਸ ਸਭ ਕੁਝ ਦੇ ਬਾਵਜੂਦ ਰੇਲ ਘਾਟੇ ਵਿਚ ਕਿਵੇਂ ਜਾ ਸਕਦੀ ਹੈ?

ਅਗਲੀ ਗੱਲ ਵਿਦੇਸ਼ੀ ਤਕਨੀਕ, ਵਿਦੇਸ਼ੀ ਪੂੰਜੀ ਆਦਿ ਦੇ ਸਬਜ਼ਬਾਗ ਦੇਖਣ ਤੇ ਦਿਖਾਉਣ ਵਾਲਿਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਕੋਕਾ ਕੋਲਾ, ਪੈਪਸੀ, ਵਾਲਮਾਰਟ ਤੇ ਹੋਰ ਹਜ਼ਾਰਾਂ ਕੰਪਨੀਆਂ ਕੋਲੋਂ ਇਨ੍ਹਾਂ ਹੁਣ ਤੱਕ ਕਿਹੜੀ ਤਕਨੀਕ ਹਾਸਲ ਕੀਤੀ ਹੈ? ਉਲਟਾ ਇਨ੍ਹਾਂ ਕਾਰਪੋਰੇਸ਼ਨਾਂ ਨੇ ਬਹੁਤ ਸਾਰੀਆਂ ਸਥਾਨਕ ਕੰਪਨੀਆਂ ਤੇ ਤਕਨੀਕਾਂ ਨੂੰ ਨਸ਼ਟ ਕਰ ਦਿੱਤਾ ਹੈ। ਇਹ ਦੇਸ਼ ਦੇ ਲੋਕਾਂ ਦੀ ਅੰਨ੍ਹੀ ਲੁੱਟ ਕਰ ਕੇ ਮਣਾਂ ਮੂੰਹੀਂ ਸਰਮਾਇਆ ਦੇਸ਼ ਤੋਂ ਬਾਹਰ ਲਿਜਾ ਚੁੱਕੀਆਂ ਹਨ। ਰਹੀ ਗੱਲ ਮੁਕਾਬਲੇਬਾਜ਼ੀ ਦੀ, ਦੁਨੀਆਂ ਭਰ ਦਾ ਤਜ਼ਰਬਾ ਹੋਰ ਹੀ ਕਹਾਣੀ ਬਿਆਨ ਕਰਦਾ ਹੈ। 'ਸਦਮਾ ਸਿਧਾਂਤ- ਤਬਾਹੀ-ਪਸੰਦ ਸਰਮਾਏਦਾਰੀ ਦਾ ਉਭਾਰ' ਕਿਤਾਬ ਦੀ ਲੇਖਕਾ ਨਿਓਮੀ ਕਲੇਨ ਏਸ਼ੀਆ ਦੀ ਲੁੱਟ-ਮਾਰ ਬਾਰੇ ਦੱਸਦੀ ਹੈ- "ਵਿਦੇਸ਼ੀ ਫਰਮਾਂ ਉਥੇ (ਦੱਖਣੀ ਕੋਰੀਆ ਵਿਚ) ਆਪਣੇ ਕਾਰੋਬਾਰ ਉਸਾਰਨ ਅਤੇ ਮੁਕਾਬਲੇਬਾਜ਼ੀ ਵਿਚ ਪੈਣ ਨਹੀਂ ਗਈਆਂ ਸਨ ਸਗੋਂ ਸਮੁੱਚਾ ਢਾਂਚਾ, ਕਿਰਤ ਸ਼ਕਤੀ, ਖਰੀਦਦਾਰਾਂ ਦੀ ਮੰਡੀ ਅਤੇ ਬ੍ਰੈਂਡ ਮੁੱਲ ਜੋ ਕੋਰੀਆ ਦੀਆਂ ਕੰਪਨੀਆਂ ਨੇ ਦਹਾਕੇ ਲਾ ਕੇ ਉਸਾਰਿਆ ਸੀ, ਉਸ ਉਪਰ ਕਾਬਜ਼ ਹੋਣ, ਉਨ੍ਹਾਂ ਨੂੰ ਖੇਰੂੰ-ਖੇਰੂੰ ਕਰਨ ਤੇ ਇਨ੍ਹਾਂ ਨੂੰ ਠੱਪ ਕਰ ਦੇਣ ਦੇ ਮਕਸਦ ਨਾਲ ਗਈਆਂ ਸਨ ਤਾਂ ਜੋ ਆਪਣੀਆਂ ਦਰਾਮਦਾਂ ਦਾ ਮੁਕਾਬਲਾ ਖਤਮ ਕੀਤਾ ਜਾ ਸਕੇ"। "ਦੱਖਣੀ ਕੋਰੀਆ ਵਿਚ ਬਹੁ-ਕੌਮੀ ਕਾਰਪੋਰੇਸ਼ਨਾਂ ਨੇ ਸਥਾਨਕ ਫਰਮਾਂ ਦਾ ਸਫਾਇਆ ਕਰ ਦਿੱਤਾ ਸੀ"। ਬਹੁਕੌਮੀ ਕਾਰਪੋਰੇਸ਼ਨਾਂ ਭਾਰਤ ਵਿਚ ਕੀ ਗੁਲ ਖਿਲਾਉਣਗੀਆਂ ਕੀ ਕਿਸੇ ਨੂੰ ਕੋਈ ਭੁਲੇਖਾ ਹੈ?

ਰਹੀ ਗੱਲ ਸੰਸਾਰ ਪੱਧਰੀ ਸੇਵਾਵਾਂ ਦੇਣ ਦੀ, ਤਜਰਬਾ ਦੱਸਦਾ ਹੈ ਕਿ ਚੰਦ ਪੂੰਜੀਪਤੀਆਂ ਦੀਆਂ ਸਹੂਲਤਾਂ ਦੀ ਕੀਮਤ ਤੇ ਦੇਸ਼ ਦੇ ਵੱਡੀ ਗਿਣਤੀ ਗਰੀਬ ਤੇ ਮਿਹਨਤਕਸ਼ ਲੋਕਾਂ ਨੂੰ ਊਰਜਾ, ਆਵਾਜਾਈ, ਸੰਚਾਰ, ਸਿੱਖਿਆ ਤੇ ਸਿਹਤ ਸੇਵਾਵਾਂ ਦੇ ਖੇਤਰ ਵਿਚੋਂ ਬਾਹਰ ਧੱਕ ਦਿੱਤਾ ਜਾਵੇਗਾ। ਮੋਦੀ ਸਰਕਾਰ ਜਦੋਂ ਨਿੱਜੀਕਰਨ ਦੀ ਹਨੇਰੀ ਝੁਲਾ ਰਹੀ ਹੈ, ਵਿਦੇਸ਼ੀ ਕੰਪਨੀਆਂ ਤੇ ਵਿਦੇਸ਼ੀ ਪੂੰਜੀ ਲਈ ਲਾਲ ਕਾਲੀਨ ਵਿਛਾ ਰਹੀ ਹੈ ਅਤੇ ਇਸ ਨਾਲ ਦੇਸ਼ ਦੇ ਵਿਕਾਸ ਕਰਨ ਦੀ ਦੁਹਾਈ ਪਾ ਰਹੀ ਹੈ ਤਾਂ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਦੇਸ਼ ਕੋਈ ਕਾਗਜ਼ 'ਤੇ ਬਣਾਇਆ ਨਕਸ਼ਾ ਨਹੀਂ ਹੁੰਦਾ, ਦੇਸ਼ ਅੰਬਾਨੀ-ਅਡਾਨੀ ਵਰਗੇ ਚੰਦ ਪੂੰਜੀਪਤੀ ਵੀ ਨਹੀਂ ਹੁੰਦੇ; ਦੇਸ਼, ਦੇਸ਼ ਦੇ ਸਮੁੱਚੇ ਨਾਗਰਿਕਾਂ ਨਾਲ ਬਣਦਾ ਹੈ।

ਬਿਨਾ ਸ਼ੱਕ ਮੋਦੀ ਸਰਕਾਰ ਨੇ ਕੌਮਾਂਤਰੀ ਮੁਦਰਾ ਕੋਸ਼, ਸੰਸਾਰ ਬੈਂਕ ਵਰਗੀਆਂ ਸਾਮਰਾਜੀ ਸੰਸਥਾਵਾਂ ਦੇ ਦਿਸ਼ਾ-ਨਿਰਦੇਸ਼ਾਂ ਉਪਰ ਤੇ ਦੁਨੀਆ ਭਰ ਦੀਆਂ ਕਾਰਪੋਰੇਸ਼ਨਾਂ ਤੇ ਪੂੰਜੀਪਤੀਆਂ ਦੀ ਚਾਕਰੀ ਕਰਦਿਆਂ ਨਾ ਸਿਰਫ ਦੇਸ਼ ਦੇ ਸਰਕਾਰੀ ਵਿਭਾਗਾਂ ਤੇ ਸੰਸਥਾਵਾਂ ਦੇ ਨਿੱਜੀਕਰਨ ਲਈ ਅੱਤ ਚੁੱਕੀ ਹੋਈ ਹੈ ਬਲਕਿ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ ਨੌਜਵਾਨਾਂ ਤੇ ਮਿਹਨਤਕਸ਼ ਲੋਕਾਂ ਨਾਲ ਕੀਮਤਾਂ ਨੂੰ ਕੰਟਰੋਲ ਮੁਕਤ ਕਰ, ਕਿਰਤ ਕਾਨੂੰਨਾਂ ਦਾ ਘਾਣ ਕਰ, ਕਿਸਾਨਾਂ ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਖਤਮ ਕਰ, ਹਰ ਕਿਸਮ ਦੀਆਂ ਸਬਸਿਡੀਆਂ ਦਾ ਖਾਤਮਾ ਕਰ ਸਿੱਧੀ ਲੜਾਈ ਦਾ ਸ਼ੁਰੂ ਕਰ ਦਿੱਤੀ ਹੈ।

ਸੋਚੋ, ਅਗਰ ਮੋਦੀ ਸਰਕਾਰ ਆਪਣੇ ਨਾਪਾਕ ਮਨਸੂਬਿਆਂ ਵਿਚ ਕਾਮਯਾਬ ਹੋ ਗਈ ਤਾਂ ਕੀ ਹੋਵੇਗਾ? ਵਿਸ਼ਵ ਭਰ ਦਾ ਤਜਰਬਾ ਦੱਸਦਾ ਹੈ ਕਿ ਸਦਮਾ ਨੀਤੀਆਂ ਦਾ ਸਹਾਰਾ ਲੈ ਕੇ ਜਿਨ੍ਹਾਂ ਦੇਸ਼ਾਂ ਵਿਚ ਨਿੱਜੀਕਰਨ ਕੀਤਾ ਗਿਆ, ਉਥੇ ਖੁਦਕੁਸ਼ੀਆਂ ਦੀ ਦਰ ਦੁੱਗਣੀ ਹੋ ਗਈ; ਵੇਸਵਾਗਮਨੀ, ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ, ਜੁਰਮਾਂ ਵਿਚ ਇੰਨਾ ਵਾਧਾ ਹੋਇਆ ਕਿ ਖਾਨਾਜੰਗੀ ਵਰਗਾ ਮਾਹੌਲ ਬਣ ਗਿਆ। ਆਪਣੇ ਦੇਸ਼ ਵਿਚ ਵੀ ਅਸੀਂ ਅਜਿਹਾ ਮਾਹੌਲ ਬਣਿਆ ਅਤੇ ਬਣਦਾ ਦੇਖ ਰਹੇ ਹਾਂ। ਕੀ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਅਜਿਹਾ ਦੇਸ਼ ਤੇ ਸਮਾਜ ਛੱਡ ਕੇ ਜਾਵਾਂਗੇ? ਕੀ ਅਸੀਂ ਦੇਸ਼ ਤੇ ਦੇਸ਼ ਦੇ ਲੋਕਾਂ ਨੂੰ ਬਚਾਉਣ ਲਈ ਲੜਾਈ ਲੜ ਆਪਣੇ ਸ਼ਾਨਾਮੱਤੇ ਇਤਿਹਾਸ ਤੇ ਇਤਿਹਾਸਕ ਨਾਇਕਾਂ ਦੀਆਂ ਅਤੇ ਆਪਣੇ ਫੁੱਲਾਂ ਵਰਗੇ ਬੱਚਿਆਂ ਤੇ ਭਵਿਖ ਦੀ ਅੱਖਾਂ ਵਿਚ ਅੱਖ ਮਿਲਾਉਣੀ ਹੈ ਜਾਂ ਅੱਖਾਂ ਚੁਰਾਉਣੀਆਂ ਹਨ।

ਇਕ ਗੱਲ ਤਾਂ ਸਪਸ਼ਟ ਹੈ ਕਿ ਜਿਵੇਂ ਸ਼ਹੀਦ ਭਗਤ ਸਿੰਘ ਨੇ ਕਿਹਾ ਸੀ- "ਜੰਗ ਤਾਂ ਹਰ ਹਾਲ ਜਾਰੀ ਰਹੇਗੀ। ਉਦੋਂ ਤੱਕ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਤੇ ਕੌਮ ਹੱਥੋਂ ਕੌਮ ਦੀ ਲੁੱਟ ਖਤਮ ਨਹੀਂ ਹੋ ਜਾਂਦੀ"। ਸਵਾਲ ਤਾਂ ਇਹ ਹੈ ਕਿ ਅਸੀਂ ਇਹ ਜੰਗ ਖੁਦ ਲੜਨੀ ਤੇ ਜਿੱਤਣੀ ਹੈ ਜਾਂ ਕਰਜ਼ ਦੇ ਰੂਪ ਵਿਚ ਆਪਣੇ ਬੱਚਿਆਂ ਲਈ ਛੱਡ ਉਨ੍ਹਾਂ ਦੇ ਗੁਨਾਹਗਾਰ ਬਣਨਾ ਹੈ? ਅੱਜ ਸਮਾਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਦੇਸ਼ ਵਿਚ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਕਰਮਚਾਰੀਆਂ, ਵਿਦਿਆਰਥੀਆਂ ਤੇ ਸਮੁੱਚੇ ਮਿਹਨਤਕਸ਼ ਲੋਕਾਂ ਦਾ ਸਾਂਝਾ ਤੇ ਵਿਸ਼ਾਲ ਮੰਚ ਉਸਾਰਿਆ ਜਾਵੇ ਤੇ ਮੋਦੀ ਸਰਕਾਰ ਦੀਆਂ ਸਾਮਰਾਜੀ ਨੀਤੀਆਂ ਨੂੰ ਚੁਣੌਤੀ ਦਿੱਤੀ ਜਾਵੇ।

# ਕਲਮ ਦੀ ਸ਼ਹਾਦਤ ਬਨਾਮ ਜ਼ੁਬਾਨਬੰਦੀ ਦੀ ਸਿਆਸਤ

5 ਸਤੰਬਰ ਗੌਰੀ ਲੰਕੇਸ਼ ਦਾ ਸ਼ਹਾਦਤ ਦਿਵਸ ਹੈ। 2017 ਵਿਚ ਇਸ ਨਿਧੜਕ ਪੱਤਰਕਾਰ ਅਤੇ ਲੋਕਪੱਖੀ ਚਿੰਤਕ ਨੂੰ ਇਕ ਗੁਪਤ ਦਹਿਸ਼ਤੀ ਗਰੋਹ ਨੇ ਉਸ ਦੇ ਘਰ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਨਿਰਸੰਦੇਹ, ਇਸ ਕਤਲ ਦਾ ਇਕੋ-ਇਕ ਮਨੋਰਥ ਹਿੰਦੂਤਵ ਫਾਸ਼ੀਵਾਦੀਆਂ ਵਲੋਂ ਇਸ ਧੜਲੇਦਾਰ ਕਲਮ ਨੂੰ ਖਾਮੋਸ਼ ਕਰਨਾ ਸੀ। ਇਸ ਵਿਚਾਰਧਾਰਾ ਦੇ ਪੈਰੋਕਾਰਾਂ ਵਲੋਂ ਸ਼ਰੇਆਮ ਇਸ ਕਤਲ ਨੂੰ ਜਾਇਜ਼ ਠਹਿਰਾਉਣ ਲਈ ਕੀਤੀ ਜ਼ਹਿਰੀਲੀ ਬਿਆਨਬਾਜ਼ੀ ਇਸ ਦਾ ਸਾਫ ਸਬੂਤ ਸੀ। ਇਹ ਇਸ ਤਰ੍ਹਾਂ ਦਾ ਪਹਿਲਾ ਕਤਲ ਨਹੀਂ ਸੀ ਅਤੇ ਇਹ ਆਖਰੀ ਵੀ ਨਹੀਂ। ਇਸ ਲੜੀ 'ਚ ਸਭ ਤੋਂ ਪਹਿਲਾਂ 20 ਅਗਸਤ 2013 ਨੂੰ ਹਰਮਨਪਿਆਰੇ ਤਰਕਸ਼ੀਲ ਆਗੂ ਤੇ ਲੋਕਪੱਖੀ ਚਿੰਤਕ ਡਾ. ਨਰਿੰਦਰ ਡਭੋਲਕਰ ਨੂੰ ਕਤਲ ਕੀਤਾ

**ਬੂਟਾ ਸਿੰਘ**
ਫੋਨ: +91-94634-74342

ਗਿਆ। ਡਭੋਲਕਾਰ ਤੋਂ ਬਾਅਦ ਅਗਾਂਹਵਧੂ ਚਿੰਤਕ ਅਤੇ ਲੋਕ ਆਗੂ ਗੋਵਿੰਦ ਪਾਨਸਰੇ ਅਤੇ ਫਿਰ ਉਘੇ ਸਿੱਖਿਆ ਵਿਗਿਆਨੀ ਡਾ. ਐਮ.ਐਮ. ਕਲਬੁਰਗੀ ਨੂੰ ਵੀ ਹਿੰਦੂਤਵ ਫਾਸ਼ੀਵਾਦੀਆਂ ਵਲੋਂ ਇਸੇ ਤਰ੍ਹਾਂ ਮਾਰਿਆ ਗਿਆ। ਸਾਰੇ ਕਤਲਾਂ ਦੀ ਸੂਤਰਧਾਰ ਵੀ ਇੱਕੋ ਤਾਕਤ ਸੀ ਅਤੇ ਸਾਰੇ ਕਤਲਾਂ ਦਾ ਮਕਸਦ ਵੀ ਲੋਕਪੱਖੀ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਸੀ।

ਸਰਸਰੀ ਜਾਂਚ ਦੌਰਾਨ ਹੀ ਇਹ ਸਾਹਮਣੇ ਆ ਗਿਆ ਸੀ ਕਿ ਇਹ ਸਾਰੇ ਕਤਲ ਸਨਾਤਨ ਸੰਸਥਾ ਦੇ ਕਾਤਲ ਗਰੋਹ 'ਸਾਈਲੈਂਟ ਸੈੱਲ' ਨੇ ਕੀਤੇ ਸਨ। ਇਸ ਸੰਬੰਧ 'ਚ ਕੁਝ ਗ੍ਰਿਫਤਾਰੀਆਂ ਵੀ ਹੋਈਆਂ, ਲੇਕਿਨ ਤਫਤੀਸ਼ ਇਕ ਹੱਦ ਤੋਂ ਅੱਗੇ ਨਹੀਂ ਗਈ। ਜਦਕਿ ਮੁੱਢਲੀ ਜਾਂਚ ਵਿਚ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਕਤਲਾਂ ਨੂੰ ਅੰਜਾਮ ਦੇਣ ਵਾਲੇ ਆਮ ਮੁਜਰਿਮ ਨਹੀਂ, ਇਨ੍ਹਾਂ ਦੇ ਪਿੱਛੇ ਇਕ ਜਥੇਬੰਦ ਤਾਕਤ ਕੰਮ ਕਰ ਰਹੀ ਹੈ ਅਤੇ ਇਹ ਸਾਰੇ ਬਾਕਾਇਦਾ ਸਿਖਲਾਈਸ਼ੁਦਾ ਅਤੇ ਖਾਸ ਵਿਚਾਰਧਾਰਾ ਦੀ ਪਾਣ ਚੜ੍ਹੇ ਦਹਿਸ਼ਤਵਾਦੀ ਦਿਮਾਗ ਹਨ। ਜੇ ਇਸ ਦੀ ਬਾਰੀਕੀ ਵਿਚ ਜਾਂਚ ਕੀਤੀ ਜਾਂਦੀ ਤਾਂ ਸਨਾਤਨ ਸੰਸਥਾ, ਅਭਿਨਵ ਭਾਰਤ ਅਤੇ ਹੋਰ ਹਿੰਦੂਤਵ ਦਹਿਸ਼ਤੀ ਗਰੁੱਪਾਂ ਦੇ ਗੁਪਤ ਤਾਣੇ-ਬਾਣੇ ਦੀ ਪੈੜ ਨਾਗਪੁਰ ਸਦਰ-ਮੁਕਾਮ ਅਤੇ ਇਸ ਦੇ ਹਥਿਆਰਬੰਦ ਸਿਖਲਾਈ ਸਕੂਲਾਂ ਦੇ ਅੰਦਰ ਤੱਕ ਪਹੁੰਚ ਜਾਣੀ ਸੀ। ਇਨ੍ਹਾਂ ਵਿਚੋਂ ਕਿਸੇ ਵੀ ਮਾਮਲੇ ਵਿਚ ਜਾਂਚ ਰਾਹੀਂ ਸੱਚ ਸਾਹਮਣੇ ਆਉਣ ਦਾ ਸਵਾਲ ਹੀ ਨਹੀਂ ਹੈ ਕਿਉਂਕਿ 'ਵਿਰੋਧੀ-ਧਿਰ' ਦੀਆਂ ਸਰਕਾਰਾਂ ਵਿਚ ਅਸਲ ਸਾਜ਼ਿਸ਼ਘਾੜਿਆਂ ਨੂੰ ਹੱਥ ਪਾਉਣ ਦੀ ਜੁਅਰਤ ਨਹੀਂ ਸੀ। ਹੁਣ ਤਾਂ ਸਟੇਟ ਉਪਰ ਕਾਬਜ਼ ਹੋਣ ਕਾਰਨ ਸਮੁੱਚੀ ਅਮਨ-ਕਾਨੂੰਨ ਅਤੇ ਅਦਾਲਤੀ ਵਿਵਸਥਾ ਹੀ ਦਹਿਸ਼ਤੀ ਸਾਜ਼ਿਸ਼ਘਾੜਿਆਂ ਦੇ ਰਾਜਨੀਤਕ ਵਿੰਗ ਦੀ ਮਨਮਰਜ਼ੀ ਅਨੁਸਾਰ ਕੰਮ ਕਰ ਰਹੀ ਹੈ।

ਡਾ. ਡਭੋਲਕਰ ਅਤੇ ਹੋਰ ਕਤਲਾਂ ਦੀ ਜਾਂਚ ਨੂੰ ਦਬਾਉਣ ਲਈ ਰਾਜ-ਮਸ਼ੀਨਰੀ ਵਲੋਂ ਜਾਂਚ ਨੂੰ ਸਿਲਸਿਲੇਵਾਰ ਤਰੀਕੇ ਨਾਲ ਲਮਕਾਇਆ ਗਿਆ ਤਾਂ ਜੋ ਸਾਰਾ ਕੇਸ ਸਿਰਫ ਕਥਿਤ ਕਾਤਲਾਂ ਦੇ



***ਧੌਂਸਬਾਜ਼ ਤਾਕਤਾਂ ਵਿਰੁਧ ਡਟਣ ਦੀ ਇਸੇ ਰਵਾਇਤ ਨੂੰ ਅੱਗੇ ਵਧਾਉਂਦੇ ਹੋਏ ਮੁਲਕ ਦੀਆਂ 400 ਤੋਂ ਵਧੇਰੇ ਜਥੇਬੰਦੀਆਂ ਨੇ ਗੌਰੀ ਲੰਕੇਸ਼ ਦੇ ਸ਼ਹਾਦਤ ਦਿਵਸ ਉਪਰ 'ਹਮ ਅਗਰ ਉਠੇ ਨਹੀਂ ਤੋ... ' ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ। ਜਿਸ ਤਰ੍ਹਾਂ ਹਾਲਾਤ ਹੋਰ ਵੀ ਜ਼ਿਆਦਾ ਖਤਰਨਾਕ ਬਣ ਰਹੇ ਹਨ, ਗੌਰੀ ਲੰਕੇਸ਼ ਦੀਆਂ ਵਾਰਿਸ ਸਮੂਹ ਇਨਸਾਫਪਸੰਦ ਤਾਕਤਾਂ ਨੂੰ ਇਨ੍ਹਾਂ ਕਤਲਾਂ ਪਿੱਛੇ ਕੰਮ ਕਰਦੇ ਹਿੰਦੂਤਵ ਫਾਸ਼ੀਵਾਦ ਵਿਰੁਧ ਬੇਕਿਰਕ ਸੰਘਰਸ਼ ਲਈ ਹੁਣ ਕਮਰਕੱਸੇ ਕਰ ਲੈਣੇ ਚਾਹੀਦੇ ਹਨ। 5 ਅਗਸਤ ਨੂੰ ਅਯੁੱਧਿਆ ਵਿਚ ਸਿਰਫ ਰਾਮ ਮੰਦਰ ਦਾ ਨੀਂਹ ਪੱਥਰ ਹੀ ਨਹੀਂ ਰੱਖਿਆ ਗਿਆ, ਇਹ ਦਰਅਸਲ ਹਿੰਦੂਤਵ ਫਾਸ਼ੀਵਾਦ ਦੀ ਮੂਲ ਵਿਚਾਰਧਾਰਾ ਬ੍ਰਾਹਮਣਵਾਦ ਨੂੰ ਸੱਤਾ ਰਾਹੀਂ ਸ਼ਰੇਆਮ ਮੁੜ ਸਥਾਪਤ ਕਰਨ ਦਾ ਐਲਾਨ ਹੈ।***

ਇਰਦ-ਗਿਰਦ ਹੀ ਘੁੰਮਦਾ ਰਹੇ ਅਤੇ ਅਸਲ ਸਾਜ਼ਿਸ਼ਘਾੜਿਆਂ, ਆਰ.ਐਸ.ਐਸ. ਅਤੇ ਇਸ ਨਾਲ ਜੁੜੇ ਭਗਵੇਂ ਸਰਗਨਿਆਂ ਦੀ ਸ਼ਨਾਖਤ ਲੁਕੀ ਰਹੇ। ਇਨ੍ਹੀਂ ਦਿਨੀਂ ਸੁਸ਼ਾਂਤ ਸਿੰਘ ਰਾਜਪੂਤ ਦੀ ਖੁਦਕੁਸ਼ੀ ਦੇ ਮਾਮਲੇ ਉਪਰ ਵਿਸ਼ੇਸ਼ ਚਰਚਾ ਕਰਨ ਵਾਲੇ ਮੁੱਖਧਾਰਾ ਮੀਡੀਆ ਨੇ ਕਦੇ ਵੀ ਇਹ ਸਵਾਲ ਗੰਭੀਰਤਾ ਨਾਲ ਨਹੀਂ ਉਠਾਇਆ ਕਿ ਚਾਰ ਹਰਮਨਪਿਆਰੀਆਂ ਬੌਧਿਕ ਸ਼ਖਸੀਅਤਾਂ ਦੇ ਕਤਲਾਂ ਦੇ ਮਾਮਲੇ 'ਚ ਨਿਆਂ ਦੀ ਕੀ ਸਥਿਤੀ ਹੈ?

ਪ੍ਰੋਫੈਸਰ ਵਰਵਰਾ ਰਾਓ ਸਮੇਤ ਉਘੇ ਬੁੱਧੀਜੀਵੀਆਂ ਨਾਲ ਸੰਬੰਧਤ ਝੂਠੇ ਸਾਜ਼ਿਸ਼ ਮਾਮਲੇ ਦੀ ਜਾਂਚ ਉਪਰੋਕਤ ਚਾਰ ਮਾਮਲਿਆਂ ਤੋਂ ਬਿਲਕੁਲ ਵੱਖਰੀ ਤਰ੍ਹਾਂ ਚੱਲ ਰਹੀ ਹੈ। ਬੁੱਧੀਜੀਵੀਆਂ ਨੂੰ ਜੇਲ੍ਹਾਂ ਵਿਚ ਸਾੜਨ ਲਈ ਵਿਸ਼ੇਸ਼ ਜਾਂਚ ਏਜੰਸੀਆਂ ਸਮੇਤ ਪੂਰੀ ਆਰ.ਐਸ.ਐਸ.-ਭਾਜਪਾ ਸਰਕਾਰ ਪੱਬਾਂ ਭਾਰ ਹੋਈ ਦੇਖੀ ਜਾ ਸਕਦੀ ਹੈ। ਇਹ ਜਾਂਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਤੁਰੰਤ ਕੌਮੀ ਜਾਂਚ ਏਜੰਸੀ ਦੇ ਹਵਾਲੇ ਕਰ ਦਿੱਤੀ ਤਾਂ ਜੋ ਆਪਣੀ ਪਸੰਦ ਦੇ ਨਤੀਜੇ ਹਾਸਲ ਕੀਤੇ ਜਾ ਸਕਣ। ਅਮਿਤ ਸ਼ਾਹ/ਕੇਂਦਰੀ ਗ੍ਰਹਿ ਮੰਤਰਾਲੇ ਦੀ ਨਿਗਰਾਨੀ ਇਸ ਲਈ ਤਾਂ ਜੋ ਕਿਤੇ ਮਹਾਰਾਸ਼ਟਰ ਸਰਕਾਰ ਦੇਸ਼-ਵਿਦੇਸ਼ ਵਿਚ ਬਣ ਰਹੇ ਲੋਕ ਦਬਾਓ ਹੇਠ ਆ ਕੇ ਭੀਮਾ-ਕੋਰੇਗਾਓਂ ਕੇਸ ਨੂੰ ਬੰਦ ਕਰਨ ਅਤੇ ਗ੍ਰਿਫਤਾਰ ਸ਼ਖਸੀਅਤਾਂ ਨੂੰ ਜ਼ਮਾਨਤ ਦੇਣ ਬਾਰੇ ਨਾ ਸੋਚ ਲਵੇ।

ਸਨਾਤਨ ਸੰਸਥਾ ਦਾ ਹੱਥ ਸਿਰਫ ਲੋਕਪੱਖੀ ਬੁੱਧੀਜੀਵੀਆਂ ਦੇ ਕਤਲਾਂ ਵਿਚ ਹੀ ਨਹੀਂ, ਪਿਛਲੇ ਦੋ ਦਹਾਕਿਆਂ ਤੋਂ ਇਸ ਦਾ ਨਾਂ ਦਹਿਸ਼ਤੀ ਕਾਰਵਾਈਆਂ ਦੇ ਕੇਸਾਂ ਵਿਚ ਵਾਰ-ਵਾਰ ਸਾਹਮਣੇ ਆਉਂਦਾ ਰਿਹਾ ਹੈ। 2007 ਵਿਚ ਵਾਸ਼ੀ, ਥਾਨੇ ਅਤੇ ਪਨਵੇਲ ਵਿਚ ਹੋਏ ਚਾਰ ਬੰਬ ਧਮਾਕਿਆਂ ਅਤੇ 2009 ਵਿਚ ਗੋਆ ਵਿਚ ਹੋਏ ਬੰਬ ਧਮਾਕਿਆਂ ਵਿਚ ਵੀ ਸਨਾਤਨ ਸੰਸਥਾ ਨਾਲ ਸੰਬੰਧਤ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਦੇ ਵਿਸਤਾਰਤ ਤੱਥ ਅਤੇ ਵੇਰਵੇ ਐਸ.ਐਮ. ਮੁਸ਼ਰਿਫ ਦੀ ਚਰਚਿਤ ਕਿਤਾਬ 'ਬ੍ਰਾਹਮਣਵਾਦੀਆਂ ਦੇ ਦਹਿਸ਼ਤੀ ਕਾਰੇ' ਵਿਚ ਦਿੱਤੇ ਗਏ ਹਨ। 'ਕਰਕਰੇ ਦੀ ਹੱਤਿਆ ਕਿਸੇ ਨੇ ਕੀਤੀ' ਐਸ.ਐਮ. ਮੁਸ਼ਰਿਫ ਦੀ ਲਿਖੀ ਇਕ ਹੋਰ ਚਰਚਿਤ ਕਿਤਾਬ ਹੈ ਜਿਸ ਵਿਚ ਦਹਿਸ਼ਤਵਾਦ ਵਿਰੋਧੀ ਦਸਤੇ ਦੇ ਤੱਤਕਾਲੀ ਮੁਖੀ ਹੇਮੰਤ ਕਰਕਰੇ ਦੇ ਕਤਲ ਦੇ ਮਨੋਰਥ ਨੂੰ ਬਾਖੂਬੀ ਬੇਪਰਦ ਕੀਤਾ ਗਿਆ ਹੈ। ਕਰਕਰੇ ਨੇ ਸਾਧਵੀ ਪ੍ਰਗਿਆ (ਜੋ ਹੁਣ ਭਾਰਤੀ ਲੋਕਤੰਤਰ ਦੀ 'ਚੁਣੀ ਹੋਈ ਲੋਕ ਨੁਮਾਇੰਦਾ' ਹੈ), ਅਸੀਮਾਨੰਦ ਅਤੇ ਫੌਜੀ ਅਧਿਕਾਰੀ ਸ੍ਰੀਕਾਂਤ ਕਰਨਲ ਪੁਰੋਹਿਤ ਦੀ ਅਗਵਾਈ ਹੇਠਲੇ ਦਹਿਸ਼ਤੀ ਗਰੁੱਪਾਂ ਵਲੋਂ 2003 ਤੋਂ ਲੈ ਕੇ 2008 ਦਰਮਿਆਨ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਅੰਜਾਮ ਦਿੱਤੇ ਲੜੀਵਾਰ ਬੰਬ ਕਾਂਡਾਂ ਦੀ ਨਿਰਪੱਖ ਜਾਂਚ ਕਰ ਕੇ ਆਰ.ਐਸ.ਐਸ. ਸਮੇਤ ਸੰਘ ਪਰਿਵਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਤੱਤਕਾਲੀ ਕਾਂਗਰਸ ਸਰਕਾਰ ਦੀ ਬੁਜ਼ਦਿਲੀ ਕਾਰਨ ਸਾਹਮਣੇ ਆਏ ਮਹੱਤਵਪੂਰਨ ਸਬੂਤ ਖੁਰਦ-ਬੁਰਦ ਕਰ ਦਿੱਤੇ ਗਏ ਅਤੇ ਇਕ ਵਾਰ ਫਿਰ ਸਾਜ਼ਿਸ਼ ਦੇ ਅਸਲ ਸੂਤਰਧਾਰ ਸਾਫ ਬਚ ਗਏ।

'ਬ੍ਰਾਹਮਣਵਾਦੀਆਂ ਦੇ ਦਹਿਸ਼ਤੀ ਕਾਰੇ' ਕਿਤਾਬ ਵਿਚ ਐਸ.ਐਮ. ਮੁਸ਼ਰਿਫ ਨੇ ਬੇਹੱਦ ਮਹੱਤਵਪੂਰਨ ਖੁਲਾਸੇ ਕੀਤੇ ਹਨ ਕਿ ਤਫਤੀਸ਼ ਕੀਤੇ ਜਾ ਚੁੱਕੇ 18 ਦਹਿਸ਼ਤੀ ਕੇਸਾਂ ਵਿਚ ਆਰ.ਐਸ.ਐਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਦੀ ਭੂਮਿਕਾ ਸਬੂਤਾਂ ਸਮੇਤ ਸਾਹਮਣੇ ਆ ਚੁੱਕੀ ਹੈ। ਗੌਰਤਲਬ ਹੈ ਕਿ 9 ਚਾਰਜਸ਼ੀਟਾਂ ਅਤੇ ਚੱਲ ਰਹੀ ਜਾਂਚ ਵਿਚ ਆਰ.ਐਸ.ਐਸ. ਦਾ ਨਾਂ ਚੌਦਾਂ ਵਾਰ ਅਤੇ ਸਨਾਤਨ ਸੰਸਥਾ ਦਾ ਨਾਂ ਚਾਰ ਵਾਰ ਆਇਆ ਹੈ। ਭਾਵ ਸਾਰੇ ਦੇ ਸਾਰੇ 18 ਕੇਸਾਂ ਵਿਚ ਸੰਘ ਪਰਿਵਾਰ ਦਾ ਹੱਥ ਸੀ ਜਿਸ ਵਿਚ ਆਰ.ਡੀ.ਐਸ. ਵਰਗੇ ਬੇਹੱਦ ਖਤਰਨਾਕ ਵਿਸਫੋਟਕ ਵਰਤ ਕੇ ਸੈਂਕੜੇ ਨਿਰਦੋਸ਼ ਲੋਕਾਂ ਦੀ ਜਾਨ ਲਈ ਗਈ। ਉਸ ਤਾਣੇ-ਬਾਣੇ ਦੀ ਜਾਂਚ ਕਦੇ ਨਹੀਂ ਕੀਤੀ ਗਈ ਜਿਸ ਦੇ ਜ਼ਰੀਏ ਇਹ ਆਰ.ਡੀ.ਐਕਸ. ਥੋਕ ਤਾਦਾਦ 'ਚ ਇਨ੍ਹਾਂ ਗਰੁੱਪਾਂ ਨੂੰ ਸਪਲਾਈ ਕੀਤਾ ਗਿਆ ਜੋ ਕਿ ਸਿਰਫ ਤੇ ਸਿਰਫ ਫੌਜ ਕੋਲ ਹੁੰਦਾ ਹੈ। ਇਹ ਸਿਰਫ 2008 ਤੱਕ ਹੋਏ ਬੰਬ-ਧਮਾਕਿਆਂ ਦੇ ਉਹ ਮਾਮਲੇ ਹਨ ਜੋ ਕਿਸੇ ਤਰ੍ਹਾਂ ਨੰਗੇ ਹੋ ਗਏ। ਇਸ ਤਰ੍ਹਾਂ ਦੇ ਹੋਰ ਵੀ ਬਥੇਰੇ ਮਾਮਲੇ ਹੋਣਗੇ, ਜਿਨ੍ਹਾਂ ਉਪਰ ਅਜੇ ਤੱਕ ਪਰਦਾ ਬਣਿਆ ਹੋਇਆ ਹੈ। ਐਨੀ ਖਤਰਨਾਕ ਦਹਿਸ਼ਤੀ ਸਾਜ਼ਿਸ਼ ਸਾਹਮਣੇ ਆਉਣ ਦੇ ਬਾਵਜੂਦ ਨਾ ਤਾਂ ਇਨ੍ਹਾਂ ਵਿਚੋਂ ਕਿਸੇ ਜਥੇਬੰਦੀ ਨੂੰ ਗੈਰਕਾਨੂੰਨੀ ਕਰਾਰ ਦੇ ਕੇ ਇਨ੍ਹਾਂ ਉਪਰ ਪਾਬੰਦੀ ਲਗਾਈ ਗਈ ਅਤੇ ਨਾ ਇਨ੍ਹਾਂ ਵਿਰੁੱਧ ਯੂ.ਏ.ਪੀ.ਏ. ਅਤੇ ਰਾਜ ਵਿਰੁਧ ਸਾਜ਼ਿਸ਼/ਯੁੱਧ ਛੇੜਨ ਦੀਆਂ ਕਾਨੂੰਨੀ ਧਾਰਾਵਾਂ ਲਗਾਈਆਂ ਗਈਆਂ ਜੋ ਦਲਿਤਾਂ, ਆਦਿਵਾਸੀਆਂ, ਕੌਮੀਅਤਾਂ, ਘੱਟਗਿਣਤੀਆਂ ਅਤੇ ਜਮਹੂਰੀ ਕਾਰਕੁਨਾਂ ਵਿਰੁਧ ਆਮ ਹੀ ਲਗਾਈਆਂ ਜਾਂਦੀਆਂ ਹਨ।

ਮਹਾਰਾਸ਼ਟਰ-ਕਰਨਾਟਕਾ ਦੇ ਜਿਸ ਖੇਤਰ ਵਿਚ ਉਪਰੋਕਤ ਚਾਰ ਬੁੱਧੀਜੀਵੀਆਂ ਦੇ ਕਤਲ ਹੋਏ, ਜਿੱਥੇ ਭੀਮਾ-ਕੋਰੇਗਾਓਂ ਸਮਾਗਮ ਹੋਇਆ ਅਤੇ ਜਿੱਥੇ ਕਥਿਤ 'ਸ਼ਹਿਰੀ ਨਕਸਲੀ' ਦੀ ਮਨਘੜਤ ਸਾਜ਼ਿਸ਼ ਨੂੰ ਬੁੱਧੀਜੀਵੀਆਂ ਨੂੰ ਦਬਾਉਣ ਦੀ ਪਹਿਲੀ ਪ੍ਰਯੋਗਸ਼ਾਲਾ ਬਣਾਇਆ ਗਿਆ, ਉਹ ਸਨਾਤਨੀ ਬ੍ਰਾਹਮਣਵਾਦ ਦਾ ਰਵਾਇਤੀ ਗੜ੍ਹ ਹੈ ਅਤੇ ਬ੍ਰਾਹਮਣਵਾਦ ਭਾਰਤੀ ਫਾਸ਼ੀਵਾਦ ਦਾ ਮੂਲ ਹੈ। ਆਰ.ਐਸ.ਐਸ. ਅਤੇ ਇਸ ਦੇ ਖੁੱਲ੍ਹੇ-ਗੁਪਤ ਸੰਗਠਨ ਜਾਗਦੀ ਜ਼ਮੀਰ ਵਾਲੇ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਆਪਣੇ ਹਿੰਦੂ ਰਾਸ਼ਟਰ ਦੇ ਪ੍ਰਾਜੈਕਟ ਵਿਚ ਮੁੱਖ ਅੜਿੱਕਾ ਸਮਝਦੇ ਹਨ। ਤਰਕਪੂਰਨ ਦਲੀਲਾਂ ਤੋਂ ਭੈਭੀਤ ਹੋਣਾ ਕੁਲ ਆਲਮ ਦੇ ਫਾਸ਼ੀਵਾਦੀਆਂ ਦੀ ਮੂਲ ਫਿਤਰਤ ਹੈ। ਉਹ ਰੌਸ਼ਨਖਿਆਲ ਦਿਮਾਗਾਂ ਨੂੰ ਸਰੀਰਕ ਤੌਰ 'ਤੇ ਖਤਮ ਕਰਕੇ ਅਤੇ ਫਰਜ਼ੀ ਸਾਜ਼ਿਸ਼ ਕੇਸਾਂ ਤਹਿਤ ਜੇਲ੍ਹਾਂ ਵਿਚ ਡੱਕ ਕੇ ਆਪਣਾ ਰਾਹ ਪੱਧਰਾ ਕਰਨ ਦੇ ਮੱਤ ਵਿਚ ਯਕੀਨ ਰੱਖਦੇ ਹਨ। ਇਸੇ ਮਕਸਦ ਲਈ ਸਾਡੇ ਮੁਲਕ ਦੇ ਸਿਰਮੌਰ ਬੁੱਧੀਜੀਵੀਆਂ ਅਤੇ ਜਮਹੂਰੀ ਸ਼ਖਸੀਅਤਾਂ ਨੂੰ ਭੀਮਾ-ਕੋਰੇਗਾਓਂ ਦੇ ਮਨਘੜਤ ਸਾਜ਼ਿਸ਼ ਕੇਸ ਵਿਚ ਫਸਾ ਕੇ ਦੋ ਸਾਲ ਤੋਂ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਪ੍ਰੋਫੈਸਰ ਸਾਈਬਾਬਾ ਸਮੇਤ ਪੰਜ ਲੋਕਪੱਖੀ ਬੁੱਧੀਜੀਵੀ ਅਤੇ ਕਾਰਕੁੰਨ 2017 ਤੋਂ ਗੜ੍ਹਚਿਰੌਲੀ ਦੇ ਝੂਠੇ ਸਾਜ਼ਿਸ਼ ਕੇਸ ਤਹਿਤ ਜੇਲ੍ਹ ਵਿਚ ਨਹੱਕੀ ਸਜ਼ਾ ਭੁਗਤ ਰਹੇ ਹਨ। ਸੀ.ਏ.ਏ.-ਐਨ.ਆਰ.ਸੀ. ਵਿਰੁਧ ਲੋਕ ਲਾਮਬੰਦੀ ਦੀ ਪਹਿਲ ਕਰਨ ਵਾਲੀਆਂ ਯੂਨੀਵਰਸਿਟੀ ਵਿਦਿਆਰਥਣਾਂ ਅਤੇ ਹੋਰ ਕਾਰਕੁਨਾਂ ਨੂੰ ਦਿੱਲੀ ਸਾਜ਼ਿਸ਼ ਕੇਸ (ਫਰਵਰੀ 2020) ਵਿਚ ਗ੍ਰਿਫਤਾਰ ਕਰ ਕੇ ਅਤੇ ਯੂ.ਏ.ਪੀ.ਏ. ਲਗਾ ਕੇ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ।

ਇਹ ਜਾਗਦੀ ਜ਼ਮੀਰ ਵਾਲੇ ਬੁੱਧੀਜੀਵੀ, ਪੱਤਰਕਾਰ ਅਤੇ ਹੋਰ ਕਲਮਕਾਰ ਹੀ ਹਨ ਜੋ ਭਾਰਤੀ ਸਟੇਟ ਅਤੇ ਸਰਕਾਰਾਂ ਦੇ ਜ਼ੁਲਮਾਂ ਵਿਰੁਧ ਬੇਖੌਫ ਹੋ ਕੇ ਆਵਾਜ਼ ਉਠਾ ਰਹੇ ਹਨ। ਲੋਕਪੱਖੀ ਬੁੱਧੀਜੀਵੀਆਂ ਨੂੰ ਜੇਲ੍ਹਾਂ ਵਿਚ ਸਾੜਨ ਅਤੇ ਬਾਕੀਆਂ ਉਪਰ ਗ੍ਰਿਫਤਾਰੀ ਦੀ ਤਲਵਾਰ ਲਟਕ ਰਹੀ ਹੋਣ ਦੇ ਬਾਵਜੂਦ ਇਹ ਇਨਸਾਫਪਸੰਦ ਬੁੱਧੀਜੀਵੀ ਹੀ ਹਨ ਜੋ ਹਿਟਲਰ ਅਤੇ ਮੁਸੋਲਿਨੀ (ਫਾਸ਼ੀਵਾਦ/ਨਾਜ਼ੀਵਾਦ) ਦੇ ਭਾਰਤੀ ਪੈਰੋਕਾਰਾਂ ਦੀ ਦਹਿਸ਼ਤੀ ਸੱਤਾ ਨੂੰ ਵੰਗਾਰ ਰਹੇ ਹਨ ਅਤੇ ਮਜ਼ਲੂਮ ਹਿੱਸਿਆਂ ਲਈ ਹਾਅ ਦਾ ਨਾਅਰਾ ਮਾਰ ਰਹੇ ਹਨ। ਹਜੂਮੀ ਕਤਲਾਂ, ਦਲਿਤਾਂ ਉਪਰ ਜਾਤਪਾਤੀ ਜ਼ੁਲਮਾਂ ਅਤੇ ਭਗਵੇਂ ਬ੍ਰਿਗੇਡ ਦੀਆਂ ਹੋਰ ਧੱਕੇਸ਼ਾਹੀਆਂ ਵਿਰੁਧ ਮੋਹਰਲੀ ਕਤਾਰ ਦੇ ਯੋਧੇ ਬੁੱਧੀਜੀਵੀ ਹੀ ਹਨ। ਉਹ ਹੀ ਘੂਕ ਸੁੱਤੀ ਖਲਕਤ ਨੂੰ ਹਲੂਣ ਕੇ ਜਗਾਉਣ ਲਈ ਇਹ ਹੋਕਾ ਦੇਣ ਦੀ ਜੁਅਰਤ ਰੱਖਦੇ ਹਨ - 'ਕਸ਼ਮੀਰ ਨਜ਼ਰਬੰਦ ਹੈ ਲੇਕਿਨ ਸਾਡੀ ਨਜ਼ਰ ਕਿਉਂ ਬੰਦ ਹੈ', ਜਿੱਥੇ ਭਾਰਤੀ ਸਟੇਟ ਖਾਸ ਧਾਰਮਿਕ ਦਿਨਾਂ ਉਪਰ ਵੀ ਬੇਕਿਰਕੀ ਨਾਲ ਗੋਲੀਆਂ ਚਲਾਉਣ ਤੋਂ ਗੁਰੇਜ਼ ਨਹੀਂ ਕਰਦਾ। ਥੋੜ੍ਹੇ ਦਿਨ ਪਹਿਲਾਂ ਸ੍ਰੀਨਗਰ ਵਿਚ ਮੁਹੱਰਮ ਦੇ ਜਲੂਸ ਉਪਰ ਪੈਲੇਟ ਗੰਨਾਂ ਦੀਆਂ ਬੌਛਾੜਾਂ ਕਰਕੇ 40 ਕਸ਼ਮੀਰੀਆਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਗਿਆ। ਜਿਵੇਂ ਜੰਮੂ ਕਸ਼ਮੀਰ ਸਿਵਲ ਸੁਸਾਇਟੀ ਨੇ ਆਪਣੇ ਹਾਲੀਆ ਰਿਪੋਰਟ 'ਕਸ਼ਮੀਰ ਇੰਟਰਨੈੱਟ ਸੀਜ਼: ਡਿਜੀਟਲ ਹੱਕਾਂ ਉਪਰ ਜਾਰੀ ਹਮਲਾ' ਵਿਚ ਆਮ ਨਾਗਰਿਕ ਦੀ ਰੋਜ਼ਮਰਾ ਜ਼ਿੰਦਗੀ ਉਪਰ ਪਏ ਅਸਰਾਂ ਦੀ ਜ਼ਮੀਨੀ ਹਕੀਕਤ ਪੇਸ਼ ਕੀਤੀ ਹੈ, ਐਸੇ ਸਮਾਜੀ ਸਰੋਕਾਰਾਂ ਨੂੰ ਜ਼ੁਬਾਨ ਬੁੱਧੀਜੀਵੀ ਹੀ ਦੇ ਸਕਦੇ ਹਨ। ਰਿਪੋਰਟ ਦੱਸਦੀ ਹੈ ਕਿ ਕਸ਼ਮੀਰ ਨੂੰ ਖੁੱਲ੍ਹੀ ਜੇਲ੍ਹ ਬਣਾਏ ਜਾਣ ਅਤੇ ਉਥੇ ਪਿਛਲੇ ਇਕ ਸਾਲ ਤੋਂ ਥੋਪੀ ਇੰਟਰਨੈੱਟਬੰਦੀ ਦੇ ਰੋਜ਼ਮਰਾ ਜ਼ਿੰਦਗੀ ਉਪਰ ਕਿੰਨੇ ਖਤਰਨਾਕ ਪ੍ਰਭਾਵ ਪਏ ਹਨ।

ਸੱਤਾ ਅਤੇ ਹੋਰ ਧੌਂਸਬਾਜ਼ ਤਾਕਤਾਂ ਵਿਰੁਧ ਡਟਣ ਦੀ ਇਸੇ ਰਵਾਇਤ ਨੂੰ ਅੱਗੇ ਵਧਾਉਂਦੇ ਹੋਏ ਮੁਲਕ ਦੀਆਂ 400 ਤੋਂ ਵਧੇਰੇ ਜਥੇਬੰਦੀਆਂ ਨੇ ਗੌਰੀ ਲੰਕੇਸ਼ ਦੇ ਸ਼ਹਾਦਤ ਦਿਵਸ ਉਪਰ 'ਹਮ ਅਗਰ ਉਠੇ ਨਹੀਂ ਤੋ... ' ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚ ਔਰਤਾਂ ਦੇ ਗਰੁਪ, ਸਿਵਿਲ ਰਾਈਟਸ ਜਥੇਬੰਦੀਆਂ ਅਤੇ ਸੈਕਸੂਅਲ ਅਤੇ ਜੈਂਡਰ ਮਾਇਨਾਰਿਟੀਜ਼ ਜਥੇਬੰਦੀਆਂ ਸ਼ਾਮਲ ਹਨ। ਜਿਸ ਤਰ੍ਹਾਂ ਹਾਲਾਤ ਹੋਰ ਵੀ ਜ਼ਿਆਦਾ ਖਤਰਨਾਕ ਬਣਦੇ ਜਾ ਰਹੇ ਹਨ, ਗੌਰੀ ਲੰਕੇਸ਼ ਦੀਆਂ ਵਾਰਿਸ ਸਮੂਹ ਇਨਸਾਫਪਸੰਦ ਤਾਕਤਾਂ ਨੂੰ ਇਨ੍ਹਾਂ ਕਤਲਾਂ ਪਿੱਛੇ ਕੰਮ ਕਰਦੇ ਹਿੰਦੂਤਵ ਫਾਸ਼ੀਵਾਦ ਵਿਰੁਧ ਬੇਕਿਰਕ ਸੰਘਰਸ਼ ਲਈ ਹੁਣ ਕਮਰਕੱਸੇ ਕਰ ਲੈਣੇ ਚਾਹੀਦੇ ਹਨ। 5 ਅਗਸਤ ਨੂੰ ਅਯੁੱਧਿਆ ਵਿਚ ਸਿਰਫ ਰਾਮ ਮੰਦਰ ਦਾ ਨੀਂਹ ਪੱਥਰ ਹੀ ਨਹੀਂ ਰੱਖਿਆ ਗਿਆ, ਇਹ ਦਰਅਸਲ ਹਿੰਦੂਤਵ ਫਾਸ਼ੀਵਾਦ ਦੀ ਮੂਲ ਵਿਚਾਰਧਾਰਾ ਬ੍ਰਾਹਮਣਵਾਦ ਨੂੰ ਸੱਤਾ ਰਾਹੀਂ ਸ਼ਰੇਆਮ ਮੁੜ ਸਥਾਪਤ ਕਰਨ ਦਾ ਐਲਾਨ ਹੈ ਜਿਸ ਦੀ ਗੂੰਜ ਮੋਹਨ ਭਾਗਵਤ, ਮਹੰਤ ਅਦਿੱਤਿਆਨਾਥ ਅਤੇ ਨਰਿੰਦਰ ਮੋਦੀ ਦੇ ਭਾਸ਼ਣਾਂ, ਬਿਆਨਾਂ ਅਤੇ ਹਿੰਦੂ ਰਾਸ਼ਟਰ ਦੇ ਕੰਨ-ਪਾੜਵੇਂ ਸ਼ੋਰ ਵਿਚ ਸਾਫ ਸੁਣੀ ਜਾ ਸਕਦੀ ਹੈ। ਭਵਿਖ ਵਿਚ ਤਿੱਖੇ ਅਤੇ ਵਿਆਪਕ ਹੋਣ ਜਾ ਰਹੇ ਇਸ ਹਮਲੇ ਨੂੰ ਪਛਾੜਨ ਦੀ ਤਿਆਰੀ ਕਰਨ ਦਾ ਦ੍ਰਿੜ ਸੰਕਲਪ ਲੈਣਾ ਹੀ ਗੌਰੀ ਲੰਕੇਸ਼ ਵਰਗੀਆਂ ਬੇਖੌਫ ਆਵਾਜ਼ਾਂ ਨੂੰ ਸੱਚੇ ਮਾਇਨਿਆਂ 'ਚ ਯਾਦ ਕਰਨਾ ਹੈ।

---

# ਸਿਆਸਤ ਦਾ ਵਪਾਰੀਕਰਨ

ਕਰੋਨਾ ਮਰੀਜ਼ਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਪਾਸੇ ਧਿਆਨ ਦੇਣ ਦੀ ਥਾਂ ਰਾਜਸੀ ਪਾਰਟੀਆਂ ਦਾ ਸਰਕਾਰਾਂ ਡੇਗਣ ਅਤੇ ਬਚਾਉਣ ਦਾ ਧੰਦਾ ਚੱਲ ਰਿਹਾ ਹੈ। ਜਿਹੜਾ ਮੈਂਬਰ ਅਸਤੀਫਾ ਦੇ ਰਿਹਾ ਹੈ, ਉਸ ਨੂੰ ਯਕੀਨ ਦਿਵਾਇਆ ਜਾਂਦਾ ਹੈ ਕਿ ਕੁਝ ਦਿਨਾਂ ਪਿੱਛੋਂ ਚੋਣ ਲੜ ਕੇ ਉਹ ਮੁੜ ਮੈਂਬਰ ਬਣ ਜਾਣਗੇ। ਇਸ ਦੀ ਸਜ਼ਾ ਆਮ ਜਨਤਾ ਨੂੰ ਮਿਲਦੀ ਹੈ ਕਿਉਂਕਿ ਚੋਣਾਂ ਕਰਵਾਉਣ ਲਈ ਕੀਤਾ ਜਾਣ ਵਾਲਾ ਖਰਚਾ ਲੋਕਾਂ ਦੀ ਜੇਬ

**ਡਾ. ਰਣਜੀਤ ਸਿੰਘ**

ਵਿਚੋਂ ਜਾਂਦਾ ਹੈ। ਦਲ ਬਦਲੀਆਂ ਰੋਕਣ ਲਈ ਜਿਵੇਂ ਕਾਨੂੰਨ ਬਣਾਇਆ ਗਿਆ ਸੀ, ਇਸੇ ਤਰ੍ਹਾਂ ਅਸਤੀਫਾ ਦੇ ਕੇ ਮੁੜ ਚੋਣ ਲੜਨ ਦੇ ਰੁਝਾਨ ਨੂੰ ਰੋਕਣ ਲਈ ਵੀ ਕਾਨੂੰਨ ਚਾਹੀਦਾ ਹੈ।

ਪਿਛਲੇ ਕੁਝ ਸਾਲਾਂ ਤੋਂ ਪਾਰਲੀਮੈਂਟ ਮੈਂਬਰਾਂ ਅਤੇ ਰਾਜਾਂ ਦੀਆਂ ਅਸੈਂਬਲੀਆਂ ਦੇ ਮੈਂਬਰਾਂ ਦੀ ਜਿਸ ਢੰਗ ਨਾਲ ਖਰੀਦੋ-ਫਰੋਖਤ ਹੁੰਦੀ ਹੈ, ਉਹ ਲੋਕ ਰਾਜ ਲਈ ਖਤਰਾ ਹੀ ਨਹੀਂ ਸਗੋਂ ਇਕ ਕਲੰਕ ਵੀ ਹੈ। ਕਿਸੇ ਪਾਰਟੀ ਦੀ ਟਿਕਟ ਉਤੇ ਚੋਣ ਜਿੱਤ ਕੇ ਆਏ ਮੈਂਬਰ ਜਦੋਂ ਕੁਝ ਮਹੀਨਿਆਂ ਪਿੱਛੋਂ ਹੀ ਸਰਕਾਰ ਨੂੰ ਡੇਗਣ ਲਈ ਦਲ ਬਦਲੀ ਕਰਦੇ ਹਨ ਜਾਂ ਅਸਤੀਫਾ ਦਿੰਦੇ ਹਨ ਤਾਂ ਇਸ ਦੇ ਦੋ ਹੀ ਮੁੱਖ ਕਾਰਨ ਹੋ ਸਕਦੇ ਹਨ, ਵਜ਼ੀਰੀ ਨਾ ਮਿਲਣਾ ਜਾਂ ਵਿਰੋਧੀ ਧਿਰ ਵਲੋਂ ਉਚੀ ਕੀਮਤ ਦੇਣਾ। ਵਿਰੋਧੀ ਧਿਰ ਹੀ ਮੈਂਬਰਾਂ ਨੂੰ ਖਰੀਦਣ ਲਈ ਪੈਸਾ ਜਾਂ ਲਾਲਚ ਨਹੀਂ ਦਿੰਦੀ ਸਗੋਂ ਸੱਤਾਧਾਰੀ ਪਾਰਟੀ ਵੀ ਆਪਣੇ ਮੈਂਬਰਾਂ ਦੀ ਵਿਕਰੀ ਰੋਕਣ ਲਈ ਉਨ੍ਹਾਂ ਨੂੰ ਪੰਜ ਤਾਰਾ ਹੋਟਲਾਂ ਵਿਚ ਡੱਕ ਕੇ ਰੱਖਦੀ ਹੈ ਜਿਸ ਲਈ ਉਨ੍ਹਾਂ ਨੂੰ ਵੀ ਕਰੋੜਾਂ ਰੁਪਏ ਖਰਚ ਕਰਨੇ ਪੈਂਦੇ ਹਨ। ਲੋਕਾਂ ਦਾ ਇਹ ਪੈਸਾ ਜਿਹੜਾ ਲੋਕ ਭਲਾਈ ਕਾਰਜਾਂ ਲਈ ਵਰਤਿਆ ਜਾਣਾ ਹੁੰਦਾ ਹੈ, ਉਹ ਕੁਝ ਕੁ ਜੇਬਾਂ ਵਿਚ ਚਲਾ ਜਾਂਦਾ ਹੈ।

ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕ ਰਾਜ ਸਮਝਿਆ ਜਾਂਦਾ ਹੈ। ਦੇਸ਼ ਦਾ ਰਾਜ ਲੋਕ ਆਪ ਚਲਾਉਂਦੇ ਹਨ, ਭਾਵ ਉਹ ਪਿੰਡ ਪੱਧਰ ਤੋਂ ਲੈ ਕੇ ਪਾਰਲੀਮੈਂਟ ਤੱਕ ਆਪਣੇ ਨੁਮਾਇੰਦਿਆਂ ਰਾਹੀਂ ਰਾਜ ਭਾਗ ਚਲਾਉਂਦੇ ਹਨ। ਲੋਕ ਉਸ ਰਾਜਨੀਤਕ ਪਾਰਟੀ ਨੂੰ ਸੱਤਾ ਸੌਂਪਦੇ ਹਨ, ਭਾਵ ਦੇਸ਼ ਚਲਾਉਣ ਦੀ ਜ਼ਿੰਮੇਵਾਰੀ ਦਿੰਦੇ ਹਨ। ਆਜ਼ਾਦੀ ਤੋਂ ਪਹਿਲਾਂ ਦੇਸ਼ ਭਗਤੀ ਦਾ ਮੁੱਖ ਮੰਤਵ ਦੇਸ਼ ਨੂੰ ਗੁਲਾਮੀ ਤੋਂ ਛੁਟਕਾਰਾ ਦਿਵਾਉਣਾ ਸੀ। ਹੁਣ ਦੇਸ਼ ਭਗਤੀ ਦੀ ਪਰਿਭਾਸ਼ਾ ਬਦਲ ਗਈ ਹੈ। ਇਥੇ ਦੇਸ਼ ਭਗਤਾਂ ਨੂੰ ਦੇਸ਼ ਸੇਵਾ ਲਈ ਕੁਰਬਾਨੀਆਂ ਨਹੀਂ ਦੇਣੀਆਂ ਪੈਂਦੀਆਂ ਸਗੋਂ ਸੇਵਾ ਕਰਨ ਲਈ ਬਹੁਤ ਸਾਰੀਆਂ ਸਹੂਲਤਾਂ ਅਤੇ ਅਧਿਕਾਰ ਮਿਲ ਜਾਂਦੇ ਹਨ। ਇਹ ਸਹੂਲਤਾਂ ਅਤੇ ਅਧਿਕਾਰ ਇਸ ਕਰ ਕੇ ਦਿੱਤੇ ਜਾਂਦੇ ਹਨ ਤਾਂ ਜੋ ਉਹ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਆਪਣਾ ਸਾਰਾ ਸਮਾਂ ਦੇਸ਼ ਅਤੇ ਕੌਮ ਦੀ ਸੇਵਾ ਕਰ ਸਕਣ। ਜੇ ਮੌਜੂਦਾ ਹਾਲਤ ਵੱਲ ਨਜ਼ਰ ਮਾਰੀ ਜਾਵੇ ਤਾਂ ਬਹੁਤ ਘੱਟ ਨੇਤਾ ਲੋਕ ਸੇਵਾ ਵੱਲ ਧਿਆਨ ਦੇ ਰਹੇ ਹਨ। ਬਹੁਤਿਆਂ ਲਈ ਰਾਜਨੀਤੀ ਧੰਦਾ ਬਣ ਗਈ ਹੈ ਤੇ ਧਨ ਇਕੱਠਾ ਕਰਨ ਦਾ ਵਸੀਲਾ ਹੋ ਗਈ ਹੈ। ਵਪਾਰ ਵੀ ਉਹ ਜਿਹੜਾ ਸਭ ਤੋਂ ਗੰਦਾ ਹੈ। ਰਾਜਨੀਤੀ ਹੁਣ ਤਾਕਤ ਪ੍ਰਾਪਤੀ ਲਈ ਹਥਿਆਰ ਦੇ ਰੂਪ ਵਿਚ ਵਰਤੀ ਜਾਣ ਲੱਗ ਪਈ ਹੈ।

ਸਵੇਰ ਵੇਲੇ ਕਿਸੇ ਵੀ ਨੇਤਾ ਦੇ ਘਰ ਚਲੇ ਜਾਵੋ, ਲੋਕਾਂ ਦੀ ਭੀੜ ਨਜ਼ਰ ਆਵੇਗੀ। ਇਹ ਸਾਰੇ ਆਪਣੇ ਕੰਮਾਂ ਲਈ ਸਿਫਾਰਸ਼ ਕਰਵਾਉਣ ਆਉਂਦੇ ਹਨ। ਜੇ ਨੇਤਾ ਇਮਾਨਦਾਰ ਹੋਣ ਅਤੇ ਸਰਕਾਰੀ ਤੰਤਰ ਨੂੰ ਖਿੱਚ ਕੇ ਰੱਖਿਆ ਗਿਆ ਹੋਵੇ ਤਾਂ ਸਿਫਾਰਸ਼ ਦੀ ਲੋੜ ਹੀ ਨਾ ਪਵੇ। ਸਰਕਾਰੀ ਕਰਮਚਾਰੀ ਸਚਮੁੱਚ ਲੋਕਾਂ ਦੇ ਸੇਵਕ ਬਣ ਜਾਣਗੇ। ਹੁਣ ਨੇਤਾ ਲੋਕ ਉਨ੍ਹਾਂ ਤੋਂ ਗਲਤ ਕੰਮ ਕਰਵਾਉਣ ਲਈ ਸਿਫਾਰਸ਼ ਕਰਦੇ ਹਨ। ਇਥੇ ਰਿਸ਼ਵਤ ਵੀ ਚਲਦੀ ਹੈ। ਜਦੋਂ ਨੇਤਾ ਆਪ ਕਰਮਚਾਰੀਆਂ ਤੋਂ ਗਲਤ ਕੰਮ ਕਰਵਾਉਂਦੇ ਹਨ ਤਾਂ ਉਨ੍ਹਾਂ ਨੂੰ ਰਿਸ਼ਵਤ ਲੈਣ ਅਤੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਤੋਂ ਕਿਵੇਂ ਰੋਕ ਸਕਦੇ ਹਨ?

ਹੁਣ ਪਾਰਲੀਮੈਂਟ ਜਾਂ ਕਿਸੇ ਸੂਬੇ ਦੀ ਅਸੈਂਬਲੀ ਵਿਚ ਕੋਈ ਵੀ ਇਹ ਨਹੀਂ ਦੱਸਦਾ ਕਿ ਉਹ ਆਪਣੇ ਹਲਕੇ ਦੇ ਵਸਨੀਕਾਂ ਦੇ ਭਲੇ ਲਈ ਕੀ ਕਰ ਰਿਹਾ ਹੈ ਜਾਂ ਉਹ ਕੀ ਕਰਨਾ ਚਾਹੁੰਦਾ ਹੈ, ਸਗੋਂ ਗੰਭੀਰ ਵਿਚਾਰਾਂ ਹੋਣ ਦੀ ਥਾਂ ਸ਼ੋਰ-ਸ਼ਰਾਬਾ ਹੀ ਹੁੰਦਾ ਹੈ। ਪਾਰਲੀਮੈਂਟ ਅਤੇ ਅਸੈਂਬਲੀਆਂ ਵਿਚ ਗੰਭੀਰ ਚਰਚਾ ਤਾਂ ਸੁਪਨਾ ਬਣ ਗਈ ਹੈ। ਹੁਣ ਤਾਂ ਇਹ ਪਵਿੱਤਰ ਸਥਾਨ ਲੋਕਾਂ ਬਾਰੇ ਸੋਚਣ ਦੀ ਥਾਂ ਸਿਆਸੀ ਜੰਗ ਦਾ ਅਖਾੜਾ ਬਣ ਗਏ ਹਨ। ਰਾਜਸੀ ਪਾਰਟੀਆਂ ਦੇ ਆਗੂ ਆਪੋ ਵਿਚ ਲੜਦੇ ਹਨ ਤੇ ਧੱਕਾ-ਮੁੱਕੀ ਕਰਦੇ ਹਨ ਪਰ ਜਦੋਂ ਰਾਜਸੀ ਹਿਤਾਂ ਦੀ ਗੱਲ ਆਉਂਦੀ ਹੈ ਤਾਂ ਸਾਰੇ ਇਕੱਠੇ ਹੋ ਜਾਂਦੇ ਹਨ। ਆਗੂਆਂ ਨੂੰ ਇਹ ਨਹੀਂ ਭੁੱਲਣਾ ਨਹੀਂ ਚਾਹੀਦਾ ਕਿ ਉਹ ਸਿਆਸਤ ਵਿਚ ਲੋਕ ਸੇਵਾ ਲਈ ਆਏ ਹਨ, ਕਮਾਈ ਕਰਨ ਲਈ ਨਹੀਂ। ਪੈਸੇ ਕਮਾਉਣ ਦੇ ਹੋਰ ਬਹੁਤ ਢੰਗ-ਤਰੀਕੇ ਹਨ।

ਛੋਟੇ ਤੋਂ ਛੋਟਾ ਆਗੂ ਵੀ ਚਾਹੁੰਦਾ ਹੈ ਕਿ ਉਸ ਨੂੰ ਅੰਗ ਰੱਖਿਅਕ ਜ਼ਰੂਰ ਦਿੱਤੇ ਜਾਣ। ਇਸ ਲਈ ਨਹੀਂ ਕਿ ਉਸ ਨੂੰ ਰਾਖੀ ਦੀ ਲੋੜ ਹੈ ਸਗੋਂ ਇਸ ਲਈ ਕਿ ਜੇ ਸਿਪਾਹੀ ਨਾਲ ਹੋਵੇਗਾ ਤਾਂ ਉਸ ਨੂੰ ਦੱਸਣ ਦੀ ਲੋੜ ਨਹੀਂ ਪਵੇਗੀ ਕਿ ਉਹ ਕੋਈ ਵੱਡਾ ਬੰਦਾ ਹੈ। ਉਹ ਦਫਤਰਾਂ, ਦੁਕਾਨਾਂ ਤੇ ਸੜਕਾਂ 'ਤੇ ਮਨਮਾਨੀ ਕਰ ਸਕੇਗਾ। ਦੂਜੇ ਬੰਨੇ, ਨਾਗਰਿਕਾਂ ਦੀ ਸੁਰੱਖਿਆ ਦਾ ਤਾਂ ਰੱਬ ਹੀ ਰਾਖਾ ਹੈ।

# ਬਿਮਾਰੀਆਂ ਦੀ ਜੜ੍ਹ ਅਜੋਕੀ ਖੁਰਾਕ ਦਾ ਬਦਲ

ਪਿਛਲੇ ਕੁਝ ਦਹਾਕਿਆਂ ਤੋਂ ਹਸਪਤਾਲਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ। ਇਸ ਦਾ ਕਾਰਨ ਵਧਦੀ ਆਬਾਦੀ ਤਾਂ ਹੈ ਹੀ, ਪਰ ਵੱਡਾ ਕਾਰਨ ਬਹੁਤ ਸਾਰੀਆਂ ਘਾਤਕ ਬਿਮਾਰੀਆਂ ਵਿਚ ਗ੍ਰਸਤ ਮਰੀਜ਼ਾਂ ਦੀ ਗਿਣਤੀ ਦਾ ਬੇਰੋਕ ਵਧਣਾ ਹੈ। ਹਸਪਤਾਲਾਂ ਦੀ ਵਧਦੀ ਗਿਣਤੀ ਵੀ ਇਨ੍ਹਾਂ ਬੀਮਾਰੀਆਂ ਦੀ ਰੋਕਥਾਮ ਲਈ ਬੇਅਸਰ ਸਾਬਤ ਹੋ ਰਹੀ ਹੈ।

ਮਰੀਜ਼ਾਂ ਦੀ ਗਿਣਤੀ ਹੈਰਾਨੀਜਨਕ ਰਫਤਾਰ ਨਾਲ ਵਧਣ ਦਾ ਮੁੱਖ ਕਾਰਨ ਸਾਡੀ ਅਜੋਕੀ ਖੁਰਾਕ ਹੈ। ਮੋਟੇ ਤੌਰ 'ਤੇ ਸਾਡੀ ਅਜੋਕੀ ਖੁਰਾਕ ਕਣਕ, ਚੌਲ, ਦੁੱਧ, ਚੀਨੀ ਆਦਿ ਹਨ ਜਦਕਿ ਸਾਡੇ ਵੱਡ-ਵਡੇਰਿਆਂ ਦੀ ਖੁਰਾਕ ਵਿਚ ਕਣਕ, ਚੌਲ ਅਤੇ ਚੀਨੀ ਸ਼ਾਮਲ ਨਹੀਂ ਸਨ, ਸਗੋਂ ਚੀਨੀ ਦੀ ਥਾਂ ਗੁੜ ਵਰਤਿਆ ਜਾਂਦਾ ਸੀ ਅਤੇ ਕਣਕ, ਚੌਲ ਦੀ ਥਾਂ ਬਾਜਰਾ, ਮੱਕੀ, ਰਾਗੀ, ਕੋਧਰਾ ਆਦਿ ਮੂਲ ਅਨਾਜ (Millets) ਮੁੱਖ ਖੁਰਾਕ ਹੋਇਆ ਕਰਦੀ ਸੀ।

**ਹਰਦੇਵ ਸਿੰਘ ਬਾਲਿਆਂਵਾਲੀ**
(ਸੇਵਾਮੁਕਤ ਮੇਜਰ)
ਫੋਨ: 91-95013-54391

ਇਨ੍ਹਾਂ ਫਸਲਾਂ ਨੂੰ ਉਗਾਉਣ ਲਈ ਅੰਗਰੇਜ਼ੀ ਖਾਦਾਂ ਤੇ ਕੀੜੇਮਾਰ ਰਸਾਇਣਾਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੁੰਦੀ ਸੀ। 1962 ਵਿਚ ਦੇਸ਼ ਦੀ ਵਧਦੀ ਅਬਾਦੀ ਲਈ ਲੋੜੀਂਦੇ ਅਨਾਜ ਦੀ ਪੂਰਤੀ ਲਈ ਵੱਧ ਝਾੜ ਦੇਣ ਵਾਲੀਆਂ ਫਸਲਾਂ ਦੇ ਬੀਜ ਵਿਕਸਿਤ ਕਰਨ ਲਈ ਲੁਧਿਆਣਾ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸਥਾਪਿਤ ਕੀਤੀ ਗਈ। ਇਸ ਮਿਸ਼ਨ ਨੂੰ ਲੈ ਕੇ ਖੇਤੀਬਾੜੀ ਵਿਗਿਆਨੀਆਂ ਨੇ ਕਣਕ ਅਤੇ ਜੀਰੀ ਦੀਆਂ ਮੁੱਖ ਫਸਲਾਂ ਵਜੋਂ ਬਹੁਤ ਸਾਰੀਆਂ ਕਿਸਮਾਂ ਵਿਕਸਿਤ ਕਰਕੇ ਹਰੀ ਕ੍ਰਾਂਤੀ ਲਿਆਂਦੀ। ਉਦੋਂ ਤੋਂ ਹੀ ਵਿਗਿਆਨੀਆਂ ਦੀਆਂ ਸਿਫਾਰਸ਼ਾਂ ਅਨੁਸਾਰ ਅੰਗਰੇਜ਼ੀ ਖਾਦਾਂ ਅਤੇ ਕੀੜੇਮਾਰ ਰਸਾਇਣਾਂ ਦਾ ਇਸਤੇਮਾਲ ਬੇਦਰਦੀ ਨਾਲ ਹੋ ਰਿਹਾ ਹੈ, ਜਿਸ ਸਦਕਾ ਧਰਤੀ ਦੀ ਸਿਹਤ ਖਰਾਬ ਹੋਣ ਦੇ ਨਾਲ ਨਾਲ ਸਾਡੇ ਸਰੀਰ ਨੂੰ ਵੀ ਅਣਗਿਣਤ ਬੀਮਾਰੀਆਂ ਨੇ ਜਕੜ ਲਿਆ ਹੈ। ਪਸ਼ੂ-ਪੰਛੀ ਵੀ ਇਨ੍ਹਾਂ ਦੀ ਲਪੇਟ ਵਿਚ ਆ ਗਏ ਹਨ। ਇਥੋਂ ਤਕ ਕਿ ਔਰਤਾਂ ਦੀ ਛਾਤੀ ਦੇ ਦੁੱਧ ਵਿਚ ਵੀ ਜ਼ਹਿਰਾਂ ਆ ਰਹੀਆਂ ਹਨ।

ਉਨ੍ਹੀਵੀਂ ਸਦੀ ਵਿਚ ਵਿਗਿਆਨ ਦੀ ਆੜ ਵਿਚ ਵਪਾਰਕ ਅਦਾਰਿਆਂ ਨੇ ਵਧੇਰੇ ਪੌਸ਼ਟਿਕ ਯੁਕਤ, ਤਥਾ-ਕਥਿਤ ਪ੍ਰੋਸੈਸਡ ਪਦਾਰਥਾਂ ਦਾ ਅੰਨ੍ਹੇ ਵਾਹ ਝੂਠਾ ਪ੍ਰਚਾਰ ਕਰਕੇ ਆਪਣੀਆਂ ਤਿਜੋਰੀਆਂ ਭਰਨ ਨੂੰ ਹੀ ਤਰਜੀਹ ਦਿੱਤੀ। ਮੂਲ ਅਨਾਜ (Millets) ਨੂੰ ਗਰੀਬਾਂ ਦੀ ਖੁਰਾਕ ਦੱਸ ਕੇ ਦਰਪ੍ਰਚਾਰ ਕੀਤਾ ਗਿਆ। ਇੰਜ ਸਾਡਾ ਮੂਲ ਅਨਾਜ ਮੱਧ ਸ਼੍ਰੇਣੀ ਅਤੇ ਅਮੀਰ ਲੋਕਾਂ ਦੀਆਂ ਥਾਲੀਆਂ ਵਿਚੋਂ ਅਲੋਪ ਹੋ ਗਿਆ। ਪ੍ਰੋਸੈਸਡ ਪਦਾਰਥ ਖਾਣ ਦਾ ਫੈਸ਼ਨ ਜਿਹਾ ਬਣ ਗਿਆ। ਰੀਸੋ-ਰੀਸ ਗਰੀਬ ਵੀ ਮੂਲ ਅਨਾਜ ਛੱਡ ਗਏ।

ਡਾ. ਖਾਦਰ ਵਲੀ, ਜਿਨ੍ਹਾਂ ਨੂੰ 'Millet Man Of India' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਅਨੁਸਰ ਇਨ੍ਹਾਂ ਬੀਮਾਰੀਆਂ ਦੀ ਮੂਲ ਜੜ ਕਣਕ, ਚੌਲ, ਦੁੱਧ, ਚੀਨੀ, ਰਿਫਾਂਇਡ ਤੇਲ, ਮਾਸਾਹਾਰੀ ਭੋਜਨ, ਮੈਦੇ ਤੋਂ ਬਣੇ ਅਤੇ ਪ੍ਰੋਸੈਸਡ ਪਦਾਰਥਾਂ ਦੀ ਵਰਤੋਂ ਕਰਨਾ ਹੀ ਹੈ। ਸਾਰੇ ਪ੍ਰਾਕ੍ਰਿਤਕ ਚਿਕਿਤਸਾ ਮਾਹਿਰ ਵੀ ਇੱਕ ਮੱਤ ਹਨ ਕਿ ਕੈਂਸਰ, ਸ਼ੂਗਰ, ਬਲੱਡ ਪ੍ਰੈਸ਼ਰ, ਅਸਥਮਾ ਆਦਿ ਬਿਮਾਰੀਆਂ ਇਸੇ ਖੁਰਾਕ ਦੀ ਦੇਣ ਹਨ।

ਉਕਤ ਬਿਮਾਰੀਆਂ ਦੀ ਜ਼ਿੰਮੇਵਾਰ ਖੁਰਾਕ ਵਿਚ ਦੁੱਧ ਨੂੰ ਸ਼ਾਮਲ ਕਰਨਾ ਕੁਝ ਕੁ ਨੂੰ ਹਾਸੋਹੀਣਾ ਲਗਦਾ ਹੋਵੇਗਾ, ਲੱਗਣਾ ਵੀ ਚਾਹੀਦਾ, ਕਿਉਂਕਿ ਸਾਡੇ ਵੱਡ-ਵਡੇਰੇ ਦੁੱਧ-ਘਿਓ ਨੂੰ ਸਰੀਰਕ ਤਾਕਤ ਦਾ ਮੁੱਖ ਸਰੋਤ ਮੰਨਦੇ ਹੋਏ ਰੱਜ ਕੇ ਇਸਤੇਮਾਲ ਕਰਦੇ ਸਨ। ਜ਼ਿਕਰਯੋਗ ਹੈ ਕਿ ਉਹ ਸਵੇਰੇ ਮੂੰਹ-ਹਨੇਰੇ ਹਲ ਜੋੜਿਆ ਕਰਦੇ ਸਨ ਅਤੇ ਕਰੀਬ 15-20 ਕਿਲੋਮੀਟਰ ਪੈਂਡਾ ਕਰਕੇ ਘਰ ਪਰਤਦੇ ਸਨ, ਇਸ ਤਰ੍ਹਾਂ ਸਰੀਰਕ ਮਿਹਨਤ ਨਾਲ ਦੁੱਧ ਤੇ ਇਸ ਤੋਂ ਬਣੇ ਪਦਾਰਥ ਹਜ਼ਮ ਕਰ ਲੈਂਦੇ ਸਨ। ਅਜੋਕੀ ਪੀੜ੍ਹੀ, ਜੋ ਸਰੀਰਕ ਕੰਮਾਂ ਨੂੰ ਤਿਲਾਂਜਲੀ ਦੇ ਚੁਕੀ ਹੈ, ਦੁੱਧ-ਘਿਓ ਆਦਿ ਹਜ਼ਮ ਨਾ ਕਰ ਸਕਣ ਕਾਰਨ ਭਿਆਨਕ ਬਿਮਾਰੀਆਂ ਦੀ ਸ਼ਿਕਾਰ ਹੋ ਰਹੀ ਹੈ। ਅੱਜ-ਕੱਲ੍ਹ ਜਿਆਦਾਤਰ ਸਫਰ ਵੀ ਮੋਟਰਸਾਈਕਲਾਂ, ਬੱਸਾਂ, ਕਾਰਾਂ ਆਦਿ ਨਾਲ ਹੀ ਕੀਤਾ ਜਾਂਦਾ ਹੈ; ਸਾਈਕਲ ਤਾਂ ਗਰੀਬ ਕਾਮਿਆਂ ਦੀ ਸਵਾਰੀ ਬਣ ਕੇ ਰਹਿ ਗਿਆ ਹੈ। ਟਰੈਕਟਰ ਦਾ ਸਟੇਰਿੰਗ ਵੀ ਇਸ ਪੀੜ੍ਹੀ ਨੇ ਮਜ਼ਦੂਰਾਂ ਦੇ ਹੱਥ ਫੜਾ ਦਿੱਤਾ। ਸਾਡੇ ਵੱਡ-ਵਡੇਰੇ ਸਫਰ ਊਠਾਂ ਤੇ ਘੋੜਿਆਂ ਰਾਹੀਂ ਕਰਦੇ ਸਨ, ਜਿਸ ਸਦਕਾ ਸਰੀਰਕ ਹਿਲਜੁਲ ਹੋ ਜਾਇਆ ਕਰਦੀ ਸੀ।



ਉਕਤ ਪਹਿਰੇ ਵਿਚਲੀ ਸੋਚ ਨੂੰ ਅੱਗੇ ਵਧਾਉਂਦਿਆਂ ਦੁੱਧ ਬਾਰੇ ਕੁਝ ਹੋਰ ਤੱਥਾਂ 'ਤੇ ਵਿਚਾਰ ਕਰਨੀ ਬਣਦੀ ਹੈ। ਬਹੁਤ ਸਾਰੇ ਐਲੋਪੈਥਿਕ ਡਾਕਟਰ ਦੁੱਧ ਦੀ ਵਰਤੋਂ ਨੂੰ ਸਰੀਰ ਦੀ ਕੈਲਸ਼ੀਅਮ ਤੇ ਕੁਝ ਹੋਰ ਪੌਸ਼ਟਿਕ ਤੱਤਾਂ ਦੀ ਪੂਰਤੀ ਲਈ ਸਿਫਾਰਸ਼ ਕਰਦੇ ਹਨ। ਦੁੱਧ ਉਤਪਾਦਕ ਕੰਪਨੀਆਂ ਵੀ ਡਾਕਟਰਾਂ ਦੀ ਇਸ ਸਿਫਾਰਸ਼ ਦਾ ਹਵਾਲਾ ਦੇ ਕੇ ਦੁੱਧ ਤੇ ਇਸ ਤੋਂ ਬਣੇ ਪਦਾਰਥ ਵੇਚਣ ਵਾਸਤੇ ਮਸ਼ਹੂਰੀ ਕਰਨ ਲਈ ਕਰੋੜਾਂ ਰੁਪਏ ਖਰਚ ਕਰਦੀਆਂ ਹਨ; ਪਰ ਐਲੋਪੈਥਿਕ ਡਾਕਟਰ ਇਹ ਸਭ ਕੁਝ ਜਾਣਦੇ ਹੋਏ ਕਿ ਦੁੱਧ ਮਨੁੱਖ ਦਾ ਭੋਜਨ ਨਹੀਂ ਹੈ, ਇਸ ਦੀ ਸਿਫਾਰਸ਼ ਕਿਉਂ ਕਰਦੇ ਹਨ? ਇਨ੍ਹਾਂ ਦਾ ਧੰਦਾ ਵੀ ਮਰੀਜ਼ਾਂ ਬਿਨਾ ਚੌਪਟ ਹੋ ਜਾਂਦਾ ਹੈ। ਉਹ ਦਿਨ ਲੱਦ ਗਏ, ਜਦ ਡਾਕਟਰ ਬੀਮਾਰ ਮਨੁੱਖਤਾ ਦੀ ਸੇਵਾ ਬਿਨਾ ਕਿਸੇ ਲਾਲਚ ਦੇ ਸੁਹਿਰਦਤਾ ਨਾਲ ਕਰਦੇ ਸਨ। ਹੁਣ ਬਹੁਤ ਸਾਰੀ ਜਨਤਾ ਪ੍ਰਾਈਵੇਟ ਹਸਪਤਾਲਾਂ ਵਿਚ ਹੋ ਰਹੀ ਲੁੱਟ-ਖਸੁਟ ਤੋਂ ਭਲੀਭਾਂਤ ਜਾਣੂ ਹੋ ਚੁਕੀ ਹੈ। ਇਨ੍ਹਾਂ ਹਸਪਤਾਲਾਂ ਵਿਚ ਇੱਕਾ-ਦੁੱਕਾ ਬੀਮਾਰੀਆਂ ਤੋਂ ਇਲਾਵਾ ਹੋਰ ਕਿਸੇ ਵੀ ਬੀਮਾਰੀ ਦਾ ਇਲਾਜ ਨਹੀਂ ਹੋ ਰਿਹਾ, ਸਗੋਂ ਮਰੀਜ਼ ਨੂੰ ਸਾਰੀ ਉਮਰ ਦਵਾਈ 'ਤੇ ਲਾ ਦਿੱਤਾ ਜਾਂਦਾ ਹੈ। ਇਨ੍ਹਾਂ ਦਵਾਈਆਂ ਦੇ ਬਹੁਤ ਸਾਰੇ ਮਾੜੇ ਪ੍ਰਭਾਵ (Side effects) ਜ਼ਿੰਦਗੀ ਨੂੰ ਹੋਰ ਦੁੱਭਰ ਬਣਾ ਦਿੰਦੇ ਹਨ। ਮੌਜੂਦਾ ਹਸਪਤਾਲਾਂ ਦੀ ਵਪਾਰਕ ਪਹੁੰਚ ਬਾਰੇ ਇਸ ਤੋਂ ਵੱਧ ਚਰਚਾ ਕਰਨੀ ਵਿਸ਼ੇ-ਵਸਤੂ ਅਨੁਸਾਰ ਠੀਕ ਨਹੀਂ ਲਗਦੀ।

ਸਵਾਲ ਹੈ ਕਿ ਦੁੱਧ ਮਨੁੱਖ ਦੀ ਖੁਰਾਕ ਕਿਉਂ ਨਹੀਂ ਹੈ? ਇਸ ਵਿਸ਼ੇ ਵਿਚ ਸਾਰੇ ਸਿਹਤ ਵਿਗਿਆਨੀ ਵੀ ਇੱਕ ਮੱਤ ਹਨ ਕਿ ਸਾਡੀ ਸਰੀਰਕ ਬਣਤਰ ਜਾਨਵਰਾਂ ਦੀ ਬਣਤਰ ਨਾਲੋਂ ਬਹੁਤ ਵੱਖਰੀ ਹੈ। ਸਾਡੇ ਤੇ ਜਾਨਵਰਾਂ ਦੇ ਹਾਰਮੋਨਜ਼ ਵੱਖਰੇ ਹਨ, ਇਨ੍ਹਾਂ ਦੇ ਦੁੱਧ ਵਿਚਲੇ ਪੌਸ਼ਟਿਕ ਤੱਤ ਕੁਦਰਤਨ ਇਨ੍ਹਾਂ ਦੇ ਬੱਚਿਆਂ ਦੀ ਸਰੀਰਕ ਬਣਤਰ ਅਨੁਸਾਰ ਹੁੰਦੇ ਹਨ। ਮਨੁੱਖ ਦੇ ਬੱਚਿਆਂ ਦਾ ਜਨਮ ਸਮੇਂ ਭਾਰ ਜਾਨਵਰਾਂ ਦੇ ਬੱਚਿਆਂ ਦੇ ਭਾਰ ਨਾਲੋਂ ਬਹੁਤ ਘੱਟ ਹੁੰਦਾ ਹੈ। ਇਨ੍ਹਾਂ ਕਾਰਨਾਂ ਕਰਕੇ ਦੁੱਧ ਸਾਡੀ ਖੁਰਾਕ ਨਹੀਂ ਹੈ। ਸਾਡੇ ਬੱਚਿਆਂ ਵਾਸਤੇ ਕੁਦਰਤ, ਮਾਂ ਦੀ ਛਾਤੀ ਵਿਚ ਦੁੱਧ ਉਤਾਰਦੀ ਹੈ। ਬੱਚਿਆਂ ਦੇ ਦੰਦ ਆਉਣ ਉਪਰੰਤ ਇਹ ਦੁੱਧ ਵੀ ਸੁੱਕ ਜਾਂਦਾ ਹੈ। ਇਥੇ ਕੁਦਰਤ, ਮਾਂ ਦੀ ਛਾਤੀ ਦਾ ਦੁੱਧ ਸੁਕਾ ਕੇ ਇਹ ਇਸ਼ਾਰਾ ਕਰਦੀ ਐ ਕਿ ਇਸ ਪਿਛੋਂ ਸਾਰੀ ਉਮਰ ਦੁੱਧ ਦੀ ਲੋੜ ਨਹੀਂ ਹੁੰਦੀ।

ਇਹ ਕੁਦਰਤੀ ਨਿਯਮ ਜਾਨਵਰਾਂ 'ਤੇ ਵੀ ਲਾਗੂ ਹੁੰਦਾ ਹੈ, ਇਸੇ ਕਰਕੇ ਕਿਸੇ ਵੀ ਜਾਨਵਰ ਦਾ ਬੱਚਾ ਦੰਦ ਆਉਣ ਉਪਰੰਤ ਦੁੱਧ ਨਹੀਂ ਪੀਂਦਾ। ਸੋਚਣ ਵਾਲੀ ਗੱਲ ਹੈ ਕਿ ਜਾਨਵਰਾਂ ਲਈ ਕੈਲਸ਼ੀਅਮ ਦੀ ਪੂਰਤੀ ਕਿਥੋਂ ਹੁੰਦੀ ਹੈ? ਸੁਭਾਵਕ ਉਸ ਨੀਰੇ-ਚਾਰੇ ਤੇ ਘਾਹ-ਫੂਸ ਤੋਂ, ਜੋ ਉਹ ਖਾਂਦੇ ਹਨ। ਮਨੁੱਖ ਵਾਸਤੇ ਵੀ ਕੈਲਸ਼ੀਅਮ ਭਰਪੂਰ ਬਹੁਤ ਪਦਾਰਥ ਕੁਦਰਤ ਨੇ ਪੈਦਾ ਕੀਤੇ ਹਨ। ਜ਼ਿਕਰਯੋਗ ਹੈ ਕਿ ਕੋਈ ਵੀ ਜਾਨਵਰ ਕਿਸੇ ਹੋਰ ਜਾਨਵਰ ਦਾ ਦੁੱਧ ਨਹੀਂ ਪੀਂਦਾ, ਪਰ ਮਨੁੱਖ ਖਾਹਮ-ਖਾਹ ਜਾਨਵਰਾਂ ਦੇ ਦੁੱਧ ਪਿੱਛੇ ਪਿਆ ਹੋਇਆ ਹੈ! ਇਸ ਸੱਚਾਈ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਦੁੱਧ ਸਾਡੇ ਅਤੇ ਜਾਨਵਰਾਂ ਦੇ ਬੱਚਿਆਂ ਦੇ ਮੂੰਹ ਵਿਚ ਸਿੱਧੇ ਮਾਂ ਦੇ ਥਣਾਂ ਵਿਚੋਂ ਹੀ ਜਾਂਦਾ ਹੈ, ਪਰ ਮਨੁੱਖ ਜਾਨਵਰਾਂ ਦਾ ਦੁੱਧ ਕੱਢਣ ਉਪਰੰਤ ਉਬਾਲ ਕੇ ਪੀਂਦਾ, ਜੋ ਗੈਰ-ਕੁਦਰਤੀ ਲੱਗਦਾ ਹੈ।

ਪ੍ਰਾਕ੍ਰਿਤਕ ਚਿਕਿਤਸਾ ਮਾਹਿਰਾਂ ਅਨੁਸਾਰ ਜੋ ਬਜੁਰਗ ਖੂੰਡਿਆਂ ਦੇ ਸਹਾਰੇ ਵਿੰਗੇ-ਟੇਢੇ ਹੋ ਕੇ ਚਲਦੇ ਹਨ, ਦੁੱਧ ਤੇ ਇਸ ਤੋਂ ਬਣੇ ਪਦਾਰਥਾਂ ਦੇ ਹੀ ਰਗੜੇ ਲਗਦੇ ਹਨ। ਕਿਉਂਕਿ ਬੁਢਾਪੇ ਕਰਕੇ ਵਰਜਿਸ਼ ਨਾ ਕਰ ਸਕਣ ਕਾਰਨ ਦੁੱਧ ਵਗੈਰਾ ਹਜ਼ਮ ਨਹੀਂ ਕਰ ਸਕਦੇ। ਇੱਕ ਹੋਰ ਬਹੁਤ ਹੀ ਅਹਿਮ ਤੱਥ ਦੀ ਜਾਣਕਾਰੀ ਸਾਂਝੀ ਕਰਨੀ ਬਣਦੀ ਐ ਕਿ ਦੁੱਧ ਅਤੇ ਇਸ ਤੋਂ ਬਣੇ ਪਦਾਰਥਾਂ (ਘਿਓ ਨੂੰ ਛੱਡ ਕੇ) ਵਿਚ ਲੈਕਟਾਸ (Lactose) ਨਾਂ ਦੀ ਸ਼ੂਗਰ ਪਾਈ ਜਾਂਦੀ ਹੈ, ਜਿਸ ਤੋਂ ਬਹੁਤਿਆਂ ਨੂੰ ਐਲਰਜੀ (Lactose intolerance) ਹੋ ਜਾਂਦੀ ਹੈ। ਇਸ ਦਾ ਕਾਰਨ ਸਾਡੀ ਛੋਟੀ ਆਂਤ (Small Intestine) ਵਿਚ ਪਾਚਕ ਨਾਂ ਦਾ ਜੈਵਿਕ ਅਣੂ (Lactace) ਦਾ ਨਾ ਬਣਨਾ ਹੈ, ਜੋ ਵਧਦੀ ਉਮਰ ਨਾਲ ਅਕਸਰ ਬਣਨਾ ਬੰਦ ਹੋ ਜਾਂਦਾ ਹੈ। ਇਸ ਤੋਂ ਕਰੀਬ 65 ਪ੍ਰਤੀਸ਼ਤ ਆਬਾਦੀ ਪ੍ਰਭਾਵਿਤ ਹੈ। ਇਨ੍ਹਾਂ ਪਦਾਰਥਾਂ ਵਿਚ ਮੌਜੂਦ ਲੈਕਟਾਸ (Lactose) ਨਾਂ ਦੀ ਸ਼ੂਗਰ ਨੂੰ ਲੈਕਟੇਸ (Lactace) ਹੀ ਹਜ਼ਮ ਕਰ ਸਕਦਾ ਹੈ।


ਦੇਖਿਆ ਗਿਆ ਹੈ ਕਿ ਕੁਝ ਬੱਚੇ ਦੁੱਧ ਚੁੰਘਣ ਤੋਂ ਪਿੱਛੋਂ ਬਿਨਾ ਵਜ੍ਹਾ ਰੋਣੋਂ ਨਹੀਂ ਹਟਦੇ, ਇਸ ਦਾ ਕਾਰਨ ਬੱਚੇ ਦੀਆਂ ਗ੍ਰੰਥੀਆਂ ਦਾ ਜਨਮ ਤੋਂ ਹੀ ਲੈਕਟੇਸ (Lactace) ਦਾ ਨਾ ਬਣਨਾ ਹੋ ਸਕਦਾ ਹੈ, ਜਿਸ ਕਰਕੇ ਦੁੱਧ ਹਜ਼ਮ ਹੋਣ ਵਿਚ ਤਕਲੀਫ ਹੁੰਦੀ ਐ। ਅਜਿਹੀ ਹਾਲਤ ਵਿਚ ਡਾਕਟਰ ਦੀ ਸਲਾਹ ਨਾਲ ਦੁੱਧ ਚੁੰਘਾਉਣ ਤੋਂ ਪਹਿਲਾਂ ਬੱਚੇ ਨੂੰ Lactace ਦੀਆਂ ਬੂੰਦਾਂ, ਜੋ ਕੈਮਿਸਟ ਕੋਲੋਂ ਮਿਲ ਜਾਂਦੀਆਂ ਹਨ, ਦੇਣੀਆਂ ਚਾਹੀਦੀਆਂ ਹਨ। Lactose Intolerance ਤੋਂ ਪ੍ਰਭਾਵਿਤ ਲੋਕਾਂ ਨੂੰ ਹੇਠ ਲਿਖੇ ਲੱਛਣ ਮਹਿਸੂਸ ਹੋ ਸਕਦੇ ਹਨ:

ਪੇਟ ਦਰਦ, ਅਫਰੇਵਾਂ, ਗੈਸ, ਜੀ ਮਚਲਣਾ, ਉਲਟੀਆਂ, ਦਸਤ ਲੱਗਣੇ ਆਦਿ। ਖੂਨ ਦੀ ਜਾਂਚ ਕਰਾਉਣ ਤੋਂ ਵੀ ਇਸ ਐਲਰਜੀ ਦਾ ਪਤਾ ਲਾਇਆ ਜਾ ਸਕਦਾ ਹੈ। ਬਹੁਤਾਤ ਵਿਚ ਨੈਚਰੋਪੈਥ ਦੁੱਧ ਅਤੇ ਚੀਨੀ ਨੂੰ ਮੱਠੀ ਸਫੈਦ ਜ਼ਹਿਰ (Slow White Poison) ਕਹਿੰਦੇ ਹਨ।

ਡਾ. ਖਾਦਰ ਵਲੀ ਅਨੁਸਾਰ ਕਣਕ ਅਤੇ ਚੌਲ ਵਿਚਲਾ ਗੁਲੂਕੋਜ਼ ਖੂਨ ਵਿਚ ਬਹੁਤ ਜਲਦੀ ਪਹੁੰਚਦਾ ਹੈ, ਜਿਸ ਕਰਕੇ ਡਾਇਬਟੀਜ਼ ਦੀ ਬਿਮਾਰੀ ਅੱਜ ਕਲ ਆਮ ਜਿਹੀ ਹੋ ਗਈ ਐ। ਕਣਕ ਵਿਚ ਮੌਜੂਦ ਗਲੂਟਨ (Gluten) ਬਹੁਤਿਆਂ ਨੂੰ ਹਜ਼ਮ ਨਹੀਂ ਹੁੰਦੀ। ਇਸ ਲਈ ਅਜੋਕੀਆਂ ਭਿਆਨਕ ਬੀਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਰਵਾਇਤੀ ਖੁਰਾਕ ਦਾ ਬਦਲ ਲੱਭਣ ਦੀ ਲੋੜ ਅਤਿਅੰਤ ਜ਼ਰੂਰੀ ਹੈ।

ਡਾ. ਖਾਦਰ ਵਲੀ ਸਾਡੇ ਵੱਡ-ਵਡੇਰਿਆਂ ਦੀ ਖੁਰਾਕ ਨੂੰ ਮੁੜ ਅਪਨਾਉਣ ਲਈ ਪੁਰਜ਼ੋਰ ਸਿਫਾਰਸ਼ ਕਰਦੇ ਹਨ। ਉਨ੍ਹਾਂ ਨੇ ਦਸੰਬਰ 2019 ਵਿਚ ਪੰਜਾਬ ਦੇ ਕਈ ਸ਼ਹਿਰਾਂ ਦਾ ਦੌਰਾ ਕਰਦਿਆਂ ਇਨ੍ਹਾਂ ਪੰਜ ਕਿਸਮਾਂ ਦੇ ਮੂਲ ਅਨਾਜ (Millets) ਨੂੰ ਮੁੱਖ ਖੁਰਾਕ ਦੇ ਤੌਰ 'ਤੇ ਅਪਨਾਉਣ ਲਈ ਜੋਰ ਦਿੱਤਾ: ਹਰੀ ਕੰਗਣੀ (Browntop), ਸਾਂਵਾ (Barnyard), ਕੰਗਨੀ (Foxtail), ਕੋਧਰਾ (Kodo) ਅਤੇ ਸਵੈਂਕ (Little)। ਇਨ੍ਹਾਂ ਪੰਜਾਂ ਵਿਚ ਲੋੜੀਂਦੀ ਮਾਤਰਾ ਵਿਚ ਭਰਪੂਰ ਵਿਟਾਮਿਨ ਤੇ ਖਣਿਜ ਪਦਾਰਥ ਮੌਜੂਦ ਹਨ।

ਇਨ੍ਹਾਂ ਮੂਲ ਅਨਾਜਾਂ (Millets) ਨੂੰ ਡਾ. ਖਾਦਰ ਵਲੀ ਦੀ ਖੋਜ ਕੀਤੀ ਹੋਈ ਤਰਤੀਬ ਅਨੁਸਾਰ ਖਾਣ ਨਾਲ ਤੇ ਕੁਝ ਪੌਦਿਆਂ ਦੀਆਂ ਪੱਤੀਆਂ ਦਾ ਕਾਹੜਾ ਪੀਣ ਨਾਲ ਕਰੀਬ ਸਾਰੀਆਂ ਹੀ ਬਿਮਾਰੀਆਂ ਆਪਣੀ ਤੀਬਰਤਾ ਅਨੁਸਾਰ ਛੇ ਮਹੀਨੇ ਤੋਂ ਦੋ ਸਾਲ ਵਿਚ ਠੀਕ ਹੋ ਜਾਂਦੀਆਂ ਹਨ। ਇਹ ਖੁਰਾਕ ਕਿਸੇ ਵੀ ਉਮਰ ਦਾ ਵਿਅਕਤੀ ਖਾ ਸਕਦਾ ਹੈ। ਇਨ੍ਹਾਂ ਦੀ ਤਾਸੀਰ ਨਾ ਗਰਮ ਅਤੇ ਨਾ ਹੀ ਠੰਡੀ ਹੈ, ਇਸ ਕਰਕੇ ਇਨ੍ਹਾਂ ਨੂੰ ਕਿਸੇ ਵੀ ਰੁੱਤ ਵਿਚ ਖਾਧਾ ਜਾ ਸਕਦਾ ਹੈ। ਇਸ ਸਬੰਧੀ 'ਖੇਤੀ ਵਿਰਾਸਤ ਮਿਸ਼ਨ ਗਰੁੱਪ' ਲੋਕਾਂ ਨੂੰ ਜਾਗਰੂਕ ਕਰਨ ਦਾ ਸ਼ਲਾਘਾਯੋਗ ਕੰਮ ਕਰ ਰਿਹਾ ਹੈ। ਡਾ. ਖਾਦਰ ਵਲੀ ਵੀ ਇਨ੍ਹਾਂ ਦੇ ਸੱਦੇ 'ਤੇ ਹੀ ਪੰਜਾਬ ਆਏ ਸਨ। ਉਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਮੂਲ ਅਨਾਜ (Millets) ਮੁੜ ਸੁਰਜੀਤ ਕਰਨ ਲਈ ਬੜੀ ਹੀ ਸੁਹਿਰਦਤਾ ਨਾਲ ਪ੍ਰੇਰਿਤ ਕੀਤਾ। ਇਹ ਅਨਾਜ ਉਗਾਉਣ ਲਈ ਅੰਗਰੇਜ਼ੀ ਖਾਦਾਂ ਤੇ ਕੀੜੇਮਾਰ ਰਸਾਇਣਾਂ ਦੀ ਲੋੜ ਵੀ ਨਹੀਂ ਪੈਂਦੀ। ਹੋਰ ਤਾਂ ਹੋਰ, ਆਮ ਜ਼ਮੀਨ ਵਿਚ ਵੀ ਇੱਕ-ਦੋ ਪਾਣੀਆਂ ਨਾਲ ਉਗਾਇਆ ਜਾ ਸਕਦਾ ਹੈ। ਇੰਜ ਪਾਣੀ ਦੇ ਡਿੱਗਦੇ ਪੱਧਰ ਦੀ ਸਮੱਸਿਆ ਦਾ ਹੱਲ ਵੀ ਹੋ ਜਾਵੇਗਾ। ਜ਼ਮੀਨ ਦੀ ਸਿਹਤ ਠੀਕ ਹੋਣ ਦੇ ਨਾਲ ਨਾਲ ਸਾਡੀ ਸਿਹਤ ਵੀ ਮੁੜ ਲੀਹਾਂ 'ਤੇ ਆ ਜਾਵੇਗੀ, ਇੱਕ ਪੰਥ ਦੋ ਕਾਜ।



ਡਾ. ਖਾਦਰ ਵਲੀ

ਮੂਲ ਅਨਾਜ ਲੋੜੀਂਦੀ ਮਾਤਰਾ ਤੇ ਵਾਜਬ ਕੀਮਤ 'ਤੇ ਉਪਲਬਧ ਹੋਣ ਵਿਚ ਸਮਾਂ ਲੱਗੇਗਾ। ਤਦ ਤੱਕ ਪ੍ਰਾਕ੍ਰਿਤਕ ਚਿਕਿਤਸਾ ਦੇ ਮਾਹਿਰਾਂ ਦੀ ਸੁਝਾਈ ਹੋਈ 'ਨਵੀਂ ਖੁਰਾਕ ਪ੍ਰਕਿਰਿਆ' (New Diet System) ਅਪਨਾਈ ਜਾ ਸਕਦੀ ਹੈ। ਇਸ ਵਿਧੀ ਦਾ ਸੰਖੇਪ ਵਿਚ ਵਰਣਨ ਕੁਝ ਇਸ ਤਰ੍ਹਾਂ ਹੈ-ਇਹ ਪ੍ਰਕਿਰਿਆ 'ਕੱਚਾ ਖਾਓ, ਰੋਗ ਭਜਾਓ' ਦੇ ਸਿਧਾਂਤ ਅਨੁਸਾਰ ਤਿਆਰ ਕੀਤੀ ਗਈ ਹੈ। ਇਹ ਸਿਧਾਂਤ ਜੰਗਲੀ ਜਾਨਵਰਾਂ ਤੇ ਪੰਛੀਆਂ ਤੋਂ ਸਿੱਖਿਆ ਗਿਆ ਹੈ। ਉਨ੍ਹਾਂ ਦਾ ਨਾ ਹੀ ਕੋਈ ਡਾਕਟਰ ਤੇ ਨਾ ਹੀ ਰਸੋਈ ਹੈ। ਇਨ੍ਹਾਂ ਦੀ ਤੰਦਰੁਸਤੀ ਦਾ ਰਾਜ ਕੱਚਾ ਖਾਣਾ ਹੀ ਹੈ। ਇਸੇ ਕਰਕੇ ਪ੍ਰਾਕ੍ਰਿਤਕ ਚਿਕਿਤਸਾ ਦੇ ਮਾਹਿਰ ਮੌਸਮੀ ਫਲ, ਮੇਵੇ ਤੇ ਸਹਿਜੇ ਹਜ਼ਮ ਹੋਣ ਵਾਲੀਆਂ ਕੱਚੀਆਂ ਸਬਜ਼ੀਆਂ-ਗਾਜਰ, ਮੂਲੀ, ਸ਼ਲਗਮ, ਮਟਰ, ਪਾਲਕ ਆਦਿ ਖਾਣ ਦੀ ਸਲਾਹ ਦਿੰਦੇ ਹਨ। ਅਸਲ ਵਿਚ ਜਿਸ ਭੋਜਨ ਨੂੰ ਹਜ਼ਮ ਕਰਨ ਲਈ ਪਕਾਉਣਾ ਪਵੇ, ਉਹ ਸਾਡਾ ਭੋਜਨ ਹੈ ਹੀ ਨਹੀਂ।

ਮਸਾਲੇਦਾਰ ਪਕਵਾਨ ਖਾਣ ਦੀ ਆਦਤ, ਜੋ ਅਸੀਂ ਮੁੱਦਤਾਂ ਤੋਂ ਪਾਲ ਰੱਖੀ ਹੈ, ਇੱਕਦਮ ਛੱਡਣੀ ਔਖੀ ਹੈ। ਇਸ ਵਿਧੀ ਅਨੁਸਾਰ ਰਾਤ ਦੇ ਭੋਜਨ ਪਿਛੋਂ 12 ਤੋਂ 16 ਘੰਟੇ ਦਾ ਵਰਤ ਰੱਖ ਕੇ ਨਾਸ਼ਤੇ ਵਿਚ ਮੌਸਮੀ ਫਲ ਤੇ ਉਹ ਵੀ ਰੱਜ ਕੇ ਖਾਣੇ ਹਨ। ਵਰਤ ਦੌਰਾਨ ਲੋੜ ਅਨੁਸਾਰ ਪਾਣੀ ਪੀ ਸਕਦੇ ਹੋ, ਬਾਕੀ ਦੇ ਦੋ ਡੰਗ ਰਵਾਇਤੀ ਭੋਜਨ ਕਰ ਸਕਦੇ ਹੋ। ਦੁਪਹਿਰ ਅਤੇ ਰਾਤ ਦੇ ਭੋਜਨ ਤੋਂ ਪਹਿਲਾਂ ਕੁਝ ਸਲਾਦ ਖਾਣਾ ਜਰੂਰੀ ਹੈ। ਸਲਾਦ ਵਿਚ ਮੌਸਮੀ ਕੱਚੀਆਂ ਸਬਜ਼ੀਆਂ ਵੀ ਸ਼ਾਮਲ ਕਰ ਲੈਣੀਆਂ ਚਾਹੀਦੀਆਂ ਹਨ। ਘਰ ਉਗਾਏ ਅਨਾਜ ਵੀ ਸ਼ਾਮਲ ਕਰ ਸਕਦੇ ਹੋ। ਦੁਪਹਿਰ ਅਤੇ ਰਾਤ ਦੇ ਭੋਜਨ ਵਿਚਾਲੇ 8 ਤੋਂ 10 ਘੰਟੇ ਪਾਣੀ ਵਿਚ ਭਿਓਂਤੇ ਮੇਵੇ ਖਾ ਸਕਦੇ ਹੋ। ਇਥੇ ਇੱਕ ਸੁਨਹਿਰੀ ਅਸੂਲ ਅਪਨਾਉਣਾ ਅਤਿ ਜਰੂਰੀ ਹੈ। ਚੰਗੀ ਤਰ੍ਹਾਂ ਚੂਹੇ-ਦੌੜਾਉ ਭੁੱਖ ਲੱਗਣ 'ਤੇ ਹੀ ਖਾਓ, ਉਹ ਵੀ ਭੁੱਖ ਰੱਖ ਕੇ। ਰਾਤ ਦੇ ਨਾਸ਼ਤੇ ਤੋਂ ਬਾਅਦ 12 ਤੋਂ 16 ਘੰਟੇ ਦਾ ਵਰਤ ਵੀ ਇਸੇ ਕਰਕੇ ਰੱਖਿਆ ਜਾਂਦਾ ਹੈ ਕਿ ਪਿੱਛਲੇ ਦਿਨ ਦਾ ਖਾਧਾ ਹੋਇਆ ਭੋਜਨ ਸੰਪੂਰਨ ਤੌਰ 'ਤੇ ਹਜ਼ਮ ਹੋ ਜਾਵੇ ਤੇ ਧੂਹਾਂ ਪਾਉਂਦੀ ਭੁੱਖ ਲੱਗ ਆਵੇ। ਜਿਨਾ ਲੰਬਾ ਵਰਤ ਰੱਖੋਗੇ, ਓਨਾ ਹੀ ਪਾਚਨ ਸ਼ਕਤੀ ਅਰਾਮ ਮਿਲਣ ਸਦਕਾ ਮਜਬੂਤ ਹੋਵੇਗੀ ਅਤੇ ਹਾਜਮੇ ਨਾਲ ਸਬੰਧਤ ਬਹੁਤ ਸਾਰੀਆਂ ਸਮੱਸਿਆਵਾਂ ਠੀਕ ਹੋ ਜਾਣਗੀਆਂ।

ਰਾਤ ਦੇ ਭੋਜਨ ਉਪਰੰਤ ਰੱਖਿਆ ਹੋਇਆ ਵਰਤ ਸਵੇਰ ਵੇਲੇ ਪਾਲਕ, ਪੁਦੀਨਾ, ਧਨੀਆ ਪੱਤਾ, ਲੌਕੀ ਤੇ ਔਲੇ ਦਾ ਘਰ ਬਣਾਇਆ ਹੋਇਆ ਤਾਜਾ ਗਰੀਨ ਜੂਸ ਪੀ ਕੇ ਤੋੜਿਆ ਜਾਵੇ। ਇਹ ਜੂਸ ਸਰੀਰ ਵਿਚ ਜਮ੍ਹਾਂ ਹੋਏ ਜ਼ਹਿਰੀਲੇ ਮਾਦੇ ਨੂੰ ਬਾਹਰ ਕੱਢਣ ਲਈ ਸਹਾਈ ਹੋਵੇਗਾ। ਦਾਲਾਂ ਤੇ ਸਬਜ਼ੀਆਂ ਨੂੰ ਰਿਫਾਇੰਡ ਤੇਲਾਂ ਦਾ ਤੜਕਾ ਲਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਜੇ ਸੁਆਦ ਨਹੀਂ ਤਿਆਗ ਸਕਦੇ ਤਾਂ ਸਰੋਂ, ਮੂੰਗਫਲੀ, ਨਾਰੀਅਲ ਆਦਿ ਦੇ ਠੰਡੇ ਕੋਹਲੂ ਨਾਲ ਤਿਆਰ ਕੀਤੇ ਹੋਏ ਕੱਚੀ ਘਾਣੀ ਦੇ ਤੇਲ ਵਰਤਣੇ ਚਾਹੀਦੇ ਹਨ। ਭਿਆਨਕ ਬਿਮਾਰੀਆਂ ਅਤੇ ਕਬਜ਼ ਦੇ ਰੋਗੀਆਂ ਨੂੰ ਇੱਕ ਮਹੀਨੇ ਲਈ ਸਵੇਰੇ-ਸ਼ਾਮ ਅਨੀਮਾ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ। ਘਰੇਲੂ ਇਸਤੇਮਾਲ ਕਰਨ ਵਾਲੀ ਅਨੀਮਾ ਕਿੱਟ ਮਾਰਕਿਟ ਵਿਚ ਉਪਲੱਬਧ ਹੈ।

ਗਰੀਬ ਪਰਿਵਾਰ ਉਕਤ ਵਿਧੀ ਨੂੰ ਫਲ ਤੇ ਮੇਵਿਆਂ ਦੀ ਅਸਮਾਨ ਛੂੰਹਦੀ ਮਹਿੰਗਾਈ ਕਾਰਨ ਸ਼ਾਇਦ ਨਾ ਅਪਨਾ ਸਕਣ। ਜੇ ਕੋਈ, ਕਿਸੇ ਵੀ ਕਾਰਨ ਇਹ ਵਿਧੀ ਨਾ ਅਪਨਾ ਸਕਦਾ ਹੋਵੇ, ਉਹ ਕਾਲੀ ਕਣਕ ਮੁੱਖ ਖੁਰਾਕ ਦੇ ਤੌਰ 'ਤੇ ਅਪਨਾ ਸਕਦਾ ਹੈ। ਕਣਕ ਦੀ ਇਹ ਕਿਸਮ ਖੇਤੀ ਵਿਗਿਆਨੀਆਂ ਨੇ ਸਾਲ ਕੁ ਭਰ ਪਹਿਲਾਂ ਵਿਕਸਿਤ ਕੀਤੀ ਹੈ। ਇਸ ਕਣਕ ਵਿਚ ਰਵਾਇਤੀ ਕਣਕ ਨਾਲੋਂ ਕਿਤੇ ਵੱਧ ਪੌਸ਼ਟਿਕ ਤੱਤ ਹਨ। ਇਸ ਵਿਚ ਲੋਹਾ 60 ਪ੍ਰਤੀਸ਼ਤ ਤੇ ਐਂਥਸਾਇਨਿਨ 20 ਤੋਂ 40 ਪ੍ਰਤੀਸ਼ਤ ਵੱਧ ਪਾਏ ਜਾਂਦੇ ਹਨ। ਇਸ ਕਣਕ ਦਾ ਖੁਰਾਕ ਦੇ ਤੌਰ 'ਤੇ ਚੂਹਿਆਂ ਉਪਰ ਤਜਰਬਾ ਕੀਤਾ ਜਾ ਚੁਕਾ ਹੈ। ਨਤੀਜੇ ਵਜੋਂ ਉਨ੍ਹਾਂ ਵਿਚ ਕੋਲੈਸਟਰੋਲ ਤੇ ਟਰਾਇਗਲਿਸਰਾਈਡਸ ਘੱਟ ਪਾਏ ਗਏ। ਭਾਰ ਤੇ ਖੂਨ ਵਿਚ ਗੁਲੂਕੋਜ਼ ਵਧਣ 'ਤੇ ਵੀ ਰੋਕ ਲਗਦੀ ਦਿਖੀ। ਇਸ ਕਣਕ ਵਿਚ ਫਾਈਬਰ ਦੀ ਮਾਤਰਾ ਵੱਧ ਹੋਣ ਕਾਰਨ ਕਬਜ ਵਿਚ ਵੀ ਰਾਹਤ ਮਿਲ ਸਕਦੀ ਹੈ। ਇਸ ਦਾ ਦਾ ਤਜਰਬਾ ਹਾਲੇ ਮਨੁੱਖਾਂ 'ਤੇ ਨਹੀਂ ਕੀਤਾ ਗਿਆ। ਫਿਰ ਵੀ ਇਸ ਨੂੰ ਵਰਤਣ ਨਾਲ ਕੋਈ ਵੀ ਨੁਕਸਾਨ ਹੋਣ ਦੀ ਸੰਭਾਵਨਾ ਨਹੀਂ ਹੈ। ਚੇਤੇ ਰਹੇ, ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿਚ ਐਲੋਪੈਥਿਕ ਡਾਕਟਰਾਂ ਕੋਲ ਹੀ ਜਾਣਾ ਚਾਹੀਦਾ ਹੈ।

---

***ਨੋਟ: ਲੇਖ ਵਿਚ ਸੁਝਾਏ ਖੁਰਾਕੀ ਨੁਕਤਿਆਂ ਉਤੇ ਅਮਲ ਕਰਨ ਤੋਂ ਪਹਿਲਾਂ ਡਾਕਟਰੀ ਸਲਾਹ ਲੈ ਲੈਣੀ ਜਰੂਰੀ ਹੈ, ਕਿਉਂਕਿ ਮੌਜੂਦਾ ਖੁਰਾਕੀ ਵਸਤਾਂ ਨਾਲ ਸਰੀਰ ਵਿਚ ਪੈਦਾ ਹੋ ਚੁਕੀਆਂ ਤਬਦੀਲੀਆਂ ਕਾਰਨ ਕਈ ਵਾਰ ਫਾਇਦਾ ਹੋਣ ਦੀ ਥਾਂ ਨੁਕਸਾਨ ਭਾਵ ਐਲਰਜੀ ਵਗੈਰਾ ਹੋ ਜਾਣ ਦਾ ਖਦਸ਼ਾ ਹੋ ਸਕਦਾ ਹੈ। -ਸੰਪਾਦਕ***

# 'ਪੜ੍ਹਿਆ ਸੁਣਿਆ ਦੇਖਿਆ' ਦੀ ਵਿਥਿਆ

ਸਾਡੇ ਅੰਦਰਲੇ ਗਿਆਨ ਦਾ ਭੰਡਾਰ ਵੇਖਣ ਸੁਣਨ ਅਤੇ ਪੜ੍ਹਨ ਦੀਆਂ ਸਹਿਜ ਪ੍ਰਕ੍ਰਿਆਵਾਂ ਰਾਹੀਂ ਹੀ ਵਿਕਸਿਤ ਹੁੰਦਾ ਤੇ ਅੱਗੇ ਤੁਰਦਾ ਹੈ। ਚਾਹੇ ਦੇਖ, ਸੁਣ ਤੇ ਪੜ੍ਹ ਕੇ ਹਾਸਲ ਕੀਤਾ ਸਾਰਾ ਗਿਆਨ ਸਥਾਈ ਤੌਰ 'ਤੇ ਸਾਡੇ ਚੇਤਿਆਂ ਵਿਚ ਸੁਰੱਖਿਅਤ ਨਹੀਂ ਰਹਿੰਦਾ, ਪਰ ਇਸ ਗਿਆਨ ਦਾ ਹੱਡੀਂ ਹੰਢਾਇਆ ਤੇ ਪੜ੍ਹਿਆ ਵਿਚਾਰਿਆ ਚੇਤੰਨ ਹਿੱਸਾ ਸਾਡੀ ਸ਼ਖਸੀਅਤ ਦੇ ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਪਰਵਾਸੀ ਲੇਖਕ ਤਰਲੋਚਨ ਸਿੰਘ ਦੁਪਾਲਪੁਰ ਦੀ ਹੁਣੇ ਜਿਹੇ ਛਪ ਕੇ ਆਈ ਵਾਰਤਕ ਪੁਸਤਕ 'ਪੜ੍ਹਿਆ ਸੁਣਿਆ ਦੇਖਿਆ' ਉਸ ਦੀ ਸਾਰੀ ਉਮਰ ਦੇ ਉਸ ਵਿਚਾਰਧਾਰਕ ਗਿਆਨ ਦੀ ਪੁਸ਼ਟੀ ਕਰਦੀ

## ਪੁਸਤਕ ਚਰਚਾ

ਨਿਰੰਜਣ ਬੋਹਾ
ਫੋਨ: 91-98682-82700

ਹੈ, ਜੋ ਉਸ ਨੇ ਆਪਣੀਆਂ ਵੇਖਣ, ਸੁਣਨ ਤੇ ਪੜ੍ਹਨ ਵਿਚ ਸਹਾਇਕ ਬੰਦਈਆਂ ਗਿਆਨ ਇੰਦਰੀਆਂ ਰਾਹੀਂ ਹਾਸਲ ਕੀਤਾ ਹੈ। ਭਾਵੇਂ ਸਾਹਿਤ ਦੇ ਖੇਤਰ ਵਿਚ ਉਸ ਦੀ ਇਹ ਪਹਿਲੀ ਪੁਸਤਕ ਹੈ, ਪਰ ਇਸ ਵਿਚਲੀਆਂ ਲਿਖਤਾਂ ਪਿੱਛੇ ਉਸ ਦੀ ਪੈਂਹਠ ਸਾਲ ਦੀ ਪ੍ਰੌਢ ਉਮਰ ਦੇ ਅਨੁਭਵ ਤੇ ਤਜਰਬੇ ਕਾਰਜਸ਼ੀਲ ਹਨ।

ਤਰਲੋਚਨ ਸਿੰਘ ਦੁਪਾਲਪੁਰ ਦਾ ਸ਼ੁਮਾਰ ਉਨ੍ਹਾਂ ਲੇਖਕਾਂ ਵਿਚ ਹੈ, ਜੋ ਆਪਣੇ ਸਮਕਾਲੀ ਸਮਾਜਕ, ਆਰਥਕ ਤੇ ਰਾਜਨੀਤਕ ਵਰਤਾਰਿਆਂ ਨੂੰ ਮਨੁੱਖ ਦੀ ਹੋਣੀ ਜਾਂ ਕੁਦਰਤ ਦੀ ਖੇਡ ਨਾਲ ਜੋੜ ਕੇ ਆਪਣੀ ਮੂਕ ਸਹਿਮਤੀ ਨਹੀਂ ਦਿੰਦੇ, ਸਗੋਂ ਮਨੁੱਖਤਾ ਹਿਤੂ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਵਿਚ ਦਖਲਅੰਦਾਜ਼ੀ ਕਰਨਾ ਆਪਣਾ ਹੱਕ ਵੀ ਸਮਝਦੇ ਹਨ ਤੇ ਨੈਤਿਕ ਫਰਜ਼ ਵੀ। ਜਦੋਂ ਉਹ ਆਪਣੇ ਲੇਖ 'ਰੋਟੀ ਹੱਕ ਦੀ ਖਾਈਏ ਜੀ' ਰਾਹੀਂ ਗੁਰਬਾਣੀ ਦੇ ਹਵਾਲੇ ਨਾਲ ਹੱਕ ਹਲਾਲ ਦੀ ਕਮਾਈ ਦੀ ਵਡਿਆਈ ਕਰਦਾ ਹੈ ਜਾਂ ਫਿਰ ਆਪਣੇ ਇਕ ਹੋਰ ਲੇਖ "ਟੈਅ...ਰ...ਲੋ...ਕੈਨ" ਵਿਚ ਆਪਣੇ ਆਪ ਨੂੰ ਮਿਸਟਰ ਟੈਰੀ ਕਹਾਉਣ ਨਾਲੋਂ ਮਿਸਟਰ ਸਿੰਘ ਕਹਾਉਣ ਨੂੰ ਪਹਿਲ ਦਿੰਦਾ ਹੈ ਤਾਂ ਉਹ ਆਪਣੇ ਸਮਕਾਲ ਨੂੰ ਆਪਣੇ ਅਨੁਸਾਰ ਢਾਲਣ ਦਾ ਯਤਨ ਹੀ ਕਰ ਰਿਹਾ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹਿੰਦਿਆਂ ਵੀ ਉਹ ਕਿਸੇ ਸਿਆਸੀ ਧਿਰ ਦਾ ਪਿਛਲੱਗੂ ਬਣਨ ਦੀ ਥਾਂ



ਤਰਲੋਚਨ ਸਿੰਘ ਦੁਪਾਲਪੁਰ

ਆਪਣੇ ਫੈਸਲੇ ਆਪਣੀ ਜ਼ਮੀਰ ਦੀ ਅਵਾਜ਼ ਅਨੁਸਾਰ ਹੀ ਲੈਂਦਾ ਰਿਹਾ ਹੈ। ਭਾਵੇਂ ਮੂਲ ਰੂਪ ਵਿਚ ਉਹ ਧਾਰਮਿਕ ਵਿਚਾਰਾਂ ਵਾਲਾ ਮਨੁੱਖ ਹੈ, ਪਰ ਉਸ ਦਾ ਧਰਮ ਫਿਰਕੂ ਵੰਡੀਆਂ ਪਾਉਣ ਵਾਲਾ ਨਹੀਂ, ਸਾਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਵਾਲਾ ਹੈ। 'ਲਕੀਰ ਦੇ ਫਕੀਰ ਦਾ ਸਟੋਰ' ਅਤੇ 'ਅੱਧੀ ਰਾਤ ਨੂੰ ਬੋਹੜ 'ਤੇ ਚੁੜੇਲਾਂ ਨੱਚੀਆਂ' ਵਰਗੇ ਲੇਖ ਲਿਖ ਕੇ ਉਹ ਸਮਾਜ ਦੇ ਅੰਧ ਵਿਸ਼ਵਾਸੀ ਤੇ ਗੁੰਮਰਾਹਕੁਨ ਵਰਤਾਰਿਆਂ ਵਿਚ ਆਪਣੀ ਆਪਣੀ ਸਿੱਧੀ ਦਖਲਅੰਦਾਜ਼ੀ ਕਰਕੇ ਇਨ੍ਹਾਂ ਵਰਤਾਰਿਆਂ 'ਤੇ ਰੋਕ ਲਾਏ ਜਾਣ ਦਾ ਹੋਕਾ ਦਿੰਦਾ ਹੈ।

ਕਹਾਣੀਆਂ ਜਿਹੇ ਉਸ ਦੇ ਵਾਰਤਕ ਲੇਖਾਂ ਦੀ ਇਸ ਪੁਸਤਕ ਵਿਚਲੇ ਵਧੇਰੇ ਲੇਖ ਉਸ ਦੇ ਜ਼ਿਹਨ ਵਿਚ ਪਈਆਂ ਉਨ੍ਹਾਂ ਸਿਮਰਤੀਆਂ ਦਾ ਹੀ ਬਾਹਰਮੁਖੀ ਪਰਤਾਓ ਹਨ, ਜੋ ਸਮੇਂ ਸਮੇਂ ਉਸ ਦੀ ਜੀਵਨ ਜਾਂਚ ਨੂੰ ਪ੍ਰਭਾਵਤ ਕਰ ਕੇ ਉਸ ਦੀਆਂ ਸਮਾਜਕ ਜ਼ਿੰਮੇਵਾਰੀਆਂ ਵਿਚ ਵਾਧਾ ਕਰਦੀਆਂ ਰਹੀਆਂ ਹਨ। ਜਦੋਂ ਉਹ ਅੱਜ ਦੇ ਵਿਅਕਤੀਵਾਦੀ ਜੁਗ ਵਿਚ ਚਾਰੇ ਪਾਸੇ ਬੇਈਮਾਨੀ, ਖੁਦਗਰਜ਼ੀ ਤੇ ਆਪੋ ਧਾਪੀ ਦਾ ਪਸਾਰਾ ਹੋਇਆ ਵੇਖਦਾ ਹੈ ਤਾਂ ਉਸ ਦੀਆਂ ਸਿਮਰਤੀਆਂ ਉਨ੍ਹਾਂ ਭਲੇ ਵੇਲਿਆਂ ਨਾਲ ਜਾ ਜੁੜਦੀਆਂ ਹਨ, ਜਦੋਂ ਲੋਕਾਂ ਦੇ ਸਾਰੇ ਦੁੱਖ-ਸੁੱਖ ਸਾਂਝੇ ਸਨ ਤੇ ਉਹ ਇੱਕ ਦੂਜੇ ਦਾ ਭਲਾ ਕਰਕੇ ਵਿਸ਼ੇਸ਼ ਰਾਹਤ ਮਹਿਸੂਸ ਕਰਦੇ ਸਨ। ਅਜਿਹੇ ਸਮੇਂ ਉਹ 'ਪਿੰਡ ਗਏ ਨੂੰ ਲੈਣ ਨਾ ਆਇਉ ਪਲੀਜ਼', 'ਦਿਲਬਰ ਦੇ ਫੁੱਲ', 'ਵਿਸ਼ਵਾਸ ਦੀ ਡੋਰ', 'ਅਕਾਸ਼ਵਾਣੀ ਦੀਆਂ ਬਾਤਾਂ,' 'ਸਾਖੀਆਂ ਤੇ ਸਿੱਖੀ' ਆਦਿ ਲੇਖ ਲਿਖ ਕੇ ਆਪਣੇ ਪਾਠਕਾਂ ਨੂੰ ਪੁਰਾਣੇ ਵੇਲਿਆਂ ਦੇ ਮੋਹ- ਮੁਹੱਬਤੀ ਸਮਿਆਂ ਵਿਚ ਲੈ ਜਾਂਦਾ ਹੈ। ਇਸ ਸਮੇਂ ਉਹ ਆਪਣੇ ਪਾਠਕਾਂ ਦੀ ਜਾਣ ਪਛਾਣ ਕਹਾਣੀ 'ਸਾਈਕਲ ਵਾਲੇ ਸਰਵਣ ਦੀ ਅੜੀ' ਵਿਚਲੇ ਸਰਵਣ ਜਿਹੇ ਉਨ੍ਹਾਂ ਲੋਕਾਂ ਨਾਲ ਕਰਵਾਉਂਦਾ ਹੈ, ਜੋ ਦੂਜੇ ਨੂੰ ਨੀਵਾਂ ਵਿਖਾਉਣ ਲਈ ਨਹੀਂ, ਸਗੋਂ ਉਨ੍ਹਾਂ ਨੂੰ ਸੁੱਖ ਦੇਣ ਲਈ ਅੜੀ ਕਰਦੇ ਰਹੇ ਹਨ। ਲੇਖਕ ਆਪਣੇ ਲੇਖ 'ਜਾਹ ਉਏ ਬੇ-ਗੁਰਿਆ' ਰਾਹੀਂ ਇਕ ਹੋਰ ਅੜੀਖੋਰ ਤੇ ਜ਼ਿੰਦਾਦਿਲ ਮਨੁੱਖ ਤਰਸੇਮ ਉਰਫ ਸੇਮਾ ਨਾਲ ਵੀ ਪਾਠਕਾਂ ਨੂੰ ਮਿਲਵਾਉਂਦਾ ਹੈ। ਲੇਖ 'ਜਾਨੀ ਦੁਸ਼ਮਣਾਂ ਦੀ ਦੋਸਤੀ ਦਾ ਗੁੱਝਾ ਰਾਜ਼' ਰਾਹੀਂ ਉਹ ਬੀਤੇ ਸਮੇਂ ਦੀਆਂ ਉਨ੍ਹਾਂ ਮਾਨਵੀ ਕਦਰਾਂ ਕੀਮਤਾਂ ਨੂੰ ਰੂਪਮਾਨ ਕਰਦਾ ਹੈ, ਜਦੋਂ ਜਾਨ ਲੇਵਾ ਦੁਸ਼ਮਣ ਵੀ ਇੱਕ ਦੂਜੇ ਦੀ ਧੀ ਨੂੰ ਆਪਣੀ ਹੀ ਧੀ ਸਮਝਦੇ ਹੁੰਦੇ ਸਨ।

ਧਰਮ ਪ੍ਰਚਾਰਕ ਰਹੇ ਹੋਣ ਕਾਰਨ ਦੁਪਾਲਪੁਰ ਭਾਰਤੀ ਇਤਿਹਾਸ ਤੇ ਮਿਥਿਹਾਸ ਬਾਰੇ ਚੰਗੀ ਜਾਣਕਾਰੀ ਰੱਖਦਾ ਹੈ। ਉਸ ਕੋਲ ਪੀੜ੍ਹੀ ਦਰ ਪੀੜ੍ਹੀ ਚਲੀਆਂ ਆ ਰਹੀਆਂ ਉਨ੍ਹਾਂ ਲੋਕ ਕਥਾਵਾਂ ਦਾ ਵੀ ਵੱਡਾ ਭੰਡਾਰ ਹੈ, ਜੋ ਆਪਣੇ ਸਰੋਤਿਆਂ ਅੰਦਰ ਮਨੁੱਖੀ ਕਦਰਾਂ ਕੀਮਤਾਂ ਦੇ ਅਨੁਸਾਰੀ ਸੰਸਕਾਰ ਪੈਦਾ ਕਰਨ ਵਿਚ ਸਹਾਈ ਬਣ ਸਕਦੀਆਂ ਹੋਣ। ਇਕ ਲੇਖਕ ਵਜੋਂ ਵੀ ਉਸ ਨੇ ਆਪਣੀ ਇਸ ਭਾਸ਼ਣੀ ਕਲਾ ਜੁਗਤ ਦੀ ਸੁਚੱਜੀ




ਵਰਤੋਂ ਕੀਤੀ ਹੈ। ਉਸ ਨੇ ਆਪਣੇ ਬਹੁਤ ਸਾਰੇ ਲੇਖਾਂ ਵਿਚ ਲੋਕ ਕਥਾਵਾਂ ਤੇ ਮਿਥਿਹਾਸਕ ਘਟਨਾਵਾਂ ਨੂੰ ਆਧੁਨਿਕ ਸਮੇਂ ਦੀ ਪ੍ਰਸੰਗਿਕਤਾ ਨਾਲ ਜੋੜ ਕੇ ਪੇਸ਼ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਇਸ ਕੜੀ ਵਿਚ ਉਹ ਆਪਣੇ ਜੀਵਨ ਵਿਚ ਵਾਪਰੀਆਂ ਜਾਂ ਵੇਖੀਆਂ, ਸੁਣੀਆਂ ਘਟਨਾਵਾਂ ਨੂੰ ਵੀ ਲੇਖ ਵਿਚ ਸ਼ਾਮਿਲ ਕਰ ਲੈਂਦਾ ਹੈ।

ਆਪਣੀ ਗੱਲ ਨੂੰ ਹੋਰ ਅਸਰਦਾਰ ਬਣਾਉਣ ਲਈ ਉਸ ਨੇ ਕੁਝ ਲੇਖਾਂ ਰਾਹੀਂ ਵਿਅੰਗਮਈ ਚੋਭਾਂ ਦੀ ਵਰਤੋਂ ਵੀ ਕੀਤੀ ਹੈ। 'ਔਖਾ ਵੀ ਕਰਦਾ ਹੈ ਲੰਬੜਦਾਰੀ ਦਾ ਛੱਜ', 'ਭਾਗੂ ਦਾ ਭੋਗ', 'ਜਥੇਦਾਰ ਘੁਮੱਕੜ ਸਿੰਘ ਦੀ ਆਤਮ ਬਿਆਨੀ', ਅਤੇ 'ਕਥਾ ਗਪੌੜ ਸੰਖ ਕੀ ਲਿਖਤੇ', 'ਰਾਜ-ਹੱਠ, ਬਾਲ-ਹੱਠ, ਤ੍ਰਿਆ-ਹੱਠ', 'ਸ੍ਰੀਮਾਨ ਮਹਾਨ ਕਿ ਸ੍ਰੀਮਤੀ' ਆਦਿ ਲੇਖਾਂ ਰਾਹੀਂ ਲੇਖਕ ਨੇ ਅੱਜ ਦੇ ਮਨੁੱਖ ਦੇ ਦੋਗਲੇ ਕਿਰਦਾਰ 'ਤੇ ਤਿੱਖੇ ਵਿਅੰਗਬਾਣ ਚਲਾਏ ਹਨ ਤੇ ਸਮਾਜਕ ਖੇਤਰ ਦੀਆਂ ਬਹੁਤ ਸਾਰੀਆਂ ਵਿਸੰਗਤੀਆਂ ਨੂੰ ਕਟਾਖਸ਼ੀ ਤੇ ਕੁਝ ਹੱਦ ਤਕ ਹਾਸਰਸੀ ਅੰਦਾਜ਼ ਵਿਚ ਵੀ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਹੈ। 'ਭਾਗੂ ਦਾ ਭੋਗ' ਅਤੇ 'ਸੁੱਖ-ਸ਼ਾਂਤੀ ਨੂੰ ਮਾਰੋ ਗੋਲੀ' ਆਦਿ ਲੇਖਾਂ ਰਾਹੀਂ ਉਸ ਨੇ ਮਰਗਤ ਦੇ ਭੋਗ ਸਮੇਂ ਹੋਣ ਵਾਲੀ ਉਸ ਅਡੰਬਰਬਾਜ਼ੀ ਦਾ ਪਰਦਾ ਫਾਸ਼ ਕੀਤਾ ਹੈ, ਜਿਸ ਵਿਚ ਸਿਆਸੀ ਤੇ ਸਮਾਜਕ ਖੇਤਰ ਦੇ ਲੋਕ ਹੀ ਨਹੀਂ, ਸਗੋਂ ਧਾਰਮਿਕ ਖੇਤਰ ਦੇ ਲੋਕ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

ਇਸ ਪੁਸਤਕ ਰਾਹੀਂ ਲੇਖਕ ਦੀ ਆਪਣੀ ਸ਼ਖਸੀਅਤ ਦੇ ਵੀ ਬਹੁਤ ਸਾਰੇ ਪਸਾਰ ਉਭਰ ਕੇ ਸਾਹਮਣੇ ਆਏ ਹਨ। ਪੁਸਤਕ ਵਿਚਲੇ ਸਾਰੇ ਲੇਖ ਛੋਟੇ ਅਕਾਰ ਦੇ ਹਨ। ਲੇਖਕ ਥੋੜ੍ਹੇ ਸ਼ਬਦਾਂ ਵਿਚ ਬਹੁਤਾ ਕਹਿਣ ਦੀ ਨੀਤੀ ਦਾ ਧਾਰਨੀ ਹੈ ਤੇ ਵਿਸ਼ੇ ਤੋਂ ਬਾਹਰ ਦੀਆਂ ਮਿਸਾਲਾਂ ਦਾ ਖਿਲਾਰਾ ਪਾਉਣਾ ਵਾਜਬ ਨਹੀਂ ਸਮਝਦਾ। ਜਿਨ੍ਹਾਂ ਵਿਸ਼ਿਆਂ 'ਤੇ ਲੇਖਕ ਨੇ ਕਲਮ ਅਜ਼ਮਾਈ ਕੀਤੀ ਹੈ, ਉਹ ਵਿਸ਼ੇ ਸਾਡੀ ਰੋਜ਼ਮੱਰ੍ਹਾ ਦੀ ਜ਼ਿੰਦਗੀ ਨਾਲ ਸਬੰਧਤ ਹੋਣ ਕਾਰਨ ਇਨ੍ਹਾਂ ਵਿਚ ਸੁਭਾਵਿਕ ਰੂਪ ਵਿਚ ਹੀ ਪੂਰਵਲੇ ਵਿਚਾਰਾਂ ਤੇ ਧਾਰਨਾਵਾਂ ਦਾ ਦੁਹਰਾਅ ਸ਼ਾਮਿਲ ਹੋ ਗਿਆ ਹੈ, ਪਰ ਨਿਬੰਧਕਾਰ ਨੇ ਆਪਣੀ ਮੌਲਿਕ ਲਿਖਣ-ਸ਼ੈਲੀ ਰਾਹੀਂ ਇਨ੍ਹਾਂ ਵਿਚ ਕਾਫੀ ਤਾਜ਼ਗੀ ਪੈਦਾ ਕਰ ਦਿੱਤੀ ਹੈ।

ਇਹ ਪੁਸਤਕ ਸੂਰਜਾਂ ਦੇ ਵਾਰਸ ਪ੍ਰਕਾਸ਼ਨ, ਪਟਿਆਲਾ ਨੇ ਛਾਪੀ ਹੈ, ਜਿਸ ਦੇ 224 ਪੰਨੇ ਅਤੇ ਮੁੱਲ 200 ਰੁਪਏ ਹੈ। ਨਿਬੰਧਕਾਰੀ ਖੇਤਰ ਦੀ ਇਸ ਪ੍ਰੌਢ ਕਲਮ ਦਾ ਹਾਰਦਿਕ ਸਵਾਗਤ ਹੈ।

# ਅੱਖਰ ਮੰਚ ਦੀ 'ਅੱਖਰ ਵੇਲ' ਪੜ੍ਹਦਿਆਂ...

ਪੰਜਾਬ ਵਿਚ ਕਿੰਨੀਆਂ ਹੀ ਸਾਹਿਤ ਸਭਾਵਾਂ ਸਰਗਰਮ ਹਨ ਜਾਂ ਸਰਗਰਮ ਹੋਣ ਦਾ ਭਰਮ ਪਾਲ ਰਹੀਆਂ ਹਨ। ਕਦੇ ਕਦਾਈਂ ਕੋਈ ਸਮਾਗਮ ਰਚਾ ਕੇ ਅਖਬਾਰਾਂ ਦੀਆਂ ਖਬਰਾਂ ਤੀਕ ਸੀਮਤ ਹੋ ਕੇ ਰਹਿ ਜਾਂਦੀਆਂ ਹਨ, ਪਰ 'ਅੱਖਰ ਮੰਚ' ਕਪੂਰਥਲਾ ਦੀ ਉਮਰ ਭਾਵੇਂ ਥੋੜ੍ਹੀ ਹੈ ਅਤੇ ਮੈਂਬਰ ਵੀ ਬਹੁਤੇ ਨਹੀਂ ਜਾਂ ਕਹਿ ਲਓ ਕਿ ਉਨ੍ਹਾਂ ਨੇ ਮੈਂਬਰ ਭਰਤੀ ਨਹੀਂ ਕੀਤੇ। ਪਰ ਉਨ੍ਹਾਂ ਮੈਂਬਰਾਂ ਦੇ ਟੇਬਲਾਂ 'ਤੇ ਕੋਰੇ ਕਾਗਜ਼ ਹਨ ਅਤੇ ਹੱਥ ਵਿਚ ਕਲਮ। ਗਾਹੇ-ਬਗਾਹੇ ਉਹ ਆਪਣੇ ਅਹਿਸਾਸ ਕਾਗਜ਼ਾਂ ਦੀ ਹਿੱਕ 'ਤੇ ਉਲੀਕਦੇ ਰਹਿੰਦੇ ਹਨ। ਇਸੇ ਉਦਮ ਦੀ ਸੰਜੀਦੀ ਮਿਸਾਲ ਹੈ, ਡਾ. ਸਰਦੂਲ ਸਿੰਘ ਔਜਲਾ ਦੀ ਸੰਪਾਦਨਾ

ਰਵਿੰਦਰ ਸਹਿਰਾਅ
ਫੋਨ: 717-575-7529

ਹੇਠ ਉਨ੍ਹਾਂ ਮੈਂਬਰਾਂ ਦੀਆਂ ਚੋਣਵੀਆਂ ਕਿਰਤਾਂ ਦਾ ਕਾਵਿ-ਸੰਗ੍ਰਿਹ, "ਅੱਖਰ ਵੇਲ।" ਇਸ ਵੇਲ ਵਿਚ ਰੰਗ-ਬਿਰੰਗੇ ਅੱਖਰ-ਪੱਤੇ ਹਨ। ਦਸ ਰੰਗਾਂ ਦੇ ਇਨ੍ਹਾਂ ਪੱਤਿਆਂ ਦੀ ਆਪਣੀ ਆਪਣੀ ਮਹਿਕ ਤੇ ਖੂਬਸੂਰਤੀ ਹੈ।

ਸਰਵਣ ਸਿੰਘ ਔਜਲਾ ਮੂਲ ਰੂਪ ਵਿਚ ਗਜ਼ਲ/ਗੀਤ ਕਾਵਿ ਵਿਧਾ ਚੁਣਦਾ ਹੈ, ਭਾਵੇਂ ਉਸ ਨੇ ਖੁੱਲ੍ਹੀ ਕਵਿਤਾ ਵੀ ਲਿਖੀ ਹੈ। ਉਸ ਦੀ ਮੁੱਖ ਸੁਰ ਰਿਸ਼ਤਿਆਂ ਦੀ ਬਾਤ ਪਾਉਂਦੀ ਹੈ।

ਮਾਨਵਤਾ ਦੀ ਕੁੱਖੋਂ ਫੁੱਟਣ
ਸਦਾ ਮੁਹੱਬਤ ਦੇ ਚਸ਼ਮੇ
ਹਰ ਦਿਨ ਦੇ ਹਿੱਸੇ ਸੂਹੀ
ਤੇ ਸੱਜਰੀ ਪ੍ਰਭਾਤ ਆਵੇ।
ਨਾ ਦੌਲਤ, ਨਾ ਸ਼ੋਹਰਤ,
ਨਾ ਜਾਇਦਾਦ ਮੰਗਾਂ ਤੇਰੇ ਕੋਲੋਂ
ਮੇਰੇ ਹਿੱਸੇ ਸਿਰਫ ਤੇ ਸਿਰਫ
ਮਾਂ ਦੀ ਸਬਾਤ ਆਵੇ।

ਡਾ. ਸਰਦੂਲ ਸਿੰਘ ਔਜਲਾ ਦੀ ਕਵਿਤਾ ਵਿਚ ਮਾਂ ਦੀ ਮਮਤਾ ਤੇ ਪੰਜਾਬ ਦੇ ਫਿਕਰ ਦਾ ਜ਼ਿਕਰ ਹੈ। ਕਵੀ ਚੇਤੰਨ ਹੈ ਅਤੇ ਸਮਾਜਕ ਸਰੋਕਾਰਾਂ ਦੀ ਬਾਤ ਪਾਉਂਦਾ ਹੈ। ਬੇਰੁਜ਼ਗਾਰੀ ਦਾ ਘੁਣ, ਜੋ ਪੰਜਾਬ ਦੀ ਜਵਾਨੀ ਨੂੰ ਖਾ ਰਿਹਾ ਹੈ, ਉਸ ਦੀ ਚਿੰਤਾ ਹੈ। ਉਸ ਦੀ ਕਲਮ ਨਸ਼ਿਆਂ ਦੇ ਕੋਹੜ ਦੀ ਵੀ ਬਾਤ ਪਾਉਂਦੀ ਹੈ।

ਕੈਸਾ ਸੂਰਜ ਰੋਜ਼
ਉਸ ਦੇ ਲਈ ਚੜ੍ਹਦਾ ਹੈ।
ਫਾਇਲ ਡਿਗਰੀਆਂ ਵਾਲੀ
ਹੱਥ ਵਿਚ ਫੜਦਾ ਹੈ।
---
ਅੱਛਾ ਜੀ, ਚੰਗਾ ਜੀ, ਚਿੱਠੀ ਪਾਵਾਂਗਾ,
ਏਹੀ ਬੋਲ ਅਖੀਰੀ ਕੰਨੀਂ ਵੜਦਾ ਹੈ।
ਜਾਂ
ਮੇਰੇ ਪੰਜਾਬ ਤੂੰ ਉਦਾਸ ਨਾ ਹੋ
ਮੁੜ ਪਰਤਣਗੇ ਦਿਨ ਖੁਸ਼ੀ ਭਰੇ।

ਸੁਖਵਿੰਦਰ ਮੋਹਨ ਸਿੰਘ ਕੋਲ ਇਕ ਵਿਜ਼ਨ ਹੈ, ਇਕ ਸੋਚ ਹੈ। ਉਸ ਨੇ ਆਪਣਾ ਸਵੈ ਵਿਸ਼ਲੇਸ਼ਣ ਵੀ ਕੀਤਾ ਹੈ। ਉਸ ਦੀ ਕਲਮ ਕੁਦਰਤ ਦੀ ਗੱਲ ਛੇੜਦੀ ਹੈ। ਪੰਜਾਬ 'ਚੋਂ ਅਲੋਪ ਹੋ ਰਹੀਆਂ ਚਿੜੀਆਂ ਦੀ ਵੀ ਚਿੰਤਾ ਹੈ ਉਸ ਨੂੰ।

ਹਰੇ ਭਰੇ ਰੁੱਖ
ਜਦ ਟਾਹਣੀਆਂ ਨਾ ਰਹੀਆਂ।
ਚਿੜੀਆਂ ਕੀ ਕਰਨ
ਉਡਾਰੀ ਮਾਰ ਗਈਆਂ।

ਹਰਵਿੰਦਰ ਭੰਡਾਲ ਇਸ ਸੰਗ੍ਰਿਹ ਦਾ ਸਮਰੱਥ ਸ਼ਾਇਰ ਹੈ। ਉਹ ਹਰ ਬੁਰਾਈ ਪ੍ਰਤੀ ਚੇਤੰਨ ਹੈ। ਉਸ ਕੋਲ ਵਿਚਾਰ ਵੀ ਹੈ ਤੇ ਫਿਕਰ ਵੀ। ਉਸ ਦੀ ਕਲਮ ਮੁਹੱਬਤੀ ਬੋਲ ਵੀ ਸਿਰਜਦੀ ਹੈ ਅਤੇ ਸਮਾਜਕ ਸਰੋਕਾਰਾਂ ਨੂੰ ਵੀ ਉਸੇ ਸ਼ਿਦਤ ਨਾਲ ਬਿਆਨ ਕਰਦੀ ਹੈ। ਰਾਜਨੀਤਕ ਤੇ ਆਰਥਕ ਪਾੜੇ ਕਾਰਨ ਲੋਕਾਈ ਦਾ ਜੋ ਘਾਣ ਹੋਇਆ ਹੈ, ਉਸ ਦਾ ਉਸ ਨੂੰ ਡੂੰਘਾ ਗਿਆਨ ਹੈ। ਉਸ ਨੇ ਜੋ ਲਿਖਿਆ ਹੈ, ਉਸ ਨੂੰ ਹੰਢਾਇਆ ਵੀ ਹੈ।

ਮੇਰੀ ਬੇਟੀ ਜੰਗਲ ਤੋਂ
ਨਹੀਂ ਡਰਦੀ
ਪਰ ਡਰ ਕੇ ਮਰ ਗਈ ਹੈ
ਬੰਦੇ, ਘੋੜੇ ਤੇ ਝੰਡੇ ਤੋਂ।

ਉਹ ਕਵੀਆਂ ਨੂੰ ਲਲਕਾਰਦਾ ਹੈ,
ਚਲੋ ਕਵਿਤਾ ਦੇ ਰੇਸ਼ਮੀ
ਪਰਦਿਆਂ 'ਚੋਂ ਬਾਹਰ ਨਿਕਲੀਏ
ਜਾਂ
ਇਨ੍ਹਾਂ ਦਿਨਾਂ 'ਚ ਮੁਹੱਬਤ
ਸੰਭਵ ਨਹੀਂ ਹੈ ਦੋਸਤੋ
ਮੁਹੱਬਤ ਕਰਦਿਆਂ ਬੁੱਤ ਸ਼ਿਕਨ
ਹੋਣਾ ਪੈਂਦਾ ਹੈ
ਮੁਹੱਬਤ ਕਰਦਿਆਂ
ਬਸ ਮੁਹੱਬਤ ਹੋਣਾ ਪੈਂਦਾ ਹੈ।

ਪ੍ਰੋ. ਕੁਲਵੰਤ ਸਿੰਘ ਔਜਲਾ ਹੰਢਿਆ ਹੋਇਆ ਕਵੀ ਹੈ। ਪ੍ਰਗੀਤ-ਕਾਵਿ ਦਾ ਮਾਹਰ ਕਵੀ ਹੈ। ਰਿਸ਼ਤਿਆਂ ਦੀ ਮਹਿਕ ਨੂੰ ਉਹ ਬੜੀ ਖੂਬਸੂਰਤੀ ਨਾਲ ਬਿਆਨ ਕਰਦਾ ਹੈ। ਉਸ ਦੀਆਂ ਕਵਿਤਾਵਾਂ ਪੜ੍ਹਦਿਆਂ ਪਾਠਕ ਖੁਦ ਕਵਿਤਾ ਬਣ ਜਾਂਦਾ ਹੈ ਤੇ ਉਸ ਦੀ ਉਂਗਲੀ ਫੜ ਕੇ ਨਾਲ ਤੁਰ ਪੈਂਦਾ ਹੈ, ਫਿਰ ਜਿਥੇ ਲੈ ਜਾਵੇ ਕੁਲਵੰਤ। ਪਾਠਕ ਪਿੱਛੇ ਮੁੜ ਕੇ ਨਹੀਂ ਦੇਖਦਾ,

ਘਰ, ਜ਼ਮੀਨ, ਟਰੈਕਟਰ, ਗੱਡੀਆਂ




ਸਾਰਾ ਕੁਝ ਹੀ ਵੰਡ ਲਿਆ
ਸਮਝ ਨਹੀਂ ਆਉਂਦਾ
ਕਿੰਦਾਂ ਵੰਡੀਏ ਬਾਪੂ ਦੀ ਗੰਡਾਸੀ ਨੂੰ।
ਜਾਂ
ਕੱਚੇ ਕੋਠੇ ਕੱਚੀਆਂ ਕੰਧਾਂ
ਤੇ ਕੱਚੀ ਹੀ ਹਰ ਥਾਂ ਹੁੰਦੀ ਸੀ।
ਕੱਚੇ ਘਰ ਵਿਚ ਸਭ ਤੋਂ ਪੱਕੀ
ਸਾਡੀ ਪਿਆਰੀ ਮਾਂ ਹੁੰਦੀ ਸੀ।
ਜਾਂ
ਨਿਗਲ ਲੈਣਾ ਹੈ ਪੌਂਡਾਂ ਡਾਲਰਾਂ
ਤੇਰਾ ਅੰਬਾਂ ਵਾਲਾ ਦੇਸ਼ ਨੀ ਮਾਏ।
ਵਿਚ ਸੰਦੂਕਾਂ ਰਹਿ ਜਾਣੇ
ਸਭ ਤੇਰੇ ਦਰੀਆਂ,
ਖੇਸ ਨੀ ਮਾਏ।

ਡਾ. ਗੁਰਬਖਸ਼ ਸਿੰਘ ਭੰਡਾਲ ਇਸ ਕਾਵਿ-ਸੰਗ੍ਰਿਹ ਦਾ ਇਕ ਹੋਰ ਪ੍ਰਤਿਭਾਵਾਨ ਕਵੀ ਹੈ, ਜਿਸ ਕੋਲ ਗਲੋਬਲੀ ਚੇਤਨਾ ਹੈ। ਸ਼ਬਦਾਂ ਦਾ ਖਜ਼ਾਨਾ ਹੈ। ਕਵਿਤਾ ਕਿਵੇਂ ਬੁਣਨੀ ਹੈ, ਕੋਈ ਉਸ ਕੋਲੋਂ ਸਿੱਖੇ। ਕਾਵਿ-ਸਤਰਾਂ ਵਿਚ ਜੜੇ ਸ਼ਬਦ ਇਸ ਤਰ੍ਹਾਂ ਚਮਕਦੇ ਹਨ, ਜਿਵੇਂ ਨਗੀਨੇ ਹੋਣ। ਅੰਤਾਂ ਦੀ ਰਵਾਨੀ ਹੈ, ਉਸ ਦੀ ਕਵਿਤਾ ਵਿਚ। ਬੜੇ ਹੀ ਸਲੀਕੇ ਨਾਲ ਹੌਲੀ ਹੌਲੀ, ਮਿੱਠੀ ਜਿਹੀ ਸੰਗੀਤਕ ਧੁਨ ਵਜਾਉਂਦਾ, ਉਹ ਕਵਿਤਾ ਕਹਿੰਦਾ ਤੁਰਿਆ ਜਾਂਦਾ ਹੈ। ਤੁਹਾਨੂੰ ਨਿਹੋਰੇ ਵੀ ਮਾਰਦਾ ਹੈ ਅਤੇ ਅਨੰਦਿਤ ਵੀ ਕਰਦਾ ਹੈ। ਜਿਵੇਂ ਕੋਈ ਨਿੱਕਾ ਜਿਹਾ ਬੱਚਾ ਨਿੱਕੇ ਨਿੱਕੇ ਕਦਮਾਂ ਨਾਲ ਤੁਰਦਾ ਜਾ ਰਿਹਾ ਹੋਵੇ।

ਸਾਹ-ਸੁਰੰਗੀ ਵਜਦ ਵਿਚ ਆਵੇ
ਮਹਿਕਣ ਲੱਗ ਜਾਣ ਸਾਹਵਾਂ,
ਰੁੱਸੇ ਚਾਅ ਦੀ ਖਾਲੀ ਝੋਲੀ
ਲੱਪ ਸ਼ਗਨਾਂ ਦੀ ਪਾਵਾਂ।
ਜਾਂ
ਜਾਗ ਵੇ ਸੁੱਤਿਆ ਵੀਰਨਾ
ਦੱਸ ਤੂੰ ਬਹਿ ਕੇ ਕੋਲ,
ਕਬਰਾਂ ਵਰਗੀਆਂ ਮਾਂਵਾਂ ਦੇ
ਕੀਹਨੇ ਖੋਹ ਲਏ ਬੋਲ।

ਸਾਂਝੇ ਚੁੱਲੇ ਦਾ ਦਰਦ ਉਸ ਦੀ ਕਲਮ ਇਸ ਤਰ੍ਹਾਂ ਬਿਆਨ ਕਰਦੀ ਹੈ,

ਕੇਹੀ ਹਾਕ ਕਿ ਹਾਕ ਹੁੰਗਾਰਾ
ਹੂਕ ਤੋਂ ਹੌਲਾ ਹੋਇਆ,
ਚੌਂਕੇ ਬੈਠੀ ਚੁੱਪ ਦੇ ਗਲ ਲੱਗ
ਸਾਂਝਾ ਚੁੱਲਾ ਰੋਇਆ।

ਗੁਰਭਜਨ ਲਾਸਾਨੀ ਦੀਆਂ ਕਵਿਤਾਵਾਂ ਵੀ ਪਾਠਕ ਲਈ ਖਿੱਚ ਪੈਦਾ ਕਰਦੀਆਂ ਹਨ। ਛੁੱਟੀਆਂ ਤੋਂ ਬਾਅਦ ਸਕੂਲ ਜਾ ਕੇ ਮਾਲੀ ਨੂੰ ਫੁੱਲ, ਬੂਟੇ ਸਿੰਜਦਿਆਂ ਦੇਖ ਕੇ ਉਹ ਖੁਸ਼ ਹੁੰਦਾ ਹੈ। ਕਿਰਤੀ ਵਰਗ ਲਈ ਆਪਣੀਆਂ ਨਜ਼ਮਾਂ 'ਚ ਥਾਂ ਦੇਣਾ ਸ਼ੁਭ ਸ਼ਗਨ ਹੈ।

ਜੂਨ ਮਾਹ ਦੀਆਂ ਛੁੱਟੀਆਂ 'ਚ
ਚਿਰਾਂ ਬਾਅਦ ਆਇਆਂ, ਸਕੂਲ ਆਪਣੇ
ਬੂਟਿਆਂ ਨੂੰ ਪਾਣੀ ਪਾਉਂਦਾ
ਕੋਈ ਗੀਤ ਗੁਣਗੁਣਾਉਂਦਾ
ਬੜਾ ਖੁਸ਼ ਜਾਪਦੈ ਚੰਨਣ।

ਗੁਰਵਿੰਦਰ ਕੌਰ ਦੀ ਆਪਣੀ ਮਾਂ ਬੋਲੀ ਲਈ ਤੜਫ ਦੇਖਣ/ਪੜ੍ਹਨ ਯੋਗ ਹੈ,

ਮੈਂ ਹਾਂ ਪੰਜਾਬ ਦੀ ਪੰਜਾਬੀ ਬੋਲੀ
ਮੈਨੂੰ ਵਿਛੋੜੋ ਨਾ,
ਮੈਂ ਹਾਂ ਇਕ ਫੁੱਲ ਦੀ ਡਾਲੀ
ਵੇ ਮੈਨੂੰ ਤੋੜੋ ਨਾ।

ਜਸਵਿੰਦਰ ਕੋਟ ਕਰਾਰ ਖਾਂ ਦੀ ਕਵਿਤਾ ਪਰਵਾਸੀ ਚਿੜੀਆਂ ਵੱਲ ਧਿਆਨ ਖਿੱਚਦੀ ਹੈ,

ਦੇਖ ਦੇਖ ਜ਼ਹਿਰੀਲੇ ਹੋ ਰਹੇ ਮੌਸਮ ਨੂੰ
ਡਰੀਆਂ ਤੇ ਘਬਰਾਈਆਂ ਨੇ
ਪਰਵਾਸੀ ਚਿੜੀਆਂ।

ਮੰਗਲ ਸਿੰਘ ਭੰਡਾਲ ਆਪਣੀਆਂ ਕਵਿਤਾਵਾਂ ਨੂੰ ਰਾਜਨੀਤਕ ਰੰਗਣ ਦਿੰਦਾ ਹੈ ਤੇ ਰਿਸ਼ਤਿਆਂ ਦੇ ਅਹਿਸਾਸ ਦੀ ਵੇਦਨਾ ਵੀ,

ਰਾਜਗੁਰੂ, ਸੁਖਦੇਵ, ਸਰਾਭੇ ਨੂੰ
ਦਿਲੋਂ ਭੁਲਾਇਆ ਭਗਤ ਸਿੰਘ ਬਾਬੇ ਨੂੰ,
ਜਿਨ੍ਹਾਂ ਦੇ ਕੇ ਕੁਰਬਾਨੀ ਆਪਣੀ
ਮੁਲਕ ਨੂੰ ਲੈ ਕੇ ਦਿਤੀ ਆਜ਼ਾਦੀ
ਵੇ ਲੋਕਾ! ਇਹ ਕੇਹੀ ਆਈ ਆਜ਼ਾਦੀ।

ਕੁਲ ਮਿਲਾ ਕੇ ਅੱਖਰ ਮੰਚ ਦਾ ਇਹ ਉਪਰਾਲਾ ਸਲਾਹੁਣਯੋਗ ਹੈ। ਇਸ ਅੱਖਰ ਵੇਲ ਦੇ ਨਵੇਂ ਪੱਤਿਆਂ ਨੂੰ ਹੋਰ ਪੜ੍ਹਨ ਤੇ ਮਿਹਨਤ ਦੀ ਲੋੜ ਹੈ ਤਾਂ ਜੋ ਪੰਜਾਬੀ ਕਵਿਤਾ ਉਲਾਹਮਿਆਂ ਤੋਂ ਬਚੀ ਰਹੇ ਅਤੇ ਉਹ ਨਵੀਆਂ ਪੈੜਾਂ ਪਾ ਸਕਣ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਤਲਖ ਹਕੀਕਤ ਬਿਆਨ ਕੀਤੀ ਸੀ ਕਿ ਜ਼ਿੰਦਗੀ ਦੇ ਰੰਗਾਂ ਨੂੰ ਹੰਢਾਉਂਦਿਆਂ ਅਤੇ ਤ੍ਰਾਸਦੀਆਂ, ਤਕਲੀਫਾਂ ਤੇ ਤੰਗੀਆਂ ਤੁਰਸ਼ੀਆਂ ਨੂੰ ਪਿੰਡੇ 'ਤੇ ਹੰਢਾ ਕੇ ਜੋ ਗਿਆਨ ਹਾਸਲ ਹੁੰਦਾ, ਉਹ ਵਰਕਿਆਂ ਵਿਚੋਂ ਨਹੀਂ ਮਿਲਦਾ। ਨਾਲ ਹੀ ਉਨ੍ਹਾਂ ਨਸੀਹਤ ਕੀਤੀ ਸੀ, "ਗਿਆਨ, ਜੋ ਕਿਸੇ ਦੇ ਤਜਰਬੇ ਤੋਂ ਮਿਲਦਾ ਹੋਵੇ ਅਤੇ ਉਹ ਤੁਹਾਡੇ ਲਈ ਸਾਰਥਕ ਸਿੱਧ ਹੁੰਦਾ ਹੋਵੇ, ਉਸ ਨੂੰ ਗ੍ਰਹਿਣ ਕਰਨ ਵਿਚ ਕੋਈ ਹਰਜ਼ ਨਹੀਂ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਰਿਆਵਾਂ ਦੀਆਂ ਕਿਰਨਾਂ ਬਿਖੇਰਦਿਆਂ ਵਿਚਾਰਾਂ ਦੀ ਸਾਂਝ ਪਾਈ ਹੈ ਕਿ ਕਿਰਿਆ ਤੋਂ ਪਤਾ ਲਗਦਾ ਕਿ ਕਹਿਣੀ ਤੇ ਕਰਨੀ ਵਿਚ ਕੀ ਅੰਤਰ ਹੈ ਅਤੇ ਇਸ ਨੂੰ ਮਿਟਾਉਣ ਲਈ ਕਿਹੜੇ ਉਚੇਚ ਕਰਨੇ ਚਾਹੀਦੇ? ਉਹ ਕਹਿੰਦੇ ਹਨ, "ਸਭ ਤੋਂ ਉਤਮ ਕਿਰਿਆ ਹੈ-ਖੁਦ ਨੂੰ ਜਗਾਉਣਾ, ਅੰਤਰੀਵ 'ਚ ਝਾਤ ਪਾਉਣਾ, ਇਸ 'ਤੇ ਜੰਮੀ ਹੋਈ ਮੈਲ ਨੂੰ ਲਾਹੁਣਾ, ਆਪਣੀਆਂ ਨਾਕਾਮੀਆਂ, ਕਮੀਆਂ, ਕੁਤਾਹੀਆਂ ਜਾਂ ਕਮੀਨਗੀਆਂ ਨੂੰ ਪਛਾਣਨਾ ਅਤੇ ਇਨ੍ਹਾਂ ਨੂੰ ਦੂਰ ਕਰਕੇ ਪਰਮ ਮਨੁੱਖ ਬਣਨ ਦਾ ਸਫਰ ਜਾਰੀ ਰੱਖਣਾ।" ਡਾ. ਭੰਡਾਲ ਕਿਰਿਆਵਾਂ ਦੀਆਂ ਕਿਸਮਾਂ ਬਿਆਨਦੇ ਹਨ, "ਕੁਝ ਮਾਨਵੀ ਤੇ ਕੁਝ ਅਮਾਨਵੀ ਹੁੰਦੀਆਂ; ਕੁਝ ਦੀ ਤਾਸੀਰ ਫੁੱਲਾਂ ਜਿਹੀ ਤੇ ਕੁਝ ਕੰਡਿਆਂ ਦਾ ਤਾਜ; ਕੁਝ ਦੀਆਂ ਸੁਰਾਂ ਸੋਗਮਈ ਤੇ ਕੁਝ ਦੀਆਂ ਸੁਖਨਮਈ; ਕੁਝ ਜ਼ਿੰਦਗੀ ਦਾ ਸੱਚ ਤੇ ਕੁਝ ਕੱਚ ਹੁੰਦੀਆਂ; ਕੁਝ ਸਰੂਪ ਤੇ ਕੁਝ ਕਰੂਪ ਹੁੰਦੀਆਂ; ਕੁਝ ਮੋਹਵੰਤੀਆਂ ਤੇ ਕੁਝ ਨਿਰਮੋਹੀਆਂ; ਕੁਝ ਵੱਗਦੇ ਦਰਿਆ ਜਿਹੀਆਂ ਤੇ ਕੁਝ ਉਗ ਰਹੇ ਬਰੇਤੇ ਜਿਹੀਆਂ ਹੁੰਦੀਆਂ ਅਤੇ ਕੁਝ ਕਿਰਤ-ਕਾਮਨਾ ਤੇ ਕੁਝ ਤਬਾਹੀ ਦਾ ਸਿਰਨਾਵਾਂ ਹੁੰਦੀਆਂ।" -ਸੰਪਾਦਕ***

# ਕਿਰਿਆਵੀ ਕਿਰਨਾਂ

ਕਿਰਿਆ ਗਤੀਵਿਧੀ, ਕੁਝ ਕਰਨਾ, ਕਰਵਾਉਣਾ ਜਾਂ ਸਿਰਜਣ ਦਾ ਆਗਾਜ਼। ਕਿਰਿਆ ਦਿੱਸਦੀ ਤੇ ਅਦਿੱਖ ਵੀ ਅਤੇ ਅਚੇਤ ਵੀ ਤੇ ਸੁਚੇਤ ਵੀ। ਕਿਰਿਆਵਾਂ ਸਰੀਰਕ ਤੇ ਮਾਨਸਿਕ ਵੀ ਅਤੇ ਧਾਰਮਿਕ ਤੇ ਸਮਾਜਕ ਵੀ। ਖੁਦ ਨਾਲ ਵੀ ਜੁੜੀਆਂ ਹੁੰਦੀਆਂ ਅਤੇ ਸਮੂਹ ਦਾ ਹਿੱਸਾ ਵੀ।

ਕਿਰਿਆਵਾਂ ਦਾ ਅੰਬਰ ਵੀ ਤੇ ਪਾਤਾਲ ਵੀ, ਅਰੰਭ ਵੀ ਤੇ ਸੰਪੂਰਨਤਾ ਵੀ, ਨਿਰੰਤਰਤਾ ਵੀ ਤੇ ਖੜੋਤ ਵੀ ਅਤੇ ਬਦਲਦੀ ਰੰਗਤਾ ਵੀ ਤੇ ਇਕਸਾਰਤਾ ਵੀ। ਕਿਰਿਆ ਨੇ ਕਿਹੜੇ ਰੂਪ, ਕਿਸ ਸਮੇਂ ਅਤੇ ਕਿਸ ਰੰਗਤ ਵਿਚ ਖੁਦ ਨੂੰ ਪ੍ਰਗਟਾਉਣਾ, ਇਹ ਇਸ 'ਤੇ ਨਿਰਭਰ ਕਰਦਾ ਕਿ ਕਿਰਿਆ ਦੀ ਤਹਿ ਵਿਚ ਕੀ ਛੁਪਿਆ?

ਕਿਰਿਆ ਤਾਂ ਜੀਵਨ ਦੀ ਭਟਕਣ, ਸਮਾਜਕ ਉਲਝਣਾਂ ਵਿਚ ਹੀ ਖੁਦ ਨੂੰ ਉਲਝਾਉਣਾ, ਖੁਦ ਤੋਂ ਖੁਦ ਤੀਕ ਦਾ ਸਫਰ ਜਾਂ ਅੰਤਰੀਵ ਯਾਤਰਾ ਬਣ ਕੇ ਜੀਵਨ ਨੂੰ ਨਿਰਧਾਰਤ ਕਰਨਾ। ਕਿਰਿਆ ਕੁਝ ਚੰਗੇਰਾ ਕਰ, ਸਮਾਜ ਦੇ ਮੁੱਖ ਦੀਆਂ ਕਰਮ-ਰੇਖਾਵਾਂ ਨੂੰ ਨਵੀਂ ਤਰਜ਼ੀਹ ਤੇ ਤਸ਼ਬੀਹ ਦੇ ਕੇ ਨਵੀਆਂ ਪ੍ਰਾਪਤੀਆਂ ਰਾਹੀਂ ਇਸ ਨੂੰ ਲਿਸ਼ਕਾਉਣ ਦਾ ਨਾਮ ਵੀ ਹੁੰਦੀ।

ਕਿਰਿਆ ਕਾਗਜ਼ 'ਤੇ ਵੀ ਤੇ ਖੇਤ ਵਿਚ ਵੀ, ਕਲਮ ਦੀ ਤੇ ਹਲ ਦੀ ਵੀ, ਸੋਚ 'ਚ ਵੀ ਤੇ ਮਨ 'ਚ ਵੀ। ਕਈ ਵਾਰ ਕਿਰਿਆ ਇਕਹਿਰੀ ਹੁੰਦੀ ਪਰ ਕਈ ਵਾਰ ਇਹ ਕੁਝ ਕਿਰਿਆਵਾਂ ਦਾ ਸਮੂਹ ਹੁੰਦੀ।

ਮਨੁੱਖੀ ਕਿਰਿਆ ਵਿਚ ਸਰੀਰ ਦੇ ਹਰੇਕ ਅੰਗਾਂ ਦਾ ਵੱਖੋ-ਵੱਖਰੇ ਪੱਧਰ ਉਤੇ ਅਤੇ ਸਮੂਹ ਵਿਚ ਸ਼ਾਮਲ ਹੋਣਾ ਬਹੁਤ ਜਰੂਰੀ। ਇਸ ਲਈ ਕਿਸੇ ਵੀ ਕਿਰਿਆ ਨੂੰ ਸਮੂਹਿਕ ਰੂਪ ਵਿਚ ਸਮਝ ਕੇ ਹੀ ਇਸ ਦੇ ਸੁਗਮ ਸੰਦੇਸ਼ ਨੂੰ ਮਨੁੱਖਤਾ ਦੇ ਨਾਂਵੇਂ ਕੀਤਾ ਜਾ ਸਕਦਾ।

ਸਰੀਰਕ ਕਿਰਿਆਵਾਂ ਦੇ ਸਮੂਹਿਕ ਰੋਲ ਨੂੰ ਸਮਝਣ ਲਈ ਮਹਾਂਪੁਰਸ਼ ਵਲੋਂ ਸੁਣਾਈ ਕਹਾਣੀ ਬਹੁਤ ਕੁਝ ਸਪੱਸ਼ਟ ਕਰਦੀ ਹੈ। ਇਹ ਕਹਾਣੀ ਇਕ ਵਿਅਕਤੀ ਵਲੋਂ ਚੋਰੀ ਅੰਬ ਤੋੜ ਕੇ ਚੂਪਣ ਅਤੇ ਮਾਲਕ ਵਲੋਂ ਪਈ ਕੁੱਟ ਬਾਰੇ ਹੈ ਕਿ ਕਿਵੇਂ ਇਸ ਘਟਨਾਕ੍ਰਮ ਵਿਚ ਸਰੀਰ ਦੇ ਬਹੁਤ ਸਾਰੇ ਅੰਗਾਂ ਦੀ ਸ਼ਮੂਲੀਅਤ ਹੁੰਦੀ ਹੈ। ਬਾਗ ਵਿਚ ਪੱਕੇ ਹੋਏ ਅੰਬ ਨੂੰ ਅੱਖਾਂ ਨੇ ਦੇਖਿਆ, ਇਸ ਨੂੰ ਚੋਰੀ ਕਰਕੇ ਚੂਪਣ ਦਾ ਖਿਆਲ ਮਨ ਵਿਚ ਆਇਆ, ਅੰਬ ਨੂੰ ਹੱਥ ਨੇ ਤੋੜਿਆ, ਇਸ ਨੂੰ ਮੂੰਹ ਨੇ ਚੂਪਿਆ, ਇਸ ਦਾ ਸਵਾਦ ਜੀਭ ਨੇ ਚੱਖਿਆ, ਪੇਟ ਨੇ ਇਸ ਨੂੰ ਪਚਾਇਆ ਤੇ ਸਰੀਰ ਦੇ ਸਾਰੇ ਅੰਗਾਂ ਨੂੰ ਊਰਜਾ ਦਿਤੀ; ਪਰ ਚੋਰੀ ਕਾਰਨ ਕੁੱਟ ਦਾ ਦਰਦ ਪਿੰਡੇ ਨੂੰ ਸਹਿਣਾ ਪਿਆ। ਇਕ ਦੀ ਕੁਤਾਹੀ ਦਾ ਹਰਜ਼ਾਨਾ ਕਿਸੇ ਹੋਰ ਨੂੰ ਭਰਨਾ ਪਿਆ। ਇਸ ਤੋਂ ਬਚਣ ਦਾ ਇਕ ਹੀ ਸਾਧਨ ਹੈ ਕਿ ਅਸੀਂ ਸਰੀਰਕ ਅੰਗਾਂ ਦੀ ਸੁਚਾਰੂ ਉਪਯੋਗਤਾ ਤੇ ਸੁਹਿਰਦਤਾ ਨੂੰ ਜੀਵਨ-ਜਾਚ ਦਾ ਹਿੱਸਾ ਬਣਾਈਏ ਤਾਂ ਕਿ ਕਿਸੇ ਦੇ ਗੁਨਾਹਾਂ ਦੀ ਸਜ਼ਾ ਬੇਦੋਸ਼ੇ ਨੂੰ ਨਾ ਭੁਗਤਣੀ ਪਵੇ।

ਕਿਰਿਆ ਦੇ ਬਹੁਤ ਸਾਰੇ ਰੂਪ-ਰੰਗ, ਰੰਗਰੇਜ਼ਤਾ, ਰੂਹਦਾਰੀ ਅਤੇ ਰੂਹ-ਰਵਾਨਗੀ। ਇਸ ਦੀਆਂ ਪਰਤਾਂ ਵਿਚੋਂ ਬਹੁਤ ਕੁਝ ਉਦੈ ਹੁੰਦਾ, ਜਿਸ ਵਿਚੋਂ ਜੀਵਨ ਨੂੰ ਚਾਨਣ ਦੀ ਮਾਰਗ-ਦਰਸ਼ਕਤਾ ਬਖਸ਼ੀ ਜਾ ਸਕਦੀ।

ਕਿਰਿਆ ਤਾਂ ਉਦਾਸ ਹੋਣਾ, ਉਡੀਕ ਕਰਨਾ, ਉਮੀਦ ਰੱਖਣਾ, ਊਂਘਣਾ, ਉਡਾਣ ਭਰਨਾ, ਉਲੰਘਣਾ ਕਰਨੀ, ਉਜਾਗਰ ਹੋਣਾ, ਉਪਰਾਮ ਹੋਣਾ, ਉਤਪਾਦਨ ਕਰਨਾ, ਉਦਾਰੀਕਰਨ, ਉਦੈ ਹੋਣਾ ਆਦਿ ਜਿਨ੍ਹਾਂ 'ਚੋਂ ਕੁਝ ਸਰਘੀ ਜਿਹੀਆਂ ਅਤੇ ਕੁਝ ਸ਼ਾਮਾਂ ਜਿਹੀਆਂ।

ਕਿਰਿਆ ਅਰੰਭ ਕਰਨਾ, ਅੰਗੜਾਈ ਲੈਣੀ, ਆਸਵੰਦ ਹੋਣਾ, ਅਰਦਾਸ ਕਰਨੀ, ਆਰਤੀ ਉਤਾਰਨਾ, ਅਵਾਰਾ ਹੋਣਾ, ਅਧੀਨਗੀ ਮੰਨਣਾ, ਅੱਖੜ ਹੋਣਾ, ਆਕੜ ਭੰਨਣੀ, ਅੱਥਰੂ ਕੇਰਨਾ, ਆਹਾਂ ਭਰਨਾ, ਅਲਵਿਦਾ ਹੋਣਾ, ਅੰਤਿਮ-ਯਾਤਰਾ ਆਦਿ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਦੀ ਤਾਸੀਰ ਫੁੱਲਾਂ ਜਿਹੀ ਅਤੇ ਕੁਝ ਕੰਡਿਆਂ ਦਾ ਤਾਜ।

ਕਿਰਿਆ ਈਰਖਾ ਕਰਨਾ, ਇੱਜਤ ਕਰਨੀ ਤੇ ਕਰਵਾਉਣੀ, ਇੰਦਰੀਆਂ ਦੀ ਆਵੇਗਤਾ, ਇੰਤਹਾ ਹੋਣੀ ਜਾਂ ਇੰਤਜ਼ਾਰ ਕਰਨਾ ਆਦਿ ਹੁੰਦੀ, ਜਿਨ੍ਹਾਂ 'ਚੋਂ ਕੁਝ ਮੁਖੜੇ ਦੀ ਨੁਹਾਰ ਨੂੰ ਨਿਖਾਰਦੀਆਂ ਤੇ ਕੁਝ ਵਿਗਾੜਦੀਆਂ।

ਕਿਰਿਆ ਵਿਚ ਸਮਰਪਿੱਤ ਹੋਣਾ, ਸਾਥ ਮਾਣਨਾ, ਸੰਗਦਿਲ ਹੋਣਾ, ਸੱਧਰਾਉਣਾ, ਸੰਧੂਰ ਭਰਨਾ, ਸਾਂਝੇਦਾਰੀ, ਸਫਰ ਕਰਨਾ, ਸਰਪੱਟ ਦੌੜਨਾ, ਸੰਵੇਦਨਸ਼ੀਲ ਹੋਣਾ, ਸੁਪਨੇ ਲੈਣਾ, ਸੰਪੂਰਨ ਕਰਨਾ, ਸਫਲ ਹੋਣਾ, ਸੇਧ ਦੇਣਾ ਤੇ ਲੈਣਾ, ਸੰਦੇਸ਼ ਸੁਣਨਾ, ਸੰਗੀਤ ਸੁਣਨਾ ਤੇ ਪੈਦਾ ਕਰਨਾ, ਸੁਹਾਗਾ ਫੇਰਨਾ, ਸਾਹ-ਸੁਰੰਗੀ ਨੂੰ ਰਿਦਮ ਵਿਚ ਵਜਾਉਣਾ, ਸੋਗ ਮਨਾਉਣਾ, ਸਿਸਕੀ ਲੈਣਾ ਆਦਿ ਸ਼ਾਮਲ, ਜਿਨ੍ਹਾਂ ਵਿਚੋਂ ਕੁਝ ਦੀਆਂ ਸੁਰਾਂ ਸੋਗਮਈ ਅਤੇ ਕੁਝ ਦੀਆਂ ਸੁਖਨਮਈ।

ਕਿਰਿਆ ਕਦੇ ਹੱਸਣਾ, ਹਸਾਉਣਾ, ਹਜ਼ਮ ਕਰਨਾ, ਹਮਸਫਰ ਬਣਨਾ, ਹਸਾਸਮਈ ਹੋਣਾ, ਹਸਮੁਖਤਾ ਅਪਨਾਉਣਾ, ਹਾਜ਼ਰ-ਜਵਾਬੀ, ਹਰਦਿਲ-ਅਜ਼ੀਜੀ, ਹਮਜੋਲਤਾ ਹੰਢਾਉਣੀ, ਹਰਖਣਾ, ਹਿੰਝ ਵਹਾਉਣਾ, ਹੱਲ ਵਾਹੁਣਾ, ਹਾਅ ਭਰਨਾ, ਹਿੱਚਕੀਆਂ ਲੈਣਾ, ਹਾੜੇ ਕੱਢਣੇ ਆਦਿ ਹੁੰਦੀ, ਜਿਨ੍ਹਾਂ 'ਚੋਂ ਕੁਝ ਜੀਵਨ ਦਾ ਸੱਚ ਤੇ ਕੁਝ ਕੂੜ ਹੁੰਦੀਆਂ।

ਕਿਰਿਆ ਜਦ ਕਿਰਤ-ਸਾਧਨਾ, ਕਮਾਈ ਕਰਨਾ, ਕਲਮ-ਕੀਰਤੀ ਕਮਾਉਣਾ, ਕੂਕ ਮਾਰਨੀ, ਕਹਿਕਹੇ ਮਾਰਨਾ, ਕਹਿਣਾ ਅਤੇ ਕਹਾਉਣਾ, ਕਾਮ-ਕੀਰਤੀ, ਕਲਯੁੱਗੀ ਵਰਤਾਰਾ, ਕਲਾ-ਨਿਕਾਸ਼ੀ ਕਰਨਾ, ਕਰਮਯੋਗ ਕਮਾਉਣਾ, ਕੂੜ ਦਾ ਵਪਾਰ ਕਰਨਾ, ਕਮੀਨਗੀ ਦਿਖਾਉਣਾ ਆਦਿ ਦਾ ਰੂਪ ਵਟਾਉਂਦੀ ਤਾਂ ਕੁਝ ਸੁਰਖ ਰੰਗੀਆਂ ਅਤੇ ਕੁਝ ਪਲਿੱਤਣਾਂ ਮਾਰੀਆਂ।

ਕਿਰਿਆ ਤਾਂ ਖੁਸ਼ ਹੋਣਾ, ਖੁਸ਼ਨਸੀਬੀ, ਖੁਸ਼ਖਤ ਲਿਖਣਾ, ਖੁਸ਼ਫਹਿਮੀ ਪੈਦਾ ਹੋਣੀ, ਖਬਤੀ ਹੋਣਾ, ਖੁਆਬ ਲੈਣਾ, ਖਲਜਗਣਾਂ ਵਿਚ ਰੁੱਝੇ ਰਹਿਣਾ, ਖਰਮਸਤੀਆਂ ਕਰਨਾ, ਖੜੇ ਹੋਣਾ, ਖੋਹਣਾ, ਖੋਹ-ਖਿੰਝ ਕਰਨੀ, ਖਰੂਦ ਕਰਨਾ, ਖੇਡਣਾ, ਖਲਬਲੀ ਫੈਲਾਉਣਾ, ਖਲਲ ਪੈਦਾ ਕਰਨਾ ਆਦਿ ਵੀ ਹੁੰਦੀਆਂ। ਇਨ੍ਹਾਂ ਵਿਚੋਂ ਕੁਝ ਮਨਭਾਉਂਦੀਆਂ ਤੇ ਕੁਝ ਮਨ ਨੂੰ ਚੁੱਭਦੀਆਂ।

ਕਿਰਿਆ ਤਾਂ ਗਾਉਣਾ, ਗਾਹੁਣਾ, ਗਵਾਉਣਾ, ਗੱਦਾਰੀ ਕਰਨਾ, ਗਵਾਹੀ ਦੇਣਾ, ਗਲਵੱਕੜੀ ਪਾਉਣਾ, ਗਲਤੀ ਕਰਨਾ, ਗਰੂਰ ਕਰਨਾ, ਗੁਰੂ-ਧਾਰਨਾ, ਗੱਲਬਾਤ ਕਰਨੀ, ਗਾਲ੍ਹਾਂ ਕੱਢਣਾ, ਗੁਸਤਾਖੀ ਕਰਨਾ, ਗਮ ਹੰਢਾਉਣਾ, ਗਮਗੀਨ ਹੋਣਾ, ਗੁੰਮਸੁੰਮ ਹੋਣਾ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਜੋ ਮਨੁੱਖੀ ਬਿੰਬ ਨੂੰ ਪ੍ਰਕਾਸ਼ਮਾਨ ਕਰਦੀਆਂ ਅਤੇ ਕੁਝ ਧੁੰਦਲਾਉਂਦੀਆਂ।

ਕਿਰਿਆ ਤਾਂ ਘਰ ਬਣਾਉਣਾ, ਘਰਕਣਾ, ਘਿਰ ਜਾਣਾ, ਘੁਰਾੜੇ ਮਾਰਨਾ, ਘੁੰਢ ਚੁਕਾਈ, ਘੇਰਾਬੰਦੀ ਕਰਨੀ, ਘਾਟ-ਘਾਟ ਦਾ ਪਾਣੀ ਪੀਣਾ, ਘੁੰਡੀ ਖੋਲ੍ਹਣਾ, ਘਟਨਾਵਾਂ ਦਾ ਵਾਪਰਨਾ, ਘੁੰਮਣਘੇਰੀਆਂ, ਘਟਾਵਾਂ ਦਾ ਚੜ੍ਹ ਆਉਣਾ, ਘਬਰਾਉਣਾ, ਘੁਟਣ ਮਹਿਸੂਸ ਕਰਨਾ, ਘੋਰੜੂ ਵੱਜਣਾ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਜ਼ਿੰਦਗੀ ਦਾ ਸੱਚ ਤੇ ਕੁਝ ਕੱਚ ਹੁੰਦੀਆਂ।

ਕਿਰਿਆ ਵਿਚ ਤਾਂ ਚਹਿਕਣਾ, ਚੋਹਲ-ਮੋਹਲ ਕਰਨਾ, ਚਾਅ ਮਨਾਉਣਾ, ਚੋਗ ਪਾਉਣਾ, ਚਿੱੜਗਿੱਲੀ ਪਾਉਣਾ, ਚਮਚਾਗੀਰੀ ਕਰਨਾ, ਚਾਪਲੂਸ ਬਣਨਾ, ਚੰਨ-ਚੰਦੋਆ ਤਣਨਾ, ਚਿੜੀਆਂ ਦੇ ਚੰਬੇ ਦਾ ਉਡਣਾ, ਚਾਨਣ ਦਾ ਛਿੜਕਾਅ, ਚਮਕਾਉਣਾ, ਚੁੰਧਿਆਉਣਾ ਸ਼ਾਮਲ, ਜਿਨ੍ਹਾਂ ਵਿਚੋਂ ਕੁਝ ਜੀਵਨ ਦੀਆਂ ਸੂਖਮ-ਪਰਤਾਂ ਅਤੇ ਕੁਝ ਕੱਚ-ਘੜਤਾਂ ਹੁੰਦੀਆਂ।

ਕਿਰਿਆ ਤਾਂ ਛਿੱਲਣਾ, ਛੇਕ ਕਰਨਾ, ਛਿੱਜ ਜਾਣਾ, ਛਿੱਲਤਰਾਂ ਲਾਹੁਣਾ, ਛੱਲ ਕਰਨਾ, ਛਾਂ ਕਰਨਾ ਤੇ ਛਾਂ ਬਣਨਾ, ਛਣਕਣਾ ਛਣਕਾਉਣਾ, ਛਮ ਛਮ ਰੋਣਾ, ਛਹਿ ਜਾਣਾ, ਛਾਂਗਣਾ, ਛੋਹ ਦਾ ਮਾਣਨਾ, ਛਿਛਕਾਰਨਾ ਆਦਿ ਵੀ, ਜਿਨ੍ਹਾਂ 'ਚੋਂ ਕੁਝ ਜੀਵਨ ਝੀਤਾਂ ਤੇ ਕੁਝ ਰੌਸ਼ਨਦਾਨ ਹੁੰਦੀਆਂ।

ਕਿਰਿਆ ਤਾਂ ਜਾਗਣਾ ਤੇ ਜਗਾਉਣਾ, ਜੱਫੀ ਪਾਉਣਾ, ਜਾਗਰੂਕ ਹੋਣਾ, ਜਹਿਨੀਅਤ ਦਾ ਮਰਨਾ, ਜੋਤ ਜਗਾਉਣਾ, ਜੰਜ਼ੀਰਾਂ ਵਿਚ ਜਕੜਨਾ, ਜਨੂਨੀ ਹੋਣਾ, ਜਜ਼ਬਾਤੀ ਹੋਣਾ, ਜਕੜੇ ਜਾਣਾ, ਜ਼ਮੀਰ ਦਾ ਮਰ ਜਾਣਾ, ਜਿਸਮਾਨੀ ਦੂਰੀਆਂ ਹੋਣਾ, ਜਾਗ ਲਾਉਣਾ ਤੇ ਜਾਗ ਬਣਨਾ ਵੀ ਹੁੰਦੀ, ਜਿਸ ਵਿਚੋਂ ਕੁਝ ਰਾਸਲੀਲਾ ਤੇ ਕੁਝ ਰਾਮਲੀਲਾ ਹੁੰਦੀਆਂ।

ਕਿਰਿਆ ਨੂੰ ਤਾਂ ਝੰਬਣਾ, ਝੰਜੋੜਨਾ, ਝਰਨਾਹਟ ਪੈਦਾ ਕਰਨੀ, ਝੱਲ ਪਾਉਣਾ ਜਾਂ ਝੱਲ ਖਿਲਾਰਨਾ, ਝੱਲਾ ਹੋਣਾ, ਝਾਂਜਰ ਛਣਕਾਉਣਾ, ਝੇਰਾ ਕਰਨਾ, ਝਗੜਨਾ, ਝੱਜੂ ਪਾਉਣਾ ਅਤੇ ਝੁੱਡੂ ਬਣਨਾ ਵੀ ਹੋ ਸਕਦਾ, ਜਿਨ੍ਹਾਂ 'ਚੋਂ ਕੁਝ ਸਰੂਪ ਤੇ ਕੁਝ ਕਰੂਪ ਹੁੰਦੀਆਂ।

ਕਿਰਿਆ ਨੂੰ ਤਾਂ ਕਈ ਵਿਅਕਤੀ ਟਹਿਲਣਾ, ਟਹਿਕਣਾ, ਟੰਗਣਾ, ਟੁੰਬਣਾ, ਟਿਮਕਣਾ, ਟੌਹਰ ਕੱਢਣਾ, ਟੀਰ ਮਾਰਨਾ, ਟੰਗ ਅੜਾਉਣਾ, ਟੇਢੀ ਤਕਦੀਰ ਬਣਨਾ, ਟੋਲਣਾ ਆਦਿ ਵਿਚੋਂ ਜੀਵਨ ਦੇ ਪੜਾਅ ਚਿੱਤਵਦੇ ਤਾਂ ਕੁਝ ਸਵੇਰ ਜਿਹੇ ਤੇ ਕੁਝ ਹਨੇਰ ਜਿਹੇ ਹੁੰਦੇ।

ਕਿਰਿਆ ਤਾਂ ਠੁੱਠ ਮਾਰਨਾ, ਠੁੱਡ ਦਿਖਾਉਣਾ, ਠੇਂਗਾ ਮਾਰਨਾ, ਠੱਗੀ ਮਾਰਨਾ, ਠੰਢੇ-ਤੱਤੇ ਹੋਣਾ, ਠਹਿਰਨਾ, ਠੁੰਮਣਾ ਦੇਣਾ, ਠਰੰਮਾ ਦਿਖਾਉਣਾ, ਠਿੱਬੀ ਲਾਉਣਾ ਆਦਿ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਜਖਮ ਤੇ ਕੁਝ ਮਰਹਮ ਹੁੰਦੀਆਂ।

> ***ਕਿਰਿਆ ਨੂੰ ਅਧੂਰਾ ਜਾਂ ਅਪੂਰਨ ਛੱਡਣ ਨਾਲੋਂ ਬਿਹਤਰ ਹੁੰਦਾ ਕਿ ਕੁਝ ਨਾ ਕਰੋ। ਇਸ ਨਾਲ ਅਪੂਰਨਤਾ ਦੀ ਪੀੜਾ ਤੋਂ ਬਚਿਆ ਜਾ ਸਕਦਾ। ਕਿਰਿਆ ਨੂੰ ਸ਼ੁਰੂ ਕਰਨ ਦਾ ਮਤਲਬ, ਇਸ ਦੀ ਸੰਪੂਰਨਤਾ ਹੁੰਦਾ। ਮੰਜ਼ਿਲ ਦੇ ਅੱਧ-ਵਿਚਕਾਰ ਅਟਕਣ ਵਾਲੇ, ਜੀਵਨ ਦੇ ਸ਼ਾਹ-ਅਸਵਾਰ ਨਹੀਂ ਹੋ ਸਕਦੇ। ਕਿਰਿਆ, ਜੋ ਦੁੱਖ ਨੂੰ ਸੁੱਖ ਕਰੇ, ਹਾਵਿਆਂ ਨੂੰ ਹਾਸੇ ਵਰੇ, ਚੁੱਪ ਵਿਚ ਬੋਲ ਧਰੇ, ਧੁੱਖਦੇ ਮਨਾਂ ਨੂੰ ਸ਼ਾਂਤ ਕਰੇ, ਬਲਦੇ ਸਿਵਿਆਂ ਨੂੰ ਠੰਢਾ ਕਰੇ, ਉਜੜੇ ਘਰਾਂ ਨੂੰ ਵੱਸਦਾ ਕਰੇ ਅਤੇ ਦਰਿਆ ਵਿਚ ਉਗੇ ਬਰੇਤਿਆਂ ਦਾ ਬੀਜ ਨਾਸ਼ ਕਰੇ, ਉਹ ਹੀ ਕਿਰਿਆ ਬਣਨ ਦਾ ਧਰਮ ਨਿਭਾਵੇ ਅਤੇ ਮਨੁੱਖ ਨੂੰ ਮਾਨਵਤਾ ਦਾ ਮਾਰਗ ਦਿਖਾਵੇ।***

ਕਿਰਿਆ ਡੁੱਬਣਾ ਤੇ ਡੁੱਬਾਉਣਾ, ਡੋਬੂ ਪੈਣਾ, ਡੁਗਡੁਗੀ ਵਜਾਉਣਾ, ਡਰਨਾ ਤੇ ਡਰਾਉਣਾ, ਡਗਮਗਾਉਣਾ, ਡੰਗੋਰੀ ਬਣਨਾ, ਡਾਹ ਨਾ ਦੇਣਾ ਆਦਿ ਵੀ ਹੁੰਦੀਆਂ, ਜਿਨ੍ਹਾਂ 'ਚੋਂ ਕੁਝ ਮਾਨਵੀ ਤੇ ਕੁਝ ਅਮਾਨਵੀ ਹੁੰਦੀਆਂ।

ਕਿਰਿਆ ਤਾਂ ਢੋਲ ਵਜਾਉਣਾ, ਢਿੰਬਰੀ ਟੈਟ ਕਰਨਾ, ਢਕਵੰਜੀ ਹੋਣਾ, ਢਾਕ 'ਤੇ ਹੱਥ ਰੱਖਣਾ, ਢਕਣਾ, ਢੰਡੋਰਾ ਪਿੱਟਣਾ, ਢੱਡ ਵਜਾਉਣਾ ਆਦਿ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਨੀਰਸਮਈ ਤੇ ਕੁਝ ਸੀਰਤਗਾਮੀ ਹੁੰਦੀਆਂ।

ਕਿਰਿਆ ਤਾਂ ਤਾਂਘ ਕਰਨੀ, ਤਿਆਰ ਹੋਣਾ, ਤੰਗਦਿਲ ਹੋਣਾ, ਤੰਦਰੁਸਤੀ ਮਾਣਨਾ, ਤਾਜ਼ਗੀ ਦੀ ਛੋਹ ਮਾਣਨਾ, ਤਮੰਨਾਵਾਂ ਦਾ ਉਗਣਾ, ਤਹਿਆਂ ਦਾ ਖੁਲ੍ਹਣਾ, ਤਾਮੀਰਦਾਰੀ ਕਰਨਾ, ਤਾਰੀਫ ਕਰਨਾ, ਤਕਦੀਰ ਬਣਾਉਣਾ, ਤਸ਼ਬੀਹ ਬਣਨਾ, ਤਰਜ਼ੀਹ ਬਣਾਉਣਾ, ਤਦਬੀਰਾਂ ਸਿਰਜਣਾ, ਤਾਸੀਰ ਹੋਣਾ, ਤੁਰਨਾ ਤੇ ਤੁਰਾਉਣਾ, ਤੈਰਨਾ ਤੇ ਤਰਾਉਣਾ, ਤਰੰਗਾਂ ਪੈਦਾ ਕਰਨਾ, ਤੇਲ ਚੋਣਾ, ਤਵਾਰੀਖ ਦੀ ਤਾਮੀਰਦਾਰੀ, ਤੰਗੀਆਂ ਦੀ ਦਾਸਤਾਨ ਸੁਣਨਾ ਤੇ ਸੁਣਾਉਣਾ, ਤਹੁਮਤ ਲਾਉਣਾ, ਤੜਫਣਾ, ਤਨਹਾਈ ਹੰਢਾਉਣਾ ਆਦਿ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਮੋਹਵੰਤੀਆਂ ਅਤੇ ਕੁਝ ਨਿਰਮੋਹੀਆਂ।

ਕਿਰਿਆ ਤਾਂ ਥਿੜਕਣਾ, ਥਿੜਕਾਉਣਾ, ਥਰਕਣਾ, ਥਰਕਾਉਣਾ, ਥੱਕ ਜਾਣਾ, ਥਰਥਰਾਹਟ ਪੈਦਾ ਕਰਨਾ, ਥੰਮਣਾ, ਥਪਕੀ ਦੇਣਾ, ਥੰਮ ਜਾਣਾ, ਥੋੜ੍ਹਦਿਲ ਹੋਣਾ ਆਦਿ ਵੀ ਹੁੰਦੀ, ਜਿਸ ਵਿਚੋਂ ਕੁਝ ਵੱਗਦੇ ਦਰਿਆ ਜਿਹੀਆਂ ਅਤੇ ਕੁਝ ਉਗ ਰਹੇ ਬਰੇਤੇ ਜਿਹੀਆਂ ਹੁੰਦੀਆਂ।

ਕਿਰਿਆ ਤਾਂ ਦਿਲ-ਲਗੀ ਕਰਨਾ, ਦਰਿਆ-ਦਿਲ ਹੋਣਾ, ਦੀਦਿਆਂ ਵਿਚ ਉਤਰਨਾ, ਦ੍ਰਿਸ਼ਟੀਕੋਣ ਬਣਾਉਣਾ, ਦਿੱਬ-ਦ੍ਰਿਸ਼ਟੀ ਦਾ ਪ੍ਰਗਟਾਅ, ਦਮ ਭਰਨਾ, ਦਨਦਨਾਉਣਾ, ਦਬਕਾਉਣਾ, ਦਬਾਉਣ, ਦੱਬ ਜਾਣਾ, ਦਗਾ ਕਮਾਉਣਾ, ਦੁੱਖ ਦੇਣਾ, ਦੁੱਖੀ ਹੋਣਾ, ਦਰਦਮੰਦ ਹੋਣਾ, ਦਰਦ ਵੰਡਾਉਣਾ ਆਦਿ ਵੀ ਹੁੰਦਾ, ਜਿਨ੍ਹਾਂ ਵਿਚੋਂ ਕੁਝ ਦਿਲ ਵਿਚਲੀ ਖਲਬਲੀ ਅਤੇ ਕੁਝ ਸਹਿਜ-ਸਰੂਪ ਬਣਦੀਆਂ।

ਕਿਰਿਆ ਤਾਂ ਧੰਨਭਾਗੀ ਹੋਣਾ, ਧਰਮੀ ਹੋਣਾ, ਧਰੂ ਤਾਰਾ ਬਣਨਾ, ਧਰਾਤਲ ਬਣਨਾ, ਧਮਕਾਉਣਾ, ਧੱਕਾ ਕਰਨਾ, ਧੱਕੇ ਚੜ੍ਹਨਾ ਆਦਿ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਮਨ ਦੀ ਪਕਿਆਈ ਤੇ ਕੁਝ ਮਨ ਦੀ ਕਚਿਆਈ ਹੁੰਦੀਆਂ।

ਕਿਰਿਆ ਹੁੰਦੀ ਏ ਨਰਮਾਈ, ਨਿਆਰਾਪਣ, ਨਿਮਰ ਹੋਣਾ, ਨਿਮਾਣਾ ਬਣਨਾ, ਨਦੀ ਬਣਨਾ, ਨਿਸ਼ਾਨਦੇਹੀ ਕਰਨੀ, ਨਾਮਕਰਨ ਕਰਨਾ, ਨਵੀਨੀਕਰਨ, ਨਿਗਰ ਹੋਣਾ, ਨਦੀ ਦਾ ਵਹਾਅ, ਨਿਹੁੰ ਲਾਉਣਾ, ਨਿਹਾਰਨਾ, ਨਾਰਾਜ਼ ਹੋਣਾ, ਨਿਰਾਸ਼ ਹੋਣਾ, ਨਕਾਰਨਾ, ਨਕਾਰਾਤਮਕਤਾ ਪੈਦਾ ਹੋਣਾ ਆਦਿ, ਪਰ ਇਨ੍ਹਾਂ ਵਿਚੋਂ ਕੁਝ ਸੁਚੱਜੀਆਂ ਅਤੇ ਕੁਝ ਕੁ ਕੁਚੱਜੀਆਂ।

ਕਿਰਿਆ ਤਾਂ ਪਹਿਨਣਾ, ਪੀਣਾ, ਪੈਗੰਬਰ ਬਣਨਾ, ਪਾਕ ਹੋਣਾ, ਪੈਰਵੀ ਕਰਨਾ, ਪੈੜ ਬਣਨਾ, ਪੀਂਘ ਝੁਟਾਉਣਾ/ਝੂਟਣੀ, ਪਹਿਰਾ ਲਾਉਣਾ, ਪਹਿਰ ਬਣਨਾ, ਪਗਡੰਡੀਆਂ ਦੀ ਸਿਰਜਣਾ, ਪਰਿਕਰਮਾ ਕਰਨਾ, ਪੈਰਾਂ ਨੂੰ ਹੱਥ ਲਾਉਣਾ, ਪੈਰ ਪਕੜਨਾ, ਪੈਰਾਂ ਦੀ ਧੂੜ ਬਣਨਾ, ਪਹਿਆਂ 'ਚੋਂ ਘੱਟਾ ਉਡਾਉਣਾ, ਪਵਿੱਤਰਤਾ ਨੂੰ ਪਾਉਣਾ, ਪਿਆਰ ਕਰਨਾ, ਪਿਆਰ ਪਾਉਣਾ, ਪੁਚਕਾਰਨਾ, ਪਸੀਜਣਾ, ਪਾਲੀਤ ਹੋਣਾ, ਪਾਖੰਡ ਕਰਨਾ, ਪਾਜ਼ ਖੋਲ੍ਹਣਾ ਆਦਿ ਵੀ ਹੁੰਦੀਆਂ ਜਿਨ੍ਹਾਂ 'ਚੋਂ ਕੁਝ ਹੁਲਾਸ ਅਤੇ ਕੁਝ ਉਦਾਸੀ ਉਤਪੰਨ ਕਰਦੀਆਂ।

ਕਿਰਿਆ ਤਾਂ ਫੁੱਟਣਾ, ਫਟਕਾਰ ਲਾਉਣਾ, ਫੈਲਰਨਾ, ਫਹੇ ਧਰਨਾ, ਫੁਰਨਾ, ਫਸੀਲ 'ਤੇ ਤਿਲਕਣਾ, ਫੁੱਲਕਾਰੀ ਕੱਢਣਾ, ਫਰਮਾਬਰਦਾਰੀ ਕਰਨਾ, ਫਰਮਾਇਸ਼ ਕਰਨੀ, ਫਰਮਾਉਣਾ, ਫਰਾਖਦਿਲ ਹੋਣਾ, ਫਕੀਰੀ ਮੱਲਣੀ, ਫਰਕ ਮਿਟਾਉਣਾ/ਪਾਉਣਾ, ਫੁੱਟ ਪਾਉਣਾ, ਫਨਾਹ ਹੋਣਾ ਆਦਿ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਕੀਰਤੀ ਅਤੇ ਕੁਝ ਕੁਤਾਹੀ ਹੁੰਦੀਆਂ।

ਕਿਰਿਆ ਤਾਂ ਬੰਦਾ ਬਣਨਾ, ਬੰਦਗੀ ਕਰਨਾ, ਬੰਦਿਆਈ ਦਾ ਰੂਪ ਹੋਣਾ, ਬੁਲੰਦੀਆਂ ਨੂੰ ਪਾਉਣਾ, ਬਗਲਗੀਰ ਹੋਣਾ, ਬਾਂਹ ਫੜਨੀ, ਬੇਨਿਆਜ਼ ਹੋਣਾ, ਬਹੁਤਾਤ ਹੋਣੀ, ਬੋਲਣਾ, ਬੁਲਾਉਣਾ, ਬੰਦ-ਬੂਹੇ 'ਤੇ ਦਸਤਕ ਦੇਣਾ, ਬਹਾਰ ਦੀ ਆਮਦ, ਬੇਗਾਨਾ ਹੋਣਾ, ਬੜਬੋਲਾ ਹੋਣਾ, ਬੇ-ਤਰਤੀਬ ਹੋਣਾ ਆਦਿ ਵੀ ਹੁੰਦੀ, ਜਿਨ੍ਹਾਂ ਵਿਚੋਂ ਕੁਝ ਕਿਰਿਆਵਾਂ ਮਹਿਕੀਲੀਆਂ ਤੇ ਕੁਝ ਮਹਿਕ ਵਿਹੂਣੀਆਂ ਹੁੰਦੀਆਂ।

ਕਿਰਿਆ ਤਾਂ ਭਗਤੀ ਕਰਨਾ, ਭਲਿਆਈ ਕਰਨਾ, ਭੁੱਲਣਾ, ਭੁਲਾਉਣਾ, ਭੱਲ-ਮਾਰਨੀ, ਭਾਵਾਂ ਨੂੰ ਪ੍ਰਗਟਾਉਣਾ, ਭਰਤੀ ਹੋਣਾ, ਭਗਵਾਨ ਬਣਾਉਣਾ ਤੇ ਬਣਨਾ, ਭਰਾ ਬਣਨਾ, ਭਰਾਤਰੀ ਭਾਵ ਪੈਦਾ ਕਰਨਾ, ਭਗਵਾਂਕਰਨ, ਭੰਬਲਭੂਸਾ ਪੈਦਾ ਕਰਨਾ ਆਦਿ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਮਾਨਸਿਕ ਉਲਝਣਾ ਅਤੇ ਕੁਝ ਸੁੱਲਝਣਾ ਬਣਦੀਆਂ।

ਕਿਰਿਆ ਤਾਂ ਮਿਹਰ ਕਰਨਾ, ਮੰਗਣਾ, ਮੰਗਾਉਣਾ, ਮੋਹ ਕਰਨਾ, ਮਮਤਾ ਪ੍ਰਗਟਾਉਣਾ, ਮੁਰਾਦ ਮੰਗਣਾ, ਮੰਨਤਾਂ ਮੰਗਣਾ, ਮੰਗਣੀ ਹੋਣਾ, ਮਹਿੰਦੀ ਲਾਉਣਾ, ਮਾਂ ਬਣਨਾ, ਮਿਹਨਤ ਕਰਨਾ ਅਤੇ ਮਿਹਨਤਾਨਾ ਮੰਗਣਾ, ਮਿਰਗ-ਨੈਣੀਂ ਦਾ ਮਟਕਾਉਣਾ, ਮਾਂਗਵੀ ਧਾੜ ਦਾ ਹਮਲਾ, ਮੰਨਣਾ ਤੇ ਮਨਾਉਣਾ, ਮਾਤਹਿਤ ਹੋਣਾ, ਮਰਦ ਬਣਨਾ, ਮਾਣ ਬਣਨਾ ਤੇ ਮਾਣ ਬਣਾਉਣਾ, ਮਨ ਫਰੋਲਣਾ, ਮਰਹਮ ਲਾਉਣਾ, ਮਰਸੀਆ ਪੜ੍ਹਨਾ, ਮਾਤਮ ਮਨਾਉਣਾ ਆਦਿ ਵੀ ਹੁੰਦੀ, ਜਿਨ੍ਹਾਂ ਕੁਝ ਜੀਵਨੀ ਇਨਾਇਤ ਤੇ ਕੁਝ ਜੀਵਨ ਲਈ ਸਰਾਪ ਹੁੰਦੀਆਂ।

ਕਿਰਿਆ ਤਾਂ ਯਾਰੀ ਲਾਉਣਾ, ਯਾਰੀ ਨਿਭਾਉਣਾ, ਯੱਬਲੀਆਂ ਮਾਰਨਾ, ਯਕੀਨ ਕਰਨਾ ਆਦਿ ਵੀ, ਜਿਨ੍ਹਾਂ ਵਿਚੋਂ ਕੁਝ ਕਾਰਗਰ ਅਤੇ ਕੁਝ ਨਿਕੰਮੀਆਂ ਹੁੰਦੀਆਂ।

ਕਿਰਿਆ ਤਾਂ ਰੱਖੜੀ ਬੰਨਣਾ, ਰਾਖੀ ਕਰਨਾ, ਰੋਲਣਾ, ਰਿਆੜ ਕਰਨਾ, ਰੰਗਣਾ, ਰੰਗੇ ਜਾਣਾ, ਰੂਹ-ਰੇਜ਼ਤਾ, ਰੂਹਦਾਰੀ, ਰੰਗ-ਰੇਜ਼ਤਾ, ਰਾਗ ਗਾਉਣਾ, ਰਾਗਣੀ ਬਣਨਾ, ਰਮਣਾ ਤੇ ਰਮਾਉਣਾ, ਰੁੱਸਣਾ, ਰੁਆਉਣਾ, ਰਾਜ਼ੀ ਹੋਣਾ, ਰਾਹ ਬਣਨਾ ਤੇ ਰਾਹ ਬਣਾਉਣੇ, ਰੰਦਿਆਂ ਨਾਲ ਰੰਦੇ ਜਾਣਾ, ਰੂਹ 'ਚ ਉਤਰਨਾ, ਰੂਹ-ਰੌਸ਼ਨਦਾਨਾਂ ਨੂੰ ਖੋਲ੍ਹਣਾ, ਰਵਾਨਾ ਹੋਣਾ, ਰਮਤਾ ਜੋਗੀ ਬਣਨਾ ਆਦਿ ਹੁੰਦੀ, ਜਿਨ੍ਹਾਂ 'ਚੋਂ ਕੁਝ ਅੰਤਰੀਵ ਯਾਤਰਾ ਦਾ ਆਗਾਜ਼ ਅਤੇ ਕੁਝ ਖੜੋਤ ਦਾ ਨਾਮ ਹੁੰਦੀਆਂ।

ਕਿਰਿਆ ਹੀ ਹੁੰਦੀ ਏ ਲਾਲਚੀ ਹੋਣਾ, ਲੋਭ ਕਰਨਾ, ਲਾਭ ਕਮਾਉਣਾ, ਲੋਹਾ-ਲਾਖਾ ਹੋਣਾ, ਲਹੂ ਵਿਚ ਹੱਥ ਰੰਗਣੇ, ਲਾਗ ਲੱਗਣੀ, ਲਾਗ ਲਾਉਣੀ, ਲਲਾਰੀ ਬਣਨਾ, ਲੋਅ ਬਣਨਾ, ਲੰਘ ਜਾਣਾ ਜਾਂ ਲੰਘਾਉਣਾ, ਲੰਗੜਾਉਣਾ, ਲੱਤ ਮਾਰਨੀ, ਲੱਤ ਅੜਾਉਣੀ, ਲੂਹਰੀਆਂ ਕੱਢਣਾ, ਲਹਿਰ-ਲਹਿਰ ਹੋਣਾ, ਲਹਿਰਾਂ-ਬਹਿਰਾਂ ਲੱਗਣੀਆਂ, ਜਿਨ੍ਹਾਂ ਵਿਚੋਂ ਕੁਝ ਕਿਰਤ-ਕਾਮਨਾ ਤੇ ਕੁਝ ਤਬਾਹੀ ਦਾ ਸਿਰਨਾਵਾਂ ਹੁੰਦੀਆਂ।

ਕਿਰਿਆ ਤਾਂ ਸ਼ਗਨ ਮਨਾਉਣਾ, ਸ਼ਹੁਰਤ ਕਮਾਉਣੀ, ਸ਼ਰਮੀਲਾ ਹੋਣਾ, ਸ਼ੁਗਲ ਕਰਨਾ, ਸ਼ਹਿਨਾਈ ਦਾ ਵੱਜਣਾ/ਵਜਾਉਣਾ, ਸ਼ਰਾਰਤ ਕਰਨੀ, ਸ਼ੱਕ ਪੈਦਾ ਹੋਣਾ, ਸ਼ੋਹਦਾ ਹੋਣਾ, ਸ਼ਰਮਸ਼ਾਰ ਹੋਣਾ ਆਦਿ ਵੀ ਹੁੰਦੀ, ਪਰ ਇਨ੍ਹਾਂ ਵਿਚੋਂ ਕੁਝ ਚੰਗੀਆਂ ਅਤੇ ਕੁਝ ਮਾੜੀਆਂ ਹੁੰਦੀਆਂ।

***(ਬਾਕੀ ਅਗਲੇ ਸਫੇ 'ਤੇ)***

# ਮੁਸਕਾਨ ਦੀ ਉਡੀਕ

ਮਿਲਦੀ ਨਹੀਂ ਮੁਸਕਾਨ ਹੀ
ਹੋਠੀਂ ਸਜਾਉਣ ਨੂੰ,
ਦਿਲ ਤਾਂ ਬਹੁਤ ਹੀ ਕਰਦਾ ਏ
ਮੇਰਾ ਮਿਲਣ ਆਉਣ ਨੂੰ।

ਸੁਰਜੀਤ ਪਾਤਰ ਦੀਆਂ ਇਹ ਸਤਰਾਂ ਕਈ ਵਾਰ ਪੜ੍ਹੀਆਂ ਤੇ ਕਈ ਵਾਰ ਸੁਣੀਆਂ ਵੀ ਹਨ। ਭਾਵੇਂ ਪਾਤਰ ਇੱਥੇ ਮੁਸਕਾਨ ਨੂੰ ਵਿਅੰਗ ਦੇ ਤੌਰ 'ਤੇ ਵਰਤਦਾ ਹੈ, ਪਰ ਮੁਸਕਾਨ ਦਾ ਹੋਠਾਂ ਤੋਂ ਗੁਵਾਚ ਜਾਣਾ ਦੁੱਖਦਾਈ ਹੈ। ਮੁਸਕਾਨ ਦਾ ਹੋਠਾਂ 'ਤੇ ਖਿੜਨਾ ਸਾਡੇ ਨਸੀਬ ਵਿਚੋਂ ਚੋਰੀ ਹੁੰਦਾ ਜਾ ਰਿਹਾ ਹੈ। ਬੰਦੇ ਦੇ ਥੱਕੇ, ਬੁੱਝੇ-ਖਿੱਝੇ ਚਿਹਰੇ ਡਰਾਉਣੇ ਤਾਂ ਲੱਗਦੇ ਹੀ ਹਨ, ਪਰ ਦੂਜੇ ਬੰਦੇ ਦੇ ਸਕੂਨ ਦਾ ਨਾਸ਼ ਵੀ ਕਰਦੇ ਹਨ। ਇਹ ਆਪਣੇ ਨਿੱਜ ਦੇ ਦੁਆਲੇ ਕੁੰਡਲੀ ਮਾਰ ਕੇ ਬੈਠੇ ਸੱਪ ਲੱਗਦੇ ਹਨ। ਕਿਸੇ ਨੂੰ ਵੇਖ ਕੇ ਮੁਸਕਾਉਣ ਦੀ ਥਾਂ ਬੇਗਾਨਗੀ ਦਾ ਵਿਖਾਵਾ ਕਰਨਾ ਦੂਜੇ ਦੇ ਨਿਰਾਦਰ ਦੇ ਤੁੱਲ ਹੁੰਦਾ ਹੈ। ਬੇਰੁਖੀ ਦਾ ਵਿਹਾਰ ਮਨੁੱਖੀ ਵਿਅਕਤੀਤਵ ਦੇ ਚੰਗੇਪਣ ਨੂੰ ਖੋਰਾ ਲਾਉਂਦਾ ਹੈ।



**ਸੰਤੋਖ ਮਿਨਹਾਸ**
ਫੋਨ: 559-283-6376

ਮੁਸਕਾਨ ਸੋਹਣੇ ਨੂੰ ਹੋਰ ਸੋਹਣਾ ਬਣਾਉਂਦੀ ਹੈ। ਮੁਸਕਾਨ ਖਿਡਾਉਂਦੇ ਬੰਦੇ ਰੰਗ-ਬਰੰਗੇ ਫੁੱਲਾਂ ਦੀ ਨਿਆਈਂ ਹੁੰਦੇ ਹਨ। ਮੁਸਕਾਨ ਹਵਾ ਵਿਚ ਘੁਲੀਆਂ ਸੁਗੰਧੀਆਂ ਨੂੰ ਅੱਗੇ ਵੰਡਦੀ ਹੈ। ਮੁਸਕਾਨ ਵੰਡਦੇ ਚਿਹਰੇ ਕੁਦਰਤ ਨਾਲ ਇੱਕਮਿਕਤਾ ਦੀ ਫੁਲਕਾਰੀ ਹੁੰਦੇ ਹਨ। ਮੁਸਕਰਾਉਂਦੇ ਚਿਹਰੇ ਸੱਜਰੀ ਪ੍ਰਭਾਤ ਦੀ ਪਹਿਲੀ ਕਿਰਨ ਵਰਗੇ ਹੁੰਦੇ ਹਨ। ਉਨ੍ਹਾਂ ਕੋਲ ਦੂਜਿਆਂ ਦੀ ਝੋਲੀ ਵਿਚ ਕੁਝ ਪਾਉਣ ਦੀ ਸਮੱਰਥਾ ਹੁੰਦੀ ਹੈ। ਮੁਸਕਾਨ ਤਪਦੇ ਹਿਰਦਿਆ 'ਤੇ ਠੰਡੀ ਮੱਲ੍ਹਮ ਦਾ ਫੈਹਾ। ਮੁਸਕਾਨ ਦੀ ਆਪਣੀ ਬੋਲੀ ਹੁੰਦੀ ਹੈ, ਜੋ ਚੁੱਪ ਨੂੰ ਬੋਲ ਬਖਸ਼ਦੀ ਹੈ। ਮੁਸਕਾਨ ਅੱਖੀਆਂ ਦੀ ਤੱਕਣੀ ਅਤੇ ਦਿਲ ਦੀ ਰਮਜ਼ ਨੂੰ ਹੁੰਗਾਰਾ ਦਿੰਦੀ ਹੈ। ਮੁਸਕਾਨ ਤੁਹਾਡੇ ਚੰਗੇ ਸੁਭਾਅ ਹੋਣ ਦੀ ਗਵਾਹੀ ਭਰਦੀ ਹੈ। ਚਿਹਰਾ ਬੰਦੇ ਦੇ ਸੁਭਾਅ ਦੇ ਚੰਗੇ-ਮੰਦੇ ਹੋਣ ਦੀ ਨਿਸ਼ਾਨਦੇਹੀ ਕਰਦਾ ਹੈ। ਮੱਥੇ ਦੀਆਂ ਤਿਉੜੀਆਂ ਤੇ ਅੱਖਾਂ ਦੇ ਡੋਰੇ ਤੁਹਾਡੇ ਝਗੜਾਲੂ ਹੋਣ ਦੀ ਤੁਹਾਡੇ ਗਲ ਪਾਈ ਤਖਤੀ ਹੁੰਦੀ ਹੈ। ਖਿੜੇ ਮੱਥੇ ਵਾਲੇ ਬੰਦੇ ਜ਼ਿੰਦਗੀ ਨੂੰ ਇੱਕ ਜਸ਼ਨ ਦੀ ਤਰ੍ਹਾਂ ਮਾਣਦੇ ਹਨ। ਮੁਸਕਾਨ ਵੰਡਦੇ ਮਨੁੱਖ ਆਪਣਾ ਹੀ ਨਹੀਂ, ਸਗੋਂ ਮਿਲਣ ਵਾਲੇ ਸੱਜਣ ਦਾ ਵੀ ਉਤਸ਼ਾਹ ਵਧਾਉਂਦੇ ਹਨ। ਮੁਸਕਾਨ ਅੱਖ 'ਚ ਅੱਖ ਪਾ ਕੇ ਦਿੱਤਾ ਸੁਨੱਖਾ ਸੁਨੇਹਾ।

ਮੁਸਕਾਨ ਅਣਗੌਲੇ ਬੰਦੇ ਨੂੰ ਮਾਣ ਹੀ ਨਹੀਂ ਦਿੰਦੀ, ਸਗੋਂ ਉਸ ਦੀ ਪਛਾਣ ਨੂੰ ਵੀ ਸਵੀਕ੍ਰਿਤੀ ਦਿੰਦੀ ਹੈ। ਮੁਸਕਾਨ ਹਰਿਆਲੇ ਰੁੱਖਾਂ ਦੀ ਬੁਕਲ ਵਿਚੋਂ ਝਰਦੇ ਨਿਰਮਲ ਪਾਣੀਆਂ ਦਾ ਮਿੱਠਾ ਸੰਗੀਤ। ਮੁਸਕਾਨ ਸੋਹਣੇ ਹਰਫਾਂ ਦੀ ਇਬਾਰਤ, ਜੋ ਬਿਨ ਲਿਖਿਆ ਪੜ੍ਹ ਲਈ ਜਾਂਦੀ ਹੈ। ਮੁਸਕਾਨ ਅੰਦਰਲੀ ਖੁਸ਼ੀ ਦਾ ਇਜ਼ਹਾਰ।

ਅੱਜ ਕਾਹਲ ਦੇ ਯੁੱਗ ਵਿਚ ਬਹੁਤੇ ਘਰਾਂ ਵਿਚੋਂ ਮੁਸਕਾਨ ਕਿੱਧਰੇ ਗਵਾਚ ਗਈ ਹੈ। ਘਰ ਦੇ ਸਾਰੇ ਜੀਅ ਇਸ ਤਰ੍ਹਾਂ ਵਿਚਰ ਰਹੇ ਹਨ, ਜਿਵੇਂ ਇੱਕ ਦੂਜੇ ਨਾਲ ਰੁੱਸੇ ਹੋਏ ਹੋਣ। ਅੱਜ ਨਿੱਜ ਦੀ ਸੋਚ ਵਿਚ ਗਵਾਚਿਆ ਬੰਦਾ ਦੂਜਿਆਂ ਦੀ ਹਾਜ਼ਰੀ ਤੋਂ ਵਿਰਵਾ ਹੈ। ਦੂਜਿਆਂ ਦੀ ਹਾਜ਼ਰੀ ਪਸੰਦ ਜਾਂ ਨਾ-ਪਸੰਦ ਤੋਂ ਵੀ ਅਸੀਂ ਅੱਗੇ ਜਾ ਪਹੁੰਚੇ ਹਾਂ, ਜਿਥੇ ਉਨ੍ਹਾਂ ਦੀ ਹੋਂਦ ਹੀ ਚੁੱਭਣ ਲੱਗ ਪਈ ਹੈ। ਖਾਸ ਕਰਕੇ ਉਨ੍ਹਾਂ ਘਰਾਂ ਵਿਚ, ਜਿੱਥੇ ਬਜੁਰਗ ਮਾਪੇ ਆਪਣੇ ਬੱਚਿਆਂ ਨਾਲ ਰਹਿੰਦੇ ਹਨ। ਇਹ ਰਿਸ਼ਤਿਆਂ ਵਿਚ ਵੱਧ ਰਹੀਆਂ ਦੂਰੀਆਂ ਵਸਦੇ-ਰਸਦੇ ਘਰਾਂ ਦਾ ਬੜਾ ਖੌਫਨਾਕ ਪਹਿਲੂ ਹੈ। ਅੱਜ ਕੱਲ ਬਜੁਰਗਾਂ ਦੀ ਬੇਕਦਰੀ ਦੀਆਂ ਖਬਰਾਂ ਅਖਬਾਰਾਂ ਦੀਆਂ ਵੱਡੀਆਂ ਸੁਰਖੀਆਂ ਹੁੰਦੀਆਂ ਹਨ। ਇਹ ਵਧ ਰਿਹਾ ਰੁਝਾਨ ਬੰਦੇ ਨੂੰ ਭੈਭੀਤ ਕਰ ਰਿਹਾ ਹੈ।

ਸਵੇਰੇ ਸੈਰ ਕਰਦਿਆਂ ਕਈ ਲੋਕ ਮਿਲਦੇ ਹਨ, ਜਿਨ੍ਹਾਂ ਵਿਚ ਪੰਜਾਬੀ ਅਤੇ ਕਈ ਹੋਰ ਵੱਖ ਵੱਖ ਕੌਮਾਂ ਦੇ ਲੋਕ ਹੁੰਦੇ ਹਨ। ਦੁਆ ਸਲਾਮ, ਹਾਏ ਵਗੈਰਾ ਹੁੰਦੀ ਰਹਿੰਦੀ ਹੈ। ਏਸ਼ੀਅਨ ਲੋਕਾਂ ਦੀ ਦੁਆ ਸਲਾਮ ਫਿਕੀ ਅਤੇ ਰਸਮੀ ਜਿਹੀ ਹੁੰਦੀ ਹੈ, ਖਾਸ ਕਰਕੇ ਪੰਜਾਬੀਆਂ ਦੀ ਤਾਂ ਰੁੱਖੀ ਤੇ ਬੇਧਿਆਨੀ ਜਿਹੀ ਵੀ ਹੁੰਦੀ ਹੈ; ਪਰ ਅੰਕਲ ਕਰਨੈਲ ਸਿੰਘ, ਜੋ ਸੜਕ ਨੂੰ ਪਾਰ ਕਰਦਿਆਂ ਹੀ ਵਾਕਿੰਗ ਟਰੈਕ ਦੇ ਮੁੱਢ 'ਚ ਪੱਥਰਾਂ ਦੀ ਬਣੀ ਬੰਨੀ 'ਤੇ ਬੈਠਾ ਮਿਲਦਾ ਹੈ, ਜਦੋਂ ਉਹਦੀ ਸੁੱਖ-ਸਾਂਦ ਪੁੱਛੀਦੀ ਹੈ ਤਾਂ ਉਹਦਾ ਚਿਹਰਾ ਖਿੜ ਜਾਂਦਾ ਹੈ। ਉਹ ਕੋਈ ਰੌਣਕੀ ਅਨੰਦ ਮਹਿਸੂਸ ਕਰਦਾ ਹੈ। ਉਹਦੇ ਮਿੱਠੇ ਬੋਲਾਂ ਦੀ ਬਾਰਸ਼ ਸਵੇਰ ਦੀ ਸੁਹਾਵਣੀ ਹਵਾ ਨੂੰ ਹੋਰ ਠੰਡਾ ਕਰ ਦਿੰਦੀ ਹੈ। ਉਹ ਸਵੇਰੇ ਜਲਦੀ ਹੀ ਆਪਣੀ ਸੈਰ ਮੁਕਾ ਕੇ ਇਸ ਬੰਨੀ 'ਤੇ ਆ ਬੈਠਦਾ ਹੈ। ਇਹ ਕਰਮ ਉਸ ਦਾ ਨਿੱਤਨੇਮ ਹੈ। ਕਦੇ ਕਦੇ ਉਹ ਸ਼ਾਮ ਨੂੰ ਵੀ ਇਸ ਬੰਨੀ 'ਤੇ ਬੈਠਾ ਮਿਲ ਜਾਂਦਾ ਹੈ। ਭਾਵੇਂ ਸ਼ਾਮ ਨੂੰ ਸੈਰ ਕਰਨ ਵਾਲਿਆਂ ਦੀ ਆਵਾਜਾਈ ਘੱਟ ਹੁੰਦੀ ਹੈ, ਪਰ ਉਹ ਆਪਣੇ ਇਸ ਨਿੱਤਨੇਮ ਨੂੰ ਨਹੀਂ ਤੋੜਦਾ। ਇੱਕ ਦਿਨ ਮੈਂ ਉਸ ਕੋਲ ਬੈਠਦਿਆਂ ਗੱਲਾਂ ਗੱਲਾਂ ਵਿਚ ਉਨ੍ਹਾਂ ਦੇ ਸੈਰ ਕਰਨ ਪਿਛੋਂ ਇੱਥੇ ਲੰਮਾਂ ਸਮਾਂ ਬੈਠਣ ਦਾ ਕਾਰਨ ਪੁੱਛ ਬੈਠਾ। ਮੇਰੀ ਗੱਲ ਪੂਰੀ ਹੁੰਦਿਆਂ ਹੀ ਅੰਕਲ ਫਿਸ ਪਿਆ।



ਕਾਕਾ! ਜਿੰਨਾ ਚਿਰ ਮੈਂ ਇੱਥੇ ਬੈਠਦਾਂ, ਇਹ ਸਮਾਂ ਮੇਰੇ ਲਈ ਸਾਰੇ ਦਿਨ ਦੀ ਤਾਕਤ ਬਣਦੈ। ਇੱਥੇ ਜਿੰਨੇ ਵੀ ਲੋਕ ਮੈਨੂੰ ਮਿਲਦੇ ਹਨ, ਬੜੇ ਪਿਆਰ ਨਾਲ ਬੁਲਾਉਂਦੇ ਹਨ। ਜਦੋਂ ਉਹ ਮੈਨੂੰ ਹਾਏ ਜਾਂ ਗੁੱਡ ਮਾਰਨਿੰਗ ਕਹਿੰਦੇ ਹਨ, ਉਨ੍ਹਾਂ ਦੇ ਚਿਹਰੇ ਗੁਲਾਬ ਵਾਂਗ ਖਿੜੇ ਹੁੰਦੇ ਹਨ, ਉਨ੍ਹਾਂ ਦੀ ਸੁਹਣੀ ਮੁਸਕਾਨ ਮੈਨੂੰ ਸਕੂਨ ਦਿੰਦੀ ਹੈ। ਜਿੰਨੇ ਇਹ ਗੋਰੇ-ਗੋਰੀਆਂ ਆਪ ਸੁਹਣੇ ਹਨ, ਉਨੀ ਹੀ ਇਨ੍ਹਾਂ ਦੇ ਬੋਲਾਂ ਵਿਚ ਮਿਠਾਸ ਹੁੰਦੀ ਹੈ। ਮੇਰੇ ਲਈ ਇੰਨਾ ਹੀ ਕਾਫੀ ਹੈ ਕਿ ਉਹ ਮੇਰੀ ਹੋਂਦ ਨੂੰ ਸਵੀਕਾਰ ਕਰਦੇ ਹਨ। ਨਿੱਤ ਦੀ ਦੁਆ ਸਲਾਮ ਹੋਣ ਕਾਰਨ ਹੁਣ ਇਹ ਮੈਨੂੰ ਜਾਣਨ ਲੱਗ ਪਏ ਹਨ। ਉਨ੍ਹਾਂ ਦਾ ਮੁਸਕਰਾ ਕੇ ਬੁਲਾਉਣਾ ਮੇਰੀ ਰੂਹ ਦਾ ਰੱਜ ਹੈ। ਇਨ੍ਹਾਂ ਦੀ ਮਿੱਠੀ ਮੁਸਕਾਨ ਤੇ ਸੁਹਣੀ ਤੱਕਣੀ ਦੀ ਝਾਕ ਵਿਚ ਮੈਂ ਇੱਥੇ ਆ ਬੈਠਦਾ ਹਾਂ।

ਅੰਕਲ ਕਰਨੈਲ ਸਿੰਘ ਪੰਜਾਬ ਵਿਚ ਸਕੂਲ ਅਧਿਆਪਕ ਰਿਹਾ। ਉਸ ਦੇ ਆਪਣੇ ਅਧਿਆਪਕ ਸਾਥੀਆਂ ਤੇ ਸਕੂਲ ਦੇ ਬੱਚਿਆਂ ਨਾਲ ਹਮੇਸ਼ਾ ਅਪਣਤ ਭਰੇ ਸਬੰਧ ਰਹੇ ਸਨ। ਉਸ ਦੇ ਮਿਹਨਤੀ ਤੇ ਚੰਗੇ ਸੁਭਾਅ ਕਾਰਨ ਉਸ ਨੂੰ ਰੱਜਵਾਂ ਪਿਆਰ ਤੇ ਸਤਿਕਾਰ ਆਪਣੇ ਵਿੱਦਿਆਰਥੀਆਂ ਤੇ ਸਾਥੀ ਅਧਿਆਪਕਾਂ ਕੋਲੋਂ ਮਿਲਿਆ। ਉਹਨੇ ਆਪਣੇ ਬੱਚਿਆਂ ਨੂੰ ਚੰਗਾ ਪੜ੍ਹਾਇਆ-ਲਿਖਾਇਆ, ਸੁਹਣੇ ਵਿਆਹ ਕੀਤੇ ਅਤੇ ਚੰਗਾ ਪੈਸਾ ਖਰਚ ਕਰਕੇ ਅਮਰੀਕਾ ਵਿਚ ਸੈਟ ਹੋਣ ਵਿਚ ਮਦਦ ਕੀਤੀ। ਹੁਣ ਉਹ ਆਪਣੀ ਪਤਨੀ ਨਾਲ ਆਪਣੇ ਵੱਡੇ ਮੁੰਡੇ ਕੋਲ ਪਿਛਲੇ ਪੰਜ ਕੁ ਵਰ੍ਹਿਆਂ ਤੋਂ ਰਹਿ ਰਿਹਾ ਸੀ। ਛੋਟਾ ਮੁੰਡਾ ਕਿਸੇ ਹੋਰ ਸ਼ਹਿਰ ਵਿਚ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ, ਜਿਸ ਦਾ ਆਪਣਾ ਚੰਗਾ ਬਿਜਨਸ ਹੈ। ਬਿਜਨਸ ਦੇ ਬਹਾਨੇ ਦੋਹਾਂ ਮੁੰਡਿਆਂ ਨੇ ਪੰਜਾਬ ਵਿਚਲਾ ਘਰ ਤੇ ਜਿਹੜੇ ਚਾਰ ਸਿਆੜ ਸਨ, ਉਹ ਵੀ ਵਿਕਾ ਦਿੱਤੇ ਸਨ। ਦੋ ਕੁ ਵਰ੍ਹੇ ਪਹਿਲਾਂ ਅਚਾਨਕ ਉਸ ਦੀ ਪਤਨੀ ਥੋੜ੍ਹਾ ਚਿਰ ਬੀਮਾਰ ਰਹਿਣ ਪਿੱਛੋਂ ਵਿਛੋੜਾ ਦੇ ਗਈ। ਉਸ ਦੇ ਜਾਣ ਪਿਛੋਂ ਜਿਵੇਂ ਸਾਰੇ ਦੁੱਖ ਉਸ ਦੀ ਝੋਲੀ ਵਿਚ ਪੈ ਗਏ ਹੋਣ। ਹੁਣ ਉਹ ਇੱਕਲਾ ਇੱਕਲਾ ਮਹਿਸੂਸ ਕਰਨ ਲੱਗ ਪਿਆ ਸੀ। ਉਹ ਪਤਨੀ ਦੇ ਵਿਛੋੜੇ ਦਾ ਦਰਦ ਤਾਂ ਸਹਿ ਲੈਂਦਾ, ਜੇ ਘਰ ਵਿਚ ਉਸ ਦੀ ਪੁੱਛ ਪ੍ਰਤੀਤ ਬਣੀ ਰਹਿੰਦੀ, ਪਰ ਮੁੰਡੇ ਤੇ ਉਸ ਦੀ ਘਰਵਾਲੀ ਦੀ ਬੇਰੁਖੀ ਦਿਨੋ ਦਿਨ ਵਧ ਗਈ ਸੀ। ਉਨ੍ਹਾਂ ਦੋਹਾਂ ਜੀਆਂ ਨੂੰ ਆਏਂ ਲੱਗਣ ਲੱਗ ਪਿਆ ਸੀ, ਜਿਵੇਂ ਉਹ ਕੋਈ ਘਰ ਵਿਚ ਵਾਧੂ ਜਿਹੀ ਚੀਜ਼ ਹੋਵੇ। ਵੱਡਿਆਂ ਨੂੰ ਬੁਲਾਉਣ ਵਾਲੇ ਸਤਿਕਾਰ ਭਰੇ ਸ਼ਬਦ ਜਿਵੇਂ ਘਰ ਵਿਚੋਂ ਗੁਵਾਚ ਗਏ ਹੋਣ। ਬੱਚਿਆਂ

## ਚਲਦੇ-ਚਲਦੇ

ਨੂੰ ਡਾਟਣਾ, ਉੱਚੀ ਉੱਚੀ ਬੋਲਣਾ ਅਤੇ ਆਪਸ ਵਿਚ ਝਗੜਨਾ ਆਮ ਜਿਹੀ ਗੱਲ ਹੋ ਗਈ ਸੀ। ਮੈਨੂੰ ਲੱਗਦਾ, ਜਿਵੇਂ ਇਹ ਸਾਰਾ ਕੁਝ ਮੈਨੂੰ ਸੁਣਾ ਕੇ ਕਿਹਾ ਜਾ ਰਿਹਾ ਹੋਵੇ। ਦਿਨ ਵਿਚ ਇਹ ਖਿਝ ਕਈ ਵਾਰੀ ਮੈਨੂੰ ਵੀ ਸਹਿਣੀ ਪੈ ਜਾਂਦੀ ਹੈ।

ਬੰਦਾ ਕਿਥੋਂ ਤੱਕ ਜਰ ਸਕਦਾ ਹੈ! ਜਦੋਂ ਮੈਂ ਉਹਨੂੰ ਅੰਕਲ ਕਹਿ ਕੇ ਸੰਬੋਧਨ ਹੁੰਨਾਂ, ਉਹ ਵੈਰਾਗ ਵਿਚ ਆ ਜਾਂਦਾ। "ਬੇਟਾ ਹੁਣ ਤਾਂ ਰਿਸ਼ਤੇ ਦੇ ਨਾਂ ਵੀ ਗਵਾਚ ਗਏ ਨੇ, ਕਹਿਣਗੇ ਹੁਣ ਤੁਸੀਂ ਏਧਰ ਬੈਠੋ, ਹੁਣ ਤੁਸੀਂ ਬਾਹਰ ਬੈਠੋ; ਜਿਵੇਂ ਮੇਰੇ ਰਿਸ਼ਤੇ ਦੇ ਨਾਂ ਦਾ ਕੋਈ ਅਰਥ ਨਾ ਰਹਿ ਗਿਆ ਹੋਵੇ। ਸੰਬੋਧਨੀ ਸ਼ਬਦ ਬੰਦੇ ਦੇ ਰਿਸ਼ਤੇ ਦੀ ਗਵਾਹੀ ਹੁੰਦੇ ਹਨ। ਜਦੋਂ ਤੁਸੀਂ ਪਿਤਾ ਜੀ ਜਾਂ ਪਾਪਾ ਜੀ ਜਾਂ ਕੋਈ ਹੋਰ ਰਿਸ਼ਤੇ ਦਾ ਨਾਂ ਲੈ ਕੇ ਬੁਲਾਉਂਦੇ ਹੋ ਤਾਂ ਅਪਣੱਤ ਦਾ ਅਹਿਸਾਸ ਹੁੰਦਾ ਹੈ ਤੁਹਾਡੇ ਰਿਸ਼ਤੇ ਦੀ ਤੰਦ ਦਾ ਸਿਰਾ ਬੁਲਾਉਣ ਵਾਲੇ ਨਾਲ ਜੁੜਿਆ ਰਹਿੰਦਾ ਹੈ।"

ਅੰਕਲ ਆਖਦਾ, ਹੁਣ ਘਰ ਘਰ ਨਹੀਂ ਲੱਗਦਾ। ਮਨ ਉਚਾਟ ਹੋ ਜਾਂਦਾ ਹੈ। ਇਸੇ ਲਈ ਮੈਂ ਬਾਹਰ ਨੂੰ ਭੱਜਦਾ ਹਾਂ। ਖੁੱਲ੍ਹੇ ਅਸਮਾਨ ਵਿਚ ਉਡਦੇ ਪੰਛੀ, ਇਹ ਹਰੇ ਭਰੇ ਰੁੱਖ, ਰੁੱਖਾਂ ਦੇ ਪੱਤਿਆਂ ਨਾਲ ਖਹਿ ਕੇ ਲੰਘਦੀ ਹਵਾ ਦਾ ਸੰਗੀਤ ਮੈਨੂੰ ਧਰਵਾਸ ਦਿੰਦਾ ਹੈ। ਇਹ ਹੱਸਦੇ ਚਿਹਰੇ ਵੇਖ ਮੇਰਾ ਦੁੱਖ ਦੂਰ ਹੋ ਜਾਂਦਾ ਹੈ। ਮੈਂ ਇੱਥੇ ਬੈਠਾ ਕੁਦਰਤ ਦੀ ਗੋਦ ਵਿਚ ਬੈਠਾ ਮਹਿਸੂਸ ਕਰਦਾ ਹਾਂ। ਮੇਰੇ ਅੰਦਰਲੀ ਦੁੱਖਾਂ ਦੀ ਸਾਰੀ ਮੈਲ ਇਹ ਹੱਸਦੇ ਚਿਹਰੇ ਸੋਹਣੀਆਂ ਮੁਸਕਾਨਾਂ ਧੋ ਸੁੱਟਦੀਆਂ ਹਨ। ਮੈਨੂੰ ਕਿਸੇ ਦੇ ਕਹੇ ਬੋਲ ਚੇਤੇ ਆਏ, ਜੇ ਕਿਸੇ ਦੀਆਂ ਖਾਮੋਸ਼ ਅੱਖਾਂ ਤੁਹਾਡੇ ਤੋਂ ਸਹਾਰਾ ਮੰਗਦੀਆਂ ਹਨ ਤਾਂ ਉਸ ਨੂੰ ਐਸਾ ਸਹਾਰਾ ਦਿਉ ਕਿ ਉਹ ਕਦੇ ਵੀ ਗਿਰ ਨਾ ਸਕਣ। ਭਗਤ ਕਬੀਰ ਜੀ ਵੀ ਇਹੋ ਕਹਿੰਦੇ ਹਨ,

ਐਸੀ ਵਾਣੀ ਬੋਲੀਏ ਮਨ ਕਾ ਆਪਾ ਖੋਏ॥
ਔਰਹੁੰ ਕੋ ਸੀਤਲ ਕਰੇ ਆਪਹੁੰ ਸੀਤਲ ਹੋਏ॥

ਪਹਿਲਾਂ ਪਹਿਲ ਮੈਨੂੰ ਅੰਕਲ ਦਾ ਇਸ ਤਰ੍ਹਾਂ ਬੈਠਣਾ ਚੰਗਾ ਨਹੀਂ ਸੀ ਲੱਗਦਾ। ਮੇਰੇ ਮਨ ਵਿਚ ਕਈ ਪੁੱਠੇ-ਸਿੱਧੇ ਸਵਾਲ ਪੈਦਾ ਹੁੰਦੇ ਰਹਿੰਦੇ ਸਨ, ਪਰ ਅੰਕਲ ਦੇ ਦਰਦ ਦੀ ਚੀਸ ਸੁਣ ਮੇਰੇ ਅੰਦਰ ਵੀ ਕਸਕ ਜਾਗ ਪਈ। ਦਿਲ ਨੂੰ ਝੰਜੋੜਨ ਵਾਲੀ ਇਸ ਵਿਥਿਆ ਨੇ ਮੈਨੂੰ ਵੀ ਆਪਣੇ ਘਰ ਅੰਦਰ ਝਾਕਣ ਦਾ ਸੁਨੇਹਾ ਦਿੱਤਾ।

# ਕਿਰਿਆਵੀ ਕਿਰਨਾਂ

*(ਪਿਛਲੇ ਸਫੇ ਦੀ ਬਾਕੀ)*

ਕਿਰਿਆ ਤਾਂ ਖੁੰਦਕ ਕੱਢਣੀ, ਖਾਰਸ਼ ਕਰਨਾ, ਖੰਘਣਾ, ਖੌਫਜ਼ਦਾ ਹੋਣਾ, ਖੂੰਖਾਰ ਹੋਣਾ, ਖੁਆਬ ਲੈਣਾ, ਖਬਤੀ ਹੋਣਾ ਆਦਿ ਵੀ ਤਾਂ ਹੁੰਦੀ, ਪਰ ਇਨ੍ਹਾਂ 'ਚ ਕੁਝ ਚੜ੍ਹਦਾ ਸੂਰਜ ਅਤੇ ਕੁਝ ਢਲਦੇ ਪਰਛਾਵੇਂ ਹੁੰਦੀਆਂ।

ਕਿਰਿਆ ਤਾਂ ਫਕੀਰੀ ਮੱਲਣੀ, ਫਕੀਰੀ ਹੰਢਾਉਣੀ, ਫਰਾਖਦਿਲੀ ਦਿਖਾਉਣੀ ਅਤੇ ਫੱਕਰਤਾ ਮਾਣਨੀ ਵੀ ਹੁੰਦੀ, ਜਿਨ੍ਹਾਂ 'ਚੋਂ ਕੁਝ ਸਰਘੀ ਦੀ ਝਰਦੀ ਲੋਅ ਤੇ ਕੁਝ ਡੁੱਬਦੀ ਸ਼ਾਮ ਦੀ ਪਲਿੱਤਣ ਵੀ ਹੁੰਦੀਆਂ।

ਕਿਰਿਆ ਜਦ ਕੀਰਤੀ, ਕਰਨੀ ਤੇ ਕਾਮਯਾਬੀ ਦੀ ਕਹਾਣੀ ਬਣ ਕੇ ਕੀਰਤੀਮਾਨ ਸਿਰਜਣ ਦਾ ਆਗਾਜ਼ ਕਰਦੀ ਤਾਂ ਕਿਰਿਆ ਨੂੰ ਨਮਸਕਾਰਨਾ ਬਣਦਾ।

ਕਿਰਿਆ ਕਰਮ, ਕਿੱਤਾ ਅਤੇ ਕਿਰਿਆਸ਼ੀਲਤਾ ਨੂੰ ਆਪਣੀ ਰੂਹ ਵਿਚ ਉਤਾਰਦੀ ਤਾਂ ਕਰਮੀ ਕਰਮਯੋਗੀ ਬਣਦਾ।

ਕਿਰਿਆ ਕਦੇ ਵੀ ਕਮੀਨਗੀ, ਕੁਤੱਤਣ, ਕੁਲਹਿਣੀ, ਕਾਲਖੀ ਜਾਂ ਕਮਜੋਰੀ ਨਾ ਬਣਾਓ, ਕਿਉਂਕਿ ਅਜਿਹੀ ਕਿਰਿਆ ਵਿਚ ਸੋਗੀ ਸੁਰ ਪਸਰਦੀ।

ਕਿਰਿਆ ਤਾਂ ਧਰਤੀ ਦਾ ਸੂਰਜ ਦੁਆਲੇ ਘੁੰਮਣਾ, ਦਿਨ ਰਾਤ ਦਾ ਗੇੜਾ, ਮੌਸਮਾਂ ਦੀ ਮਾਰਫਤ, ਪਤਝੜ ਤੇ ਬਹਾਰ ਦਾ ਆਉਣਾ-ਜਾਣਾ, ਬੀਜ ਦਾ ਪੁੰਗਰਨਾ, ਫੁੱਲਣਾ ਤੇ ਫਲਣਾ ਵੀ ਹੁੰਦਾ। ਸਮੁੱਚੀ ਕਾਇਨਾਤ ਇਕ ਸੰਪੂਰਨ ਕਿਰਿਆ ਵਿਚ ਬੱਝੀ, ਸਭ ਦੇ ਕਾਰਜ ਸੰਵਾਰਦੀ, ਮਨੁੱਖੀ ਸਦੀਵਤਾ ਦਾ ਪੈਗਾਮ।

ਕਿਰਿਆ ਵਿਚੋਂ ਮਨੁੱਖੀ ਅੰਤਰੀਵ ਦ੍ਰਿਸ਼ਟਮਾਨ ਹੁੰਦਾ ਅਤੇ ਇਸ ਦੇ ਬਹੁਤ ਅਰਥ ਪ੍ਰਗਟਦੇ। ਜਦ ਕਿਰਿਆ ਵਿਚੋਂ ਮਨੁੱਖ ਹੀ ਮਨਫੀ ਹੋ ਜਾਵੇ ਤਾਂ ਕਿਰਿਆ ਦੇ ਕੋਈ ਅਰਥ ਨਹੀਂ ਹੁੰਦੇ।

ਕਿਰਿਆ ਕਰਮ-ਰੇਖਾਵਾਂ, ਜੀਵਨ-ਸ਼ੈਲੀ ਦਾ ਆਧਾਰ, ਮਨੁੱਖੀ ਵਿਸਥਾਰ ਅਤੇ ਇਸ ਵਿਚੋਂ ਹੀ ਹੁੰਦਾ ਮਨੁੱਖ ਦੇ ਵਿਅਕਤੀਤਵ ਦਾ ਪਸਾਰ। ਕਿਰਿਆ ਤੋਂ ਪਤਾ ਲਗਦਾ ਕਿ ਕਹਿਣੀ ਅਤੇ ਕਰਨੀ ਵਿਚ ਕੀ ਅੰਤਰ ਏ ਅਤੇ ਇਸ ਨੂੰ ਮਿਟਾਉਣ ਲਈ ਕਿਹੜੇ ਉਚੇਚ ਕਰਨੇ ਚਾਹੀਦੇ?

ਕਿਰਿਆ ਸਕਾਰਤਮਕ ਹੋਵੇ ਤਾਂ ਇਹ ਜੀਵਨ ਦਾ ਮੂਲ-ਮੰਤਰ। ਇਸ ਵਿਚੋਂ ਮਨੁੱਖ ਦਾ ਇਨਸਾਨ ਹੋਣਾ ਨਿਸ਼ਚਿਤ ਅਤੇ ਮਾਨਵੀ ਅਰਾਧਨਾ, ਇਸ ਦਾ ਅਧਾਰ।

ਕਿਰਿਆ, ਜੋ ਖੁਸ਼ੀ, ਖੇੜਾ, ਖੁਸ਼ਹਾਲੀ ਅਤੇ ਖੁਆਬ ਲੈਣ ਦੀ ਤਮੰਨਾ ਬਣ ਜਾਵੇ, ਉਸ ਦੇ ਸਦਕੇ ਜਾਣ ਨੂੰ ਜੀਅ ਕਰਦਾ। ਅਜਿਹੀਆਂ ਕਿਰਿਆਵਾਂ ਹੀ ਕਰਮ-ਖੰਡ ਦਾ ਰੂਪ ਹੁੰਦੀਆਂ।

ਕਿਰਿਆ ਜਦ ਜੀਵਨ ਨੂੰ ਮੁਖਾਤਿਬ ਹੋਵੇ ਤਾਂ ਖੁਸ਼ਨਸੀਬੀ ਹਾਸਲ ਹੁੰਦੀ। ਕਿਰਿਆ ਵਿਚ ਆਤਮਿਕ ਖੇੜੇ ਦੀ ਪ੍ਰਮੁਖਤਾ ਹੋਣੀ ਚਾਹੀਦੀ। ਕਿਰਿਆ ਦੇ ਕਰਮ-ਫਲ ਦਾ ਹੱਕਦਾਰ ਵੀ ਕਿਰਤੀ ਹੀ ਹੁੰਦਾ।

ਕਿਰਿਆ ਅਤੇ ਇਸ ਦੀ ਪ੍ਰਕਿਰਿਆ ਵਿਚੋਂ ਉਭਰਨਾ, ਮਨੁੱਖ ਦਾ ਉਹ ਸ਼ਖਸੀ ਗੁਣ, ਜਿਸ ਤੋਂ ਉਸ ਦੀ ਜਿਸਮਾਨੀ/ਮਾਨਸਿਕ ਤਾਕਤ ਅਤੇ ਖੁਦ 'ਤੇ ਭਰੋਸੇ ਦਾ ਅੰਦਾਜ਼ਾ ਲਾਇਆ ਜਾ ਸਕਦਾ। ਡਰ ਮਨੁੱਖ ਨੂੰ ਮਾਰਦਾ ਅਤੇ ਹੌਸਲੇ ਨਾਲ ਅੱਗੇ ਵੱਧਦੇ ਕਦਮ, ਡਰ 'ਤੇ ਜਿੱਤ ਦਾ ਪ੍ਰਤੀਕ। ਕਈ ਵਾਰ ਅਸੀਂ ਕੁਝ ਕਰਨ ਤੋਂ ਇਸ ਲਈ ਡਰਦੇ ਕਿ ਇਸ ਨਾਲ ਸਾਡੀ ਹੋਂਦ ਹੀ ਖਤਮ ਹੋ ਜਾਣੀ ਏ, ਪਰ ਕਈ ਵਾਰ ਇਹ ਹਾਸਲਤਾ ਦਾ ਸਫਰ ਹੁੰਦਾ। ਪਹਾੜਾਂ ਤੋਂ ਅਰੰਭ ਕਰ ਅਤੇ ਮੈਦਾਨ ਗਾਹ ਕੇ ਸਮੁੰਦਰ ਵਿਚ ਲੀਨ ਹੋਣ ਵੇਲੇ ਦਰਿਆ ਦੇ ਮਨ ਵਿਚ ਇਕ ਡਰ ਹੁੰਦਾ ਕਿ ਉਸ ਦੀ ਹਸਤੀ ਮਿੱਟ ਜਾਣੀ ਹੈ, ਪਰ ਉਸ ਸਮੇਂ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਹਿੰਦਾ, ਜਦ ਦਰਿਆ ਸਮੁੰਦਰ ਵਿਚ ਸਮਾ ਕੇ, ਖੁਦ ਵੀ ਸਮੁੰਦਰ ਹੀ ਹੋ ਜਾਂਦਾ। ਕਦੇ ਦਰਿਆ ਤੋਂ ਸਮੁੰਦਰ ਬਣਨ ਦੀ ਕਿਰਿਆ ਨੂੰ ਅਪਨਾਉਣ ਤੋਂ ਨਾ ਹਿਚਕਚਾਉਣਾ, ਕਿਉਂਕਿ ਇਕ ਹੀ ਕਦਮ ਨਾਲ ਖੁਦ ਤੋਂ ਖੁਦਾਈ ਤੀਕ ਦਾ ਸਫਰ ਤੈਅ ਹੋ ਜਾਂਦਾ।

ਕਿਰਿਆ ਨੂੰ ਅਧੂਰਾ ਜਾਂ ਅਪੂਰਨ ਛੱਡਣ ਨਾਲੋਂ ਬਿਹਤਰ ਹੁੰਦਾ ਕਿ ਕੁਝ ਨਾ ਕਰੋ। ਇਸ ਨਾਲ ਅਪੂਰਨਤਾ ਦੀ ਪੀੜਾ ਤੋਂ ਬਚਿਆ ਜਾ ਸਕਦਾ। ਕਿਰਿਆ ਨੂੰ ਸ਼ੁਰੂ ਕਰਨ ਦਾ ਮਤਲਬ, ਇਸ ਦੀ ਸੰਪੂਰਨਤਾ ਹੁੰਦਾ। ਮੰਜ਼ਿਲ ਦੇ ਅੱਧ-ਵਿਚਕਾਰ ਅਟਕਣ ਵਾਲੇ, ਜੀਵਨ ਦੇ ਸ਼ਾਹ-ਅਸਵਾਰ ਨਹੀਂ ਹੋ ਸਕਦੇ।

ਕਿਰਿਆ, ਜੋ ਦੁੱਖ ਨੂੰ ਸੁੱਖ ਕਰੇ, ਹਾਵਿਆਂ ਨੂੰ ਹਾਸੇ ਵਰੇ, ਚੁੱਪ ਵਿਚ ਬੋਲ ਧਰੇ, ਧੁੱਖਦੇ ਮਨਾਂ ਨੂੰ ਸ਼ਾਂਤ ਕਰੇ, ਬਲਦੇ ਸਿਵਿਆਂ ਨੂੰ ਠੰਢਾ ਕਰੇ, ਉਜੜੇ ਘਰਾਂ ਨੂੰ ਵੱਸਦਾ ਕਰੇ ਅਤੇ ਦਰਿਆ ਵਿਚ ਉਗੇ ਬਰੇਤਿਆਂ ਦਾ ਬੀਜ ਨਾਸ਼ ਕਰੇ, ਉਹ ਹੀ ਕਿਰਿਆ ਬਣਨ ਦਾ ਧਰਮ ਨਿਭਾਵੇ ਅਤੇ ਮਨੁੱਖ ਨੂੰ ਮਾਨਵਤਾ ਦਾ ਮਾਰਗ ਦਿਖਾਵੇ।

ਕਿਰਿਆ, ਜੋ ਹਰਫਾਂ ਵਿਚ ਜੁਗਨੂੰਆਂ ਦੀ ਡਾਰ ਬਣਾਵੇ, ਇਸ ਦੀ ਤਾਸੀਰ ਨੂੰ ਸਮਿਆਂ ਦਾ ਹਾਣੀ ਬਣਾਵੇ ਅਤੇ ਯੁੱਗ ਯੁੱਗ ਜਿਉਣ ਦਾ ਵਰਦਾਨ ਬਣ ਜਾਵੇ, ਉਹ ਹੀ ਕਰਮਾਂ ਵਾਲੀ ਅਖਵਾਵੇ।

ਕਿਰਿਆਵੀ ਕਿਰਨਾਂ ਕਰਮ, ਕੀਰਤੀ, ਕਰਮ-ਯੋਗਤਾ, ਕਿਰਿਆਸ਼ੀਲਤਾ ਅਤੇ ਕਹਿਕਸ਼ਾਂ ਰਾਹੀਂ ਕੀਰਤੀਮਾਨ ਸਿਰਜਦੀਆਂ, ਜੋ ਜੀਵਨ ਦੀ ਸਾਹ-ਰਗ ਹੁੰਦੀਆਂ।

ਸਭ ਤੋਂ ਉਤਮ ਕਿਰਿਆ ਹੈ ਖੁਦ ਨੂੰ ਜਗਾਉਣਾ, ਅੰਤਰੀਵ 'ਚ ਝਾਤ ਪਾਉਣਾ, ਇਸ 'ਤੇ ਜੰਮੀ ਹੋਈ ਮੈਲ ਨੂੰ ਲਾਹੁਣਾ, ਆਪਣੀਆਂ ਨਾਕਾਮੀਆਂ, ਕਮੀਆਂ, ਕੁਤਾਹੀਆਂ ਜਾਂ ਕਮੀਨਗੀਆਂ ਨੂੰ ਪਛਾਣਨਾ ਅਤੇ ਇਨ੍ਹਾਂ ਨੂੰ ਦੂਰ ਕਰਕੇ, ਪਰਮ ਮਨੁੱਖ ਬਣਨ ਦਾ ਸਫਰ ਜਾਰੀ ਰੱਖਣਾ। ਕਿਰਿਆ ਵਿਚ ਨਿਰੰਤਰਤਾ, ਨਰੋਇਆਪਣ, ਨਵੀਨਗੀ, ਨਿਆਰਾਪਣ, ਨਿੱਗਰਤਾ ਤੇ ਨਿਵੇਕਲਾਪਣ ਹੋਵੇ ਤਾਂ ਕਿਰਿਆ ਮਾਣਨਯੋਗ ਅਤੇ ਸਨਮਾਨਯੋਗ ਹੁੰਦੀ। ਬੰਦੇ ਵਿਚ ਬੰਦਿਆਈ ਨੂੰ ਜਗਾਉਂਦੀ।

ਅਜਿਹੀ ਕਿਰਿਆ-ਮਾਰਗ 'ਤੇ ਸਭ ਨੂੰ ਹੀ ਤੁਰਨ ਦੀ ਲੋੜ ਹੈ ਅਤੇ ਬਿਨਾ ਦੇਰੀ ਕੀਤਿਆਂ ਹੁਣੇ ਤੋਂ ਤੁਰਨਾ ਸ਼ੁਰੂ ਕਰੀਏ।

## ਮਿਨੀ ਕਹਾਣੀ

# ਜ਼ਹਿਰੀਲੇ ਨਾਗ

ਜਦੋਂ ਮੈਂ ਨਵਾਂ ਨਵਾਂ ਕਾਲਜ ਵਿਚ ਦਾਖਲ ਹੋਇਆ ਤਾਂ ਮੇਰੇ ਵਿਚਾਰਾਂ ਵਿਚ ਜਬਰਦਸਤ ਬਦਲਾਅ ਆ ਗਿਆ। ਆਪਣੀ ਜ਼ਿੰਦਗੀ ਨਾਲੋਂ ਦੁਨੀਆਂ ਵੱਖਰੀ ਲੱਗਣ ਲੱਗੀ। ਕਾਲਜ ਦੇ ਖੁੱਲ੍ਹੇ ਮਾਹੌਲ ਅਤੇ ਆਜ਼ਾਦੀ ਨੇ ਵੱਖਰਾ ਹੀ ਅਹਿਸਾਸ ਕਰਵਾਇਆ। ਨਵੇਂ ਬਣੇ ਦੋਸਤਾਂ ਦੇ ਵਿਚਾਰਾਂ ਅਤੇ ਵਿਚਰਨ ਦੇ ਢੰਗ ਨੇ ਨਵੇਂ ਰਾਹਾਂ ਦਾ ਪਾਂਧੀ ਬਣਾ ਦਿੱਤਾ, ਖਾਸ ਕਰ ਮੇਰੇ ਸੀਨੀਅਰ ਦੋਸਤ ਦੇ ਆਧੁਨਿਕ ਵਿਚਾਰਾਂ ਨੇ ਤਾਂ ਜਿਵੇਂ ਮੈਨੂੰ ਕੀਲ ਲਿਆ ਸੀ। ਉਹ ਪੁਰਾਣੇ ਰਸਮ ਰਿਵਾਜ਼ ਅਤੇ ਧਾਰਮਿਕ ਰੀਤਾਂ ਦੀ ਉਹ ਵਿਆਖਿਆ ਕਰਦਾ ਕਿ ਮਨ ਦੇ ਕਪਾਟ ਖੁੱਲ੍ਹ ਜਾਂਦੇ।

ਮੈਂ ਘਰ ਦੇ ਧਾਰਮਿਕ ਮਾਹੌਲ ਤੋਂ ਅੱਕਣ ਲੱਗਿਆ। ਇੱਕ ਦੋ ਵਾਰ ਪਾਪਾ ਨੇ ਸਮਝਾਇਆ ਵੀ ਕਿ ਇਸ ਤਰ੍ਹਾਂ ਦੇ ਲੋਕ ਦੂਸਰੇ ਧਰਮਾਂ ਵੱਲੋਂ ਪਰਪੱਕ ਕੀਤੇ ਗਏ ਹੁੰਦੇ ਹਨ, ਪਰ ਮੈਂ ਤਾਂ ਉਨ੍ਹਾਂ ਨੂੰ ਵੀ ਮੱਤਾਂ ਦੇਣ ਲੱਗਿਆ। ਇੱਕ ਤਾਂ ਪਾਪਾ ਦੇ ਖੁੱਲ੍ਹੇ ਵਿਚਾਰ ਅਤੇ ਦੂਜਾ ਮੰਮੀ ਵੱਲੋਂ 'ਵੱਡਾ ਹੋਇਆ ਆਪੇ ਸਮਝ ਜਾਊ' ਦੇ ਕਾਰਨ ਕਿਸੇ ਨੇ ਬਹੁਤਾ ਜੋਰ ਨਾ ਦਿੱਤਾ। ਮੈਂ ਸਭ ਧਾਰਮਿਕ ਰਸਮਾਂ ਤਿਆਗ ਆਧੁਨਿਕ ਹੋਣ ਦਾ ਵਿਖਾਵਾ ਕਰਨ ਲੱਗਿਆ।

ਇੱਕ ਦਿਨ ਅਚਾਨਕ ਮੈਂ ਫਿਰਦਾ ਫਿਰਾਉਂਦਾ ਉਸ ਦੋਸਤ ਦੇ ਘਰ ਚਲਾ ਗਿਆ। ਨੌਕਰ ਨੇ ਦੱਸਿਆ ਕਿ ਸਾਰਾ ਪਰਿਵਾਰ ਬਾਹਰ ਗਿਆ ਹੋਇਆ ਅਤੇ ਕਾਕਾ ਜੀ ਉਪਰ ਹਨ। ਮੈਂ ਉਪਰ ਜਾ ਕੇ ਵੇਖਿਆ ਤਾਂ ਉਹ ਪਾਠ ਪੂਜਾ ਵਿਚ ਮਗਨ ਸੀ। ਮੈਨੂੰ ਅਚਾਨਕ ਵੇਖ ਇਕਦਮ ਘਬਰਾ ਗਿਆ ਅਤੇ ਬੋਲਿਆ, "ਯਾਰ, ਐਵੇਂ ਬਸ ਮਾਪਿਆਂ ਦੇ ਲਈ...।"

ਮੈਂ ਤੇਜੀ ਨਾਲ ਪੌੜੀਆਂ ਉਤਰ ਪਿਆ ਤੇ ਬਸ ਐਨਾ ਹੀ ਕਹਿ ਸਕਿਆ, "ਮਾਂ ਪਿਉ ਤਾਂ ਸਾਡੇ ਵੀ ਹਨ, ਪਰ ਅਸੀਂ...।"

ਮੈਨੂੰ ਆਪਣਾ ਆਪ ਦੋਸ਼ੀ ਲੱਗਣ ਲੱਗਿਆ। ਇਸ ਤੋਂ ਬਾਅਦ ਸਾਡੀ ਦੋਸਤੀ ਖਤਮ ਹੋ ਗਈ। ਕੁਝ ਸਾਲਾਂ ਬਾਅਦ ਉਹ ਇੱਕ ਕੱਟੜ ਧਾਰਮਿਕ ਆਗੂ ਦੇ ਰੂਪ ਵਿਚ ਵਿਚਰਨ ਲੱਗਿਆ ਅਤੇ ਦੂਸਰੇ ਧਰਮਾਂ ਨੂੰ ਨੀਵਾਂ ਦਿਖਾਉਣ ਲਈ ਹਰ ਹੱਥਕੰਡਾ ਵਰਤਣ ਲੱਗਿਆ।

ਮੈਨੂੰ ਇਤਿਹਾਸ ਦੀਆਂ ਵਿਸ਼ ਕੰਨਿਆਵਾਂ ਦੀ ਯਾਦ ਆ ਗਈ ਅਤੇ ਅਜਿਹੇ ਜ਼ਹਿਰੀਲੇ ਨਾਗਾਂ ਦਾ ਸ਼ਾਇਦ ਕਿਸੇ ਨੇ ਜ਼ਿਕਰ ਹੀ ਨਹੀਂ ਕੀਤਾ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

# ਹਿੰਸਾ ਦੇ ਜ਼ਖਮਾਂ ਦੀ ਦਾਸਤਾਨ

ਕਲਾ ਪਰਿਕਰਮਾ

ਏ.ਆਰ. ਭੱਟ
ਅਨੁਵਾਦ: ਪੀ. ਲਾਲ


ਸਭਿਅਤਾ ਕੋਈ ਵੀ ਹੋਵੇ, ਇਹਨੂੰ ਬੀਤੇ ਨੇ ਕਿਸੇ ਨਾ ਕਿਸੇ ਕਿਸਮ ਦੀ ਖਾਜ ਲਾਈ ਹੁੰਦੀ ਹੈ। ਇਹ ਦਿਸਦੀ ਚਮੜੀ ਉੱਪਰ ਪਰ ਇਹਦੀਆਂ ਜੜ੍ਹਾਂ ਅੰਦਰ ਵਗਦੇ ਖੂਨ ਨੂੰ ਛੋਂਹਦੀਆਂ ਨੇ। ਇਹਨੂੰ ਵੇਖਣਾ ਬੜਾ ਸੂਖਮ ਕੰਮ ਹੈ। ਇਹਨੂੰ ਜਾਨਣਾ ਤੇ ਜਾਣ ਕੇ ਇਹਦਾ ਕੋਈ ਬਦਲ ਦੇਣਾ ਸੂਖਮਤਾ ਨਾਲ਼ ਸਫਰ ਵਾਂਗ ਹੈ। ਇਹ ਕੋਈ ਨਵੀਂ ਬਿਮਾਰੀ ਨਹੀਂ ਹੈ; ਇਹ ਸਿੱਧੇ ਰੂਪ ਵਿਚ ਦਿਸਦੀ ਵੀ ਨਹੀਂ। ਇਹਦੇ ਜ਼ਿਆਦਾ ਲੱਛਣ ਤੰਦਰੁਸਤੀ ਨਾਲ ਮਿਲਦੇ-ਜੁਲਦੇ ਦਿਸਦੇ ਨੇ ਪਰ ਇਹਦੇ ਸਿੱਟੇ ਬੜੇ ਭਿਆਨਕ ਹੁੰਦੇ ਨੇ। ਖਾਜ ਜਿੰਨੀ ਦੇਰ ਦਿਸਦੀ ਨਹੀਂ, ਓਨੀ ਦੇਰ ਨਿੱਜੀ ਰੂਪ ਵਿਚ ਵਿਚਰਦੀ ਹੋ ਸਕਦੀ ਹੈ। ਇਹ ਨਿੱਜ ਤੋਂ ਸਮੂਹ ਵੱਲ ਸਫਰ ਕਰਦੀ ਹੈ। ਧਰਮ ਇਹਦਾ ਮਨ ਭਾਉਂਦਾ ਕਿਰਦਾਰ ਹੈ; ਕਿਉਂਕਿ ਧਰਮ ਮਿਲਦਾ ਹੀ ਸਮੂਹਿਕ ਰੂਪ ਵਿਚ ਹੈ। ਧਾਰਮਿਕਤਾ ਇਹਦੇ ਲਈ ਤੰਦਰੁਸਤ ਚਮੜੀ ਹੈ। ਅਜਿਹੇ ਸ਼ਖਸਾਂ ਤੋਂ ਇਹ ਦੂਰ ਹੀ ਵਿਚਰਦੀ ਹੈ। ਇਸ ਗੰਭੀਰ ਤੇ ਅਤਿ ਸੂਖਮ ਵਿਸ਼ੇ ਦੁਆਲੇ ਘੁੰਮਦਾ ਇਹ ਨਾਵਲ ਹੋਰ ਗਹਿਰੀਆਂ ਪਰਤਾਂ ਵੱਲ ਸਫਰ ਕਰਦਾ ਹੈ। ਉਹ ਸਾਰੀਆਂ ਗਹਿਰੀਆਂ ਪਰਤਾਂ ਮੈਂ ਪਾਠਕਾਂ ਲਈ ਛੱਡਦਾ ਹਾਂ।

ਅਤਿਵਾਦ ਵਿਚ ਪਲੇ ਬੱਚਿਆਂ ਨੇ ਬੜਾ ਕੁਝ ਵੇਖਿਆ ਹੈ। ਉਹ ਦਹਿਸ਼ਤ ਤੇ ਵਹਿਸ਼ਤ ਉਨ੍ਹਾਂ ਮਾਸੂਮਾਂ ਦੇ ਕਾਲਜਿਆਂ 'ਤੇ ਡੂੰਘੀ ਸੱਟ ਸੀ। ਉਹ ਬੱਚੇ ਹੁਣ ਵੱਡੇ ਹੋ ਗਏ ਨੇ। ਇਸ ਨਾਵਲ ਦੀ ਨਵੀਂ ਪੀੜ੍ਹੀ ਉਨ੍ਹਾਂ ਕਿਰਦਾਰਾਂ ਦੀ ਹੈ ਜਿਨ੍ਹਾਂ ਨੇ ਬਚਪਨ ਵਿਚ ਉਹ ਸਭ ਕੁਝ ਵੇਖਿਆ। ਹਿੰਸਾ ਵਿਚ ਪਲੇ ਬਚਪਨ ਨੇ ਇਸ ਸਭ ਕਾਸੇ ਨੂੰ ਕਿਸ ਤਰ੍ਹਾਂ ਕਬੂਲਿਆ? ਅਜਿਹੇ ਗੰਭੀਰ ਚਿਤਰਨ ਦੀ ਲੋੜ ਸੀ ਤਾਂ ਜੋ ਭਵਿਖ ਵਿਚ ਅਸੀਂ ਆਪਣੇ ਸਮਾਜ ਦੀਆਂ ਜੋ ਅਜੀਬੋ ਗਰੀਬ ਹਰਕਤਾਂ ਵੇਖਣੀਆਂ ਨੇ; ਉਹ ਸਮਝ ਆ ਸਕਣ। ਅਜਿਹਾ ਇਸ ਸੰਘਣੇ ਨਾਵਲ ਵਿਚ ਜਗ੍ਹਾ-ਜਗ੍ਹਾ ਮਹਿਸੂਸ ਕੀਤਾ ਜਾ ਸਕਦਾ। ਅਵਤਾਰ ਇਸ ਨਾਵਲ ਦਾ ਅਜਿਹਾ ਹੀ ਇੱਕ ਕਿਰਦਾਰ ਹੈ। ਉਹਦੇ ਆਲੇ-ਦੁਆਲੇ ਉਹੀ ਸਮਾਜ ਹੈ ਜੋ ਕਦੇ ਅਤਿਵਾਦ ਦੀ ਹਿਮਾਇਤ ਕਰਦਾ ਸੀ ਤੇ ਕਦੇ ਵਿਰੋਧ। ਫਿਰ ਜਦੋਂ ਉਹ ਇਨ੍ਹਾਂ ਮਿੱਥਾਂ ਨੂੰ ਤੋੜ ਕੇ ਇੱਕ ਵੱਡਾ ਸਾਹਸੀ ਕਦਮ ਚੁੱਕਦਾ ਹੈ ਤਾਂ ਇਹੀ ਲੋਕ ਕੁਰਲਾ ਉਠਦੇ ਨੇ। ਜਿਸ ਪੱਧਰ 'ਤੇ ਇਸ ਵਿਸ਼ੇ ਨੂੰ ਨਿਭਾਇਆ ਗਿਆ; ਅਜਿਹਾ ਸ਼ਾਇਦ ਪੰਜਾਬੀ ਨਾਵਲ ਵਿਚ ਪਹਿਲਾਂ ਕਦੇ ਨਹੀਂ ਵੇਖਿਆ ਗਿਆ। ਅਵਤਾਰ ਅਤਿਵਾਦ ਤੋਂ ਬਾਅਦ ਆਧੁਨਿਕ ਕਿਸਾਨੀ ਦੀ ਨਵੀਂ ਮਾਨਸਿਕਤਾ ਦਾ ਪ੍ਰਤੀਕ ਹੈ।

ਪੰਜਾਬ ਵਿਚ ਜਿਹੜੀਆਂ ਸਮੂਹਿਕ ਹਿੰਸਾਵਾਂ ਹੋਈਆਂ ਨੇ; ਉਨ੍ਹਾਂ ਅੰਦਰ ਸਾਡੀ ਅਸਲੀ ਮਾਨਸਿਕਤਾ ਛੁਪੀ ਬੈਠੀ ਹੈ। ਸਾਹਿਤ ਵਿਚ ਇਹਦੇ ਵੱਖ-ਵੱਖ ਪਹਿਲੂਆਂ ਦੀ ਛੋਹ ਆਉਣੀ ਬਹੁਤ ਜ਼ਰੂਰੀ ਹੈ। ਮੰਡ ਨੇ ਜਿਸ ਤਰ੍ਹਾਂ ਵੱਖ-ਵੱਖ ਕਲਾ ਜੁਗਤਾਂ ਨਾਲ ਇਸ ਨੂੰ ਚਿਤਰਿਆ ਤੇ ਨਿਭਾਇਆ ਹੈ; ਉਹਦਾ ਅਸਰ ਸਾਹਿਤਕ ਜਗਤ ਵਿਚ ਜ਼ਰੂਰ ਕਬੂਲਿਆ ਜਾਵੇਗਾ। ਵਰਤਮਾਨ ਤੇ ਬੀਤੇ ਨੂੰ ਦੋ ਅਲੱਗ-ਅਲੱਗ ਪੀੜ੍ਹੀਆਂ ਕਿਸ ਤਰ੍ਹਾਂ ਸੁਣਦੀਆਂ ਨੇ; ਕਿਸ ਤਰ੍ਹਾਂ ਸੁਣਾਉਂਦੀਆਂ ਨੇ? ਪੰਜਾਬੀ ਸਭਿਆਚਾਰ ਵਿਚ ਫੈਲੇ ਹਿੰਸਾ ਦੇ ਡੂੰਘੇ ਜ਼ਖਮਾਂ ਨੂੰ ਸਮਝਣ ਦਾ ਇੱਕ ਵੱਖਰੀ ਕਿਸਮ ਦਾ ਅਹਿਸਾਸ ਹੁੰਦਾ ਹੈ। ਇਨ੍ਹਾਂ ਕਾਂਡਾਂ ਨੂੰ ਪੜ੍ਹਕੇ ਜਦੋਂ ਸਾਦੀਆ ਅੱਬਾ ਤੇ ਬਾਬੇ ਦੇ ਮੂੰਹੋਂ ਬੀਤਿਆ ਸੁਣਦੀ ਹੈ; ਮੇਰੇ ਚਾਲੀ ਦੇ ਅਨੁਭਵੀ ਇਤਿਹਾਸ ਵਿਚ ਵੱਡਾ ਝਟਕਾ ਸੀ। ਮੈਨੂੰ ਇਸ ਪੇਸ਼ਕਾਰੀ ਨੇ ਹਿਲਾ ਕੇ ਰੱਖ ਦਿੱਤਾ ਸੀ। ਜਿਨ੍ਹਾਂ ਗੱਲਾਂ ਨੂੰ ਸਭਿਆਚਾਰਕ ਵਡਿਆਈ ਵਰਗੀ ਹੋਛੀ ਭਾਸ਼ਾ ਦੇ ਭਾਰ ਥੱਲੇ ਅਸੀਂ ਅਕਸਰ ਲੰਘਾ ਦਿੰਦੇ ਹਾਂ, ਉਨ੍ਹਾਂ ਵਿਚ ਹਿੰਸਾ ਕਿੰਨੀ ਗਹਿਰੀ ਹੁੰਦੀ ਹੈ, ਇਹਦਾ ਅਹਿਸਾਸ ਇਸ ਨਾਵਲ ਵਿਚ ਵਾਰ-ਵਾਰ ਹੁੰਦਾ ਹੈ। ਸੰਤਾਲੀ ਅਤੇ ਚੁਰਾਸੀ ਵਿਚ ਜੋ ਕੁਝ ਵਾਪਰਿਆ, ਉਹਨੂੰ ਯਾਦ ਕਰ ਕੇ ਅਸੀਂ ਇਸ ਲਈ ਚੌਂਕ ਜਾਂਦੇ ਹਾਂ ਕਿਉਂਕਿ ਸਮਾਜ ਅੰਦਰ ਗਹਿਰੇ ਰੂਪ ਵਿਚ ਘੁੰਮਦੀ ਹਿੰਸਾ ਵੱਲ ਪਹਿਲਾਂ ਅਸੀਂ ਕਦੇ ਧਿਆਨ ਨਹੀਂ ਦਿੱਤਾ ਹੁੰਦਾ ਪਰ ਭਵਿੱਖ ਵਿਚ ਇਹ ਨਾਵਲ ਅਜਿਹਾ ਅਹਿਸਾਸ ਵਾਰ-ਵਾਰ ਯਾਦ ਕਰਾਉਂਦਾ ਰਵ੍ਹੇਗਾ ... ਅਵਤਾਰ ਵਰਗੇ ਪਾਤਰ ਹਮੇਸ਼ਾਂ ਸਾਡੀਆਂ ਨਜ਼ਰਾਂ ਸਾਹਮਣੇ ਰਹਿਣਗੇ।


ਆਧੁਨਿਕ ਕਿਸਾਨੀ ਦੀ ਪੇਸ਼ਕਾਰੀ ਵਿਚ ਮਾਹੌਲ ਦੇ ਸੂਖਮ ਇਸ਼ਾਰੇ ਇਸ ਨਾਵਲ ਦਾ ਇੱਕ ਹੋਰ ਪਹਿਲੂ ਹੈ। ਮੰਡ ਕੋਲ ਨਵੀਂ ਕਿਸਾਨੀ ਦਾ ਬਹੁਤ ਡੂੰਘਾ ਤੇ ਨਿਜੀ ਅਨੁਭਵ ਹੈ। ਉਹ ਹੁਣ ਤੱਕ ਕਿਸਾਨੀ ਵਿਚ ਉਵੇਂ ਹੀ ਵਿਚਰ ਰਿਹਾ। ਕਿਸਾਨੀ ਦੇ ਬਦਲ ਰਹੇ ਰੂਪ ਤੇ ਉਨ੍ਹਾਂ ਪਿੱਛੇ ਨਵੀਂ ਹੋਛੀ ਮਾਨਸਿਕਤਾ ਤੇ ਹਮੇਸ਼ਾਂ ਲਈ ਗੁੰਮ ਹੋ ਰਹੇ ਪੰਜਾਬੀ ਸਭਿਆਚਾਰ ਦੇ ਨਿਰੋਏ ਪੱਖ ਇਸ ਸੰਘਣੇ ਨਾਵਲ ਵਿਚ ਵੇਖੇ ਜਾ ਸਕਦੇ ਨੇ। ਮੰਡ ਦੀ ਸਾਹਿਤਕ ਤੇ ਪਾਤਰਾਂ ਦੀ ਭਾਸ਼ਾ ਖੂਬਸੂਰਤ ਹੈ। ਉਹਨੇ ਪੁਆਧੀ ਭਾਸ਼ਾ ਨੂੰ ਸਿਰਫ ਵਰਤਿਆ ਹੀ ਨਹੀਂ, ਉਸ ਦੇ ਨਵੇਂ ਬਿੰਬ ਵੀ ਸਿਰਜੇ ਹਨ। ਦ੍ਰਿਸ਼ ਚਿਤਰਨ ਦਾ ਉਹ ਗੁਰੂ ਹੈ। ਘਾੜ ਜਿਨ੍ਹਾਂ ਅਣਗੌਲਿਆ ਪਿਆ ਸੀ, ਓਨਾ ਹੀ ਜੀਵਤ ਹੋ ਉਠਿਆ ਹੈ। ਸਾਦੀਆ ਇਸ ਨਾਵਲ ਦੀ ਇੱਕ ਹੋਰ ਅਹਿਮ ਪਾਤਰ ਹੈ। ਸਾਦੀਆ ਬਾਰੇ ਸਿਰਫ ਐਨਾ ਹੀ ਕਹਿ ਸਕਦਾਂ, "ਤੂੰ ਆਈਂ ਏ ਸਾਦੀਆ... ਆਉਂਦੀ ਰਵ੍ਹੀਂ... ਤੇਰੇ ਆਉਣ ਨਾਲ਼ ਮੁਰਝਾਏ ਫੁੱਲ ਖਿੜ ਸਕਦੇ ਨੇ... ਤੂੰ ਆਉਂਦੀ ਰਵੀਂ...।" ਇਸ ਨਾਵਲ ਬਾਰੇ ਮੈਂ ਸਿਰਫ ਐਨਾ ਹੀ ਕਹਿ ਸਕਦਾਂ; ਇਹ ਛੋਟੀ ਜਹੀ ਵਿਆਖਿਆ ਇਸ ਕਿਰਤ ਨਾਲ ਇਨਸਾਫ ਨਹੀਂ ਹੈ। ਉਮੀਦ ਹੈ, ਗੱਲ ਵੱਡੇ ਪੱਧਰ 'ਤੇ ਤੁਰੇਗੀ।

ਉਦੋਂ ਮੈਂ ਅਮਰੀਕਾ ਤੋਂ ਨਵੀਂ-ਨਵੀਂ ਪੀ.ਐਚ.ਡੀ. ਕਰ ਕੇ ਆਇਆ ਸੀ। ਉਦੋਂ ਹੀ ਆ ਕੇ 'ਔੜ ਦੇ ਬੀਜ' ਪੜ੍ਹ ਕੇ ਮੰਡ ਨੂੰ ਮਿਲਣ ਨੂੰ ਜੀਅ ਕੀਤਾ। ਇਹ ਸਾਰੇ ਪਿੰਡ ਮੇਰੇ ਲਈ ਓਪਰੇ ਨਹੀਂ ਸਨ। ਮੈਂ ਦਸਵੀਂ ਤੱਕ ਇਸ ਇਲਾਕੇ ਵਿਚ ਪੜ੍ਹਿਆ ਸਾਂ। ਜਦੋਂ ਵੀ ਇਸ ਇਲਾਕੇ ਬਾਰੇ ਗਹਿਰ ਗੰਭੀਰ ਮੰਡ ਦੇ ਨਾਵਲਾਂ ਵਿਚ ਪੜ੍ਹਿਆ, ਆਪਣਾ ਬਚਪਨ ਯਾਦ ਆ ਜਾਂਦਾ ਹੈ। ਮੈਂ ਕਿਸੇ ਅੱਧਖੜ ਉਮਰ ਦੇ ਬੰਦੇ ਨੂੰ ਮਿਲਣ ਬਾਰੇ ਸੋਚ ਕੇ ਘਰੋਂ ਨਿਕਲਿਆ ਸਾਂ ਪਰ ਅੱਗੇ ਮਸਾਂ ਹੀ ਵੀਹ ਕੁ ਸਾਲਾਂ ਦਾ ਮੁੰਡਾ ਖੜ੍ਹਾ ਸੀ। ਉਦੋਂ ਉਹ ਪਿੰਡੋਂ ਬਾਹਰ ਖੇਤਾਂ ਵਿਚ ਝੁੰਗੀ ਪਾ ਕੇ ਰਹਿ ਰਿਹਾ ਸੀ। ਉਹਦੀ ਝੌਂਪੜੀ ਦੇ ਬਾਹਰ ਖੇਤੀ ਦੇ ਸੰਦ ਤੇ ਅੰਦਰ ਕਿਤਾਬਾਂ ਸਨ। ਉਹ ਆਪਣੇ ਆਲੇ-ਦੁਆਲੇ ਨਾਲ ਸਹਿਜ ਸੀ ਪਰ ਉਹਦੀਆਂ ਅੱਖਾਂ ਵੱਲ ਵੇਖਿਆ ਨਹੀਂ ਸੀ ਜਾਂਦਾ। ਜਦੋਂ ਵੀ ਕਿਸੇ ਵੱਡੇ ਪੰਜਾਬੀ ਦੇ ਲੇਖਕ ਬਾਰੇ ਪੁੱਛਿਆ ਤਾਂ ਇੱਕੋ ਉੱਤਰ ਸੀ, "ਮੈਂ ਕਿਸੇ ਨੂੰ ਨਹੀਂ ਜਾਣਦਾ... ਪੜ੍ਹਿਆ ਸਭ ਨੂੰ ਏ...।" ਹੁਣ ਜਦੋਂ ਜਪਾਨ ਵਿਚ ਮੁਲਾਕਾਤ ਹੋਈ, ਉਹ ਉਦਾਂ ਹੀ ਸੀ। ਉਹਨੇ ਦੁਬਾਰਾ ਫਿਰ ਪਿੰਡ ਤੋਂ ਬਾਹਰ ਆਪਣੀ ਝੌਂਪੜੀ ਤਿਆਰ ਕਰ ਲਈ ਹੈ।




ਨਾਵਲ 'ਖਾਜ' ਦਾ ਮੁਖੜਾ।


'ਖਾਜ' ਦਾ ਲਿਖਾਰੀ ਜਸਬੀਰ ਮੰਡ।




ਜਸਬੀਰ ਮੰਡ ਦਾ ਸਭ ਤੋਂ ਪਹਿਲਾ ਨਾਵਲ 'ਔੜ ਦੇ ਬੀਜ'।










ਜਸਬੀਰ ਮੰਡ ਦੇ ਹੋਰ ਨਾਵਲ: 'ਆਖਰੀ ਪਿੰਡ ਦੀ ਕਥਾ', 'ਬੋਲ ਮਰਦਾਨਿਆ' ਅਤੇ 'ਆਖਰੀ ਬਾਬੇ'।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਸਤੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-446



*ਉਮਰ ਨਿਆਣੀ ਮੇਰੀ, ਵੱਜਦਾ ਨਹੀਂ ਤਾਨਪੁਰਾ,*
*ਨੇੜੇ ਹੋ ਕੇ ਰੱਬਾ ਮੇਰੀ ਸੁਣ ਅਰਦਾਸ ਤੂੰ।*
*ਕਰਜੇ 'ਚ ਕੁੱਬਾ ਬਾਪੂ ਦਾਣੇ ਦੇਖ ਹੁੱਬੀ ਜਾਵੇ,*
*ਰਹਿਮ ਰੱਖੀਂ ਬਚਦੀ ਏ ਇਹੋ ਇੱਕ ਆਸ ਤੂੰ।*

## ਕੈਪਸ਼ਨ ਮੁਕਾਬਲਾ-444



ਸੁੱਕੇ ਜਿਹੇ ਦਰੱਖਤ 'ਤੇ ਰੌਲੀ ਪਾਈ ਆਣ,
'ਕੱਠੇ ਕਰਕੇ ਸਬੰਧੀ ਕਾਂ ਕਾਂ ਲੱਗੇ ਗਾਉਣ।
ਦੇਖ ਕੇ ਭੁੰਜੇ ਨਿਉਲਾ ਜਾਂ ਲੰਘਦਾ ਹੈ ਸੱਪ,
ਇਸੇ ਬਹਾਨੇ ਹੋਊ ਦੁੱਖ-ਸੁੱਖ ਜਾਂ ਗੱਪ-ਸ਼ੱਪ।
*-ਸੇਵਾ ਸਿੰਘ ਨੂਰਪੁਰੀ*

---

ਮਹਾਮਾਰੀ ਨੇ ਸਭ ਡਰਾ'ਤੇ,
ਮਨੁੱਖ, ਪਰਿੰਦੇ, ਸਾਰੇ ਪ੍ਰਾਣੀ।
'ਸਾਫ ਸਫਾਈ ਤੇ ਡਿਸਟੈਂਸ ਰੱਖੋ'
ਜੇ ਹੈ ਲੋਕੋ ਜਾਨ ਬਚਾਉਣੀ।
ਕਾਂਵਾਂ, ਰਲ ਕਾਂਵਾਂਰੌਲੀ ਪਾਈ,
ਚਾਹੁੰਦੇ ਆਪਣੀ ਗੱਲ ਸਮਝਾਉਣੀ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ*

---

ਪੰਛੀ ਸਾਨੂੰ ਕਹਿੰਦੇ ਲਗਦੇ
ਅਜੇ ਵੀ ਬੰਦਿਆਂ ਸੋਚ ਵਿਚਾਰ।
ਪੁੱਠੀਆਂ ਸਿੱਧੀਆਂ ਕਾਢਾਂ ਕੱਢਦਾ
ਕਰੋਨਾ ਦਾ ਬਣ ਗਿਆ ਸ਼ਿਕਾਰ।
ਆਪ ਤੂੰ ਜ਼ਿਆਦਾ ਚਤਰ ਕਹਾਵੇ
ਕੁੱਲ ਲੋਕਾਈ ਕਰੀ ਬੀਮਾਰ।
ਅਜੇ ਵੀ ਮੁਆਫੀ ਮੰਗ ਕੁਦਰਤ ਤੋਂ
ਜਾਂ ਸਜ਼ਾ ਲੈਣ ਲਈ ਹੋ ਜਾ ਤਿਆਰ।
*-ਕੇਵਲ ਸਿੰਘ ਪੰਧੇਰ, ਕਲਾਹੜ*

---

ਰੁੱਖ ਦੀ ਟੀਸੀ, ਅੱਡ-ਅੱਡ ਬਹਿ ਕੇ,
ਕਾਂਵਾਂ ਦਾ ਲਾਣਾ ਕਰੇ ਵਿਚਾਰ।
ਬੰਦਾ ਕੋਈ ਨਜ਼ਰ ਨਾ ਆਵੇ,
ਨਾ ਕੋਈ ਧੂੰਆਂ, ਨਾ ਗੁਬਾਰ।
ਵਰਤ ਗਿਆ ਕੋਈ, ਲੱਗਦਾ ਭਾਣਾ!
ਮਸਾਂ ਸੁੱਖ ਦਾ ਸਾਹ ਹੈ ਆਇਆ,
ਆਪਣੇ ਲਈ ਹੈ ਆਈ ਬਹਾਰ।
*-ਦਵਿੰਦਰ ਕੌਰ*

---

ਨਿਆਣੇ-ਸਿਆਣੇ ਸਾਰੇ ਕਾਂ,
'ਕੱਠੇ ਹੋ ਬੈਠ ਗਏ ਇੱਕੋ ਥਾਂ।
ਕਹਿੰਦੇ ਕਰੋਨਾ ਤੋਂ ਬਚਦੇ ਹੋਏ
ਬਨੇਰਿਆਂ ਉਤੇ ਜਾਣਾ ਹੈ ਜਰੂਰੀ।
ਲੋਕ ਪਾਉਣਗੇ ਛੱਤਾਂ 'ਤੇ ਚੂਰੀ
ਆ'ਗੇ ਸਰਾਧ, ਲੋਕਾਂ ਦੀ ਮਜਬੂਰੀ
*-ਵਿਨੋਦ ਗਰਗ, ਬਰਨਾਲਾ*

---

ਸਿਆਸਤੀਆਂ ਵਾਗੂੰ ਕੀਤੀ
ਵੀਡੀਓ ਕਾਨਫਰੰਸਿੰਗ ਕਾਂਵਾਂ ਨੇ।
ਸਮਾਜਕ ਦੂਰੀ ਬਣਾ ਕੇ ਰੱਖੀ
ਆਪਣੇ ਐਂਟੀਨੇ ਤੇ ਆਪਣੀਆਂ ਰਾਵਾਂ ਨੇ।
ਜਨਤਾ ਤੋਂ ਦੂਰ ਕੁਦਰਤੀ ਜੰਗਲ 'ਚ
ਲੱਭ ਕੇ ਸ਼ਿਕਾਰ ਕਰਦੇ ਸਲਾਹਾਂ ਨੇ।
ਕਰੋਨੇ ਨੇ ਮੋਹ ਮਾਇਆ ਤੋੜੀ
ਬਣਾਈਆਂ ਆਪਣੀਆਂ ਰਾਹਾਂ ਨੇ।
*-ਅਮਰਜੀਤ ਸਿੰਘ ਤੂਰ*

---

ਜਨੌਰ ਕੀ ਜਾਣਨ ਸ਼ੈਅ ਕਰੋਨਾ
ਡਰ ਡਰ ਲੋਕਾਂ ਤੋਂ, ਬਹਿ ਰੁੱਖਾਂ 'ਤੇ ਹੀ
ਕਾਂ ਕਾਂ ਕਰਦੇ ਪਹੁੰਚੇ ਟੀਸੀਆਂ 'ਤੇ।
ਕਰ ਇਸ਼ਾਰਿਆਂ ਮਤਾ ਪਕਾਉਂਦੇ
ਇਨਸਾਨ ਮਾਰਦੇ ਹਨ ਜੋ ਸਾਨੂੰ
ਹੈ ਸਭ ਕਾਤਲ ਸਾਡੇ।
'ਆਪਾ ਸੁਰੱਖਿਆ ਇਕੋ ਸਾਧਨ'
ਆਖਿਰ ਸਭ ਮਤਾ ਪਕਾਇਆ।
*-ਦਰਸ਼ਨਪਾਲ ਦੋਸਾਂਝ*

---

ਕਰੋਨੇ ਦੀ ਨਹੀਂ ਸਾਨੂੰ ਪਰਵਾਹ
ਅਸੀਂ ਪੰਛੀ ਹਾਂ ਆਜ਼ਾਦ।
ਬੰਦਿਆਂ 'ਤੇ ਲੱਗੀਆਂ ਪਾਬੰਦੀਆਂ
ਸਾਨੂੰ ਵੀ ਕਰਨ ਨੂੰ ਫਿਰਨ ਬਰਬਾਦ।
ਅਸੀਂ ਵੀ ਰਲਮਿਲ ਮਤਾ ਪਕਾਇਆ
ਰੱਖਾਂਗੇ ਆਪਣੇ ਆਪ ਨੂੰ ਆਬਾਦ।
*-ਇੰਦਰਜੀਤ ਮੰਗਾ, ਪਿਟਸਬਰਗ*

---

ਬੰਦੇ ਦੂਜਿਆਂ ਨੂੰ ਬੇਵਕੂਫ ਬਣਾਉਂਦੇ
ਵਿਚ ਕਰੋਨਾ ਆਪਣੀ ਮਰਜੀ ਚਲਾਵਣ।
ਨਾ ਦੂਰੀ ਬਣਾ ਕੇ ਚੱਲਣ, ਨਾ ਬੈਠਣ
ਫਿਰ ਭਾਵੇਂ ਲੱਖ ਮੁਸੀਬਤਾਂ ਉਠਾਵਣ।
ਵਿਆਹਾਂ, 'ਕੱਠਾਂ ਉਤੇ ਵੀ
ਖੂਬ ਤਮਾਸ਼ਾ ਲਾਉਣ।
ਕਰੋਨਾ ਨੂੰ ਇਹ ਕਰਨ ਮਜ਼ਾਕਾਂ
ਵੱਡਾ ਹੋਵੇ ਜਾਂ ਛੋਟੇ ਹੋਣ।
ਆਪ ਸਮਝੋ, ਦੂਜਿਆਂ ਨੂੰ ਵੀ ਸਮਝਾਓ।
ਮੂੰਹ 'ਤੇ ਮਾਸਕ ਨਾਲ
ਦੂਰੀਆਂ ਵੀ ਅਪਨਾਓ।
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਭੂਸ਼ਨ ਧਿਆਨਪੁਰੀ

ਰੋਪੜ ਸ਼ਹਿਰ ਵਿਚ ਉਸ ਦਾ ਘਰ ਸੀ, ਉਥੇ ਹੀ ਸਰਕਾਰੀ ਕਾਲਜ ਵਿਚ ਅਧਿਆਪਕ। ਕੰਟਰੋਲਰ ਦਾ ਫੋਨ ਮੈਨੂੰ ਆਉਂਦਾ, "ਪ੍ਰੀਖਿਆ ਕੇਂਦਰ ਦੀ ਚੈਕਿੰਗ ਵਾਸਤੇ ਜਾਣਾ ਪਵੇਗਾ ਪੰਨੂ ਸਾਹਿਬ। ਕਿਧਰ ਭੇਜੀਏ?"

ਮੈਂ ਆਖ ਦਿੰਦਾ, "ਜੀ ਆਨੰਦਪੁਰ ਸਾਹਿਬ ਮੱਥਾ ਟੇਕ ਆਊਂਗਾ, ਨਾਲੇ ਭੂਸ਼ਨ ਨੂੰ ਮਿਲ ਆਊਂਗਾ, ਇਸ ਤਰ੍ਹਾਂ ਡਿਊਟੀ ਵੀ ਹੋ ਜਾਊ।"

ਭੂਸ਼ਨ ਨੂੰ ਮੈਂ ਫਲਾਇੰਗ ਸਕੁਐਡ ਦੇ ਮੈਂਬਰ ਵਜੋਂ ਟੀਮ ਵਿਚ ਪਾ ਲੈਂਦਾ। ਦੋ ਤਿੰਨ ਕਾਲਜ ਚੈਕ ਕਰ ਲੈਂਦੇ। ਉਹਦੀਆਂ ਗੱਲਾਂ ਸੁਣਦਾ ਸੁਣਦਾ ਅਕਸਰ ਮੈਂ ਸੋਚਦਾ, ਮੇਰੇ ਕੋਲੋਂ ਇਸ ਤਰ੍ਹਾਂ ਦੀ ਗੱਲ ਕਿਉਂ ਨਹੀਂ ਹੁੰਦੀ? ਉਹ ਨਹੀਂ ਰਿਹਾ, ਚਲੋ ਫੇਰ ਕੀ ਹੋਇਆ! ਉਸ ਦੀ ਮਹਿਕ ਭਰੀ ਤਾਜ਼ਗੀ ਮੇਰੇ ਆਲੇ-ਦੁਆਲੇ ਮੰਡਰਾ ਰਹੀ ਹੈ। ਗੱਲ ਕਰਨ ਦੀ ਹੀ ਨਹੀਂ, ਉਸ ਨੂੰ ਗੱਲ ਸੁਣਨ ਦੀ ਵੀ ਜਾਚ

ਹਰਪਾਲ ਸਿੰਘ ਪੰਨੂ

ਸੀ। ਮੈਂ ਉਸ ਨੂੰ ਜਨਮ ਸਾਖੀਆਂ ਸਣਾਉਂਦਾ। ਇੱਕ ਵਾਕ ਆਇਆ, ਭੈਣ ਦਾ ਸੁਨੇਹਾ ਮਿਲਿਆ ਤਾਂ ਮਿਲਣ ਵਾਸਤੇ ਬਾਬਾ ਜੀ ਮੋਦੀਖਾਨੇ ਤੋਂ ਘਰ ਵੱਲ ਤੁਰ ਪਏ। ਰਸਤੇ ਵਿਚ ਹੱਟੀ ਆਈ ਤਾ ਖਿਆਲ ਆਇਆ, ਭੈਣ ਘਰ ਚੱਲਿਆ ਹਾਂ, ਖਾਲੀ ਨਹੀਂ ਜਾਣਾ ਚਾਹੀਦਾ। ਝੋਲੀ ਵਿਚ ਪਤਾਸੇ ਪਵਾਏ। ਚੱਲ ਪਏ।

ਮੈਂ ਪੁੱਛਿਆ, "ਭੂਸ਼ਨ ਸਾਹਿਬ, ਅਸੀਂ ਮਲਵਈ, ਕਮੀਜ ਦੇ ਅਗਲੇ ਲਮਕਦੇ ਹਿੱਸੇ ਵਿਚ ਚੀਜ ਪਵਾਉਣ ਨੂੰ ਝੋਲੀ ਆਖਦੇ ਹਾਂ। ਕੀ ਮਹਾਰਾਜ ਕਮੀਜ ਦੀ ਝੋਲੀ ਵਿਚ ਪਤਾਸੇ ਪੁਆ ਕੇ ਗਏ ਸਨ?"

ਭੂਸ਼ਨ ਨੇ ਕਿਹਾ, "ਨਹੀਂ, ਮੋਢੇ ਉਪਰਲੇ ਪਰਨੇ ਵਿਚ ਚੀਜ ਵਸਤ ਪਵਾਈ ਜਾਏ, ਉਹ ਵੀ ਝੋਲੀ ਹੁੰਦੀ ਹੈ। ਭੱਠੀ ਤੇ ਦਾਣੇ ਭੁਨਾਉਣ ਵਾਸਤੇ ਇਹੋ ਪਰਨੇ ਦੀ ਝੋਲੀ ਲਿਜਾਈਦੀ ਹੈ। ਮਾਂ ਸੰਤਾਨ ਦੀ ਸਲਾਮਤੀ ਵਾਸਤੇ ਰੱਬ ਅੱਗੇ ਚੁੰਨੀ ਦਾ ਪੱਲਾ ਅੱਡਦੀ ਹੈ, ਉਹ ਉਸ ਦੀ ਝੋਲੀ ਹੈ।"

ਇੱਕ ਦਿਨ ਦੂਜੀ ਸਾਖੀ ਸੁਣਾਈ। ਪਹਿਲੀ ਉਦਾਸੀ ਬਾਅਦ ਜਦੋਂ ਵਾਪਸ ਸੁਲਤਾਨਪੁਰ ਪਰਤੇ ਤਾਂ ਬੇਬੇ ਨਾਨਕੀ ਨੇ ਭਾਈ ਮਰਦਾਨਾ ਜੀ ਨੂੰ ਕਿਹਾ, ਆਪਣਾ ਬਾਬਾ ਤਾਂ ਅਤੀਤ ਪੁਰਖ ਆ। ਭਾਈ ਤੂੰ ਮੇਰੇ ਵਰਗਾ ਈ ਐਂ। ਬਾਬੇ ਨੂੰ ਪੀਣ ਦਾ, ਨਾ ਖਾਣ ਦਾ, ਨਾ ਪਹਿਨਣ ਦਾ ਸ਼ੌਕ। ਤੂੰ ਦੱਸ। ਏਡੀ ਮੁੱਦਤ ਬਾਹਰ ਬਿਤਾਈ, ਖਾਣਾ ਕੀ ਐ, ਪੀਣਾ ਕੀ ਐ, ਪਹਿਨਣਾ ਕੀ ਐ, ਮੈਨੂੰ ਦੱਸ, ਮੈ ਤੇਰੇ ਦਿਲ ਦੀ ਇੱਛਾ ਪੂਰੀ ਕਰਾਂਗੀ!

ਭਾਈ ਮਰਦਾਨੇ ਨੇ ਕਿਹਾ, ਜੇ ਮਿਹਰਬਾਨ ਹੋਈ ਹੈ ਭੈਣ ਤਾਂ ਨਵੀਂ ਰਬਾਬ ਖਰੀਦ ਕੇ ਦੇਹ, ਇਹ ਪੁਰਾਣੀ ਹੋ ਗਈ ਐ, ਮਹਾਰਾਜ ਦੀ ਅਵਾਜ਼ ਦਾ ਸਾਥ ਨਹੀਂ ਦਿੰਦੀ ਠੀਕ ਤਰ੍ਹਾਂ।

ਸੁਣ ਕੇ ਭੂਸ਼ਨ ਮੁਸਕਰਾਇਆ, ਕਹਿਣ ਲੱਗਾ, "ਪਤੈ ਭਾਈ ਮਰਦਾਨਾ ਜੀ ਦੇ ਇਸ ਵਾਕ ਦਾ ਅਰਥ? ਵੱਡੇ ਮਹਾਪੁਰਖ ਗੱਲ ਸਿੱਧੀ ਨਹੀਂ ਕਰਿਆ ਕਰਦੇ ਵੱਡਿਆਂ ਨਾਲ। ਇਸ਼ਾਰਿਆਂ ਨਾਲ ਸਮਝਾ ਦਿੰਦੇ ਹਨ। ਭਾਈ ਮਰਦਾਨਾ ਜੀ ਨੇ ਖਾਣ, ਪੀਣ, ਪਹਿਨਣ ਦੀ ਥਾਂ ਰਬਾਬ ਦੀ ਮੰਗ ਕੀਤੀ। ਬੀਬੀ ਸਮਝ ਗਈ, ਭਾਈ ਮਰਦਾਨਾ ਜੀ ਬਾਬਾ ਜੀ ਵਰਗੇ ਹੋ ਗਏ ਹਨ। ਸਮਝ ਗਈ ਕਿ ਇਹ ਫਿਰ ਜਾਣਗੇ, ਘਰ ਨਹੀਂ ਰਹਿਣਗੇ। ਇਸੇ ਤਰ੍ਹਾਂ ਦੀਆਂ ਗੱਲਾਂ ਕਰਿਆ ਕਰਦੇ ਹਨ, ਸੰਸਾਰ ਦੇ ਮਾਲਕ।"

ਮੇਰੇ ਘਰ ਆ ਗਏ, ਦੇਰ ਰਾਤ ਤੱਕ ਗੱਲਾਂ ਹੁੰਦੀਆ ਰਹੀਆਂ। ਮੇਰੀ ਬੀਵੀ ਸੌਂ ਕੇ ਜਾਗ ਪਈ। ਕਹਿੰਦੀ, ਸੋਇਆ ਨਹੀਂ ਜਾਂਦਾ ਤੁਹਾਡੇ ਤੋਂ ਹੁਣ? ਭੂਸ਼ਨ ਨੇ ਕਿਹਾ, "ਹਲਵਾਈ ਦੇ ਨੌਕਰ ਆਪਸ ਵਿਚ ਲੜ ਪਏ। ਇੱਕ ਨੇ ਦੂਜੇ ਉਪਰ ਜਲੇਬੀਆ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਦੂਜੇ ਨੇ ਲੱਡੂ ਮਾਰਨੇ ਸ਼ੁਰੂ ਕਰ ਦਿੱਤੇ। ਹਲਵਾਈ ਨੇ ਮਸਾਂ ਹਟਾਏ। ਲੜਾਈ ਨੌਕਰਾਂ ਦੀ, ਤਬਾਹੀ ਮਾਲਕਾਂ ਦੀ। ਠੀਕ ਐ ਭਾਈ! ਆਪਾਂ ਲੱਡੂ-ਜਲੇਬੀਆਂ ਮਾਰਨੋਂ ਹਟ ਕੇ ਸੌਂ ਜਾਈਏ ਹੁਣ।"


ਇੱਕ ਵਾਰ ਭੂਸ਼ਨ ਨੇ ਦੱਸਿਆ, "ਮੈਂ ਕਾਲਜ ਦੀ ਡਿਊਟੀ ਕਰਕੇ ਘਰ ਵੱਲ ਆ ਰਿਹਾ ਸਾਂ ਤਾਂ ਤਿੰਨ ਸਿੱਖ ਜੁਆਨ ਪਿੱਛੇ ਪਿੱਛੇ ਤੁਰੇ ਆਉਂਦੇ ਦੇਖੇ। ਦੋ ਤਿੰਨ ਵਾਰ ਗਰਦਨ ਘੁਮਾਈ, ਆ ਰਹੇ ਸਨ! ਅੰਦਰ ਲੰਘਿਆ, ਘਰ ਅੰਦਰ ਆ ਗਏ, ਇੱਕ ਨੇ ਕਿਹਾ, ਕੁਝ ਦਿਨ ਰਹਾਂਗੇ ਪ੍ਰੋਫੈਸਰ ਸਾਬ। ਚਿੰਤਾ ਨਾ ਕਰਿਉ! ਬਸ ਰਹਿਣਾ ਹੈ, ਜੋ ਸਾਦੀ ਦਾਲ-ਰੋਟੀ ਤੁਸੀ ਖਾਂਦੇ ਹੋ, ਉਹੀ ਅਸੀ ਖਾ ਲਿਆ ਕਰਾਂਗੇ। ਸਾਰਾ ਘਰ ਤਣਾਉ ਵਿਚ ਘਿਰ ਗਿਆ। ਲੰਗਰ ਪਾਣੀ ਛਕਾਇਆ। ਆਖਰ ਘਰ ਵਿਚ ਮੈਂ ਵੱਡਾ ਸਾਂ, ਸੋ ਚੁੱਪ ਦੀ ਖੜੋਤ ਤੋੜਨੀ ਸੀ, ਰਸਤਾ ਕੱਢਣਾ ਸੀ ਕੋਈ। ਛੱਡਣ ਭਾਵੇਂ ਮਾਰਨ, ਇਨ੍ਹਾਂ ਦੀ ਮਰਜੀ, ਫਿਰ ਵੀ ਗੱਲਬਾਤ ਤਾਂ ਤੋਰੀਏ।

ਉਨ੍ਹਾਂ ਕੋਲ ਜਾ ਕੇ ਬੈਠ ਗਿਆ, ਪੁੱਛਿਆ, ਸਾਡੇ ਘਰ ਚਰਨ ਪਾਏ, ਸੇਵਾ ਮਿਲੀ, ਇਹ ਠੀਕ ਪਰ ਬਾਬਿਓ ਮੇਰਾ ਘਰ ਹੀ ਤੁਸੀਂ ਕਿਉਂ ਚੁਣਿਆ, ਕੁਝ ਪਤਾ ਲੱਗੇ? ਇੱਕ ਨੇ ਕਿਹਾ, ਜੀ ਮੈਂ ਬੀ. ਏ. ਵਿਚ ਤੁਹਾਡੇ ਕੋਲੋ ਪੜ੍ਹਿਆ ਹਾਂ ਸਰ। ਮੇਰਾ ਨਾਮ ਇਹ ਹੈ। ਸਾਨੂੰ ਹੋਰ ਕਿਸੇ 'ਤੇ ਇਤਬਾਰ ਨਹੀਂ ਸੀ, ਸੋ ਤੁਹਾਡੇ ਕੋਲ ਆ ਗਏ। ਘਰ ਵਿਚ ਸਹਿਜ ਵਰਤ ਗਿਆ। ਮੇਰੇ ਵਿਦਿਆਰਥੀ ਆਏ ਨੇ ਠੀਕ ਐ ਸਭ। ਗੱਲਾਂ ਕਰਦਿਆਂ ਅਗਲੇ ਦਿਨ ਮੈਂ ਪੁੱਛਿਆ, ਖਾਲਿਸਤਾਨ ਤਾਂ ਬਣਨਾ ਈ ਬਣਨਾ ਹੁਣ। ਇੱਕ ਗੱਲ ਦੱਸੋ, ਸਾਰੇ ਹਿੰਦੂਆਂ ਨੂੰ ਮਾਰ ਦਿਉਗੇ ਕਿ ਭੱਜ ਜਾਣ ਦੀ ਵੀ ਆਗਿਆ ਮਿਲੇਗੀ ਕਿਸੇ ਨੂੰ? ਉਤਰ ਮਿਲਿਆ, ਨਾ ਮਾਰਾਂਗੇ, ਨਾ ਭੱਜ ਕੇ ਜਾਣ ਦਿਆਂਗੇ। ਖਾਲਿਸਤਾਨ ਵਿਚ ਹਿੰਦੂ ਨਾ ਰਹੇ ਤਾਂ ਰਾਜ ਕੀਹਦੇ 'ਤੇ ਕਰਾਂਗੇ ਅਸੀਂ?

ਕਵਿਤਾ ਦੀ ਇੱਕ ਟੁਕੜੀ ਜ਼ਬਾਨੀ ਯਾਦ ਹੈ। ਮੇਰੇ ਕੋਲ ਕਿਤਾਬ ਪਈ ਹੈ, ਉਸ ਦੀ। ਕਿਤਾਬ ਛੂਹਣ ਨੂੰ ਹਾਲੇ ਦਿਲ ਨਹੀ ਕਰਦਾ। ਕੁਝ ਦਿਨ ਲੱਗਣਗੇ ਫਿਰ ਕਿਤਾਬ ਚੁੱਕਾਂਗਾ,

ਚੋਰੀ ਕਰਦਿਆਂ ਆ ਗਿਆ ਚੋਰ ਕਾਬੂ,
ਕੰਮ ਰੋਜ ਦਾ ਸੀ, ਆਖਰ ਫਸਣਾ ਸੀ।
ਫੜ ਕੇ ਫੇਰਿਆ ਪੁਲਿਸ ਨੇ ਖੂਬ ਡੰਡਾ,
ਹਵਾਲਾਤ ਵਿਚੋਂ ਕਿੱਥੇ ਨੱਸਣਾ ਸੀ!
ਜੇ ਨਾ ਚੋਰ ਦੀ ਚੋਰ ਇਮਦਾਦ ਕਰਦੇ,
ਚੋਰ ਸਾਧ ਬਣ ਕੇ ਸੁਖੀ ਵੱਸਣਾ ਸੀ।
ਠਾਣੇਦਾਰ ਸਿਫਾਰਸ਼ਾਂ ਦੇਖ ਕਹਿੰਦਾ,
ਸਾਨੂੰ ਕਮਲਿਆ ਤੂੰ ਪਹਿਲਾਂ ਦੱਸਣਾ ਸੀ।

ਭੂਸ਼ਨ ਨੇ ਵਾਰਤਕ ਦੀ ਜੋ ਵਿਧੀ ਚਲਾਈ, ਉਹ ਮੈਨੂੰ ਪਸੰਦ ਨਹੀਂ ਆਈ। ਕਵਿਤਾ ਕਵਿਤਾ ਹੈ, ਵਾਰਤਕ ਵਾਰਤਕ। ਫੋਨ 'ਤੇ ਕਦੀ ਗੱਲ ਹੁੰਦੀ, ਉਸ ਦੀ ਇੱਛਾ ਸੀ, ਮੈਂ ਉਸ ਦੀ ਵਾਰਤਕ ਸ਼ੈਲੀ ਉਪਰ ਟਿੱਪਣੀ ਕਰਾਂ। ਜੇ ਮੈਨੂੰ ਚੰਗੀ ਲੱਗੀ ਹੁੰਦੀ ਯਕੀਨਨ ਦਾਦ ਦਿੰਦਾ! ਮੈਂ ਉਸ ਵਿਚ ਦਰਜ ਘਟਨਾਵਾਂ ਦੀ ਦਾਦ ਦਿੰਦਾ ਹਾਂ। ਹੁਣ ਵੀ ਚੰਗੀਆਂ ਲਗਦੀਆਂ ਹਨ, ਭੂਸ਼ਨ ਹੈ ਈ ਜਦੋਂ ਚੰਗਾ ਸੀ। ਕਈ ਵਾਰ ਗੱਲ ਚੱਲੀ ਕਿ ਉਹ ਮੇਰੀ ਨਿਗਰਾਨੀ ਹੇਠ ਪੀਐਚ.ਡੀ. ਕਰੇ। ਮੈਂ ਉਸ ਵਾਸਤੇ ਫਾਰਮ ਖਰੀਦ ਲਿਆ। ਨਿਗਰਾਨੀ ਤਾਂ ਨਾਂ-ਮਾਤਰ ਸੀ, ਮੈਂ ਉਸ ਨੂੰ ਕੀ ਸਿਖਾਉਣਾ ਸੀ? ਉਸ ਨੇ ਫਾਰਮ ਲੈ ਲਿਆ, ਭਰਿਆ ਨਹੀਂ। ਕੰਮ ਸ਼ੁਰੂ ਨਹੀਂ ਕੀਤਾ! ਉਹ ਉਸਤਾਦ, ਮੈਂ ਉਸ ਦਾ ਪਾਠਕ ਹਾਂ, ਸਰੋਤਾ



ਹਾਂ, ਉਸਤਾਦ ਨੂੰ ਪਾਠਕ ਦੀ ਨਿਗਰਾਨੀ ਵਿਚ ਕੰਮ ਕਰਨਾ ਮਨਜ਼ੂਰ ਨਹੀਂ; ਜੇ ਰਸਮੀ ਹੈ, ਨਾਂ-ਮਾਤਰ ਹੈ, ਤਾਂ ਵੀ ਨਹੀਂ।

ਇੱਕ ਵਾਰ ਉਸ ਨੇ ਦੱਸਿਆ, "ਘਰ ਵਿਚ ਗਰੀਬੀ ਸੀ। ਦਸਵੀਂ ਕਰ ਲਈ। ਮੈਨੂੰ ਕਾਗਜਾਂ ਉਤੇ ਮੂਰਤਾਂ ਵਾਹੁਣ ਦਾ ਸ਼ੌਕ ਸੀ, ਜਿਸ ਕਰਕੇ ਅਕਸਰ ਝਿੜਕਾਂ ਪੈਂਦੀਆਂ। ਪਿਤਾ ਜੀ ਨੇ ਦੇਖਿਆ, ਰਾਜਸਥਾਨ ਤੋਂ ਆਏ ਸ਼ਿਲਪਕਾਰ ਦੀ ਨਿਗਰਾਨੀ ਹੇਠ ਮੰਦਿਰ ਦੀ ਉਸਾਰੀ ਹੋ ਰਹੀ ਸੀ। ਮੂਰਤੀਆਂ ਤਿਆਰ ਹੋ ਰਹੀਆਂ ਸਨ। ਮੈਨੂੰ ਲੈ ਕੇ ਪਿਤਾ ਜੀ ਪਹਿਲਾਂ ਦੁਕਾਨਦਾਰ ਕੋਲ, ਫਿਰ ਉਸਤਾਦ ਕੋਲ ਗਏ। ਦੁਕਾਨਦਾਰ ਤੋਂ ਦਸਤਾਰ, ਸਵਾ ਰੁਪਇਆ ਅਤੇ ਪਤਾਸੇ ਉਧਾਰ ਲਏ। ਮੰਦਿਰ ਜਾ ਕੇ ਉਸਤਾਦ ਦੇ ਚਰਨ ਛੂਹੇ ਤੇ ਕਿਹਾ, ਬਾਬਾ ਇਸ ਮੁੰਡੇ ਨੂੰ ਕੰਮ ਸਿਖਾ ਦਿਉ, ਰੋਟੀ ਜੋਗਾ ਹੋ ਜਾਉਗਾ, ਨੌਕਰੀ ਤਾਂ ਕਿਧਰੇ ਮਿਲਣੀ ਨਈਂ। ਉਸਤਾਦ ਨੇ ਪੁੱਛਿਆ, ਚਿਤਰਕਾਰੀ ਬਾਰੇ ਜਾਣਦੈਂ ਥੋੜਾ ਬਹੁਤ? ਮੈਂ ਕਿਹਾ, ਹਾਂ ਜੀ, ਕਰ ਲੈਨਾਂ ਚਿਤਰਕਾਰੀ। ਉਸ ਨੇ ਇਕ ਪਿਆਲੀ ਫੜਾਈ, ਜਿਸ ਉਪਰ ਇੰਚ ਕੁ ਦੀ ਸ਼ਿਵ ਜੀ ਦੀ ਤਸਵੀਰ ਸੀ। ਇੱਕ ਵਰਕਾ 6 ਗੁਣਾ 8 ਇੰਚ ਦਾ ਦਿੱਤਾ, ਗਣੇਸ਼ ਦੀ ਤਸਵੀਰ ਵਾਲਾ, ਇੱਕ ਪੂਰਾ ਕੈਲੰਡਰ ਮਾਤਾ ਰਾਣੀ ਦਾ ਫੜਾ ਕੇ ਕਿਹਾ, ਇਨ੍ਹਾਂ ਤਿੰਨਾਂ ਨੂੰ 4 ਗੁਣਾ 6 ਕਰਕੇ ਲਿਆ, ਛੋਟੀ ਵੱਡੀ ਕਰਕੇ, ਵੱਡੀਆਂ ਛੋਟੀਆਂ ਕਰਕੇ। ਦੋ ਦਿਨਾਂ ਬਾਅਦ ਤਸਵੀਰਾਂ ਤਿਆਰ ਕਰਕੇ ਹਰੇਕ ਤਸਵੀਰ ਦੇ ਕੋਨੇ ਹੇਠ ਆਪਣਾ ਨਾਮ ਲਿਖ ਦਿੱਤਾ।

ਉਸ ਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਦਾਦ ਦਿੱਤੀ, ਫਿਰ ਪੁੱਛਿਆ, ਆਹ ਸ਼ਿਵ ਜੀ ਦੀ ਤਸਵੀਰ ਹੇਠ ਕੀ ਲਿਖਿਆ ਹੈ? ਮੈ ਕਿਹਾ, ਜੀ ਲਿਖਿਆ ਜੈ ਸ੍ਰੀ ਭੋਲੇ ਨਾਥ। ਦੂਜੀ ਹੇਠ ਕੀ ਲਿਖਿਆ? ਮੈਂ ਕਿਹਾ, ਜੀ ਲਿਖਿਆ, ਜੈ ਸ੍ਰੀ ਗਣੇਸ਼! ਤੀਜੀ ਹੇਠ? ਜੈ ਮਾਂ ਦੁਰਗਾ।

ਉਸਤਾਦ ਜੀ ਬੋਲੇ, ਮੈਨੂੰ ਅਨਪੜ੍ਹ ਨੂੰ ਕੋਈ ਬੋਲੀ ਪੜ੍ਹਨੀ ਨਹੀਂ ਆਉਂਦੀ। ਇਹ ਤਿੰਨੇ ਗੱਲਾਂ ਤੂੰ ਕਿਸ ਬੋਲੀ ਵਿਚ ਲਿਖੀਆ ਨੇ? ਮੈਂ ਕਿਹਾ, ਜੀ ਪੰਜਾਬੀ ਦੀ ਗੁਰਮੁਖੀ ਲਿਪੀ ਵਿਚ। ਉਸਤਾਦ ਨੇ ਕਿਹਾ, ਮੈਂ ਗਜਬ ਦੀ ਦੇਖੀ ਤੇਰੀ ਗੁਰਮੁਖੀ ਲਿਪੀ! ਲਕੀਰਾਂ ਦੇ ਨਿਸ਼ਾਨ, ਤਿੰਨੇ ਥਾਂ ਇੱਕੋ ਜਿਹੇ ਨੇ, ਪਰ ਇਹ ਗੱਲਾਂ ਤਿੰਨ ਤਰਾਂ ਦੀਆਂ ਕਰ ਰਹੇ ਨੇ! ਤੂੰ ਮੈਨੂੰ ਇਹ ਲਿਪੀ ਸਿਖਾ ਯਾਰ! ਮੈਂ ਤੈਨੂੰ ਆਪਣੀ ਸਾਰੀ ਵਿਦਿਆ ਦੇ ਦਿਆਂਗਾ। ਮੈਂ ਸ਼ਰਮਿੰਦਾ ਹੋਇਆ, ਚਰਨੀਂ ਹੱਥ ਲਾਏ, ਕਿਹਾ, ਜੀ ਮੈਂ ਝੂਠ ਬੋਲਿਆ ਹੈ, ਬਾਬਾ ਜੀ ਖਿਮਾ ਕਰ ਦਿਉ, ਤਿੰਨੇ ਥਾਂਈਂ ਇਹ ਤਾਂ ਮੇਰਾ ਨਾਮ ਹੈ। ਹੱਸ ਕੇ ਬੋਲੇ, ਜੇ ਜੀਵਨ ਵਿਚ ਕੁਝ ਸਿੱਖਣਾ ਹੈ, ਆਪਣਾ ਨਾਮ ਭੁੱਲ ਜਾਹ ਪੁੱਤਰ। ਸਭ ਕੁਝ ਸਿੱਖ ਜਾਵੇਂਗਾ, ਜੇ ਆਪਣਾ ਨਾਮ ਭੁੱਲ ਜਾਵੇਂਗਾ। ਜੇ ਆਪਣਾ ਨਾਮ ਯਾਦ ਰੱਖੇਂਗਾ, ਇਸ ਤੋਂ ਬਾਅਦ ਹੋਰ ਕੁਝ ਯਾਦ ਨਹੀਂ ਕਰ ਸਕੇਂਗਾ ਤੂੰ।"

ਜਿਨ੍ਹਾਂ ਤੋਂ ਮੈਨੂੰ ਕਦੀ ਕਦਾਈਂ ਸ਼ਾਬਾਸ਼ ਮਿਲਦੀ, ਉਹ ਦੋਸਤ ਹੁਣ ਇੱਕ ਇੱਕ ਕਰਕੇ ਜਾਣ ਲੱਗੇ ਹਨ। ਪੰਜਾਬੀ ਪਿਆਰਿਆਂ ਦੀ ਨਜ਼ਰ ਇਸ ਵਕਤ ਟੈਗੋਰ ਦਾ ਗੀਤ ਭੇਟ ਕਰਦਾ ਹਾਂ,

ਮੇਰਾ ਘਰ ਛੋਟਾ ਹੈ ਨਾ ਮਾਲਕ,
ਜਿਹੜਾ ਮਹਿਮਾਨ ਚਲਾ ਜਾਂਦਾ ਹੈ,
ਮੁੜ ਕੇ ਨਹੀਂ ਆਉਦਾ।
ਤੇਰਾ ਘਰ ਵੱਡਾ, ਤੇਰਾ ਦਿਲ ਵੱਡਾ,
ਪਰਤ ਗਏ ਮਹਿਮਾਨਾਂ ਕੋਲ
ਆ ਰਿਹਾ ਹਾਂ ਮੈਂ ਵੀ।
ਮੈਨੂੰ ਦੁਬਾਰਾ ਇਸ
ਤੰਗ ਘਰ ਵਿਚ ਨਾ ਭੇਜੀਂ।

---

ਚੰਦਰਮਾ ਦੀਆਂ ਰਿਸ਼ਮਾਂ ਰਾਹੀਂ
ਅਸਮਾਨ ਧਰਤੀ ਕੋਲ
ਪ੍ਰੇਮ ਪੱਤਰ ਭੇਜਦਾ ਹੈ।
ਘਾਹ ਉਪਰ ਤਰੇਲ-ਬੂੰਦਾਂ ਦੇ
ਛੱਟੇ ਮਾਰ ਮਾਰ ਧਰਤੀ
ਖਤਾਂ ਦਾ ਜਵਾਬ ਦਿੰਦੀ ਹੈ।

# ਡਾ. ਪੁਰੀ ਦੀ ਸਿਹਤ ਦਾ ਰਾਜ਼!

ਡਾ. ਰਜੀਵ ਪੁਰੀ ਉਮਰ ਦੇ 62ਵੇਂ ਵਰ੍ਹੇ ਨੂੰ ਢੁੱਕਣ ਵਾਲੇ ਹਨ, ਪਰ ਵੇਖਣ ਨੂੰ ਇੰਜ ਜਾਪਦੇ ਨੇ, ਜਿਵੇਂ 42 ਦੇ ਹੋਣ! ਉਨ੍ਹਾਂ ਨੂੰ ਵੇਖਣ ਵਾਲਾ ਜ਼ਰੂਰ ਸੋਚਦਾ ਹੋਵੇਗਾ ਕਿ ਡਾ. ਸਾਹਿਬ ਸ਼ਾਇਦ ਕੋਈ ਅਜਿਹੀ ਦਵਾਈ ਦੀ ਪੁੜੀ ਨਿੱਤ ਖਾਂਦੇ ਹੋਣਗੇ, ਜੋ ਉਨ੍ਹਾਂ ਨੂੰ ਚੱਤੋ ਪਹਿਰ ਕਪਾਹ ਦੇ ਫੁੱਲ ਵਾਂਗ ਖਿੜਿਆ ਅਤੇ ਸਾਰੇ ਸਰੀਰ ਨੂੰ ਤੰਦਰੁਸਤ ਰੱਖਦੀ ਹੈ! ਪਰ ਡਾ. ਪੁਰੀ ਆਪਣੀ ਇਸ ਨਰੋਈ ਸਿਹਤ ਲਈ 'ਤੰਦਰੁਸਤੀ' ਦੀਆਂ ਜੋ ਪੁੜੀਆਂ ਖਾਂਦੇ ਨੇ, ਉਹ



ਡਾ. ਵਿਕਰਮ ਸੰਗਰੂਰ
ਫੋਨ: 91-98884-13836

ਸਿਰਫ ਖੁਦ ਹੀ ਨਹੀਂ ਖਾਂਦੇ, ਸਗੋਂ ਜਿੱਥੇ ਜਾਂਦੇ ਨੇ, ਇਹ 'ਤੰਦਰੁਸਤੀ ਦੀਆਂ ਪੁੜੀਆਂ' ਵੰਡਦੇ ਵੀ ਜਾਂਦੇ ਹਨ; ਪਰ ਇਨ੍ਹਾਂ ਪੁੜੀਆਂ ਨੂੰ ਖਾ ਅਤੇ ਪਚਾ ਉਹੀ ਵਿਰਲਾ ਸਕਦੈ, ਜਿਹਦਾ ਹਾਜ਼ਮਾ ਤੰਦਰੁਸਤ ਹੋਵੇ!

ਡਾ. ਪੁਰੀ ਨੇ 'ਤੰਦਰੁਸਤੀ ਦੀਆਂ ਪੁੜੀਆਂ' ਉਦੋਂ ਤੋਂ ਖਾਣੀਆਂ ਸ਼ੁਰੂ ਕਰ ਦਿੱਤੀਆਂ ਸਨ, ਜਦੋਂ ਉਨ੍ਹਾਂ ਮੈਡੀਕਲ ਕਾਲਜ ਵਿਚ ਪੜ੍ਹਾਈ ਲਈ ਪਹਿਲਾ ਕਦਮ ਰੱਖਿਆ ਸੀ। ਆਪਣੀ ਪੜ੍ਹਾਈ ਦੌਰਾਨ ਜਿਸ ਜਗ੍ਹਾ ਉਨ੍ਹਾਂ ਨੂੰ ਟ੍ਰੇਨਿੰਗ ਕਰਨ ਦਾ ਮੌਕਾ ਮਿਲਿਆ, ਉਥੇ ਮਰੀਜ਼ਾਂ ਤੋਂ ਅਸਿੱਧੇ ਰੂਪ ਵਿਚ ਵਸੂਲੀ ਜਾਂਦੀ 'ਫੀਸ' ਨੂੰ ਲੈ ਕੇ ਡਾ. ਪੁਰੀ ਦੇ ਦਿਲ ਵਿਚ ਹਮੇਸ਼ਾ ਅੱਚਵੀ ਜਿਹੀ ਲੱਗੀ ਰਹਿੰਦੀ ਸੀ। ਕੁਝ ਸਮੇਂ ਬਾਅਦ ਆਪਣੇ ਦਿਲ ਦੀ ਇਹ ਅੱਚਵੀ ਜਦੋਂ ਡਾ. ਪੁਰੀ ਨੂੰ ਸਾਂਭਣੀ ਔਖੀ ਹੋ ਗਈ ਤਾਂ ਆਪਣੇ ਸਾਥੀਆਂ ਦੇ ਰੋਕਣ ਦੇ ਬਾਵਜੂਦ ਉਨ੍ਹਾਂ ਨੇ ਨਵੇਂ ਡਾਕਟਰਾਂ ਨੂੰ ਸਿਖਾਏ ਜਾ ਰਹੇ ਫੀਸ ਵਸੂਲਣ ਦੇ ਇਨ੍ਹਾਂ 'ਗੁਰਾਂ' ਦਾ ਵਿਰੋਧ ਕਰਦਿਆਂ ਸਿਸਟਮ ਨੂੰ ਇਹ ਸੁਣਾਉਣ ਦੀ ਜੁਰਅੱਤ ਕੀਤੀ ਕਿ "ਜਿਸ ਡਾਕਟਰ ਬੂਟੇ ਨੂੰ ਖੂਨ ਨਾਲ ਸਿੰਜੋਗੇ, ਉਹ ਬੂਟਾ ਵੱਡਾ ਹੋ ਕੇ ਪਾਣੀ ਨਹੀਂ ਖੂਨ ਹੀ ਮੰਗੇਗਾ!"

ਡਾ. ਪੁਰੀ ਦੀ ਇਸ ਅਜੀਬ ਹਰਕਤ ਪਿਛੋਂ ਉਨ੍ਹਾਂ ਦੇ ਸਾਥੀਆਂ ਨੇ ਡਾ. ਪੁਰੀ ਨੂੰ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਹੁਣ ਉਨ੍ਹਾਂ ਦੀ ਡਾਕਟਰੀ ਪਾਸ ਨਹੀਂ ਹੁੰਦੀ! ਪਰ ਡਾ. ਪੁਰੀ ਨੇ ਸਿਰਫ ਡਾਕਟਰੀ ਪਾਸ ਹੀ ਨਹੀਂ ਕੀਤੀ, ਸਗੋਂ ਇੱਕ ਕਾਬਲ ਸਰਜਨ ਡਾਕਟਰ ਬਣੇ ਅਤੇ ਵੱਡੇ ਸਰਕਾਰੀ ਅਹੁਦੇ ਤੋਂ ਸੇਵਾ ਮੁਕਤ ਹੋਏ।

ਡਾ. ਪੁਰੀ ਨੂੰ ਰਿਟਾਇਰਮੈਂਟ ਪਿਛੋਂ ਸਰਕਾਰੀ ਮੋਬਾਈਲ ਮੈਡੀਕਲ ਬੱਸ ਵਿਚ ਮੈਡੀਕਲ ਅਫਸਰ ਵਜੋਂ ਚੁਣਿਆ ਗਿਆ। ਇਸ ਮੈਡੀਕਲ ਬੱਸ ਰਾਹੀਂ ਡਾ. ਪੁਰੀ ਪਿੰਡ-ਪਿੰਡ ਜਾ ਕੇ ਲੋਕਾਂ ਦੇ ਇਲਾਜ ਦੀ ਸੇਵਾ ਕਰ ਰਹੇ ਹਨ। ਜਦੋਂ ਉਹ ਇਸ ਬੱਸ ਰਾਹੀਂ ਵਾਪਸ ਪਰਤਦੇ ਹਨ ਤਾਂ ਸ਼ਾਇਦ ਹੀ ਕੋਈ ਅਜਿਹਾ ਦਿਨ ਹੋਵੇ ਕਿ ਉਨ੍ਹਾਂ ਦੇ ਕੱਪੜੇ ਵੱਟਾਂ ਨਾਲ ਨਾ ਭਰੇ ਹੋਣ ਅਤੇ ਉਨ੍ਹਾਂ ਦੇ ਬੂਟਾਂ ਉਤੇ ਪਿੰਡਾਂ ਦੀਆਂ ਗਲੀਆਂ ਦੀ ਧੂੜ ਨਾ ਜੰਮੀ ਹੋਵੇ। ਇੱਕ ਵਾਰ ਡਾ. ਸਾਹਿਬ ਦੇ ਧੂੜ ਨਾਲ ਭਰੇ ਬੂਟਾਂ ਦੀ ਹਾਲਤ ਦੇਖ ਕੇ ਕਿਸੇ ਸੱਜਣ ਨੇ ਉਨ੍ਹਾਂ ਨੂੰ ਮਖੌਲ ਕਰਦਿਆਂ ਕਿਹਾ ਕਿ ਆਪਣੇ ਬੂਟਾਂ ਨੂੰ 'ਗੰਦਗੀ' ਤੋਂ ਤਾਂ ਸਾਫ ਰੱਖੋ ਡਾ. ਸਾਹਿਬ! ਉਸ ਸੱਜਣ ਦੀ ਇਹ ਗੱਲ ਸੁਣ ਕੇ ਡਾ. ਪੁਰੀ ਮੁਸਕਰਾਉਣ ਲੱਗੇ ਅਤੇ ਉਨ੍ਹਾਂ ਬਿਨਾ ਕੁਝ ਬੋਲੇ ਆਪਣੇ ਬੂਟਾਂ ਉਤੇ ਲੱਗੀ ਧੂੜ ਉਤੇ ਹੱਥ ਲਾਇਆ ਅਤੇ ਉਸ ਧੂੜ ਨੂੰ ਆਪਣੇ ਮੱਥੇ ਉਤੇ ਟਿੱਕੇ ਵਾਂਗ ਲਾ ਲਿਆ!

ਡਾ. ਪੁਰੀ ਦੀ ਇਸ ਬਿਨ ਬੋਲੇ ਬਹੁਤ ਕੁਝ ਆਖ ਸੁਣਾਉਣ ਵਾਲੀ ਅਦਾ ਦੇਖ ਕੇ ਮੈਨੂੰ ਇੱਕ ਘਟਨਾ ਯਾਦ ਆ ਗਈ, ਜਦੋਂ ਡਾ. ਸਾਹਿਬ ਨੂੰ ਇੱਕ ਵਾਰ ਕਿਸੇ ਨੇ ਲਿਫਾਫੇ ਉਤੇ 'ਨਾਵਾਂ' ਲਿਖ ਕੇ ਭੇਜਿਆ ਸੀ। ਜਦੋਂ ਡਾ. ਸਾਹਿਬ ਨੂੰ ਇਹ ਲਿਫਾਫਾ ਮਿਲਿਆ ਤਾਂ ਉਨ੍ਹਾਂ ਉਸ ਲਿਫਾਫੇ ਉਤੇ ਇਹ ਲਿਖ ਕੇ ਇਸ ਨੂੰ ਵਾਪਸ ਮੋੜ ਦਿੱਤਾ,



"ਨਾਵਾਂ ਭੇਜਣ ਲਈ ਤੁਹਾਡਾ ਸ਼ੁਕਰੀਆ ਜੀ। ਪਰ ਮੇਰੀ ਅਤੇ ਮੇਰੇ ਡਾਕਟਰੀ ਪੇਸ਼ੇ ਦੀ ਇਹ ਨੈਤਿਕਤਾ ਹੈ ਕਿ ਡਿਊਟੀ ਦੌਰਾਨ ਅਤੇ ਬਾਅਦ ਵਿਚ ਆਪਣੇ ਮਰੀਜ਼ ਜਾਂ ਉਸ ਨਾਲ ਸਬੰਧਤ ਕਿਸੇ ਤੋਂ ਵੀ, ਕਿਸੇ ਵੀ ਤਰੀਕੇ ਨਾਲ ਪੈਸੇ ਜਾਂ ਤੋਹਫੇ ਲੈਣਾ ਮੇਰੇ ਲਈ ਕਤਲ ਕਰਨ ਤੋਂ ਵੀ ਵੱਡਾ ਗੁਨਾਹ ਹੈ! ਮੇਰੇ ਲਈ ਮੇਰੇ ਮਰੀਜ਼ 'ਰੱਬ' ਹਨ। ਤੁਸੀਂ ਪੈਸਿਆਂ ਦਾ ਭਰਿਆ ਇਹ ਲਿਫਾਫਾ ਕਿਸੇ ਗਰੀਬ ਜਾਂ ਜ਼ਰੂਰਤਮੰਦ ਮਰੀਜ਼ ਨੂੰ ਦੇ ਦੇਣਾ ਜਾਂ ਫਿਰ ਮੇਰੇ ਉਸ ਮਰੀਜ਼ ਨੂੰ, ਜੋ ਤੁਹਾਡੇ ਕੋਲ ਅਗਲੀ ਵਾਰ ਆਵੇਗਾ!"

ਡਾ. ਸਾਹਿਬ ਕੋਲ ਇਸ ਲਿਫਾਫੇ ਤੋਂ ਬਾਅਦ ਅੱਜ ਤੱਕ ਕੋਈ ਅਜਿਹਾ ਲਿਫਾਫਾ ਨਹੀਂ ਆਇਆ, ਜਿਸ ਉਤੇ ਉਨ੍ਹਾਂ ਦੇ ਨਾਮ ਅੱਗੇ 'ਨਾਵਾਂ' ਲਿਖਿਆ ਹੋਵੇ, ਸਗੋਂ ਉਨ੍ਹਾਂ ਨੂੰ ਮਰੀਜ਼ਾਂ ਦੇ ਹਜ਼ਾਰਾਂ ਅਜਿਹੇ ਲਿਫਾਫੇ ਜ਼ਰੂਰ ਆਏ ਹਨ, ਜਿਨ੍ਹਾਂ ਉਤੇ ਉਨ੍ਹਾਂ ਦੇ ਨਾਮ ਅੱਗੇ 'ਸਤਿਕਾਰਯੋਗ' ਲਿਖਿਆ ਹੁੰਦਾ ਹੈ!

ਬੇਸ਼ੱਕ ਮਰੀਜ਼ ਡਾਕਟਰ ਨੂੰ ਰੱਬ ਆਖਦੇ ਨੇ, ਪਰ ਡਾ. ਰਜੀਵ ਪੁਰੀ ਦਾ ਆਪਣੇ ਮਰੀਜ਼ਾਂ ਨੂੰ ਰੱਬ ਕਹਿਣਾ, ਸਿਰਫ ਕਹਿਣਾ ਹੀ ਨਹੀਂ ਸਗੋਂ ਮੰਨਣਾ ਵੀ ਹੈ! ਕੁਝ ਦਿਨ ਪਹਿਲਾਂ ਜਦੋਂ ਮੈਂ ਸਿਵਲ ਹਸਪਤਾਲ ਸੰਗਰੂਰ ਵਿਖੇ ਡਾ. ਸਾਹਿਬ ਨੂੰ ਮਿਲਿਆ ਤਾਂ ਇੰਜ ਲੱਗ ਰਿਹਾ ਸੀ ਕਿ ਉਹ ਕਿਸੇ ਦੀ ਅੱਡੀਆਂ ਚੁੱਕ ਕੇ ਉਡੀਕ ਕਰ ਰਹੇ ਹੋਣ। ਡਾ. ਸਾਹਿਬ ਨੇ ਦੱਸਿਆ ਕਿ ਉਹ ਇੱਕ ਮਰੀਜ਼ ਦੀ ਉਡੀਕ ਕਰ ਰਹੇ ਹਨ। ਇੰਨਾ ਆਖ ਕੇ ਉਨ੍ਹਾਂ ਉਸ ਮਰੀਜ਼ ਦੇ ਬੇਟੇ ਨੂੰ ਫੋਨ ਕੀਤਾ ਅਤੇ ਕਿਹਾ, "ਮੈਂ ਤੁਹਾਡੀ ਉਡੀਕ ਕਰ ਰਿਹਾਂ, ਆ ਜਾਓ ਹਸਪਤਾਲ।"

ਡਾ. ਸਾਹਿਬ ਦੀ ਇਹ ਅਜੀਬ ਹਰਕਤ ਦੇਖ ਕੇ ਮੈਨੂੰ ਬਹੁਤ ਹੈਰਾਨੀ ਹੋਈ, ਕਿਉਂਕਿ ਮੈਂ ਹਮੇਸ਼ਾ ਇਹੀ ਦੇਖਿਆ ਸੀ ਕਿ ਮਰੀਜ਼ ਡਾਕਟਰ ਦੀ ਉਡੀਕ ਕਰਦੇ ਹਨ, ਪਰ ਕੋਈ ਡਾ. ਮਰੀਜ਼ ਦੀ ਉਡੀਕ ਕਰਦਾ ਹੋਵੇ, ਇਹ ਪਹਿਲੀ ਵਾਰ ਦੇਖਿਆ ਸੀ!

ਡਾ. ਸਾਹਿਬ ਨੇ ਜਦੋਂ ਫੋਨ ਕੱਟਿਆ ਦਾ ਉਹ ਦੱਸਣ ਲੱਗੇ ਕਿ ਇਹ ਮੁੰਡਾ ਮੈਨੂੰ ਕੱਲ੍ਹ ਮੰਦਿਰ ਵਿਚ ਮਿਲਿਆ ਸੀ, ਜੋ ਬਹੁਤ ਰੋ ਰਿਹਾ ਸੀ। ਜਦੋਂ ਮੈਂ ਉਸ ਨਾਲ ਗੱਲ ਕੀਤੀ ਤਾਂ ਦੱਸਿਆ ਕਿ ਉਸ ਦੇ ਪਿਤਾ ਜੀ ਨੂੰ ਦਿਲ ਦੀ ਅਚਾਨਕ ਕੋਈ ਸਮੱਸਿਆ ਹੋ ਗਈ। ਜਦੋਂ ਉਹ ਇਲਾਜ ਲਈ ਇੱਕ ਪ੍ਰਾਈਵੇਟ ਹਸਪਤਾਲ ਗਿਆ ਤਾਂ ਉਨ੍ਹਾਂ ਕਿਹਾ ਕਿ ਪਹਿਲਾਂ ਇੱਕ ਲੱਖ ਰੁਪਏ ਜਮ੍ਹਾ ਕਰਵਾ, ਫਿਰ ਇਲਾਜ ਸ਼ੁਰੂ ਕਰਾਂਗੇ! ਉਸ ਮੁੰਡੇ ਨੇ ਕਿਹਾ, ਮੈਂ ਇੰਨੇ ਪੈਸੇ ਕਿੱਥੋਂ ਲਿਆਵਾਂਗਾ?

ਡਾ. ਸਾਹਿਬ ਮੈਨੂੰ ਇਹ ਗੱਲ ਸੁਣਾ ਹੀ ਰਹੇ ਸਨ ਕਿ ਇੰਨੇ ਨੂੰ ਉਹ ਮੁੰਡਾ ਸਾਡੇ ਕੋਲ ਪਹੁੰਚ ਗਿਆ। ਡਾ. ਪੁਰੀ ਕਹਿੰਦੇ, ਮੈਂ ਚੰਡੀਗੜ੍ਹ ਆਪਣੇ ਇੱਕ ਦੋਸਤ ਡਾਕਟਰ ਨਾਲ ਤੁਹਾਡੇ ਪਿਤਾ ਜੀ ਦੇ ਇਲਾਜ ਦੀ ਗੱਲ ਕੀਤੀ ਹੈ, ਤੁਸੀਂ ਜਲਦ ਉਨ੍ਹਾਂ ਨਾਲ ਗੱਲ ਕਰ ਲਓ। ਇੱਕ ਲੱਖ ਛੱਡੋ ਸਗੋਂ ਇਲਾਜ ਲਈ ਤੁਹਾਡਾ ਇੱਕ ਰੁਪਇਆ ਵੀ ਨਹੀਂ ਲੱਗਣਾ ਅਤੇ ਤੁਹਾਡੇ ਪਿਤਾ ਜੀ ਬਿਲਕੁਲ ਠੀਕ ਹੋ ਜਾਣਗੇ। ਡਾ. ਪੁਰੀ ਦੇ ਮੂੰਹੋਂ ਇੰਨੀ ਗੱਲ ਸੁਣ ਕੇ ਉਸ ਮੁੰਡੇ ਦਾ ਚਿਹਰਾ ਖੁਸ਼ੀ ਅਤੇ ਉਮੀਦ ਨਾਲ ਭਰ ਗਿਆ!

ਉਸ ਮੁੰਡੇ ਨੂੰ ਮਿਲ ਕੇ ਜਦੋਂ ਅਸੀਂ ਹਸਪਤਾਲ ਤੋਂ ਬਾਹਰ ਵੱਲ ਜਾਣ ਲੱਗੇ ਤਾਂ ਕੁਝ ਡਾਕਟਰ ਸਾਥੀਆਂ ਨੇ ਡਾ. ਪੁਰੀ ਨੂੰ ਮਜ਼ਾਕੀਆ ਲਹਿਜ਼ੇ ਵਿਚ ਕਿਹਾ ਕਿ ਡਾ. ਪੁਰੀ ਆਪਣੀ ਸਿਹਤ ਦਾ ਰਾਜ਼ ਤਾਂ ਦੱਸਦੇ ਜਾਓ!

ਡਾ. ਪੁਰੀ ਨੇ ਹੱਸਦਿਆਂ ਉਨ੍ਹਾਂ ਸਭ ਨੂੰ ਕਿਹਾ, ਮੈਂ ਆਪਣੀ ਸਿਹਤ ਦਾ ਰਾਜ਼ ਤੁਹਾਨੂੰ ਦੱਸ ਤਾਂ ਦੇਵਾਂ, ਪਰ ਤੁਹਾਡੇ ਤੋਂ ਇਸ ਦਾ 'ਇਲਾਜ' ਨਹੀਂ ਹੋਣਾ! ਜਦੋਂ ਉਹ ਡਾਕਟਰ ਮਜ਼ਾਕ ਕਰਨ ਤੋਂ ਨਾ ਮੁੜੇ ਤਾਂ ਫਿਰ ਡਾ. ਪੁਰੀ ਨੇ ਉਨ੍ਹਾਂ ਨੂੰ ਕਿਹਾ, "ਤੁਹਾਡੇ ਕੋਲ ਜਿੰਨੇ ਵੀ ਮੋਟਰ ਸਾਈਕਲ, ਕਾਰਾਂ, ਸਕੂਟਰ ਨੇ ਸਭ ਵੇਚ ਦਿਓ! ਪੈਦਲ ਆਇਆ ਕਰੋ ਡਿਊਟੀ ਕਰਨ...।"

ਡਾ. ਪੁਰੀ ਇੰਨਾ ਆਖ ਕੇ ਮੁੜ 'ਪੈਦਲ' ਤੁਰ ਪਏ! ਉਨ੍ਹਾਂ ਪਿੱਛੋਂ ਸਾਰੇ ਡਾਕਟਰਾਂ ਦੀ ਟੋਲੀ ਖਾਮੋਸ਼ ਸੀ ਤੇ ਡਾ. ਪੁਰੀ ਆਪਣੀ ਮਸਤੀ ਵਿਚ ਖੀਵੇ ਹੋ ਕੇ ਰਾਹ ਵਿਚ ਹਰ ਇੱਕ ਨੂੰ ਮਿਲਦੇ ਹੋਏ, ਹੱਸਦੇ ਘਰ ਪੈਦਲ ਤੁਰੇ ਜਾ ਰਹੇ ਸਨ!

ਪੈਦਲ ਤੁਰਦੇ-ਤੁਰਦੇ ਡਾ. ਪੁਰੀ ਨੇ ਹੌਲੀ ਜਿਹੇ ਮੇਰੇ ਕੰਨ ਵਿਚ ਹੱਸਦਿਆਂ ਅਚਾਨਕ ਕਿਹਾ, "ਹਾਲੇ ਮੈਂ ਇਨ੍ਹਾਂ ਡਾਕਟਰਾਂ ਨੂੰ ਆਪਣੀ ਸਿਹਤ ਦਾ ਪੂਰਾ ਰਾਜ਼ ਨਹੀਂ ਦੱਸਿਆ! ਮੇਰੀ ਸਿਹਤ ਦਾ ਅਸਲ ਰਾਜ਼ ਪਤਾ ਕੀ ਹੈ? ਮੇਰੀ ਸਿਹਤ ਦਾ ਅਸਲ ਰਾਜ਼ ਉਸ ਬਿਮਾਰ ਪਿਓ ਦੇ ਮੁੰਡੇ ਦੇ ਚਿਹਰੇ ਦੀ ਉਹ ਖੁਸ਼ੀ ਅਤੇ ਉਮੀਦ ਹੈ, ਜੋ ਹੁਣੇ-ਹੁਣੇ ਮੈਂ ਹਸਪਤਾਲ ਤੋਂ ਲੈ ਕੇ ਆਪਣੇ ਘਰ ਜਾ ਰਿਹਾਂ...!"

# ਰੈਫਰੈਂਡਮ 2020 ਦੀ ਸਿਆਸਤ ਦਾ ਸੱਚ

## ਸਿੱਖ ਸਿਆਸਤ

*'ਪੰਜਾਬ ਟਾਈਮਜ਼' ਦੇ ਪਿਛਲੇ ਕੁਝ ਅੰਕਾਂ ਤੋਂ ਸਿੱਖ ਸਿਆਸਤ ਦੇ ਵੱਖ-ਵੱਖ ਪਸਾਰਾਂ ਬਾਰੇ ਵਿਚਾਰ-ਚਰਚਾ ਚੱਲ ਰਹੀ ਹੈ। ਇਸ ਚਰਚਾ ਵਿਚ ਵੱਖ-ਵੱਖ ਵਿਦਵਾਨਾਂ ਨੇ ਆਪੋ-ਆਪਣੇ ਪੱਖ ਪਾਠਕਾਂ ਨਾਲ ਸਾਂਝੇ ਕੀਤੇ ਹਨ। ਇਨ੍ਹਾਂ ਲਿਖਾਰੀਆਂ ਵਿਚ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ (ਕੈਨੇਡਾ) ਵੀ ਸ਼ਾਮਲ ਰਹੇ ਹਨ। ਐਤਕੀਂ ਉਨ੍ਹਾਂ ਨੇ ਰੈਫਰੈਂਡਮ 2020 ਬਾਰੇ ਇਹ ਲੇਖ ਭੇਜਿਆ ਹੈ, ਜਿਸ ਵਿਚ ਉਨ੍ਹਾਂ ਰੈਫਰੈਂਡਮ 2020 ਅਤੇ ਇਸ ਨੂੰ ਚਲਾਉਣ ਵਾਲਿਆਂ ਬਾਰੇ ਕੁਝ ਤਿੱਖੀਆਂ ਹਕੀਕੀ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ*

ਅਮਰੀਕਾ ਵਿਚ 2007 'ਚ ਕੁਝ ਖਾਲਿਸਤਾਨੀ ਜਥੇਬੰਦੀਆਂ ਨੇ ਨਵੀਂ ਜਥੇਬੰਦੀ 'ਸਿੱਖਸ ਫਾਰ ਜਸਟਿਸ' ਬਣਾਈ ਸੀ ਜਿਸ ਦਾ ਮੁੱਖ ਮਕਸਦ ਸਿੱਖਾਂ ਨਾਲ ਨਵੰਬਰ 1984 ਵਿਚ ਦਿੱਲੀ ਤੇ ਭਾਰਤ ਦੇ ਕੁਝ ਹੋਰ ਹਿੱਸਿਆਂ ਵਿਚ ਵਾਪਰੇ ਸ਼ਰਮਨਾਕ ਕਤਲੇਆਮ ਨੂੰ ਯੁਨਾਈਟਡ ਨੇਸ਼ਨ ਤੋਂ 'ਸਿੱਖ ਜੈਨੋਸਾਈਡ' (ਸਿੱਖ ਨਸਲਕੁਸ਼ੀ) ਵਜੋਂ ਮਾਨਤਾ ਦਿਵਾਉਣਾ ਸੀ। ਨਿਊ ਯਾਰਕ (ਅਮਰੀਕਾ) ਦੇ ਵਕੀਲ ਗੁਰਪਤਵੰਤ ਸਿੰਘ ਪਨੂੰ ਨੂੰ ਇਸ ਜਥੇਬੰਦੀ ਦਾ ਕਾਨੂੰਨੀ ਸਲਾਹਕਾਰ ਬਣਾਇਆ ਗਿਆ। ਇਸ ਦੇ ਕੋਈ ਹੋਰ ਅਹੁਦੇਦਾਰ ਹਨ ਜਾਂ ਹੋਰ ਕਿਹੜੀਆਂ ਜਥੇਬੰਦੀਆਂ ਤੋਂ ਇਸ ਨੂੰ ਮਾਨਤਾ ਪ੍ਰਾਪਤ ਹੈ, ਬਾਰੇ ਕਦੇ ਨਹੀਂ ਦੱਸਿਆ ਗਿਆ। ਇਨ੍ਹਾਂ ਦੀ ਵੈਬਸਾਈਟ ਅਨੁਸਾਰ ਜਥੇਬੰਦੀ ਦੇ ਅਮਰੀਕਾ ਤੋਂ ਇਲਾਵਾ ਕੈਨੇਡਾ ਤੇ ਇੰਗਲੈਂਡ ਵਿਚ ਵੀ ਦਫਤਰ ਹਨ। ਇਸ ਜਥੇਬੰਦੀ ਦੀਆਂ ਪਿਛਲੇ 13 ਸਾਲ ਦੀਆਂ ਸਰਗਰਮੀਆਂ ਅਨੁਸਾਰ

**ਹਰਚਰਨ ਸਿੰਘ ਪਰਹਾਰ**
ਫੋਨ: 403-681-8689
Email: hp8689@gmail.com

ਗੁਰਪਤਵੰਤ ਸਿੰਘ ਪਨੂੰ ਹੀ ਇਸ ਦੇ ਇੱਕੋ-ਇੱਕ ਕਰਤਾ-ਧਰਤਾ ਹਨ ਜਾਂ ਕੁਝ ਸਾਲਾਂ ਤੋਂ ਜਤਿੰਦਰ ਸਿੰਘ ਗਰੇਵਾਲ ਇਸ ਦੇ ਇੰਟਰਨੈਸ਼ਨਲ ਪਾਲਿਸੀ ਡਾਇਰੈਕਟਰ ਹਨ। ਇਸ ਜਥੇਬੰਦੀ ਨੇ 'ਸਿੱਖ ਜੈਨੋਸਾਈਡ' (ਸਿੱਖ ਨਸਲਕੁਸ਼ੀ) ਵਾਲਾ ਮੁੱਦਾ ਕੁਝ ਸਾਲ ਚਲਾ ਕੇ ਬਿਨਾ ਕੁਝ ਦੱਸੇ ਅਚਾਨਕ 2011 ਵਿਚ ਭਾਰਤ ਤੋਂ ਕੈਨੇਡਾ/ਅਮਰੀਕਾ ਵਿਚ ਆਉਣ ਵਾਲੇ ਕਾਂਗਰਸੀ ਲੀਡਰਾਂ ਨੂੰ ਨਵੰਬਰ 84 ਦੇ ਸਿੱਖ ਕਤਲੇਆਮ ਲਈ ਕੋਰਟ ਦੇ ਸੰਮਨ ਦੇਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿਚ ਕਮਲ ਨਾਥ, ਸੋਨੀਆ ਗਾਂਧੀ, ਰਾਹੁਲ ਗਾਂਧੀ, ਮਨਮੋਹਨ ਸਿੰਘ ਦੇ ਨਾਮ ਵਰਨਣਯੋਗ ਹਨ। ਬੇਸ਼ਕ ਬਾਅਦ ਵਿਚ ਅਮਰੀਕਨ ਕੋਰਟ ਨੇ ਇਹ ਸਾਰੇ ਸੰਮਨ ਇਹ ਕਹਿ ਕੇ ਰੱਦ ਕਰ ਦਿਤੇ ਸਨ ਕਿ ਇਹ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ। ਇਸ ਜਥੇਬੰਦੀ ਨੂੰ ਵੀ ਭਾਵੇਂ ਪਹਿਲਾਂ ਹੀ ਪਤਾ ਸੀ ਕਿ ਇਨ੍ਹਾਂ ਸੰਮਨਾਂ ਦੀ ਕੋਈ ਅਹਿਮੀਅਤ ਨਹੀਂ।



ਗੁਰਪਤਵੰਤ ਸਿੰਘ ਪੰਨੂ



ਜਤਿੰਦਰ ਸਿੰਘ ਗਰੇਵਾਲ

ਫਿਰ ਅਚਾਨਕ ਇਸ ਜਥੇਬੰਦੀ ਨੇ ਜੂਨ, 2014 ਵਿਚ ਐਲਾਨ ਕੀਤਾ ਕਿ ਨਵੰਬਰ 2020 ਵਿਚ ਦੁਨੀਆ ਭਰ ਵਿਚ ਵਸਦੇ ਸਿੱਖਾਂ ਕੋਲੋਂ ਸਿੱਖ ਵਸੋਂ ਵਾਲੇ 20 ਦੇਸ਼ਾਂ ਵਿਚ ਰੈਫਰੈਂਡਮ (ਰਾਇਸ਼ੁਮਾਰੀ) ਕਰਵਾ ਕੇ ਫੈਸਲਾ ਕੀਤਾ ਜਾਵੇਗਾ ਕਿ ਸਿੱਖ ਭਾਰਤ ਨਾਲ ਰਹਿਣਾ ਚਾਹੁੰਦੇ ਹਨ ਜਾਂ ਭਾਰਤ ਤੋਂ ਅੱਡ ਹੋ ਕੇ ਵੱਖਰਾ ਦੇਸ਼ 'ਖਾਲਿਸਤਾਨ' ਚਾਹੁੰਦੇ ਹਨ? ਪਿਛਲੇ ਸਾਲ ਇਸ ਜਥੇਬੰਦੀ ਨੂੰ ਭਾਰਤ ਸਰਕਾਰ ਨੇ ਅਤਿਵਾਦ ਨੂੰ ਉਤਸ਼ਾਹਿਤ ਕਰਨ ਵਾਲੀ ਜਥੇਬੰਦੀ ਕਹਿ ਕੇ ਇਸ 'ਤੇ ਪਾਬੰਦੀ ਲਾ ਦਿੱਤੀ। ਕੁਝ ਮਹੀਨੇ ਪਹਿਲਾਂ ਭਾਰਤ ਸਰਕਾਰ ਵਲੋਂ ਗੁਰਪਤਵੰਤ ਸਿੰਘ ਪਨੂੰ ਨੂੰ ਅਤਿਵਾਦੀ ਐਲਾਨ ਦਿੱਤਾ ਗਿਆ ਸੀ। ਇਸੇ ਲੜੀ ਵਿਚ ਪਿਛਲੇ ਕੁਝ ਮਹੀਨੀਆਂ ਤੋਂ 'ਰੈਫਰੈਂਡਮ 2020' ਲਈ ਕੰਮ ਕਰ ਰਹੇ ਕੁਝ ਸਿੱਖ ਨੌਜਵਾਨਾਂ ਨੂੰ ਦੇਸ਼ ਧ੍ਰੋਹ ਦੇ ਕੇਸਾਂ ਹੇਠ ਗ੍ਰਿਫਤਾਰ ਵੀ ਕੀਤਾ ਗਿਆ ਹੈ ਜਿਸ ਦੀ ਪਿਛਲੇ ਕੁਝ ਦਿਨਾਂ ਤੋਂ ਮੀਡੀਆ ਵਿਚ ਬੜੀ ਚਰਚਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ 'ਰੈਫਰੈਂਡਮ 2020' ਬਾਰੇ ਗੱਲ ਕਰੀਏ, ਸਾਨੂੰ ਰੈਫਰੈਂਡਮ (Referendum), ਸਵੈ-ਨਿਰਣੇ (Self Determination) ਦਾ ਹੱਕ ਆਦਿ ਵਰਗੇ ਭਾਰੇ-ਭਾਰੇ ਸ਼ਬਦਾਂ ਬਾਰੇ ਵੀ ਜਾਣ ਲੈਣਾ ਚਾਹੀਦਾ ਹੈ। 'ਰੈਫਰੈਂਡਮ' ਦਾ ਮਤਲਬ ਹੈ ਕਿ ਆਮ ਲੋਕਾਂ ਵਲੋਂ ਕਿਸੇ ਦੇਸ਼ ਦੀ ਸਰਕਾਰ ਜਾਂ ਗੈਰ ਸਰਕਾਰੀ ਸੰਸਥਾ ਨੂੰ ਕਿਸੇ ਖਾਸ ਮੁੱਦੇ 'ਤੇ ਵੋਟਿੰਗ ਰਾਹੀਂ ਆਪਣੀ ਰਾਏ ਦੇਣਾ। ਇਸ ਵਿਚ ਆਮ ਤੌਰ 'ਤੇ ਲੋਕਾਂ ਤੋਂ ਸਿਰਫ 'ਹਾਂ' ਜਾਂ 'ਨਾਂਹ' ਵਿਚ ਹੀ ਜਵਾਬ ਮੰਗਿਆ ਜਾਂਦਾ ਹੈ। ਅਜਿਹੇ ਰੈਫਰੈਂਡਮ ਸਰਕਾਰਾਂ ਵਲੋਂ ਵੀ ਤੇ ਗੈਰ ਸਰਕਾਰੀ ਸੰਸਥਾਵਾਂ ਵਲੋਂ ਵੀ ਕਰਵਾਏ ਜਾਂਦੇ ਹਨ ਪਰ ਲੋਕਾਂ ਦੀ ਰਾਏ ਨੂੰ 'ਮਾਨਤਾ' ਦਿੱਤੀ ਜਾਵੇ ਜਾਂ ਨਾ, ਇਹ ਸਬੰਧਤ ਧਿਰਾਂ ਦੀ ਮਰਜ਼ੀ 'ਤੇ ਹੈ। 'ਸਿੱਖਸ ਫਾਰ ਜਸਟਿਸ' ਵਲੋਂ ਕਰਵਾਏ ਜਾ ਰਹੇ ਰੈਫਰੈਂਡਮ ਨੂੰ ਯੂਨਾਈਟਡ ਨੇਸ਼ਨ ਸਮੇਤ ਅਜੇ ਤੱਕ ਕਿਸੇ ਵੀ ਦੇਸ਼ ਵਲੋਂ ਮਾਨਤਾ ਨਹੀਂ ਦਿੱਤੀ ਗਈ, ਇਥੋਂ ਤੱਕ ਕਿ ਪਾਕਿਸਤਾਨ ਨੇ ਵੀ ਮਾਨਤਾ ਨਹੀਂ ਦਿੱਤੀ, ਜਿਥੋਂ ਪਨੂੰ ਨੇ ਪੱਕਾ ਹੈਡਕੁਆਰਟਰ ਬਣਾ ਕੇ ਵੋਟਿੰਗ ਕਰਨ ਦਾ ਐਲਾਨ ਕੀਤਾ ਸੀ। ਖੁੱਲ੍ਹੇ ਰੂਪ ਵਿਚ ਸਿੱਖਾਂ ਦੀ ਵੀ ਕਿਸੇ ਵੱਡੀ ਸੰਸਥਾ ਨੇ ਇਸ ਨੂੰ ਅਜੇ ਤੱਕ ਕੋਈ ਮਾਨਤਾ ਨਹੀਂ ਦਿੱਤੀ। ਪਿਛਲੇ ਦਿਨੀਂ ਮੀਡੀਆ ਵਿਚ ਆਈਆਂ ਖਬਰਾਂ ਅਨੁਸਾਰ ਕੈਨੇਡਾ ਤੇ ਇੰਗਲੈਂਡ ਨੇ ਇਸ ਰੈਫਰੈਂਡਮ ਨੂੰ ਕਿਸੇ ਤਰ੍ਹਾਂ ਦੀ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਸੀ।

'ਸੈਲਫ ਡਿਟਰਮੀਨੇਸ਼ਨ' ਤੋਂ ਭਾਵ ਹੈ, 'ਸਵੈ-ਨਿਰਣੇ' ਦਾ ਹੱਕ। ਦੂਜੀ ਸੰਸਾਰ ਜੰਗ ਵਿਚ ਹੋਈ ਮਨੁੱਖੀ ਤਬਾਹੀ ਤੋਂ ਬਾਅਦ ਵੱਡੀਆਂ ਤਾਕਤਾਂ ਨੇ ਭਵਿਖ ਵਿਚ ਅਜਿਹਾ ਵਾਪਰਨ ਤੋਂ ਰੋਕਣ ਲਈ ਸੰਯੁਕਤ ਰਾਸ਼ਟਰ (ਯੂਨਾਈਟਿਡ ਨੇਸ਼ਨ - ਯੂ.ਐਨ.) ਨਾਮ ਦੀ ਸੰਸਥਾ ਬਣਾਈ ਸੀ ਤਾਂ ਕਿ ਸਾਰੇ ਦੇਸ਼ਾਂ ਦੀ ਕੋਈ ਅਜਿਹੀ ਸਾਂਝੀ ਸੰਸਥਾ ਹੋਵੇ, ਜਿਥੇ ਭਵਿਖ ਦੇ ਕਿਸੇ ਟਕਰਾਅ ਵੇਲੇ ਰਲ-ਮਿਲ ਕੇ ਕੋਈ ਹੱਲ ਕੱਢਿਆ ਜਾ ਸਕੇ। ਬੇਸ਼ਕ ਜਿਸ ਮਕਸਦ ਲਈ ਇਹ ਸੰਸਥਾ ਬਣੀ ਸੀ, ਉਹ ਆਪਣਾ ਰੋਲ ਅਦਾ ਨਹੀਂ ਕਰ ਸਕੀ ਤੇ ਨਾ ਹੀ ਆਪਣੀ ਆਜ਼ਾਦ ਹਸਤੀ ਕਾਇਮ ਕਰ ਸਕੀ, ਸਗੋਂ ਇਹ ਸੰਸਥਾ ਵੱਡੀਆਂ ਤਾਕਤਾਂ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੀ ਕਠਪੁਤਲੀ ਸੰਸਥਾ ਬਣ ਗਈ ਪਰ ਇਸ ਸੰਸਥਾ ਦੇ ਮੁਢਲੇ ਅਸੂਲਾਂ ਵਿਚ ਜਿਥੇ ਮਨੁੱਖ ਦੇ ਨਿੱਜੀ ਹੱਕਾਂ ਦੀ ਜ਼ਾਮਨੀ ਭਰੀ ਗਈ ਹੈ, ਉਥੇ ਛੋਟੇ ਦੇਸ਼ਾਂ, ਛੋਟੀਆਂ ਕੌਮਾਂ, ਫਿਰਕਿਆਂ ਨੂੰ ਵੱਡੇ ਦੇਸ਼ਾਂ ਜਾਂ ਕੌਮਾਂ ਤੋਂ ਬਚਾਉਣ ਲਈ ਉਨ੍ਹਾਂ ਦੇ ਹੱਕਾਂ ਦੀ ਰਾਖੀ ਦੀ ਗੱਲ ਕੀਤੀ ਗਈ ਹੈ; ਬੇਸ਼ਕ ਅਜਿਹਾ ਅਜੇ ਤੱਕ ਸੰਭਵ ਨਹੀਂ ਹੋਇਆ ਕਿ ਕਿਸੇ ਛੋਟੇ ਦੇਸ਼ ਜਾਂ ਫਿਰਕੇ ਦੇ ਹੱਕ ਵਿਚ ਵੱਡੀਆਂ ਤਾਕਤਾਂ ਦੀ ਸਹਿਮਤੀ ਤੋਂ ਬਿਨਾ ਕੋਈ ਫੈਸਲਾ ਹੋਇਆ ਹੋਵੇ।

'ਸਿੱਖ ਰੈਫਰੈਂਡਮ 2020' ਅਤੇ 'ਸਿੱਖ ਸਵੈ-ਨਿਰਣੇ' ਦੀ ਮੰਗ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਯੂ.ਐਨ. ਦੇ ਚਾਰਟਰ ਅਨੁਸਾਰ ਸਾਰੇ ਲੋਕਾਂ ਨੂੰ ਸਵੈ-ਨਿਰਣੇ ਦਾ ਹੱਕ ਹੈ ਤਾਂ ਕਿ ਉਹ ਰਾਜਨੀਤਕ ਤੌਰ 'ਤੇ ਆਰਥਿਕਤਾ, ਸਮਾਜਿਕ ਕਦਰਾਂ-ਕੀਮਤਾਂ ਅਤੇ ਸਭਿਆਚਾਰ ਨੂੰ ਆਜ਼ਾਦੀ ਨਾਲ ਮਾਣ ਸਕਣ। ਇਸ ਵਿਚ 'ਧਰਮ' ਦਾ ਕਿਤੇ ਜ਼ਿਕਰ ਨਹੀਂ, ਤੇ ਨਾ ਹੀ ਧਰਮ ਆਧਾਰਿਤ ਸਟੇਟ ਬਣਾਉਣ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਲੋਕਤੰਤਰ ਸਹੀ ਢੰਗ ਨਾਲ ਤਾਂ ਹੀ ਕੰਮ ਕਰ ਸਕਦਾ ਹੈ, ਜੇ ਸਟੇਟ ਧਰਮ ਨਿਰਪੱਖ (Secular) ਹੋਵੇ। ਜੇ ਸਟੇਟ ਦਾ ਕੋਈ ਧਰਮ ਹੋਵੇ ਤਾਂ ਦੂਜੇ ਛੋਟੇ ਫਿਰਕਿਆਂ ਦੀ ਆਜ਼ਾਦੀ ਦੀ ਸੁਰੱਖਿਆ ਨਹੀਂ ਹੋ ਸਕਦੀ ਪਰ ਖਾਲਿਸਤਾਨੀ ਸਿੱਖਾਂ ਵਲੋਂ ਜਿਸ ਤਰ੍ਹਾਂ ਯੂ.ਐਨ. ਦੇ ਚਾਰਟਰ ਦਾ ਰੌਲਾ ਪਾ ਕੇ 'ਸਵੈ-ਨਿਰਣੇ' ਦੇ ਹੱਕ ਨੂੰ 'ਧਰਮ ਆਧਾਰਿਤ ਸਟੇਟ' ਬਣਾਉਣ ਲਈ ਵਰਤਿਆ ਜਾ ਰਿਹਾ ਹੈ, ਇਸ ਬਾਰੇ ਕਦੇ ਵੀ ਸਿੱਖਾਂ ਜਾਂ ਦੁਨੀਆਂ ਨੂੰ ਸਪਸ਼ਟ ਨਹੀਂ ਕੀਤਾ ਗਿਆ ਕਿ ਖਾਲਿਸਤਾਨ ਸੈਕੂਲਰ ਸਟੇਟ ਹੋਵੇਗੀ? ਜਾਂ ਬਾਕੀ ਫਿਰਕਿਆਂ ਦਾ ਉਸ ਵਿਚ ਕੀ ਸਟੇਟਸ ਹੋਵੇਗਾ? 'ਸਿੱਖਸ ਫਾਰ ਜਸਟਿਸ' ਦੀ ਵੈਬਸਾਈਟ 'ਤੇ ਵੀ ਇਨ੍ਹਾਂ ਆਪਣੇ ਕੋਲੋਂ ਚਾਰਟਰ ਵਿਚ 'ਧਰਮ' ਸ਼ਬਦ ਆਪਣੇ ਹਿੱਤਾਂ ਲਈ ਜੋੜਿਆ ਹੋਇਆ ਹੈ ਤਾਂ ਕਿ ਲੋਕਾਂ ਨੂੰ ਧਰਮ ਦੇ ਨਾਮ 'ਤੇ ਗੁਮਰਾਹ ਕੀਤਾ ਜਾ ਸਕੇ।




ਜੇ ਸਿੱਖ ਲੀਡਰਸ਼ਿਪ ਅਤੇ ਵਿਦਵਾਨਾਂ ਦਾ ਪਿਛਲੇ 100 ਕੁ ਸਾਲ ਦਾ ਧਾਰਮਿਕ ਅਤੇ ਰਾਜਨੀਤਕ ਇਤਿਹਾਸ ਦੇਖੀਏ ਤਾਂ ਇਹ ਕਿਸੇ ਵੀ ਮਸਲੇ 'ਤੇ ਕਦੇ ਸਪਸ਼ਟ ਨਹੀਂ ਹੋਏ? ਇਸ ਦਾ ਮੁੱਖ ਕਾਰਨ ਇਹ ਹੈ ਕਿ ਇਹ ਭੰਬਲਭੂਸੇ, ਖੁਦਗਰਜ਼ੀ ਤੇ ਮੌਕਾਪ੍ਰਸਤੀ ਦੇ ਨਾਲ-ਨਾਲ ਬੇਈਮਾਨ ਵੀ ਹਨ। ਇਨ੍ਹਾਂ ਨੇ ਪਿਛਲੇ 100 ਸਾਲਾਂ ਵਿਚ ਸਿੱਖਾਂ ਲਈ ਕਈ ਤਰ੍ਹਾਂ ਦੇ ਰਾਜਸੀ ਨਿਸ਼ਾਨੇ ਮਿਥੇ। ਕਦੇ ਸਿੱਖਾਂ ਨੂੰ ਸਵੈ-ਨਿਰਣੇ ਦਾ ਹੱਕ, ਕਦੇ ਸਿੱਖ ਰਾਜ ਦੀ ਮੰਗ, ਕਦੇ ਵੱਖਰੇ ਆਜ਼ਾਦ ਖਿੱਤੇ ਦੀ ਮੰਗ, ਜਿੱਥੇ ਸਿੱਖ ਅਜ਼ਾਦੀ ਦਾ ਨਿੱਘ ਮਾਣ ਸਕਣ, ਕਦੇ ਹਲੇਮੀ ਰਾਜ ਦੀ ਮੰਗ, ਕਦੇ ਬੋਲੀ ਆਧਾਰਿਤ ਪੰਜਾਬੀ ਸੂਬੇ ਦੀ ਮੰਗ, ਕਦੇ ਅਨੰਦਪੁਰ ਦੇ ਮਤੇ ਰਾਹੀਂ ਵੱਧ ਅਧਿਕਾਰਾਂ ਦੀ ਮੰਗ, ਕਦੇ ਖਾਲਸਾ ਰਾਜ ਦੀ ਮੰਗ, ਕਦੇ ਪੂਰਨ ਆਜ਼ਾਦੀ ਦੀ ਮੰਗ, ਕਦੇ ਸਿੱਖਾਂ ਲਈ ਖੁਦਮੁਖਤਾਰ ਖਿੱਤੇ ਦੀ ਮੰਗ, ਕਦੇ ਖਾਲਿਸਤਾਨ ਦੀ ਮੰਗ ਆਦਿ। ਇਨ੍ਹਾਂ ਸਾਰੀਆਂ ਮੰਗਾਂ ਵਿਚ ਸਿੱਖ ਲੀਡਰਸ਼ਿਪ ਨਾ ਕਦੇ ਸਪਸ਼ਟ ਹੋ ਸਕੀ, ਨਾ ਕਦੇ ਠੋਸ ਢੰਗ ਨਾਲ ਆਪਣੀ ਮੰਗ ਪੇਸ਼ ਕਰ ਸਕੀ। ਸਿੱਖ ਲੀਡਰਸ਼ਿਪ ਦੀ ਇਹ ਵੀ ਤਰਾਸਦੀ ਰਹੀ ਹੈ ਕਿ ਜਦੋਂ ਇਹ ਸੱਤਾ ਤੋਂ ਬਾਹਰ ਹੁੰਦੇ ਹਨ ਤਾਂ ਸਿੱਖ ਮੰਗਾਂ ਯਾਦ ਆ ਜਾਂਦੀਆਂ ਹਨ ਅਤੇ ਜਦੋਂ ਸੱਤਾ ਵਿਚ ਹੁੰਦੇ ਹਨ ਤਾਂ ਸਭ ਕੁਝ ਭੁੱਲ ਜਾਂਦਾ ਹੈ। ਮੇਰੀ ਸਮਝ ਅਨੁਸਾਰ ਸਿੱਖਾਂ ਵਲੋਂ ਸਿੱਖ ਸਟੇਟ ਜਾਂ ਖਾਲਿਸਤਾਨ ਦੀ ਮੰਗ ਦਾ ਮੁੱਖ ਆਧਾਰ ਮਹਾਰਾਜ ਰਣਜੀਤ ਸਿੰਘ ਦਾ ਰਾਜ ਹੈ। ਅਜਿਹੀ ਮੰਗ ਕਰਨ ਵਾਲੇ ਸਿੱਖ ਵਿਦਵਾਨਾਂ ਤੇ ਲੀਡਰਾਂ ਦਾ ਇਹ ਤਰਕ ਹੈ ਕਿ ਅੰਗਰੇਜਾਂ ਦੇ ਪੰਜਾਬ ਉਤੇ 1849 ਨੂੰ ਕੀਤੇ ਕਬਜ਼ੇ ਤੋਂ ਪਹਿਲਾਂ ਸਿੱਖਾਂ ਦਾ ਪੰਜਾਬ ਵਿਚ ਸਿੱਖ ਰਾਜ ਸੀ, ਇਸ ਲਈ ਜਦੋਂ ਅੰਗਰੇਜਾਂ ਨੇ ਭਾਰਤ ਛੱਡਿਆ ਤਾਂ ਸਿੱਖਾਂ ਨੂੰ ਆਪਣਾ ਵੱਖਰਾ ਸਿੱਖ ਰਾਜ ਮਿਲਣਾ ਚਾਹੀਦਾ ਸੀ ਜੋ ਅੰਗਰੇਜ਼ਾਂ ਨੇ ਸਿੱਖਾਂ ਤੋਂ ਖੋਹਿਆ ਸੀ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਅੰਗਰੇਜ਼ 47 ਵਿਚ ਸਿੱਖ ਰਾਜ ਜਾਂ ਵੱਖਰਾ ਖਿੱਤਾ ਦੇਣਾ ਵੀ ਚਾਹੁੰਦੇ ਸਨ, ਪਰ ਸਿੱਖ ਲੀਡਰਸ਼ਿਪ ਸਮੇਂ ਸਿਰ ਫੈਸਲਾ ਨਾ ਕਰ ਸਕੀ ਜਿਸ ਕਾਰਨ ਇਹ ਮੌਕਾ ਹੱਥੋਂ ਜਾਂਦਾ ਲੱਗਾ।

ਅਜਿਹੇ ਦਾਅਵਿਆਂ ਦਾ ਬੇਸ਼ਕ ਕੋਈ ਠੋਸ ਆਧਾਰ ਨਹੀਂ ਪਰ ਜਜ਼ਬਾਤੀ ਨਾਅਰਿਆਂ ਵਿਚ ਸਭ ਕੁਝ ਚਲਦਾ ਹੈ। ਕੌਣ ਪੁੱਛਦਾ? ਜਿਹੜਾ ਪੁੱਛੇ, ਉਹ ਪੰਥ ਵਿਰੋਧੀ ਤੇ ਗੁਰੂ ਦੋਖੀ ਹੋ ਜਾਂਦਾ। ਜੇ ਇਹੀ ਤਰਕ ਬਾਕੀ ਜਗ੍ਹਾ ਵੀ ਵਰਤਿਆ ਜਾਵੇ ਤਾਂ ਜਦੋਂ ਅੰਗਰੇਜ਼ ਭਾਰਤ ਵਿਚ ਆਏ ਤਾਂ ਕਾਫੀ ਵੱਡੇ ਹਿੱਸੇ 'ਤੇ ਮੁਗਲਾਂ ਦਾ ਰਾਜ ਸੀ ਅਤੇ ਬਾਕੀ ਭਾਰਤ 'ਤੇ ਹਜ਼ਾਰਾਂ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਹਿੰਦੂ ਰਾਜਿਆਂ ਦੇ ਰਾਜ ਸਨ ਜਿਨ੍ਹਾਂ ਨੂੰ ਹਰਾ ਕੇ ਜਾਂ ਕਿਸੇ ਸੰਧੀ ਅਧੀਨ ਬ੍ਰਿਟਿਸ਼ ਰਾਜ ਅਧੀਨ ਲਿਆਂਦਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨੂੰ ਵੀ ਅੰਗਰੇਜਾਂ ਨੇ 1849 ਦੀ ਦੂਜੀ ਐਂਗਲੋ-ਸਿੱਖ ਵਾਰ ਵਿਚ ਸਿੱਖ ਫੌਜਾਂ ਨੂੰ ਹਰਾ ਕੇ ਆਪਣੇ ਰਾਜ ਅਧੀਨ ਕੀਤਾ ਸੀ। ਜੇ ਸਿੱਖਾਂ ਦੀ ਇਸ ਮੰਗ ਨੂੰ ਆਧਾਰ ਬਣਾਇਆ ਜਾਵੇ ਤਾਂ ਫਿਰ ਭਾਰਤ ਵਿਚ ਮੁਸਲਮਾਨਾਂ ਤੇ ਹਿੰਦੂਆਂ ਦੇ ਕਈ ਦੇਸ਼ ਹੋਣੇ ਚਾਹੀਦੇ ਸਨ ਜਾਂ ਹਨ? ਦੂਜਾ ਅੰਗਰੇਜ਼ਾਂ ਨੇ ਸਿੱਖ ਰਾਜ ਜਿੱਤ ਕੇ ਆਪਣੇ ਰਾਜ ਵਿਚ ਸ਼ਾਮਿਲ ਕਰ ਲਿਆ ਅਤੇ 1947 ਵਿਚ ਹੋਏ ਸਮਝੌਤੇ ਅਨੁਸਾਰ ਭਾਰਤ-ਪਾਕਿਸਤਾਨ ਬਣਾ ਦਿੱਤੇ ਗਏ। ਇਸ ਨਾਲ ਸਾਰੇ ਰਾਜਿਆਂ ਅਤੇ ਉਨ੍ਹਾਂ ਦੇ ਰਾਜਾਂ ਦਾ ਹੱਕ ਖਤਮ ਹੋ ਗਿਆ ਜਿਸ ਨੂੰ ਸਾਰੇ ਰਾਜਿਆਂ ਨੇ ਮੰਨ ਲਿਆ। ਜੇ ਸਿੱਖ ਉਸ ਵੇਲੇ ਆਪਣਾ ਵੱਖਰਾ ਰਾਜ ਨਹੀਂ ਲੈ ਸਕੇ ਤਾਂ ਹੁਣ ਬਿਨਾ ਕਿਸੇ ਸਪਸ਼ਟ ਨਿਸ਼ਾਨੇ ਅਤੇ ਏਜੰਡੇ ਤੋਂ ਪਿਛਲੇ 70 ਸਾਲਾਂ ਤੋਂ ਸਿੱਖਾਂ ਨੂੰ ਮੋਰਚਿਆਂ ਤੇ ਸੰਘਰਸ਼ਾਂ ਰਾਹੀਂ ਮਰਾਈ ਜਾਣਾ ਕੋਈ ਸਿਆਣਪ ਨਹੀਂ ਕਹੀ ਜਾ ਸਕਦੀ। ਜਿਸ ਤਰ੍ਹਾਂ ਉਪਰ ਦੱਸਿਆ ਗਿਆ ਹੈ ਕਿ ਸਿੱਖਾਂ ਦੀ ਧਾਰਮਿਕ ਤੇ ਰਾਜਸੀ ਲੀਡਰਸ਼ਿਪ ਸਿੱਖਾਂ ਲਈ ਕਿਸੇ ਇੱਕ ਸਪਸ਼ਟ ਨਿਸ਼ਾਨੇ ਬਾਰੇ ਅਜੇ ਤੱਕ ਸਪਸ਼ਟ ਨਹੀਂ ਹੋ ਸਕੀ। ਜੇ 1984 ਤੋਂ 1994 ਤੱਕ ਚੱਲੇ ਹਥਿਆਰਬੰਦ ਖਾੜਕੂ ਸੰਘਰਸ਼ ਨੂੰ ਹੀ ਦੇਖੀਏ ਤਾਂ ਅਕਾਲ ਤਖਤ ਦੇ ਜਥੇਦਾਰਾਂ ਪ੍ਰੋ. ਦਰਸ਼ਨ ਸਿੰਘ, ਗੁਰਬਚਨ ਸਿੰਘ ਮਾਨੋਚਾਹਲ, ਭਾਈ ਜਸਵੀਰ ਸਿੰਘ ਰੋਡੇ, ਪ੍ਰੋ. ਮਨਜੀਤ ਸਿੰਘ, ਸਿਮਰਨਜੀਤ ਸਿੰਘ, ਪੰਥਕ ਕਮੇਟੀਆਂ ਆਦਿ ਰਾਹੀਂ ਕਈ ਤਰ੍ਹਾਂ ਦੇ ਸਿੱਖ ਰਾਜ ਦੇ ਏਜੰਡੇ ਪੇਸ਼ ਕੀਤੇ ਗਏ, ਜਿਨ੍ਹਾਂ ਦਾ ਕੋਈ ਆਧਾਰ ਜਾਂ ਸਪਸ਼ਟ ਨਿਸ਼ਾਨਾ ਨਹੀਂ ਸੀ।

*ਬੇਸ਼ਕ 1947 ਤੋਂ ਹੀ ਸਿੱਖ ਲੀਡਰਸ਼ਿਪ ਕਿਸੇ ਨਾ ਕਿਸੇ ਢੰਗ ਨਾਲ ਸਿੱਖ ਰਾਜ ਦੀ ਗੱਲ ਕਰਦੀ ਰਹੀ ਹੈ, ਪਰ ਕਦੇ ਵੀ ਕਿਸੇ ਗੱਲ 'ਤੇ ਸਪਸ਼ਟ ਤੇ ਗੰਭੀਰ ਨਹੀਂ ਸੀ। ਸਿੱਖ ਲੀਡਰਸ਼ਿਪ ਅਤੇ ਸੌੜੀ ਰਾਜਨੀਤੀ ਹਮੇਸ਼ਾ ਭਾਰੀ ਰਹਿੰਦੀ ਹੈ। ਅਕਾਲੀਆਂ ਨੇ 1947 ਤੋਂ ਕਈ ਪੈਂਤੜੇ ਬਦਲੇ, ਅਖੀਰ ਪੰਜਾਬੀ ਸੂਬੇ ਲਈ ਮੋਰਚਾ ਲਾ ਲਿਆ ਤੇ ਜਿਸ ਦੇ ਮਿਲਣ ਨਾਲ ਉਨ੍ਹਾਂ ਲਈ ਪੰਜਾਬ ਵਿਚ ਅਕਾਲੀ ਸਰਕਾਰ ਬਣਾਉਣ ਲਈ ਰਾਹ ਪੱਧਰਾ ਹੋ ਗਿਆ, ਜੋ ਸਾਂਝੇ ਪੰਜਾਬ ਵਿਚ ਸੰਭਵ ਨਹੀਂ ਸੀ। ਉਨ੍ਹਾਂ ਨੇ ਅਜੇ ਸੱਤਾ ਦਾ ਸੁਆਦ ਵੀ ਨਹੀਂ ਚੱਖਿਆ ਸੀ ਕਿ ਪਹਿਲਾਂ 1970ਵਿਆਂ ਵਿਚ ਜਗਜੀਤ ਸਿੰਘ ਚੌਹਾਨ ਨੇ ਖਾਲਿਸਤਾਨ ਦਾ ਝੰਡਾ ਚੁੱਕ ਲਿਆ ਤੇ ਵਿਦੇਸ਼ਾਂ ਵਿਚ ਵੀ ਨਾਮ-ਨਿਹਾਦ ਖਾਲਿਸਤਾਨੀ ਸਰਕਾਰਾਂ ਐਲਾਨ ਦਿੱਤੀਆਂ। ਫਿਰ 1978 ਤੋਂ ਬਾਅਦ ਦਲ ਖਾਲਸਾ ਨੇ ਅਜਿਹੀ ਹੀ ਮੰਗ ਖਾੜਕੂ ਅੰਦਾਜ਼ ਵਿਚ ਸ਼ੁਰੂ ਕਰ ਦਿੱਤੀ।*

ਹੁਣ ਗੱਲ ਕਰਦੇ ਹਾਂ, ਸਿੱਖ ਰੈਫਰੈਂਡਮ ਦੀ। ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਹੈ ਕਿ ਬੇਸ਼ਕ 1947 ਤੋਂ ਹੀ ਸਿੱਖ ਲੀਡਰਸ਼ਿਪ ਕਿਸੇ ਨਾ ਕਿਸੇ ਢੰਗ ਨਾਲ ਸਿੱਖ ਰਾਜ ਦੀ ਗੱਲ ਕਰਦੀ ਰਹੀ ਹੈ ਪਰ ਕਦੇ ਵੀ ਕਿਸੇ ਗੱਲ 'ਤੇ ਸਪਸ਼ਟ ਤੇ ਗੰਭੀਰ ਨਹੀਂ ਸੀ। ਸਿੱਖ ਲੀਡਰਸ਼ਿਪ ਅਤੇ ਸੌੜੀ ਰਾਜਨੀਤੀ ਹਮੇਸ਼ਾਂ ਭਾਰੀ ਰਹਿੰਦੀ ਹੈ। ਅਕਾਲੀਆਂ ਨੇ 1947 ਤੋਂ ਕਈ ਪੈਂਤੜੇ ਬਦਲੇ, ਅਖੀਰ ਪੰਜਾਬੀ ਸੂਬੇ ਲਈ ਮੋਰਚਾ ਲਗਾ ਲਿਆ ਤੇ ਜਿਸ ਦੇ ਮਿਲਣ ਨਾਲ ਉਨ੍ਹਾਂ ਲਈ ਪੰਜਾਬ ਵਿਚ ਅਕਾਲੀ ਸਰਕਾਰ ਬਣਾਉਣ ਲਈ ਰਾਹ ਪੱਧਰਾ ਹੋ ਗਿਆ ਜੋ ਸਾਂਝੇ ਪੰਜਾਬ ਵਿਚ ਸੰਭਵ ਨਹੀਂ ਸੀ। ਉਨ੍ਹਾਂ ਨੇ ਅਜੇ ਸੱਤਾ ਦਾ ਸੁਆਦ ਵੀ ਨਹੀਂ ਚੱਖਿਆ ਸੀ ਕਿ ਪਹਿਲਾਂ 1970ਵਿਆਂ ਵਿਚ ਜਗਜੀਤ ਸਿੰਘ ਚੌਹਾਨ ਨੇ ਖਾਲਿਸਤਾਨ ਦਾ ਝੰਡਾ ਚੁੱਕ ਲਿਆ ਤੇ ਵਿਦੇਸ਼ਾਂ ਵਿਚ ਵੀ ਨਾਮ-ਨਿਹਾਦ ਖਾਲਿਸਤਾਨੀ ਸਰਕਾਰਾਂ ਐਲਾਨ ਦਿੱਤੀਆਂ। ਫਿਰ 1978 ਤੋਂ ਬਾਅਦ ਦਲ ਖਾਲਸਾ ਨੇ ਅਜਿਹੀ ਹੀ ਮੰਗ ਖਾੜਕੂ ਅੰਦਾਜ਼ ਵਿਚ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਦੌਰ ਸ਼ੁਰੂ ਹੋ ਗਿਆ। ਬੇਸ਼ਕ ਸੰਤ ਭਿੰਡਰਾਂਵਾਲਾ ਹਮੇਸ਼ਾਂ ਇਹ ਕਹਿੰਦਾ ਰਿਹਾ ਕਿ ਅਸੀਂ ਖਾਲਿਸਤਾਨ ਨਹੀਂ ਮੰਗਦੇ, ਜੇ ਸਰਕਾਰ ਦੇਵੇਗੀ ਤਾਂ ਨਾਂਹ ਨਹੀਂ ਕਰਾਂਗੇ ਪਰ ਜੇ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਇਸੇ ਗੱਲ ਨੂੰ ਆਧਾਰ ਬਣਾ ਕੇ ਬਾਅਦ ਵਿਚ ਬਣੀਆਂ ਖਾੜਕੂ ਜਥੇਬੰਦੀਆਂ ਅਤੇ ਪੰਥਕ ਕਮੇਟੀਆਂ ਨੇ ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਅਰੰਭ ਦਿੱਤਾ। ਇਸ ਦੇ ਵਿਚ ਹੀ ਵੋਟਾਂ ਲੜਨ ਜਾਂ ਬਾਈਕਾਟ ਦੀਆਂ ਨੀਤੀਆਂ ਵੀ ਚੱਲਦੀਆਂ ਰਹੀਆਂ।

ਜੇ ਖਾਲਿਸਤਾਨੀ ਧਿਰਾਂ ਨੇ ਸੰਤ ਭਿੰਡਰਾਂਵਾਲੇ ਦੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਨੂੰ ਆਧਾਰ ਬਣਾ ਕੇ ਖਾਲਿਸਤਾਨ ਦਾ ਸੰਘਰਸ਼ ਅਰੰਭ ਕਰ ਦਿੱਤਾ ਸੀ ਤੇ ਪੰਜਾਬ ਦੇ ਲੋਕਾਂ ਜਾਂ ਸਿੱਖਾਂ ਤੋਂ ਕੋਈ ਰਾਏ ਨਹੀਂ ਮੰਗੀ ਤਾਂ ਹੁਣ 36 ਸਾਲ ਬਾਅਦ 'ਸਿੱਖਸ ਫਾਰ ਜਸਟਿਸ' ਵਲੋਂ ਰੈਫਰੈਂਡਮ 2020 (ਰਾਏਸ਼ੁਮਾਰੀ) ਦਾ ਕੀ ਮਤਲਬ ਬਣਦਾ ਹੈ, ਕਿਉਂਕਿ ਇਸ ਰੈਫਰੈਂਡਮ ਨੂੰ ਵੀ ਉਹੀ ਸਾਰੀਆਂ ਖਾਲਿਸਤਾਨੀ ਧਿਰਾਂ ਹੀ ਸਮਰਥਨ ਕਰ ਰਹੀਆਂ ਹਨ? ਕੀ ਰੈਫਰੈਂਡਮ ਕਰਾਉਣ ਦੇ ਫੈਸਲੇ ਤੋਂ ਪਹਿਲਾਂ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਤੋਂ ਮੁਆਫੀ ਨਹੀਂ ਮੰਗਣੀ ਚਾਹੀਦੀ ਸੀ ਕਿ ਅਸੀਂ ਤੁਹਾਨੂੰ ਪੁੱਛੇ ਬਿਨਾ ਹੀ ਖਾੜਕੂ ਸੰਘਰਸ਼ ਸ਼ੁਰੂ ਕਰ ਲਿਆ ਸੀ ਜਿਸ ਵਿਚ ਸਭ ਦਾ ਬਹੁਤ ਨੁਕਸਾਨ ਹੋਇਆ ਤੇ ਹੁਣ ਅਸੀਂ ਖਾੜਕੂ ਸੰਘਰਸ਼ ਤੋਂ ਤੋਬਾ ਕਰ ਕੇ ਸ਼ਾਂਤਮਈ ਢੰਗ ਨਾਲ ਤੁਹਾਡੇ ਕੋਲੋਂ ਰਾਏ ਮੰਗ ਰਹੇ ਹਾਂ ਕਿ ਤੁਸੀਂ ਦੱਸੋ ਕਿ ਸਿੱਖਾਂ ਨੂੰ ਭਾਰਤ ਤੋਂ ਵੱਖ ਹੋ ਕੇ ਖਾਲਿਸਤਾਨ ਚਾਹੀਦਾ ਹੈ ਜਾਂ ਨਹੀਂ? ਜੇ ਤੁਸੀਂ ਹੱਕ ਵਿਚ ਵੋਟ ਪਾਉਗੇ ਤਾਂ ਅਸੀਂ ਤੁਹਾਡੇ ਲਈ ਲੋਕਤੰਤਰੀ ਢੰਗ ਨਾਲ ਕੌਮਾਂਤਰੀ ਕਾਨੂੰਨਾਂ ਅਧੀਨ ਖਾਲਿਸਤਾਨ ਲੈ ਕੇ ਦੇਵਾਂਗੇ ਅਤੇ ਜੇ ਤੁਸੀਂ ਨਾਂਹ ਵਿਚ ਵੋਟ ਪਾਈ ਤਾਂ ਅਸੀਂ ਖਾਲਸਿਤਾਨ ਦੀ ਮੰਗ ਛੱਡ ਦੇਵਾਂਗੇ? ਜਿਸ ਤਰ੍ਹਾਂ ਖਾੜਕੂ ਸੰਘਰਸ਼ ਦੇ ਨਤੀਜਿਆਂ ਨੂੰ ਵਿਚਾਰੇ ਤੇ ਸਪਸ਼ਟ ਨਿਸ਼ਾਨੇ ਤੋਂ ਬਿਨਾ 84 ਵਿਚ ਹਥਿਆਰ ਚੁੱਕ ਲਏ ਗਏ ਸਨ, ਠੀਕ ਉਸੇ ਤਰ੍ਹਾਂ ਕਿ ਰੈਫਰੈਂਡਮ ਕੌਣ ਕਰਾਏਗਾ, ਕਿਵੇਂ ਕਰਾਏਗਾ, ਕੀ ਭਾਰਤ ਸਰਕਾਰ ਇਸ ਨੂੰ ਹੋਣ ਦੇਵੇਗੀ, ਇਸ ਦੇ ਨਤੀਜੇ ਕੀ ਨਿਕਲਣਗੇ, ਰੈਫਰੈਂਡਮ ਦਾ ਐਲਾਨ ਕਰ ਦਿੱਤਾ। ਜਿਸ ਤਰ੍ਹਾਂ ਸਿੱਖਾਂ ਦੀ ਧਾਰਮਿਕ ਅਤੇ ਰਾਜਸੀ ਨੀਤੀ ਜਜ਼ਬਾਤੀ ਨਾਅਰਿਆਂ 'ਤੇ ਚੱਲਦੀ

(ਬਾਕੀ ਅਗਲੇ ਸਫੇ 'ਤੇ)

ਵਿਚਾਰ-ਚਰਚਾ

# ਹੱਕ, ਫਰਜ਼, ਕੌਮੀ ਆਜ਼ਾਦੀ ਅਤੇ ਗੁਸੈਲੇ ਸਿੱਖ ਚਿੰਤਕ

ਕੁਝ ਸਮਾਂ ਪਹਿਲਾਂ ਮਿਲਟਨ ਸਟੋਨੀ ਕਰੀਕ ਵਿਖੇ ਬੇਟੀ ਕੋਲ ਕੁਝ ਦਿਨ ਰਹਿਣ ਦਾ ਸਬਬ ਬਣਿਆ, ਜਿੱਥੇ ਬਹੁਗਿਣਤੀ ਗੋਰਿਆਂ ਦੀ ਵੱਸੋਂ ਹੈ। ਅਕਸਰ ਸ਼ਾਮ ਨੂੰ ਨੇੜਲੇ ਪਾਰਕ ਚਲੇ ਜਾਂਦੇ। ਪਾਰਕ ਦੀ ਸਫਾਈ ਦਾ ਜ਼ਿਕਰ ਕਰਨਾ ਬਣਦਾ ਹੈ, ਜਿੱਥੇ ਨਾਂ-ਮਾਤਰ ਵੀ ਕੂੜਾ-ਕਰਕਟ ਨਜ਼ਰ ਨਹੀਂ ਆਇਆ। ਇਸ ਦੇ ਉਲਟ ਆਪਣੇ ਬਰੈਂਪਟਨ ਦੇ ਘਰ ਲਾਗੇ ਪੈਂਦੇ ਪਾਰਕ ਵਿਚ ਥਾਂ



ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

ਥਾਂ ਗਾਰਬੇਜ ਡਰੱਮ ਪਏ ਹੋਣ ਦੇ ਬਾਵਜੂਦ ਪਾਣੀ ਦੀਆਂ ਖਾਲੀ ਬੋਤਲਾਂ ਤੇ ਹੋਰ ਬੜਾ ਨਿੱਕ-ਸੁੱਕ ਖਿਲਰਿਆ ਮਿਲਣਾ ਆਮ ਜਿਹੀ ਗੱਲ ਹੈ। ਇਹ ਸ਼ਹਿਰ ਪੰਜਾਬੀਆਂ ਦਾ ਗੜ੍ਹ ਹੈ, ਜਿਸ ਨੂੰ ਅਸੀਂ ਆਪਣਾ 'ਹੋਮਲੈਂਡ' ਵੀ ਕਹਿ ਸਕਦੇ ਹਾਂ। ਦੋ ਕੁ ਦਿਨ ਹੋਏ ਅਖਬਾਰ ਵਿਚ ਪੰਜਾਬ ਦੇ ਕਿਸੇ ਸ਼ਹਿਰ ਦੀ ਖਬਰ ਸੀ, 'ਮੂਸਲਾਧਾਰ ਬਾਰਸ਼ ਨੇ ਪ੍ਰਸ਼ਾਸਨ ਦੀ ਪੋਲ ਖੋਲ੍ਹੀ, ਸੜਕਾਂ ਪਾਣੀ ਨਾਲ ਭਰ ਗਈਆਂ।' ਇੱਕ ਟੀ. ਵੀ. ਚੈਨਲ ਨੇ ਕੁਝ ਲੋਕਾਂ ਨੂੰ ਸਰਕਾਰ ਦਾ ਮਜ਼ਾਕ ਉਡਾਉਂਦਿਆਂ ਸੜਕ 'ਤੇ ਭਰੇ ਪਾਣੀ 'ਚ ਜੀਰੀ ਲਾਉਂਦੇ ਵਿਖਾਇਆ। ਇਨ੍ਹਾਂ ਸੜਕਾਂ ਦੇ ਗਟਰ ਗੈਰ ਜ਼ਿੰਮੇਵਾਰ ਲੋਕਾਂ ਦੁਆਰਾ ਲਾਪਰਵਾਹੀ ਨਾਲ ਸੁੱਟੇ ਕੂੜੇ ਕਰਕਟ ਨਾਲ ਭਰ ਜਾਂਦੇ ਹਨ ਅਤੇ ਬਾਰਸ਼ ਵੇਲੇ ਪਾਣੀ ਦੇ ਨਿਕਾਸ ਨੂੰ ਪ੍ਰਭਾਵਤ ਕਰਦੇ ਹਨ। ਇਸ ਪਾਸੇ ਧਿਆਨ ਦੇਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ। ਸ਼ਾਇਦ ਲੋਕ ਜਿੱਥੇ ਮਰਜੀ ਕੂੜਾ ਸੁੱਟਣਾ ਵੀ ਆਪਣੀ ਆਜ਼ਾਦੀ ਦਾ ਇੱਕ ਹਿੱਸਾ ਸਮਝਦੇ ਹਨ।

ਬਹੁਤਾ ਸਮਾਂ ਨਹੀਂ ਹੋਇਆ, ਜਦ ਪੰਜਾਬ ਦੀ ਇੱਕ ਖਬਰ ਅਖਬਾਰ ਵਿਚ ਪੜ੍ਹਨ ਨੂੰ ਮਿਲੀ ਸੀ। ਕੁਝ ਪਿੰਡਾਂ ਵਿਚ ਗੁਰਦੁਆਰਿਆਂ ਦੇ ਲਾਊਡਸਪੀਕਰਾਂ ਤੋਂ ਅਨਾਊਂਸਮੈਂਟਾਂ ਸੁਣੀਆਂ ਗਈਆਂ 'ਕੁੰਡੀਆਂ ਲਾਹ ਲਓ ਤੇ ਘੇਰੇ ਪਾ ਲਓ।' ਜਦ ਬਿਜਲੀ ਅਧਿਕਾਰੀ ਬਿਜਲੀ ਚੋਰੀ ਫੜਨ ਲਈ ਪਿੰਡ 'ਚ ਛਾਪੇ ਮਾਰਨ ਆਏ ਤਾਂ ਲੋਕਾਂ ਨੇ ਇਕੱਠੇ ਹੋ ਉਨ੍ਹਾਂ ਨੂੰ ਭਜਾ ਦਿੱਤਾ। ਕੀ ਬਿਜਲੀ ਚੋਰੀ ਨੂੰ ਵੀ ਆਜ਼ਾਦੀ ਦਾ ਇੱਕ ਹਿੱਸਾ ਸਮਝਿਆ ਗਿਆ? ਸਰਕਾਰੀ ਖਜਾਨੇ ਨੂੰ ਜਿਸ ਪਾਸਿਓਂ ਵੀ ਕੁੰਡੀ ਲਗਦੀ ਹੋਵੇ, ਲਾਉਣ ਵਿਚ ਅਸੀਂ ਦੇਸੀ ਘੌਲ ਨਹੀਂ ਕਰਦੇ। ਇਸੇ ਲਈ ਸਭ ਕੁਝ ਮੁਫਤ ਭਾਲਦੇ ਲੋਕਾਂ ਨੂੰ ਮੁਫਤ ਦਾ ਲਾਰਾ ਲਾ ਭਰਮਾਉਣਾ ਸਿਆਸਤਦਾਨਾਂ ਲਈ ਮੁਸ਼ਕਿਲ ਨਹੀਂ ਹੁੰਦਾ।

ਮਹਾਰਾਸ਼ਟਰ ਵਿਚ ਅਹਿਮਦਨਗਰ ਜਿਲੇ ਦਾ ਇੱਕ ਪਿੰਡ ਹੈ, ਹਿਵਰੇ ਬਾਜ਼ਾਰ। 1970 ਲਾਗੇ ਬਾਰਸ਼ਾਂ ਘਟਣ ਅਤੇ ਪਾਣੀ ਦੀ ਕਮੀ ਕਰਕੇ ਜਦ ਖੇਤੀ ਬਾੜੀ ਚੌਪਟ ਹੋਣ ਲੱਗੀ ਤਾਂ ਇੱਥੋਂ ਦੇ ਲੋਕਾਂ ਨੇ ਰੋਜਗਾਰ ਲਈ ਸ਼ਹਿਰਾਂ ਵੱਲ ਪਲਾਇਨ ਅਰੰਭਿਆ। ਲਗਭਗ 1985 ਤੱਕ ਹਾਲਾਤ ਵਿਗੜਦੇ ਗਏ। ਇਸੇ ਦੌਰਾਨ ਇਸ ਪਿੰਡ ਦੀ ਗ੍ਰਾਮ ਪੰਚਾਇਤ ਦਾ ਸਰਪੰਚ ਪੋਪਟ ਰਾਓ ਪਵਾਰ ਬਣਿਆ, ਜਿਸ ਨੇ ਲੋਕਾਂ ਨੂੰ ਜਾਗਰੂਕ ਕਰਨ ਦਾ ਬੀੜਾ ਚੁੱਕਿਆ। ਬਣਦੀ ਮਦਦ ਸਰਕਾਰ ਤੋਂ ਲਈ ਗਈ ਤੇ ਇਸ ਪਿੰਡ ਦੇ ਲੋਕਾਂ ਅਗਲੇ 10 ਸਾਲਾਂ ਵਿਚ ਚਮਤਕਾਰ ਕਰ ਵਿਖਾਇਆ। ਪਾਣੀ ਸੰਭਾਲ ਦਾ ਹਰ ਹੀਲਾ ਵਰਤਿਆ ਗਿਆ, ਰੁਖ ਲਾਏ ਗਏ। ਗ੍ਰਾਮ ਪੰਚਾਇਤ ਦੀਆਂ ਸਖਤ ਹਦਾਇਤਾਂ ਰਾਹੀਂ ਨਸ਼ਾਖੋਰੀ ਅਤੇ ਖਰਚੀਲੀਆਂ ਸਮਾਜਕ ਰੀਤਾਂ ਦਾ ਭੋਗ ਪਾਇਆ ਗਿਆ। ਪਿੰਡ ਦੇ ਹਾਲਾਤ ਸੁਧਰਨੇ ਸ਼ੁਰੂ ਹੋ ਗਏ।

1995 ਉਪਰੰਤ ਉਲਟ ਪਲਾਇਨ (ਰਿਵਰਸ ਮਾਈਗਰੇਸ਼ਨ) ਸ਼ੁਰੂ ਹੋਇਆ। ਪਿੰਡ ਛੱਡ ਗਏ ਲੋਕ ਮੁੜ ਆਏ ਤੇ ਅੱਜ ਇਹ ਪਿੰਡ ਸੂਬੇ ਦਾ ਰੋਲ ਮਾਡਲ ਹੈ। ਇਹ ਗੱਲ ਕਾਬਲੇਗੌਰ ਹੈ ਕਿ ਡੇਅਰੀ ਆਦਿ ਲਈ ਬੈਂਕਾਂ ਤੋਂ ਜੋ ਕਰਜੇ ਲਏ ਗਏ, ਸਮੇਂ ਸਿਰ ਮੋੜੇ ਵੀ ਗਏ। ਨਾ ਕਰਜਾ ਮੁਆਫੀ ਦਾ ਰੋਣਾ ਰੋਇਆ ਗਿਆ ਅਤੇ ਨਾ ਕਿਸੇ ਨੂੰ ਖੁਦਕੁਸ਼ੀ ਕਰਨ ਦੀ ਲੋੜ ਪਈ। ਸਰਪੰਚ ਦਾ ਕਹਿਣਾ ਸੀ ਕਿ ਸਰਕਾਰ ਅਤੇ ਪਿੰਡ ਵਾਸੀਆਂ ਨੇ ਰਲ ਮਿਲ ਕੇ ਇਹ ਕਾਮਯਾਬੀ ਹਾਸਲ ਕੀਤੀ, ਪਰ ਪਹਿਲ ਤਾਂ ਪਿੰਡ ਵਾਸੀਆਂ ਵੱਲੋਂ ਲੋੜੀਂਦੀ ਹੈ। ਪੰਜਾਬ ਵਿਖੇ ਵੀ ਕੁਝ ਪਿੰਡ ਇਸੇ ਤਰਜ 'ਤੇ ਵਿਕਾਸ ਕਰ ਰਹੇ ਸੁਣੇ ਗਏ ਹਨ। ਸੰਤ ਸੀਚੇਵਾਲ ਹੁਰਾਂ ਦਾ ਕੀਤਾ ਕੰਮ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ।

ਹੁਸ਼ਿਆਰਪੁਰ ਜਿਲੇ ਵਿਚ ਲਾਂਬੜਾ-ਕਾਂਗੜੀ ਸਹਿਕਾਰੀ ਸਭਾ ਦੀ ਕਾਮਯਾਬੀ ਦਾ ਪੂਰੇ ਪੰਜਾਬ ਵਿਚ ਹੀ ਨਹੀਂ, ਸਗੋਂ ਵਿਦੇਸ਼ੀ ਮੰਚਾਂ 'ਤੇ ਵੀ ਚਰਚਾ ਚਲਦਾ ਆ ਰਿਹਾ ਹੈ। ਪਿਛਲੇ 50-60 ਵਰ੍ਹਿਆਂ ਤੋਂ ਵੀ ਵੱਧ ਸਮੇਂ ਤੋਂ ਉਹ ਪੂਰਨ ਕਾਮਯਾਬੀ ਨਾਲ ਚਲ ਰਹੀ ਹੈ ਅਤੇ ਤਿੰਨ-ਚਾਰ ਪਿੰਡਾਂ ਦੇ ਲੋਕਾਂ ਦੀਆਂ ਸਾਰੀਆਂ ਲੋੜਾਂ ਵੀ ਬੜੀ ਆਸਾਨੀ ਨਾਲ ਪੂਰੀਆਂ ਕਰ ਰਹੀ ਹੈ। ਇਹੋ ਮਾਡਲ ਪੰਜਾਬ ਦੇ ਹੋਰ ਪਿੰਡਾਂ ਦੇ ਲੋਕ ਕਿਉਂ ਨਹੀਂ ਅਪਨਾਉਂਦੇ? ਸ. ਅਜਮੇਰ ਸਿੰਘ ਨੇ 20-25 ਵਰ੍ਹਿਆਂ ਦੌਰਾਨ ਜਿੰਨੀ ਐਨਰਜੀ ਸਿੱਖਾਂ ਨੂੰ ਹਿੰਦੂਆਂ ਵਿਰੁਧ



ਅਜਮੇਰ ਸਿੰਘ



ਜਸਪਾਲ ਸਿੰਘ ਸਿੱਧੂ



ਗੁਰਤੇਜ ਸਿੰਘ

ਭੜਕਾਉਣ ਵਿਰੁਧ ਖਰਚੀ ਹੈ, ਉਸ 'ਚੋਂ 25 ਪੈਸੇ ਹਿੱਸਾ ਵੀ ਜੇ ਉਹ ਆਪਣੇ ਲੋਕਾਂ ਨੂੰ ਅਜਿਹੀ ਕੁਝ ਚੱਜ ਦੀ ਗੱਲ ਸਮਝਾਉਣ ਦੇ ਲੇਖੇ ਲਾ ਦਿੰਦਾ, ਤਾਂ ਵੱਡਾ ਪਰਉਪਕਾਰ ਦਾ ਕੰਮ ਹੁੰਦਾ। ਅਜੇ ਵੀ ਉਹ ਮੋੜਾ ਪਾਵੇ ਤਾਂ ਬੜਾ ਕੁਝ ਕਰ ਸਕਦਾ ਹੈ। ਕਿਧਰੇ ਖਾਲਿਸਤਾਨ ਬਣ ਵੀ ਗਿਆ ਤਾਂ ਕੀ ਭਰੋਸਾ ਕਿ ਉਹ ਪਾਕਿਸਤਾਨ ਤੋਂ ਵੀ ਕਿਤੇ ਮਾੜਾ ਸਾਬਤ ਨਹੀਂ ਹੋ ਜਾਵੇਗਾ?

ਸਾਡੇ ਤਾਂ ਇਹ ਰੀਤ ਹੀ ਬਣ ਗਈ ਹੈ ਕਿ ਫਰਜ਼ਾਂ ਵਲੋਂ ਮੂੰਹ ਮੋੜ ਕੇ ਸਾਡੇ ਬਹੁਤੇ ਸੰਕੀਰਣ ਸੋਚ ਵਾਲੇ ਅਜੋਕੇ ਰਹਿਬਰਾਂ ਵਲੋਂ ਆਪਣੇ ਹੱਕਾਂ ਦੀ ਲੜਾਈ ਦੀ ਬਹੁਤ ਦੁਹਾਈ ਦਿੱਤੀ ਜਾਂਦੀ ਹੈ। ਹਰ ਕੋਈ ਇਸ ਲੜਾਈ 'ਚ ਭਾਗ ਲੈਂਦਿਆਂ ਆਪਣੀ ਸੂਰਬੀਰਤਾ ਦਾ ਵਧ ਚੜ੍ਹ ਕੇ ਪ੍ਰਗਟਾਵਾ ਕਰਦਾ ਨਜ਼ਰੀਂ ਆਉਂਦਾ ਹੈ। ਹਕੂਮਤਾਂ ਨੂੰ ਭੰਡਣਾ ਜਿਵੇਂ ਇੱਕ ਫੈਸ਼ਨ ਬਣ ਗਿਆ ਹੈ, ਪਰ ਅਜਮੇਰ ਸਿੰਘ ਨੂੰ ਕੀ ਅਜੇ ਵੀ ਇੰਨਾ ਪਤਾ ਨਹੀਂ ਲੱਗਾ ਕਿ ਆਪਣੀ ਵਾਰੀ ਦੀ ਉਡੀਕ ਵਿਚ ਸੱਤਾ ਗੁਆ ਬੈਠੇ ਵਿਰੋਧੀ ਦਲ ਹੋਣ ਭਾਵੇਂ ਸੱਤਾ ਪ੍ਰਾਪਤੀ ਦੀ ਆਸ ਵਿਚ ਤਰਲੋਮੱਛੀ ਹੋ ਰਹੇ ਨਵਗਠਿਤ ਦਲ ਹੋਣ, ਸਭ ਦਾ ਟੀਚਾ ਹਕੂਮਤ ਨੂੰ ਧਾਰਾਸ਼ਾਈ ਕਰ ਕੁਰਸੀ ਹਥਿਆਉਣਾ ਹੀ ਹੁੰਦਾ ਹੈ। ਜਾਪਦਾ ਹੈ, ਜਿਵੇਂ ਇਨ੍ਹਾਂ ਦੀ ਹਕੂਮਤ ਆਉਂਦਿਆਂ ਹੀ ਰਾਮ ਰਾਜ (ਸਿੱਖਾਂ ਲਈ ਰਣਜੀਤ ਸਿੰਘ ਰਾਜ) ਆ ਜਾਣਾ ਹੈ, ਪਰ ਸਰਕਾਰਾਂ ਬਦਲਨ ਬਾਅਦ ਵੀ ਖੋਤੀ ਬੋਹੜ ਹੇਠਾਂ ਹੀ ਨਜ਼ਰੀਂ ਆਉਂਦੀ ਹੈ। ਇਵੇਂ ਕਿਉਂ ਹੁੰਦਾ ਹੈ, ਆਓ ਇਸ ਬਾਰੇ ਥੋੜਾ ਵਿਚਾਰ ਕਰ ਦੇਖੀਏ। ਦਰਅਸਲ ਸਰਕਾਰਾਂ ਸਾਡੇ ਵਿਚੋਂ ਹੀ ਚੁਣ ਕੇ ਹੋਂਦ ਵਿਚ ਲਿਆਈਆਂ ਜਾਂਦੀਆਂ ਹਨ, ਕਿਸੇ ਦੂਜੇ ਗ੍ਰਹਿ ਤੋਂ ਇੰਪੋਰਟ ਨਹੀਂ ਹੁੰਦੀਆਂ। ਪਹਿਲਾਂ ਅੰਗਰੇਜ਼ਾਂ ਦੀ ਹਕੂਮਤ ਰਹੀ। ਫਿਰ ਸਿਰ ਧੜ ਦੀ ਬਾਜੀ ਲਾ ਆਪਣਿਆਂ ਹੱਥ ਹਕੂਮਤ ਲਿਆਂਦੀ ਗਈ, ਪਰ ਘਾਣੀ ਹੋਰ ਵਿਗੜਦੀ ਗਈ। ਇਸ ਦਾ ਮਤਲਬ ਹੈ ਕਿ ਨੁਕਸ ਸਾਡੀ ਫਿਤਰਤ ਵਿਚ ਹੀ ਕਿਤੇ ਲੁਕਿਆ ਹੈ, ਜਿਸ ਨੂੰ ਜਾਣੇ ਬਿਨਾ ਅਸੀਂ ਕਿਸੇ ਨਤੀਜੇ 'ਤੇ ਨਹੀਂ ਪਹੁੰਚ ਸਕਦੇ। ਆਪਣੀਆਂ ਕਮੀਆਂ ਦੀ ਚੀਰ-ਫਾੜ ਕਰ ਆਪਣੇ ਆਪ ਨੂੰ ਦੋਸ਼ੀ ਠਹਿਰਾਉਣ ਵਰਗਾ ਕੋਈ ਔਖਾ ਕੰਮ ਨਹੀਂ ਅਤੇ ਹਰ ਬਿਪਤਾ ਦੀ ਜ਼ਿੰਮੇਵਾਰੀ ਦੂਜਿਆਂ ਸਿਰ ਪਾਉਣ ਜਿਹਾ ਕੋਈ ਸੁਖਾਲਾ ਕੰਮ ਨਹੀਂ। ਸਾਡੇ ਹੱਕ ਹਨ, ਜਿਨ੍ਹਾਂ ਦੀ ਹਿਫਾਜ਼ਤ ਕਰਨ ਦਾ ਸਾਨੂੰ ਪੂਰਾ ਅਧਿਕਾਰ ਹੈ ਅਤੇ ਇਸ ਮੰਤਵ ਲਈ ਸੰਘਰਸ਼ ਵਿੱਢਣੇ ਬਿਲਕੁਲ ਗਲਤ ਨਹੀਂ, ਪਰ ਆਪਣੇ ਫਰਜ਼ਾਂ ਤੋਂ ਮੂੰਹ ਮੋੜ ਕੇ ਨਹੀਂ। ਜੇ ਸਾਡੇ ਹੱਕ ਹਨ ਤਾਂ ਅਣਗਿਣਤ ਫਰਜ਼ ਵੀ ਹਨ, ਜਿਨ੍ਹਾਂ ਤੋਂ ਅਵੇਸਲੇ ਨਹੀਂ ਹੋਇਆ ਜਾ ਸਕਦਾ।

ਹੱਕਾਂ ਅਤੇ ਫਰਜ਼ਾਂ ਦਾ ਤਾਲਮੇਲ ਜਰੂਰੀ ਹੈ, ਜਿਸ ਲਈ ਈਮਾਨਦਾਰ ਅਤੇ ਨਿਰਪੱਖ ਪਹੁੰਚ ਅਪਨਾਉਣੀ ਹੋਵੇਗੀ। ਆਜ਼ਾਦੀ ਬੜਾ ਲੁਭਾਉਣਾ ਲਫਜ਼ ਹੈ, ਪਰ ਕਾਨੂੰਨ ਨੂੰ ਟਿੱਚ ਜਾਣਨਾ ਆਜ਼ਾਦੀ ਨਹੀਂ, ਇਸ ਲਈ ਸਭਿਅਕ ਸਮਾਜ ਅੰਦਰ ਇਸ ਦੀਆਂ ਸੀਮਾਵਾਂ ਤੈਅ ਹੋਣੀਆਂ ਵੀ ਜਰੂਰੀ ਹਨ। ਬੰਦਿਸ਼ਾਂ ਵੀ ਆਜ਼ਾਦੀ ਜਿੰਨੀ ਅਹਿਮੀਅਤ ਰੱਖਦੀਆਂ ਹਨ। ਇਸੇ ਮੰਤਵ ਲਈ ਦੇਸ਼ ਅੰਦਰ ਕਾਨੂੰਨ/ਸੰਵਿਧਾਨ ਬਣਦੇ ਹਨ। ਇਨ੍ਹਾਂ ਕਾਨੂੰਨਾਂ ਦੀ ਸਖਤੀ ਨਾਲ ਪਾਲਣਾ ਕਰਵਾਉਣ 'ਚ ਸਮਰੱਥ ਮੁਲਕ ਵਿਕਸਿਤ ਹੋ ਸਾਡੀ ਖਿੱਚ ਦਾ ਕੇਂਦਰ ਬਣਦੇ ਹਨ। ਅੱਜ ਮਹਾਮਾਰੀ ਦੌਰਾਨ ਅਨੁਸ਼ਾਸਨ ਦੀ ਗੰਭੀਰਤਾ ਨਾਲ ਪਾਲਨ ਕਰਨ ਵਾਲੇ ਮੁਲਕਾਂ ਦੇ ਵਾਸੀ ਇਸ ਬਿਪਤਾ ਤੋਂ ਕਿਸੇ ਹੱਦ ਤੱਕ ਨਿਜਾਤ ਪਾ ਰਹੇ ਹਨ, ਪਰ ਭਾਰਤ ਵਰਗਾ ਵੱਡਾ ਲੋਕਤੰਤਰ ਜਨਤਕ ਲਾਪਰਵਾਹੀ ਦਾ ਖਮਿਆਜ਼ਾ ਭੁਗਤ ਰਿਹਾ ਹੈ, ਜਿੱਥੇ ਲੋਕ ਆਪਣੇ ਫਰਜ਼ਾਂ ਤੋਂ ਅਵੇਸਲੇ ਹੋ ਸਿਰਫ ਹੱਕਾਂ ਦੀ ਦੁਹਾਈ ਦੇਣਾ ਜਾਣਦੇ ਹਨ।

ਅੱਜ ਦੇ ਵਿਕਸਿਤ ਜ਼ਮਾਨੇ ਵਿਚ ਧਰਮ ਅਤੇ ਸਿਆਸਤ ਦਾ ਨਿਖੇੜਾ ਜਰੂਰੀ ਹੈ। ਧਰਮ ਭਾਵੇਂ ਸਾਡੀ ਰੂਹਾਨੀ ਲੋੜ ਪੂਰੀ ਕਰਦਾ ਹੋਵੇ, ਪਰ ਸਿਆਸਤ ਵਿਚ ਇਸ ਦਾ ਬੇਲੋੜਾ ਦਖਲ ਸਭਿਅਕ ਸਮਾਜ ਦੇ ਰਾਹ 'ਚ ਕੰਡੇ ਹੀ ਬੀਜਦਾ ਹੈ। ਸਭ ਜਾਣਦੇ ਹਨ ਕਿ ਪੰਜਾਬ ਵਿਚ ਧਰਮ ਅਤੇ ਸਿਆਸਤ ਦੀ ਮਿਲੀਭੁਗਤ ਨੇ ਸਾਨੂੰ ਅੰਤਾਂ ਦਾ ਖੱਜਲ ਖੁਆਰ ਕੀਤਾ। ਸਾਡੇ ਧਾਰਮਿਕ ਆਗੂ ਦੂਰ-ਅੰਦੇਸ਼ੀ ਅਤੇ ਵਿਵੇਕਸ਼ੀਲ ਸੋਚ ਤੋਂ ਕੋਹਾਂ ਦੂਰ ਹੁੰਦੇ ਹਨ। ਦੋ ਕਿਸ਼ਤੀਆਂ ਦੇ ਸਵਾਰ ਇਹ ਆਗੂ ਕਦੇ ਸੱਤਾਧਾਰੀ ਹਾਕਮਾਂ ਦੀ ਬੋਲੀ ਬੋਲਦੇ ਹਨ ਤੇ ਕਦੇ ਸੱਤਾ ਵਿਰੋਧੀਆਂ ਦੀ ਸੁਰ 'ਚ ਸੁਰ ਮਿਲਾਉਂਦੇ ਨਜ਼ਰੀਂ ਪੈਂਦੇ ਹਨ। ਉਨ੍ਹਾਂ ਦੀ ਕਾਰਗੁਜ਼ਾਰੀ ਕਠਪੁਤਲੀ ਵਾਂਗ ਕਿਤੋਂ ਹੋਰ ਹੀ ਨਿਯੰਤ੍ਰਿਤ ਹੁੰਦੀ ਹੈ। ਯੋਗ ਲੀਡਰਸ਼ਿਪ ਸਾਡੇ ਵਿਚੋਂ ਹੀ ਉਭਰਨੀ ਹੈ। ਲੋੜ ਹੈ, ਦੇਸ਼ ਵਿਰੋਧੀ ਤੱਤਾਂ ਦਾ ਹੱਥ-ਠੋਕਾ ਨਾ ਬਣ ਕੇ ਵਾਧੂ ਦੇ ਰੋਸ ਮੁਜ਼ਾਹਰਿਆਂ ਤੋਂ ਬਚਣ ਦੀ ਅਤੇ ਆਪਣੇ ਹੱਕਾਂ ਨਾਲ ਆਪਣੇ ਫਰਜ਼ਾਂ ਨੂੰ ਪਛਾਣਨ ਦੀ। ਇਹੋ ਜਿਹੀ ਸਾਰਥਕ ਪਹਿਲ ਨਾਲ ਹੀ ਆਜ਼ਾਦੀ ਦਾ ਸਹੀ ਮੁੱਲ ਪਾਇਆ ਜਾ ਸਕਦਾ ਹੈ।

# ਸਿੱਖ ਸਿਆਸਤ: ਰੈਫਰੈਂਡਮ 2020 ਦੀ ਸਿਆਸਤ ਦਾ ਸੱਚ

(ਪਿਛਲੇ ਸਫੇ ਦੀ ਬਾਕੀ)

ਹੈ, ਉਸੇ ਤਰ੍ਹਾਂ ਖਾਲਿਸਤਾਨੀ ਮੰਗ ਵੀ ਨਾਅਰਿਆਂ ਦੀ ਭੇਟ ਚੜ੍ਹੀ ਹੋਈ ਹੈ ਜਿਸ ਵਿਚ ਨੁਕਸਾਨ ਤੋਂ ਬਿਨਾ ਕੁਝ ਨਹੀਂ ਨਿਕਲ ਰਿਹਾ।

'ਸਿੱਖਸ ਫਾਰ ਜਸਟਿਸ' ਨੇ ਜੂਨ 2014 ਵਿਚ ਰੈਫਰੈਂਡਮ ਦਾ ਐਲਾਨ ਕੀਤਾ ਸੀ ਪਰ ਪਿਛਲੇ 6 ਸਾਲਾਂ ਵਿਚ ਇਹ ਵੀ ਕਿਤੇ ਸਪਸ਼ਟ ਨਹੀਂ ਕੀਤਾ ਗਿਆ ਕਿ ਇਸ ਵਿਚ ਸਿਰਫ ਸਿੱਖ ਹੀ ਹਿੱਸਾ ਲੈਣਗੇ ਜਾਂ ਪੰਜਾਬ ਵਿਚ ਵਸਦੇ ਬਾਕੀ ਲੋਕਾਂ ਨੂੰ ਵੀ ਵੋਟ ਦਾ ਕੋਈ ਹੱਕ ਹੋਵੇਗਾ? ਜੇ ਤੁਸੀਂ ਅੱਜ ਹੀ ਬਾਕੀ ਕੌਮਾਂ, ਫਿਰਕਿਆਂ ਨੂੰ ਵੋਟ ਦੇਣ ਦਾ ਹੱਕ ਨਹੀਂ ਦੇ ਰਹੇ ਤਾਂ ਖਾਲਿਸਤਾਨ ਵਿਚ ਉਹ ਕਿਵੇਂ ਸੁਰੱਖਿਅਤ ਹੋਣਗੇ? ਸਿੱਖਾਂ ਵਿਚੋਂ ਕੌਣ ਸਿੱਖ ਵੋਟ ਪਾ ਸਕਣਗੇ, ਕਿਉਂਕਿ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਵਿਚ ਸਹਿਜਧਾਰੀ, ਵਾਲ ਕੱਟੇ ਹੋਏ ਸਿੱਖਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ? ਕੀ ਮੋਨੇ ਸਿੱਖਾਂ ਨੂੰ ਰੈਫਰੈਂਡਮ ਲਈ ਵੋਟ ਪਾਉਣ ਦਾ ਹੱਕ ਹੋਵੇਗਾ? ਇਹ ਕਿਵੇਂ ਪਤਾ ਲੱਗੇਗਾ ਕਿ ਵੋਟ ਪਾਉਣ ਵਾਲਾ ਸਿੱਖ ਹੀ ਹੈ? ਉਸ ਦੀ ਸਿੱਖੀ ਦੀ ਪ੍ਰਮਾਣਕਤਾ ਦਾ ਸਰਟੀਫਿਕੇਟ ਕੌਣ ਦੇਵੇਗਾ? ਕੀ ਸਿੱਖਾਂ ਵਿਚਲੇ ਛੋਟੇ ਫਿਰਕਿਆਂ ਨਿਰੰਕਾਰੀਆਂ, ਰਾਧਾ ਸਵਾਮੀਆਂ, ਸਿਰਸੇ ਵਾਲਿਆਂ, ਨਾਮਧਾਰੀਆਂ ਨੂੰ ਵੋਟ ਦਾ ਹੱਕ ਹੋਵੇਗਾ? ਜਦੋਂ ਕਿ ਸਿੱਖਾਂ ਵਲੋਂ ਐਲਾਨੀਆਂ ਤੌਰ 'ਤੇ ਨਿਰੰਕਾਰੀਆਂ ਤੇ ਸਿਰਸੇ ਵਾਲਿਆਂ ਨਾਲ ਰੋਟੀ-ਬੇਟੀ ਦੀ ਸਾਂਝ ਨਾ ਕਰਨ ਦਾ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ? ਪੰਜਾਬ ਦੀ ਤਕਰੀਬਨ ਅੱਧੀ ਆਬਾਦੀ ਹਿੰਦੂਆਂ ਦੀ ਹੈ, ਕੀ ਉਨ੍ਹਾਂ ਨੂੰ ਵੋਟ ਦਾ ਹੱਕ ਹੈ? ਪੰਜਾਬ ਵਿਚ ਦਲਿਤ ਭਾਈਚਾਰਾ ਵੱਡੀ ਗਿਣਤੀ ਵਿਚ ਵਸਦਾ ਹੈ, ਕੀ ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਹੈ? ਵੱਡੀ ਗਿਣਤੀ ਵਿਚ ਕਾਮਰੇਡ ਤੇ ਨਾਸਤਿਕ ਵੀ ਹਨ, ਕੀ ਉਹ ਵੋਟ ਪਾ ਸਕਣਗੇ? ਕੀ ਖਾਲਿਸਤਾਨ ਵਿਚ ਧਰਮ ਨੂੰ ਨਾ ਮੰਨਣ ਦਾ ਲੋਕਾਂ ਨੂੰ ਹੱਕ ਹੋਵੇਗਾ? ਪਿਛਲੇ 6 ਸਾਲਾਂ ਵਿਚ ਵੋਟ ਕੌਣ ਪਾ ਸਕਦੈ, ਅਜੇ ਇਹ ਵੀ ਸਪਸ਼ਟ ਨਹੀਂ ਕੀਤਾ ਗਿਆ?

'ਸਿੱਖਸ ਫਾਰ ਜਸਟਿਸ' ਦੀ ਵੈਬਸਾਈਟ 'ਤੇ ਰਜਿਸਟਰੇਸ਼ਨ ਫਾਰਮ ਅਨੁਸਾਰ ਪੰਜਾਬ ਵਿਚ ਵਸਣ ਵਾਲੇ ਸਿੱਖ, ਹਿੰਦੂ, ਮੁਸਲਿਮ, ਇਸਾਈ ਜਾਂ ਹੋਰ ਵੋਟ ਰਜਿਸਟਰ ਕਰਾ ਸਕਦੇ ਹਨ? ਪਰ ਪਿਛਲੇ 6 ਸਾਲਾਂ ਵਿਚ 'ਸਿੱਖਸ ਫਾਰ ਜਸਟਿਸ' ਨੇ ਖਾਲਿਸਤਾਨੀ ਜਾਂ ਟਕਸਾਲੀ ਕੰਟਰੋਲ ਵਾਲੇ ਗੁਰਦੁਆਰਿਆਂ ਤੋਂ ਬਾਹਰ ਕਦੇ ਕਿਸੇ ਹੋਰ ਧਰਮ ਜਾਂ ਫਿਰਕੇ ਨੂੰ ਇਸ ਵਿਚ ਸ਼ਾਮਿਲ ਹੋਣ ਦਾ ਸੱਦਾ ਨਹੀਂ ਦਿੱਤਾ ਤੇ ਨਾ ਹੀ ਕਦੇ ਸ਼ਾਮਿਲ ਹੀ ਕੀਤਾ। ਉਂਜ, ਇਨ੍ਹਾਂ ਨੂੰ ਪਤਾ ਹੈ ਕਿ ਯੂ.ਐਨ. ਦੇ ਚਾਰਟਰ ਅਨੁਸਾਰ 'ਸਿਰਫ ਧਰਮ' ਆਧਾਰਿਤ ਰੈਫਰੈਂਡਮ ਨੂੰ ਕਿਸੇ ਨੇ ਨਹੀਂ ਪੁੱਛਣਾ, ਇਸ ਲਈ ਹਿੰਦੂਆਂ, ਮੁਸਲਮਾਨਾਂ, ਇਸਾਈਆਂ ਤੇ ਦਲਿਤਾਂ ਦਾ ਕਾਲਮ ਬਣਾਇਆ ਹੋਇਆ ਹੈ। ਇਸ ਦਾ ਹਕੀਕਤ ਵਿਚ ਕੋਈ ਮਤਲਬ ਨਹੀਂ ਬਣਦਾ। ਤੁਸੀਂ ਤਾਂ ਦੇਸ਼ ਹੀ ਧਰਮ ਆਧਾਰਿਤ ਬਣਾ ਰਹੇ ਹੋ! ਪਿਛਲੇ ਸਮੇਂ ਵਿਚ ਅਨੇਕਾਂ ਸਿੱਖਾਂ ਦੇ ਕਾਲੀਆਂ ਸੂਚੀਆਂ ਬਣਾ ਕੇ ਭਾਰਤ ਸਰਕਾਰ ਨੇ ਵੀਜ਼ੇ ਬੰਦ ਕੀਤੇ ਹੋਏ ਸਨ ਜਾਂ ਹਨ ਕਿ ਉਨ੍ਹਾਂ ਦਾ ਖਾਲਿਸਤਾਨ ਦੀ ਮੂਵਮੈਂਟ ਨਾਲ ਸਬੰਧ ਹੈ, ਭਾਵੇਂ ਉਨ੍ਹਾਂ ਵਿਚੋਂ ਬਹੁਤੇ ਨਾਮ ਮੁਖਬਰਾਂ ਦੀਆਂ ਗਲਤ ਜਾਣਕਾਰੀਆਂ ਦੇ ਆਧਾਰ 'ਤੇ ਸਨ। ਇਸ ਗੱਲ ਦੀ ਕੀ ਗਰੰਟੀ ਹੈ ਕਿ ਜਿਹੜੇ ਲੋਕ ਰੈਫਰੈਂਡਮ ਲਈ ਵੋਟ ਪਾਉਣ ਵਾਸਤੇ ਰਜਿਸਟਰ ਕਰਾਉਣਗੇ, ਉਨ੍ਹਾਂ ਦੇ ਨਾਮ ਭਾਰਤੀ ਏਜੰਸੀਆਂ ਜਾਂ ਅੰਬੈਸੀਆਂ ਤੱਕ ਨਹੀਂ ਪਹੁੰਚਣਗੇ? ਉਨ੍ਹਾਂ ਆਮ ਲੋਕਾਂ ਲਈ ਭਵਿਖ ਵਿਚ ਆਉਣ ਵਾਲੀਆਂ ਪ੍ਰੇਸ਼ਾਨੀਆਂ ਲਈ ਕੌਣ ਜ਼ਿੰਮੇਵਾਰ ਹੋਵੇਗਾ? ਜੇ ਵਿਦੇਸ਼ਾਂ ਵਿਚਲੇ ਗੁਰਦੁਆਰਿਆਂ ਦੀਆਂ ਚੋਣਾਂ ਦੇਖ ਲਉ, ਕੋਰਟਾਂ ਦੀ ਮਦਦ ਨਾਲ ਹੁੰਦੀਆਂ ਹਨ ਕਿਉਂਕਿ ਦੋਹਾਂ ਧੜਿਆਂ ਨੂੰ ਇੱਕ ਦੂਜੇ 'ਤੇ ਯਕੀਨ ਨਹੀਂ ਹੁੰਦਾ ਕਿ ਉਹ ਇਮਾਨਦਾਰੀ ਨਾਲ ਵੋਟਾਂ ਬਣਾਉਣਗੇ ਜਾਂ ਪਵਾਉਣਗੇ? ਬਹੁਤੀਆਂ ਵੋਟਾਂ ਦੇ ਨਤੀਜੇ ਵੀ ਜਿੱਤਣ ਵਾਲੀ ਧਿਰ ਨੂੰ ਹੀ ਮਨਜ਼ੂਰ ਹੁੰਦੇ ਹਨ, ਦੂਜੀ ਧਿਰ ਧੋਖਾਧੜੀ ਦੇ ਦੋਸ਼ਾਂ ਵਿਚ ਕੋਰਟਾਂ ਵਿਚ ਜਾਂਦੀ ਹੈ। ਉਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧਕ ਹੀ 'ਸਿੱਖਸ ਫਾਰ ਜਸਟਿਸ' ਦੇ ਆਗੂ ਹਨ, ਫਿਰ ਉਨ੍ਹਾਂ 'ਤੇ ਲੋਕ ਕਿਵੇਂ ਯਕੀਨ ਕਰਨਗੇ ਕਿ ਇਹ ਸਹੀ ਵੋਟਾਂ ਪਵਾਉਣਗੇ ਜਾਂ ਉਨ੍ਹਾਂ ਦੇ ਵੋਟਿੰਗ ਰਜਿਸਟਰੇਸ਼ਨ ਫਾਰਮ ਗੁਪਤ ਰਹਿਣਗੇ? ਜਾਂ ਵੋਟਾਂ ਦੇ ਨਤੀਜੇ ਪਈਆਂ ਵੋਟਾਂ ਅਨੁਸਾਰ ਹੀ ਹੋਣਗੇ?

ਇਸੇ ਤਰ੍ਹਾਂ 'ਸਿੱਖਸ ਫਾਰ ਜਸਟਿਸ' ਨੇ ਪਿਛਲੇ 6 ਸਾਲਾਂ ਵਿਚ ਖਾਲਿਸਤਾਨ ਦਾ ਨਕਸ਼ਾ, ਉਸ ਵਿਚ ਕਿਹੋ ਜਿਹਾ ਸਿਸਟਮ ਚੱਲੇਗਾ (ਲੋਕਤੰਤਰ, ਡਿਕਟੇਟਰਸ਼ਿਪ, ਫੌਜੀ ਰਾਜ ਆਦਿ), ਘੱਟ ਗਿਣਤੀਆਂ ਦੇ ਕੀ ਹੱਕ ਹੋਣਗੇ, ਕੀ ਖਾਲਿਸਤਾਨ ਸੈਕੂਲਰ (ਧਰਮ ਨਿਰਪੱਖ) ਸਟੇਟ ਹੋਵੇਗੀ ਜਾਂ ਸਿੱਖ ਧਰਮ ਆਧਾਰਿਤ ਹੋਵੇਗੀ ਆਦਿ ਬਾਰੇ ਕੁਝ ਵੀ ਸਪਸ਼ਟ ਨਹੀਂ ਕੀਤਾ, ਜਿਸ ਤਰ੍ਹਾਂ 84 ਤੋਂ ਬਾਅਦ ਚੱਲੀ ਖਾਲਿਸਤਾਨੀ ਹਥਿਆਰਬੰਦ ਲਹਿਰ ਦੀ ਲੀਡਰਸ਼ਿਪ ਨੇ ਪਿਛਲੇ 36 ਸਾਲਾਂ ਵਿਚ ਕਦੇ ਖਾਲਿਸਤਾਨ ਬਾਰੇ ਕੋਈ ਸਪਸ਼ਟ ਏਜੰਡਾ ਨਹੀਂ ਰੱਖਿਆ। ਕੀ ਕਦੇ ਕੋਈ ਪਾਰਟੀ ਆਪਣੇ ਮੈਨੀਫੈਸਟੋ ਤੋਂ ਬਿਨਾ ਚੋਣਾਂ ਲੜਦੀ ਹੈ? ਫਿਰ 'ਸਿੱਖਸ ਫਾਰ ਜਸਟਿਸ' ਬਿਨਾ ਏਜੰਡੇ ਜਾਂ ਮੈਨੀਫੈਸਟੋ ਤੋਂ ਕਿਸ ਆਧਾਰ 'ਤੇ ਵੋਟਾਂ ਮੰਗ ਰਹੀ ਹੈ? ਜਿਸ ਤਰ੍ਹਾਂ ਪਹਿਲਾਂ ਗੱਲ ਕੀਤੀ ਗਈ ਹੈ ਕਿ ਜੇ ਖਾਲਿਸਤਾਨ ਦਾ ਆਧਾਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੈ ਤਾਂ ਫਿਰ ਪਾਕਿਸਤਾਨ ਵਾਲਾ ਪੰਜਾਬ, ਅਫਗਾਨਿਸਤਾਨ ਦੇ ਕੁਝ ਇਲਾਕੇ, ਜੰਮੂ ਕਸ਼ਮੀਰ, ਹਿਮਾਚਲ, ਰਾਜਸਥਾਨ, ਹਰਿਆਣੇ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ? ਹੁਣ ਜਦੋਂ ਪਾਕਿਸਤਾਨ ਸਿੱਖਾਂ ਦਾ 1980 ਤੋਂ ਹਮਦਰਦ ਹੈ ਤੇ ਖਾਲਿਸਤਾਨ ਦੀ ਮੰਗ ਦਾ ਹਮਾਇਤੀ ਵੀ ਹੈ ਤਾਂ ਉਸ ਨੂੰ ਸਿੱਖਾਂ ਦੇ ਹੱਕ ਵਿਚ ਸਿੱਖ ਰਾਜ ਵਾਲੇ ਸਾਰੇ ਇਲਾਕੇ ਸਿੱਖਾਂ ਨੂੰ ਖਾਲਿਸਤਾਨ ਬਣਾਉਣ ਲਈ ਤੋਹਫੇ ਦੇ ਤੌਰ 'ਤੇ ਦੇਣੇ ਚਾਹੀਦੇ ਹਨ, ਸਗੋਂ ਭਾਰਤ ਤੋਂ ਖਾਲਿਸਤਾਨ ਆਜ਼ਾਦ ਕਰਾਉਣ ਲਈ ਪਾਕਿਸਤਾਨ ਵਿਚ ਖਾਲਿਸਤਾਨ ਬਣਾ ਕੇ ਉਥੋਂ ਸੰਘਰਸ਼ ਲੜਿਆ ਜਾਣਾ ਚਾਹੀਦਾ ਹੈ? ਮੌਜੂਦਾ ਭਾਰਤੀ ਸਿਸਟਮ ਵਿਚ ਜਦੋਂ ਭਾਰਤ ਸਰਕਾਰ ਨੇ 'ਸਿੱਖਸ ਫਾਰ ਜਸਟਿਸ' 'ਤੇ ਪਾਬੰਦੀ ਲਾ ਦਿੱਤੀ ਹੈ ਅਤੇ ਗੁਰਪਤਵੰਤ ਸਿੰਘ ਪਨੂੰ ਨੂੰ ਅਤਿਵਾਦੀ ਐਲਾਨ ਦਿੱਤਾ ਹੈ ਤਾਂ ਜਿਹੜਾ ਵੀ ਭਾਰਤੀ ਨਾਗਰਿਕ ਰੈਫਰੈਂਡਮ ਲਈ ਵੋਟ ਰਜਿਸਟਰ ਕਰਵਾਏਗਾ, ਉਹ ਦੇਸ਼ ਧ੍ਰੋਹੀ ਬਣੇਗਾ, ਉਸ ਨੂੰ ਜੇਲ੍ਹੀਂ ਸੁੱਟਿਆ ਜਾਵੇਗਾ, ਜਿਸ ਤਰ੍ਹਾਂ ਪਿਛਲੇ ਦਿਨੀਂ ਕੁਝ ਨੌਜਵਾਨ ਸੁੱਟੇ ਵੀ ਗਏ ਹਨ। ਅਜਿਹੇ ਮਾਹੌਲ ਵਿਚ ਪੰਜਾਬ ਜਾਂ ਭਾਰਤ ਵਿਚੋਂ ਲੋਕ ਵੋਟ ਨਹੀਂ ਪਾ ਸਕਣਗੇ। ਜੇ ਵੋਟ ਨਹੀਂ ਪਾ ਸਕਣਗੇ ਤਾਂ ਉਨ੍ਹਾਂ ਦੀ ਰਾਏ ਤੋਂ ਬਿਨਾ ਕੁਝ ਵਿਦੇਸ਼ੀ ਸਿੱਖਾਂ ਦੀ ਰਾਏਸ਼ੁਮਾਰੀ ਦਾ ਕੀ ਮਤਲਬ ਹੋਵੇਗਾ? ਜਦੋਂ 'ਸਿੱਖਸ ਫਾਰ ਜਸਟਿਸ' ਨੂੰ ਪਤਾ ਹੈ ਕਿ ਉਨ੍ਹਾਂ ਦੀ ਜਥੇਬੰਦੀ ਅਤੇ ਆਗੂਆਂ 'ਤੇ ਭਾਰਤ ਵਿਚ ਪਾਬੰਦੀ ਹੈ ਤਾਂ ਉਹ ਕਿਉਂ ਨੌਜਵਾਨਾਂ ਨੂੰ ਵੋਟਿੰਗ ਲਈ ਰਜਿਸਟਰ ਕਰਨ ਵਾਸਤੇ ਉਕਸਾ ਰਹੇ ਹਨ? ਕੀ ਅਜਿਹਾ ਤਾਂ ਨਹੀਂ ਕਿ ਉਹ ਚਾਹੁੰਦੇ ਹਨ ਕਿ ਪੁਲਿਸ ਅਜਿਹੇ ਨੌਜਵਾਨਾਂ ਦੀ ਨਿਸ਼ਾਨਦੇਹੀ ਕਰ ਕੇ ਕੇਸ ਪਾਵੇ ਤੇ ਫਿਰ ਇਹ ਕੁਝ ਸਾਲ ਉਨ੍ਹਾਂ ਦੇ ਕੇਸ ਲੜਨ ਦੇ ਨਾਮ 'ਤੇ ਡਾਲਰ ਇਕੱਠੇ ਕਰੀ ਜਾਣ?

ਹੁਣ 'ਸਿੱਖਸ ਫਾਰ ਜਸਟਿਸ' ਨੂੰ ਸਵਾਲ ਪੁਛਣੇ ਬਣਦੇ ਹਨ ਕਿ ਉਨ੍ਹਾਂ ਵਲੋਂ 2007 ਵਿਚ ਉਲੀਕਿਆ ਆਪਣਾ ਪਹਿਲਾ ਏਜੰਡਾ ('ਸਿੱਖ ਨਸਲਕੁਸ਼ੀ' ਨੂੰ ਮਾਨਤਾ ਦਿਵਾਉਣਾ) ਬਿਨਾ ਕਿਸੇ ਪ੍ਰਾਪਤੀ ਦੇ ਕਿਉਂ ਛੱਡਿਆ ਗਿਆ? ਫਿਰ ਕਾਂਗਰਸੀ ਲੀਡਰਾਂ ਨੂੰ ਸੰਮਨ ਜਾਰੀ ਕਰਾਉਣ ਵਾਲਾ ਏਜੰਡਾ ਵੀ ਬਿਨਾ ਕਿਸੇ ਪ੍ਰਾਪਤੀ ਦੇ ਕਿਉਂ ਛੱਡਿਆ ਗਿਆ? 'ਸਿੱਖਸ ਫਾਰ ਜਸਟਿਸ' ਨੇ ਕਦੇ ਇਹ ਵੀ ਨਹੀਂ ਦੱਸਿਆ ਕਿ ਉਨ੍ਹਾਂ ਕਦੇ ਭਾਰਤ ਸਰਕਾਰ ਤੋਂ ਲਿਖਤੀ ਰੂਪ ਵਿਚ ਰੈਫਰੈਂਡਮ ਕਰਾਉਣ ਲਈ ਮਨਜ਼ੂਰੀ ਮੰਗੀ ਹੈ?

ਹੁਣ 'ਰੈਫਰੈਂਡਮ 2020' ਵਿਚ ਕੋਈ ਜਾਨ ਨਹੀਂ ਲਗਦੀ ਅਤੇ ਨਾ ਹੀ ਉਹ ਖਾਲਿਸਤਾਨ ਲਈ ਗੰਭੀਰ ਲਗਦੇ ਹਨ। ਇਸ ਲਈ 'ਸਿੱਖਸ ਫਾਰ ਜਸਟਿਸ' ਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਲੋਕ ਕਚਿਹਰੀ ਵਿਚ ਦੇਣੇ ਚਾਹੀਦੇ ਹਨ ਤਾਂ ਹੀ ਲੋਕ ਉਨ੍ਹਾਂ ਤੇ ਯਕੀਨ ਕਰਨਗੇ? ਅਸੀਂ ਯੂ.ਐਨ. ਦੇ ਚਾਰਟਰ ਅਨੁਸਾਰ ਲੋਕਾਂ ਨੂੰ ਉਨ੍ਹਾਂ ਦੀਆਂ ਨਿੱਜੀ ਅਤੇ ਕੌਮੀ ਆਜ਼ਾਦੀਆਂ ਦਾ ਪੂਰਾ ਸਮਰਥਨ ਕਰਦੇ ਹਾਂ ਤੇ ਜੋ ਲੋਕ ਜਾਂ ਕੌਮਾਂ ਆਪਣੇ ਮਨੁੱਖੀ ਅਧਿਕਾਰਾਂ ਅਤੇ 'ਸਵੈ-ਨਿਰਣੇ' ਲਈ ਬਿਨਾ ਕਿਸੇ ਜਾਤ, ਰੰਗ, ਨਸਲ, ਧਰਮ ਦੇ ਵਿਤਕਰੇ ਤੋਂ ਸੰਘਰਸ਼ ਕਰ ਰਹੀਆਂ ਹਨ, ਉਨ੍ਹਾਂ ਦੇ ਹੱਕ ਵਿਚ ਹਾਂ। ਦੁਨੀਆਂ ਵਿਚ ਕਿਤੇ ਵੀ ਮਨੁੱਖੀ ਹੱਕਾਂ ਦੀ ਉਲੰਘਣਾ ਹੋਵੇ, ਅਸੀਂ ਉਸ ਦੀ ਨਿਖੇਧੀ ਕਰਦੇ ਹਾਂ। 'ਧਰਮ ਆਧਾਰਿਤ ਸਟੇਟ' ਦਾ ਸੰਕਲਪ ਅੱਜ ਦੀ ਦੁਨੀਆਂ ਵਿਚ ਚੱਲ ਨਹੀਂ ਸਕਦਾ। ਸਾਰੀ ਦੁਨੀਆਂ ਬਹੁ-ਸਭਿਆਚਾਰ (ਮਲਟੀ-ਕਲਚਰਿਜ਼ਮ) ਵਲ ਵਧ ਰਹੀ ਹੈ ਜਿਥੇ ਸਾਰੇ ਲੋਕ ਬਿਨਾ ਕਿਸੇ ਜਾਤ, ਧਰਮ, ਰੰਗ, ਕੌਮ, ਨਸਲ, ਲਿੰਗ ਦੇ ਵਿਤਕਰੇ ਤੋਂ ਆਜ਼ਾਦੀ ਨਾਲ ਰਹਿ ਸਕਣ ਪਰ ਜਿਸ ਤਰ੍ਹਾਂ ਸਿੱਖ ਲੀਡਰਸ਼ਿਪ ਅਤੇ ਸਿੱਖ ਵਿਦਵਾਨ ਆਮ ਸਿੱਖਾਂ ਨੂੰ ਗੁਮਰਾਹ ਕਰ ਕੇ ਬਿਨਾ ਕਿਸੇ ਠੋਸ ਤੇ ਸਪਸ਼ਟ ਨਿਸ਼ਾਨੇ ਦੇ ਪਿਛਲੇ 100 ਸਾਲ ਤੋਂ ਸਿੱਖਾਂ ਨੂੰ ਮੋਰਚਿਆਂ, ਹਥਿਆਰਬੰਦ ਸੰਘਰਸ਼ਾਂ ਵਿਚ ਮਰਵਾ ਰਹੇ ਹਨ, ਉਸ ਨਾਲ ਸਿੱਖਾਂ ਦਾ ਨਾ ਸਿਰਫ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ, ਸਗੋਂ ਸਿੱਖਾਂ 'ਤੇ ਅਤਿਵਾਦ ਦਾ ਲੇਬਲ ਵੀ ਲੱਗ ਚੁੱਕਾ ਹੈ। ਉਸ ਤੋਂ ਆਮ ਸਿੱਖਾਂ ਨੂੰ ਸੁਚੇਤ ਹੋਣ ਤੇ ਸਬਕ ਸਿੱਖਣ ਦੀ ਲੋੜ ਹੈ ਅਤੇ ਅਜਿਹੀ ਖੁਦਗਰਜ਼ ਤੇ ਬੇਈਮਾਨ ਲੀਡਰਸ਼ਿਪ ਨੂੰ ਪਛਾਣਨ ਤੇ ਨਕਾਰਨ ਦੀ ਲੋੜ ਹੈ।

# ਪੰਜਾਬ: ਹਿੰਸਾ, ਸ਼ਹਾਦਤ ਤੇ ਸ਼ਬਦ ਗੁਰੂ

## ਸੰਤਾਲੀ ਅਤੇ ਚੁਰਾਸੀ ਦੇ ਪ੍ਰਸੰਗ ਵਿਚ...

***ਜਸਬੀਰ ਮੰਡ ਮੁਢਲੇ ਰੂਪ 'ਚ ਨਾਵਲਕਾਰ ਹੈ। ਉਸ ਨੇ ਪੰਜਾਬ ਦੇ ਬੁਨਿਆਦੀਆਂ ਮਸਲਿਆਂ ਨਾਲ ਗੜੁੱਚ ਨਾਵਲ ਲਿਖੇ ਹਨ। ਉਸ ਦੇ ਵਿਚਾਰ ਉਤੇਜਤ ਲੇਖ ਵੀ ਅਕਸਰ ਚਰਚਾ ਦਾ ਵਿਸ਼ਾ ਬਣਦੇ ਰਹੇ ਹਨ। ਇਸ ਲੇਖ ਵਿਚ ਉਸ ਨੇ ਸੰਤਾਲੀ ਅਤੇ ਚੁਰਾਸੀ ਦੇ ਹਵਾਲੇ ਨਾਲ ਹਿੰਸਾ ਬਾਰੇ ਕੁਝ ਗੱਲਾਂ ਵਿਚਾਰੀਆਂ ਹਨ। ਅਸਲ ਵਿਚ ਉਸ ਨੇ ਮਨੁੱਖਤਾ ਅਤੇ ਇਸ ਦੀ ਲਗਾਤਾਰ ਜੱਦੋ-ਜਹਿਦ ਨੂੰ ਕੇਂਦਰ ਵਿਚ ਰੱਖ ਕੇ ਹਿੰਸਾ ਬਾਰੇ ਇਹ ਗੱਲਾਂ ਇਸ ਢੰਗ ਨਾਲ ਨਿਤਾਰੀਆਂ ਹਨ ਕਿ ਪਾਠਕ ਇਨ੍ਹਾਂ ਪੱਖਾਂ ਬਾਰੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ। -ਸੰਪਾਦਕ***

ਪੰਜਾਬ ਹਿੰਸਾ ਰਾਹੀਂ ਆਪਣੇ 'ਹੋਣ' ਦੀ ਗਹਿਰਾਈ ਨੂੰ ਤਲਾਸ਼ਦਾ ਰਿਹਾ ਹੈ। ਹਿੰਸਾ 'ਹੋਣ' ਨੂੰ ਸਥਿਰ ਨਹੀਂ ਰੱਖਦੀ, ਇਸੇ ਕਰ ਕੇ ਪੰਜਾਬ ਦਾ ਹੋਣਾ ਕੰਬਦਾ ਰਿਹਾ ਹੈ। ਇਹ 'ਹੋਣਾ' ਜੀਵਤ ਵੀ ਰਿਹਾ ਹੈ। 'ਹੋਣਾ' ਜੀਵਨ ਦੀ ਆਖਰੀ ਤੇ ਕਦੇ ਨਾ ਮੁੱਕਣ ਵਾਲੀ ਤਾਂਘ ਹੈ। ਇਹ 'ਹੋਣਾ' ਜੀਵਨ ਦੀ ਜਾਗਦੀ ਜੋਤ ਹੈ। ਇਹਦੇ ਵਿਚ ਸੋਗ ਤੇ ਜਸ਼ਨ ਵਿਚਾਲੇ ਬਹੁਤ ਹੀ ਸੂਖਮ ਥਾਂਵਾਂ ਨੇ ਜਿਨ੍ਹਾਂ 'ਤੇ ਖੜ੍ਹ ਕੇ ਮੈਂ ਆਪਣੇ ਨਾਵਲਾਂ ਵਿਚ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ।

ਗੱਲ ਸੰਤਾਲੀ ਦੌਰਾਨ ਵਾਪਰੀ ਹਿੰਸਾ ਤੋਂ ਸ਼ੁਰੂ ਕਰਦੇ ਹਾਂ। ਪੰਜਾਬੀ ਬੰਦੇ ਦੀ ਮਾਨਸਿਕ ਸੋਚ 'ਤੇ ਸੰਤਾਲੀ ਦੀਆਂ ਘਟਨਾਵਾਂ ਦਾ ਡੂੰਘਾ ਅਸਰ ਪਿਆ। ਫਿਰ ਸਮੂਹਿਕ ਪਛਤਾਵੇ ਦਾ ਲੰਮਾ ਸਿਲਸਿਲਾ ਸ਼ੁਰੂ ਹੋਇਆ। ਇਹ ਪਛਤਾਵਾ ਹੀ ਸੀ ਜਿਸ ਕਰ ਕੇ ਪੰਜਾਬ ਦੇ ਲੋਕ-ਮਨ ਨੇ ਇਹਦਾ ਨਾਂ 'ਹੱਲੇ' ਰੱਖਿਆ ਤੇ ਇਹ ਸ਼ਬਦ ਗੁਨਾਹ ਕਬੂਲਣ ਦੇ ਖੁੱਲ੍ਹੇ ਦੁਆਰ ਲੈ ਕੇ ਆਇਆ। ਏਦਾਂ ਦੀ ਸਵੈ-ਪੜਚੋਲ ਵਾਲੀ ਯਾਤਰਾ ਪੰਜਾਬ ਨੇ ਪਹਿਲਾਂ ਨਹੀਂ ਸੀ ਕੀਤੀ, ਬੇਸ਼ੱਕ ਪੰਜਾਬ ਕੋਲ ਜੰਗਾਂ ਦਾ ਸਦੀਆਂ ਪੁਰਾਣਾ ਅਨੁਭਵ ਸੀ। ਬਾਅਦ ਵਿਚ ਚੁਰਾਸੀ ਵਿਚ ਜੋ ਵਾਪਰਿਆ, ਉਹਨੇ ਗਹਿਰਾ ਸਦਮਾ ਪੈਦਾ ਕੀਤਾ। ਇਹ ਲੋਕ-ਮਨ ਨੂੰ ਗਹਿਰਾਈਆਂ ਤੱਕ ਛੂਹ ਗਿਆ।



ਜਸਬੀਰ ਮੰਡ
ਫੋਨ: +91-89688-34726

ਹਿੰਸਾ ਆਤਮ ਰੱਖਿਆ ਦਾ ਸਭ ਤੋਂ ਨਜ਼ਦੀਕੀ ਸਹਾਰਾ ਹੈ। ਇਹ ਕਦੇ ਵੀ, ਕਿਤੇ ਵੀ, ਕਿਸੇ ਵੀ ਸਰੂਪ ਵਿਚ ਉਪਜ ਸਕਦੀ ਹੈ। ਇਹ ਵਿਗੜੀ ਹੋਈ ਹਾਲਤ ਵਿਚ ਗੂੰਜ ਵਾਂਗ ਸੁਣਾਈ ਦਿੰਦੀ ਰਹਿੰਦੀ ਹੈ। ਅਜਿਹੀ ਮਨੋ ਅਵਸਥਾ 'ਕਰਨ ਤੇ ਹੋਣ' ਵਿਚਾਲੇ ਅਨੰਤ ਦਿਸ਼ਾਵਾਂ ਵਿਚ ਘੁੰਮਦੀ ਰਹਿੰਦੀ ਹੈ। ਹਿੰਸਾ ਸਵੈ ਉਪਰ ਵੀ ਹਿੰਸਕ ਹੋ ਸਕਦੀ ਹੈ। ਇਹ ਆਤਮ-ਹੱਤਿਆ ਰਾਹੀਂ ਖੁਦ ਦਾ ਚਿਹਰਾ ਦਿਖਾ ਸਕਦੀ ਹੈ (ਜਿਵੇਂ ਅੱਜ ਕੱਲ੍ਹ ਪੰਜਾਬ ਵਿਚ ਵਾਪਰ ਰਿਹਾ ਹੈ)। ਹਿੰਸਾ ਸੰਸਕਾਰਾਂ ਦੀ ਸਾਦਗੀ ਨੂੰ ਵੀ ਤਹਿਸ-ਨਹਿਸ ਕਰ ਦਿੰਦੀ ਹੈ; ਹਾਲਾਂਕਿ ਸੰਸਕਾਰ ਅਧੂਰੇ ਸੱਚ ਦੀ ਉਪਜ ਹੁੰਦੇ ਨੇ। ਅਜਿਹੀ ਹਿੰਸਾ ਅਧੂਰੇ ਸੱਚ ਨੂੰ ਕਬੂਲ ਕਰਦੀ ਹੈ। ਇਹ ਪੂਰੇ ਸੱਚ ਦੇ ਭੈਅ ਹੇਠ ਰਹਿੰਦੀ ਹੈ।

ਸੰਤਾਲੀ ਅਤੇ ਚੁਰਾਸੀ ਦੀਆਂ ਵਹਿਸ਼ੀ ਯਾਦਾਂ ਸਾਡੇ ਕਾਲਜੇ ਉਤੇ ਭਾਰ ਬਣੀਆਂ ਹੋਈਆਂ ਹਨ। ਸੰਤਾਲੀ ਕਾਰਨ ਹਜ਼ਾਰਾਂ ਸੋਗਾਂ ਵਿਚ ਡੁੱਬੇ ਪਰਿਵਾਰਾਂ ਨਾਲ ਰਹਿਣ ਦੀ ਮਾਨਸਿਕ ਪੀੜਾ ਅਸੀਂ ਅੱਧੀ ਸਦੀ ਤੱਕ ਝੱਲੀ। ਇਹ ਪਰਿਵਾਰ ਪਾਕਿਸਤਾਨ ਤੋਂ ਉਜੜੇ ਲਹੂ-ਲੁਹਾਨ ਹੋ ਕੇ ਆਏ ਸਨ। ਹਿੰਸਾ ਤੋਂ ਉਪਜੀ ਪੀੜ ਦਹਾਕਿਆਂ ਤੱਕ ਉਨ੍ਹਾਂ ਦੇ ਆਲੇ-ਦੁਆਲੇ ਤੁਰਦੀ ਫਿਰਦੀ ਰਹੀ। ਉਨ੍ਹਾਂ ਸੁਆਲਾਂ-ਜੁਆਬਾਂ ਦੀ ਵੀ ਨੀਂਦ ਖੁੱਲ੍ਹੀ ਜੋ ਬੀਤੇ ਵਿਚ ਸੁਤ-ਉਨੀਂਦੇ ਪਏ ਸਨ। ਇਹ ਸੁਆਲ ਜਨ-ਚੇਤਨਾ ਦੇ ਮੱਥੇ ਉਤੇ ਵੱਜੇ - "ਫਿਰ ਭਲਾ ਆਪਣਾ ਕੌਣ ਹੋਇਆ?" "ਕਿਸੇ ਦਾ ਕੋਈ ਵਿਸਾਹ ਨਹੀਂ।" ਭੈਅ ਸਦਾ ਲਈ ਮਨਾਂ ਅੰਦਰ ਘਰ ਕਰ ਗਿਆ। ਅਜਿਹੇ ਵੇਲੇ ਬੀਤੇ ਦੀਆਂ ਤਲਖ ਯਾਦਾਂ ਤੁਹਾਡੇ ਕੋਲ ਸੰਗੀਤ ਦੇ ਤੌਰ 'ਤੇ ਆਉਂਦੀਆਂ ਨੇ। ਇਹ ਅਜਿਹੀਆਂ ਧੁਨਾਂ ਹਨ ਜੋ ਲੋਕ-ਮਨ 'ਚੋਂ ਬਾਹਰ ਕੱਢਣੀਆਂ ਤਕਰੀਬਨ ਅਸੰਭਵ ਹੋ ਜਾਂਦੀਆਂ ਨੇ। ਸ਼ਾਇਦ ਇਸੇ ਕਰ ਕੇ ਬਾਬੇ ਨੇ ਇਨ੍ਹਾਂ ਦਾ ਜੁਆਬ ਗਾ ਕੇ ਸੁਣਾਉਣ ਦੀ ਵਿਧੀ ਵਰਤੀ ਸੀ। ਦਸਮੇਸ਼ ਦੀ ਆਮਦ ਵੀ ਅਜਿਹੀ ਹੀ ਸੀ। ਉਨ੍ਹਾਂ ਸ਼ਾਸਤਰਾਂ ਦੇ ਸੁੰਨੇਪਣ ਨੂੰ ਤੋੜਿਆ ਤੇ ਇਨ੍ਹਾਂ ਨੂੰ ਸੰਗੀਤਮਈ ਕੀਤਾ।

ਇਸ ਪ੍ਰਸੰਗ ਵਿਚ ਸੁਆਲ ਉਠਦਾ ਹੈ ਕਿ ਜਦੋਂ ਅਸੀਂ ਦਸਮੇਸ਼ ਦੇ ਜਜ਼ਬੇ ਨੂੰ ਯਾਦ ਕਰਦੇ ਹਾਂ ਤਾਂ ਉਸ ਸਮੇਂ ਸਾਡੀ ਮਨੋਸਥਿਤੀ ਕਿਹੋ ਜਿਹੀ ਹੁੰਦੀ ਹੈ? ਤਦ ਗੱਲ ਉਭਰ ਕੇ ਇਹ ਆਉਂਦੀ ਹੈ ਕਿ ਅਸੀਂ 'ਸ਼ਬਦ ਗੁਰੂ' ਦਾ ਬਿੰਬ ਹੀ ਅਪਨਾਇਆ ਹੈ, ਜੀਵਨ ਬੋਧ ਨਹੀਂ; ਜਦ ਕਿ ਪੰਜਾਬ ਦੇ ਹਿੰਸਕ ਅਨੁਭਵਾਂ ਨੂੰ ਦਸਮੇਸ਼ ਨੇ ਬਹੁਤ ਗਹਿਰਾ ਸਮਝਿਆ ਸੀ।

ਕਹਿਣਾ ਇਹ ਹੈ ਕਿ ਪੰਜਾਬ ਦੇ ਹਿੰਸਕ ਸੁਭਾਅ ਨੂੰ ਸਮਝਣ ਤੋਂ ਪਹਿਲਾਂ ਦਸਮੇਸ਼ ਨੂੰ ਸਮਝਣਾ ਪਵੇਗਾ, ਨਹੀਂ ਤਾਂ ਅਸੀਂ ਅਧੂਰੀਆਂ ਕਹਾਣੀਆਂ ਵਿਚ ਉਲਝ ਕੇ ਰਹਿ ਜਾਵਾਂਗੇ। ਦਸਮੇਸ਼ ਹਿੰਸਾ ਨੂੰ ਅਨੁਭਵੀ ਹੋਣ ਦਾ ਮੌਕਾ ਦਿੰਦੇ ਨੇ। ਹਿੰਸਾ ਕਰਨੀ ਪਰ ਹਿੰਸਕ ਨਹੀਂ ਹੋਣਾ। ਪੰਜਾਬ ਦੇ ਸੁਭਾਅ ਉਤੇ ਇਹ ਅਨੋਖਾ ਤਜਰਬਾ ਸੀ। ਦਸਮੇਸ਼ ਯੁੱਧ ਤੋਂ ਪਹਿਲਾਂ ਹਿੰਸਾ ਨੂੰ ਭੈਅ ਮੁਕਤ ਹੋਣ ਦਾ ਸੱਦਾ ਦਿੰਦੇ ਨੇ। ਉਹ ਹਿੰਸਾ ਨੂੰ ਕਾਹਲ 'ਚੋਂ ਬਾਹਰ ਕੱਢਦੇ ਨੇ। ਕਾਹਲ ਜੋ ਹਿੰਸਾ ਲਈ ਸੁਆਸਾਂ ਦਾ ਕੰਮ ਕਰਦੀ ਹੈ। ਉਹ ਹਿੰਸਾ ਦੀ ਜੜ੍ਹਤਾ ਨੂੰ ਤੋੜਦੇ ਨੇ, ਤੇ ਇਹਨੂੰ ਯੁੱਧ ਦਾ ਮਿਸ਼ਨ ਨਹੀਂ ਬਣਨ ਦਿੰਦੇ। ਇਨ੍ਹਾਂ ਅਨੁਭਵਾਂ ਤੋਂ ਬਾਅਦ ਦਸਮੇਸ਼ ਦਾ ਪੰਜਾਬ ਪਹਿਲਾਂ ਵਰਗਾ ਉਕਾ ਹੀ ਨਹੀਂ ਸੀ ਰਿਹਾ। ਹਿੰਸਾ ਦੇ ਇੱਕ ਕਰੂਪ ਰੂਪ ਦੀ ਸ਼ਿਨਾਖਤ ਕਰ ਦਿੱਤੀ ਗਈ ਸੀ। ਹਿੰਸਾ ਦੇ ਜੋਸ਼ ਨਾਲ ਪਹਿਲਾਂ ਜੋ ਪੰਜਾਬ ਦਾ ਚਿਹਰਾ ਲਾਲੋ ਲਾਲ ਹੋ ਉਠਦਾ ਸੀ, ਉਸ ਲਾਲੀ ਵਿਚ ਹੁਣ ਕਰੁਣਾ ਦਾ ਗੁਲਾਲ ਭਰ ਗਿਆ ਸੀ।

***ਸੰਤਾਲੀ ਵਿਚ ਅਨੋਖਾ ਵਾਪਰਿਆ। ਦੋਵਾਂ ਧਿਰਾਂ ਨੇ ਆਪਣੀ ਇਕੱਲਤਾ ਮੁਗਲਾਂ ਅਤੇ ਤੁਰਕਾਂ ਨੂੰ ਯਾਦ ਕਰ ਕੇ ਪੂਰੀ ਕੀਤੀ। ਸਿੱਖਾਂ ਨੇ ਉਨ੍ਹਾਂ ਦੁਆਰਾ ਕੀਤੇ ਜ਼ੁਲਮਾਂ ਨੂੰ ਯਾਦ ਕਰਦਿਆਂ ਆਪਣੇ ਆਪ ਨੂੰ ਹਿੰਸਕ ਬਣਾਇਆ ਅਤੇ ਮੁਸਲਮਾਨਾਂ ਨੇ ਆਪਣੀ ਧਿਰ ਦੀ ਤਾਕਤ ਨੂੰ ਯਾਦ ਕਰਦਿਆਂ। ਇਸ ਯਾਦ ਨੇ ਪੰਜਾਬ ਨੂੰ ਬਹੁਤ ਸਤਾਇਆ ਹੈ। ਇਸ ਹੜਬੜਾਹਟ ਵਿਚ ਹੀ ਪੰਜਾਬ ਨੇ ਇਹਨੂੰ 'ਹੱਲਿਆਂ' ਦਾ ਨਾਂ ਦਿੱਤਾ। ਦੋਵੇਂ ਧਿਰਾਂ ਇਸ ਸ਼ਬਦ ਨਾਲ ਸਹਿਮਤ ਵੀ ਹੋਈਆਂ। ਇਸ ਵਿਚ ਦੋਸ਼ੀ ਕੌਣ ਸੀ, ਦੀ ਚੋਣ ਸੋਚਣ ਲਈ ਖੁੱਲ੍ਹੀ ਛੱਡ ਦਿੱਤੀ ਤੇ ਇੱਕ ਵਾਰ ਫਿਰ ਬਿੰਬ ਬਣਨ ਦੀ ਸੰਭਾਵਨਾ ਬਣਾ ਦਿੱਤੀ।***




ਦਸਮੇਸ਼ ਪੰਜਾਬ ਦੀ ਰੂਹ ਨੂੰ ਕਿੱਥੋਂ ਜਗਾਉਣਾ ਤੇ ਕਿੱਥੋਂ ਵਰਜਣਾ ਹੈ, ਇਹ ਦੋਵੇਂ ਕਾਰਜ ਉਹ ਇੱਕੋ ਸਮੇਂ ਕਰਦੇ ਦਿਸਦੇ ਨੇ। ਉਨ੍ਹਾਂ ਦਾ ਵਿਸਥਾਰ ਬ੍ਰਹਿਮੰਡੀ ਹੈ। ਪੰਜਾਬੀਅਤ ਉਹਦਾ ਇੱਕ ਹਿੱਸਾ ਹੈ। ਉਹ ਮੌਤ ਨੂੰ ਉਹਦੇ ਹਿੰਸਕ ਵਤੀਰੇ ਤੋਂ ਬਾਹਰ ਕੱਢ ਕੇ ਸਹਿਜ ਕਰਦੇ ਦਿਸਦੇ ਨੇ; ਤੇ ਖਾਲਸੇ ਨੂੰ ਮੌਤ ਦੀ ਜਾਣੀ-ਪਛਾਣੀ ਯਾਦ ਵਾਂਗ ਸੌਂਪ ਦਿੰਦੇ ਨੇ। ਇਹ ਸ਼ਹਾਦਤ ਤੋਂ ਪਹਿਲਾਂ ਭੈਅ ਮੁਕਤ ਸੋਚਣ ਤੇ ਜਿਊਣ ਦਾ ਜੈਕਾਰਾ ਸੀ। ਇਹਦਾ ਸੁਭਾਅ ਹਿੰਸਕ ਨਹੀਂ ਸੀ। ਇਹ ਹਿੰਸਕ ਊਰਜਾ ਦਾ ਸਦਉਪਯੋਗ ਸੀ। ਦਸਮੇਸ਼ ਪੰਜਾਬ ਦੇ ਹਿੰਸਕ ਰਵੱਈਏ ਨਾਲ ਦਾਰਸ਼ਨਿਕ ਸੰਵਾਦ ਕਰਦਿਆਂ ਇਹਨੂੰ ਰੂਹਾਨੀ ਰੰਗ ਵਿਚ ਰੰਗ ਦਿੰਦੇ ਨੇ। ਸਿਰਫ ਗੁਰੂ ਨਾਨਕ ਨੂੰ ਹੀ ਨਹੀਂ, ਦਸਮੇਸ਼ ਨੂੰ ਸਮਝਣ ਲਈ ਵੀ ਕਾਵਿਕ ਹੋਣਾ ਜ਼ਰੂਰੀ ਹੈ।

ਹਿੰਸਾ ਦਾ ਸਰੂਪ ਸਿਰਫ ਦਿਸਣ ਦੇ ਪ੍ਰਤੀਕਰਮ ਵਿਚ ਨਹੀਂ ਦਿਸਦਾ। ਇਹ ਬਹੁ-ਪਰਤੀ ਹੈ। ਜਦੋਂ ਹਿੰਸਾ ਕਰਮ ਵਿਚ ਹੁੰਦੀ ਹੈ, ਉਦੋਂ ਇਹ ਉਨ੍ਹਾਂ ਭਾਵਾਂ ਨੂੰ ਵੀ ਖਿੱਚ ਸਕਦੀ ਹੈ ਜੋ ਹੁਣ ਤੱਕ ਕਦੇ ਹਿੰਸਕ ਹੋਏ ਹੀ ਨਹੀਂ ਸਨ। ਸੰਤਾਲੀ ਵਿਚ ਅਜਿਹਾ ਦੇਖਿਆ ਗਿਆ। ਜਿਨ੍ਹਾਂ ਦਿਸ਼ਾਵਾਂ ਤੋਂ ਕਦੇ ਹਿੰਸਾ ਦੀ ਆਸ ਵੀ ਨਹੀਂ ਸੀ ਰੱਖੀ, ਉਧਰੋਂ ਵੀ ਉਹਦੀ ਧੁੰਦ ਆਉਂਦੀ ਦਿਸੀ। ਸੰਤਾਲੀ ਯਾਦਾਂ ਦੀ ਹਿੰਸਾ ਵੀ ਸੀ।

ਹਿੰਸਾ 'ਮੈਂ' ਦੇ ਵਜੂਦ ਵਿਚ 'ਹਾਂ' ਦੀ ਜ਼ਿੰਦ ਵੀ ਹੈ। ਹਿੰਸਾ ਅਤੀਤ ਦੇ ਅਨੁਭਵਾਂ ਦਾ ਜਵਾਬ ਵੀ ਹੈ। ਸਾਡੀ ਸਮੂਹਿਕ ਯਾਦ ਵਿਚ ਜੋ 'ਮੈਂ' ਹੈ, ਉਹ ਹਿੰਸਾ ਦੀ ਹਿਮਾਇਤੀ ਹੈ। ਜੀਵਨ ਵਿਚ ਅਸੀਂ ਸਭ ਤੋਂ ਘੱਟ ਕੰਮ ਆਪਣੀ 'ਮੈਂ' 'ਤੇ ਹੀ ਕਰਦੇ ਹਾਂ। ਇਸ 'ਮੈਂ' ਦੇ ਵਿਚ ਅਤੀਤ ਦੀ ਹਿੰਸਾ ਯਾਦਾਂ ਵਿਚ ਘੁੰਮਦੀ ਹੀ ਰਹਿੰਦੀ ਹੈ, ਭਾਵੇਂ ਉਹ ਵਾਪਰਨ ਵਿਚ ਨਾ ਵੀ ਦਿਸੇ। ਸੰਤਾਲੀ ਵਿਚ ਜਿੱਥੇ ਅਸੀਂ ਸਮੂਹਿਕ ਹਿੰਸਕ ਘਾਣ ਵੇਖਿਆ, ਉਥੇ 'ਮੈਂ' ਦੇ ਨੰਗੇ ਨਾਚ ਨੂੰ ਵੀ ਭੁਲਾਉਣਾ ਨਹੀਂ ਚਾਹੀਦਾ। ਸੰਤਾਲੀ ਨੇ 'ਮੈਂ' ਦੀ ਕਰੂਪਤਾ ਨੂੰ ਸਮੂਹਿਕ ਹਿੰਸਾ ਵਿਚ ਲੁਕੋ ਦਿੱਤਾ ਹੈ।

ਹਿੰਸਾ ਵਿਚ ਸਮੂਹਿਕ ਤੇ ਮੈਂ ਦੇ ਬੇਸ਼ੱਕ ਅਨੁਭਵ ਅਲੱਗ-ਅਲੱਗ ਹੁੰਦੇ ਹਨ ਪਰ ਸਿਰਿਆਂ 'ਤੇ ਇਹ ਇੱਕ ਦੂਜੇ ਨਾਲ ਮੂੰਹ ਜੋੜ ਕੇ ਬੈਠਦੇ ਨੇ। ਕਈ ਵਾਰੀ ਅਤੀਤ 'ਚ ਏਨਾ ਹਿੰਸਕ ਨਹੀਂ ਵਾਪਰਿਆ ਹੁੰਦਾ, ਜਿੰਨਾ ਉਹਨੂੰ ਯਾਦ ਕਰ ਕੇ ਹਿੰਸਕ ਵਾਪਰਦਾ ਹੈ। ਯਾਦਾਂ ਵਿਚ ਹਿੰਸਾ ਦਾ ਬਹੁਤ ਹੀ ਵਿਗੜਿਆ ਰੂਪ ਹੁੰਦਾ ਹੈ।

ਯਾਦਾਂ ਬਿੰਬ ਘੜਦੀਆਂ ਨੇ, ਇਹਨੂੰ ਸੁਰੱਖਿਅਤ ਜਗ੍ਹਾ ਸਾਂਭ ਕੇ ਰੱਖਣ ਲਈ। ਇਹ ਬਿੰਬ 'ਮੈਂ' ਦਾ ਮੋਰਚਾ ਬਣਦਾ ਹੈ। ਇਹ ਬਿੰਬ-ਮੁਖੀ ਯਾਦਾਂ ਸਾਡੀ ਸਾਇਕੀ ਨੇ। ਇਹ ਵਿਚਾਰ ਦੀ ਗਹਿਰਾਈ ਨੂੰ ਤੋੜਦੀਆਂ ਨੇ। ਇਹ ਦਬਾਅ ਹੈ ਆਪਣੀ ਗੱਲ ਮਨਾਉਣ ਦਾ। ਇਹ ਬਿੰਬ 'ਮੈਂ' ਮੁਖੀ ਯਾਦ ਲੈ ਕੇ ਹਕੀਕਤ ਤੋਂ ਦੂਰ ਹੁੰਦਾ ਜਾਂਦਾ ਹੈ। ਇਹੋ ਪ੍ਰਤੀਕ ਅੱਗੇ ਜਾ ਕੇ ਜੀਵਨ ਦੀ ਪਛਾਣ ਦੇ ਅਨੁਭਵਾਂ ਤੋਂ ਸਾਨੂੰ ਦੂਰ ਕਰਦਾ ਜਾਂਦਾ ਹੈ। ਇਹ ਸੱਚ ਹੀ ਸਮੁੱਚਤਾ ਵੱਲ ਪਿੱਠ ਕਰ ਕੇ ਖੜ੍ਹਦਾ ਹੈ ਤੇ ਅਸਲ ਮੁਹਾਂਦਰੇ ਦੀ ਝਲਕ ਦੇਖਣ ਨਹੀਂ ਦਿੰਦਾ। ਸੰਤਾਲੀ ਵਿਚ ਜੋ ਵੀ ਉਸ ਵਹਿਸ਼ੀ ਦੌਰ ਦੇ ਵਿਰੋਧ ਵਿਚ ਨਿਕਲਿਆ, ਉਹ ਸੱਚ ਦੀ ਸਮੁੱਚਤਾ ਦਾ 'ਮੈਂ' ਸੀ। ਉਹ ਬਿੰਬ ਮੁਕਤ ਸੀ ਤੇ ਸਮੂਹਿਕ ਸੱਚ ਦਾ ਸੁੱਚਾ ਮੋਤੀ ਸੀ। ਉਹਨੇ ਸੱਚ ਨੂੰ ਤੋੜ ਕੇ ਨਹੀਂ ਸੀ ਦੇਖਿਆ। ਇਹ 'ਮੈਂ' ਦੀ 'ਸ਼ੁੱਧੀ' ਸੀ ਜਿਸ ਨੂੰ ਗੁਰਬਾਣੀ 'ਗੁਰਮੁਖ' ਕਹਿੰਦੀ ਹੈ।

ਬਿੰਬ ਸੱਚ ਉਪਰ ਬਹੁਤ ਘਾਤਕ ਵਾਰ ਕਰਦਾ ਹੈ। ਸੰਤਾਲੀ 'ਬਿੰਬਾਂ' ਦਾ ਵਹਿਸ਼ੀ ਰੂਪ ਸੀ। ਫਿਰ ਵੀ ਸੱਚ ਦੇ ਸਰਵ-ਸਾਂਝੇ ਚਿਹਰੇ ਅੱਗੇ ਆਏ ਸਨ। ਇਹ ਓਹੀ ਚਿਹਰੇ ਸਨ, ਜਿਨ੍ਹਾਂ ਨੂੰ ਕਦੇ ਇਸ ਸੱਦੇ ਨਾਲ ਨਿਵਾਜਿਆ ਗਿਆ ਸੀ: ਆਏ ਨਿਹੰਗ, ਬੂਹਾ ਖੋਲ੍ਹੋ ਨਿਸੰਗ...।

ਇਕਾਂਤ ਸਮੁੱਚਤਾ ਹੈ। ਇਕੱਲਤਾ ਬਿੰਬ ਹੈ। ਇਹ ਇਕਾਂਤ ਤੋਂ ਟੁੱਟਿਆ ਤਾਰਾ ਹੈ। ਬਿੰਬ ਇਕੱਲਤਾ ਦਾ ਆਸਰਾ ਹੈ। ਇਕੱਲਤਾ ਮਾਨਸਿਕ ਅਵਸਥਾ ਹੈ। ਹਿੰਸਾ ਵਿਚ ਇਹ ਬਹੁਤ ਹੀ ਵਹਿਸ਼ੀ ਹੋ ਜਾਂਦੀ ਹੈ। ਅਧੂਰੀਆਂ ਯਾਦਾਂ ਨੂੰ ਬਿੰਬ ਅਕਸਰ ਸਾਂਭ ਲੈਂਦੇ ਨੇ। ਹਿੰਸਕ ਸੁਭਾਅ ਬਿੰਬ ਬਣ ਕੇ ਆਪਣੀ ਉਮਰ ਲੰਮੀ ਕਰ ਲੈਂਦਾ ਹੈ। ਇਤਿਹਾਸ ਦੇ ਸਦਮੇ ਜਦੋਂ ਬਿੰਬ ਸਾਂਭਣ ਲੱਗ ਪੈਣ, ਉਦੋਂ ਇਤਿਹਾਸ ਆਪਣੀ ਸਮੁੱਚਤਾ ਗੁਆ ਲੈਂਦਾ ਹੈ। ਬਿੰਬ ਸਮੂਹਿਕ ਸੱਚ 'ਚੋਂ ਕੁਝ ਉਧਾਰ ਲਿਆ ਸੱਚ ਹੈ। ਇਹ ਉਨੀ ਦੇਰ ਹੀ ਠੀਕ ਰਹਿੰਦਾ ਹੈ, ਜਿੰਨੀ ਦੇਰ ਪੂਰੇ ਸੱਚ ਦੀ ਯਾਦ ਇਹਦਾ ਪਿੱਛਾ ਨਹੀਂ ਛੱਡਦੀ। ਬਿੰਬ ਮਨ ਦਾ ਅਭਿਆਸ ਤੇ ਆਦਤਾਂ ਦਾ ਪੂਜਕ ਹੈ, ਪਰ ਇਸ ਦੇ ਸਮਾਨਾਂਤਰ 'ਭਾਉ' ਸ਼ਬਦ ਗੁਰੂ 'ਚੋਂ ਉਗੀ ਊਰਜਾ ਹੈ। ਇਹ ਊਰਜਾ ਜਾਗਣ ਦੀ ਚੌਕਸੀ ਦਿੰਦੀ ਹੈ। 'ਸ਼ਬਦ ਗੁਰੂ' ਵਿਚ ਯੋਧੇ ਦਾ ਉਤਸ਼ਾਹ ਗਿਆਨ ਹੈ। ਆਮ ਸਿਪਾਹੀ ਦਾ ਉਤਸ਼ਾਹ ਪ੍ਰਤੀਕਰਮ ਕੋਲੋਂ ਆਉਂਦਾ ਹੈ। ਇਸੇ ਕਰ ਕੇ ਸਿਪਾਹੀ ਯੋਧਾ ਤਾਂ ਹੋ ਸਕਦਾ ਹੈ, ਪਰ ਹਰ ਯੋਧਾ 'ਗੁਰੂ ਕੀ ਫੌਜ' ਨਹੀਂ ਹੋ ਸਕਦਾ। ਦਸਮੇਸ਼ ਦੀ ਨਿਰਭੈਤਾ ਉਪਰ ਪ੍ਰੇਮ ਦਾ ਪਹਿਰਾ ਹੈ। ਇਹ ਪ੍ਰੇਮ ਸ਼ਮਸ਼ੀਰ ਦੇ ਦਸਤੇ ਨੂੰ ਪਕੜਦਾ ਤਲਵਾਰ ਦੀ ਧਾਰ ਉਤੇ ਕਰੁਣਾ ਦੀ ਚਮਕ ਵਿਚ ਲਿਸ਼ਕਦਾ ਹੈ। ਇੱਥੇ ਕਿਸੇ ਵੀ ਸੂਰਬੀਰਤਾ ਦਾ ਗਲਤ ਅੰਦਾਜ਼ਾ ਨਹੀਂ ਲੱਗ ਸਕਦਾ। ਇੱਥੇ ਸਿਰਫ ਭਾਉ ਵਿਚ ਸੰਗਮ ਬਣਦਾ ਹੈ।

ਇਕਾਂਤ ਰੂਹਾਨੀਅਤ ਦੀ ਰਣਭੂਮੀ ਹੈ। ਇਹ ਇਕੱਲਤਾ ਨੂੰ ਸੰਗਤ ਵਿਚ ਬਿਠਾਲਦੀ ਹੈ ਤੇ ਸਮੁੱਚਤਾ ਦਾ ਪਾਠ ਪੜ੍ਹਾਉਂਦੀ ਹੈ। 'ਸ਼ਬਦ ਗੁਰੂ' ਆਪਣੇ ਉਪਰ ਹੀ ਨਹੀਂ, ਗਿਆਨ ਉਪਰ ਵੀ ਚੌਕਸੀ ਹੈ। ਇਹ ਗਿਆਨ ਦੇ ਧੁੰਦਲੇਪਣ ਨੂੰ ਸਾਫ ਕਰਦਾ ਹੈ। ਇਹ ਗੁਰਬਾਣੀ ਦਾ ਨਿਰਲੇਪ ਚਾਨਣ ਹੈ। ਅਧਿਆਤਮ ਵਿਚ ਜਦੋਂ ਵੀ ਕੋਈ ਗੁਰੂ ਹਿੰਸਾ ਨੂੰ ਕਿਸੇ ਵੀ ਰੂਪ ਵਿਚ ਮਾਨਤਾ ਦਿੰਦਾ ਹੈ ਤਾਂ ਸਭ ਤੋਂ ਵੱਡਾ ਖਤਰਾ ਉਸ ਤੋਂ ਬਾਅਦ ਹੋਣ ਵਾਲਾ ਹੁੰਦਾ ਹੈ। ਕਿਉਂਕਿ ਗੁਰੂ ਨਾਲ ਰਹਿਣ ਦਾ ਅਨੁਭਵ ਸਮਾਜ ਕੋਲ ਕੁਝ ਕੁ ਸਾਲਾਂ ਦਾ ਹੁੰਦਾ ਹੈ ਤੇ ਲੋਕ-ਮਨ ਵਿਚ ਹਿੰਸਾ ਦੇ ਉਹ ਸਦੀਆਂ ਪੁਰਾਣੇ ਅਨੁਭਵੀ ਹੁੰਦੀ ਨੇ। ਇਨ੍ਹਾਂ ਅਨੁਭਵਾਂ ਦਾ ਨਿਖੇੜਾ ਗੁਰਮੁਖ ਬਣੇ ਬਿਨਾ ਨਹੀਂ ਸੀ ਹੋ ਸਕਦਾ। ਇਹੋ ਕਾਰਨ ਹੈ ਦਸਮੇਸ਼ ਤੋਂ ਥੋੜ੍ਹੀ ਦੇਰ ਬਾਅਦ ਪੰਜਾਬ ਨੇ ਇਹ ਅਹਿਸਾਸ ਕਰਾ ਦਿੱਤਾ ਸੀ ਕਿ ਪੰਜਾਬ ਦੀ ਹਿੰਸਾ ਦੇ ਸਰੋਤ ਨਹੀਂ ਬਦਲੇ, ਸਿਰਫ ਬਹਾਨੇ ਬਦਲੇ ਨੇ। ਇਸੇ ਕਰ ਕੇ ਦਸਮੇਸ਼ ਨੇ ਸਭ ਤੋਂ ਪਹਿਲਾਂ ਹਿੰਸਾ ਦੇ ਸੁਭਾਅ ਉਤੇ ਚੋਟ ਮਾਰੀ ਸੀ। ਉਨ੍ਹਾਂ 'ਸਿੰਘ' ਪੈਦਾ ਕੀਤਾ ਸੀ, ਪਰ ਅੰਮ੍ਰਿਤ ਪਿਲਾ ਕੇ। ਹਿੰਸਾ ਦੇ ਕੌੜੇ ਸੁਭਾਅ ਦਾ ਜਵਾਬ ਮਿਠਾਸ ਨਾਲ ਦਿੱਤਾ ਸੀ।

ਗਿਆਨ ਮੰਨਣ, ਇਨਕਾਰ ਕਰਨ ਤੇ ਸਮਝਣ, ਤਿੰਨਾਂ ਦੀ ਜ਼ਿੱਦ ਤੋੜਦਾ ਹੈ। ਅਸੀਂ ਇਤਿਹਾਸ ਦੀਆਂ ਹਿੰਸਕ ਯਾਦਾਂ ਵਿਚ ਇਨ੍ਹਾਂ ਤਿੰਨਾਂ 'ਚੋਂ ਕਿਸੇ ਇੱਕ ਨਾਲ ਆਪਣੀ ਜ਼ਿੱਦ ਪੂਰੀ ਕਰਦੇ ਰਹਿੰਦੇ ਹਾਂ। ਇਹ ਜ਼ਿੱਦ ਮੰਨਣ ਤੇ ਨਾ ਮੰਨਣ, ਦੋਵਾਂ ਵਿਚ ਇੱਕੋ ਜਿਹਾ ਵਿਹਾਰ ਕਰਦੀ ਹੈ। ਹੋ ਸਕਦਾ ਹੈ ਇਤਿਹਾਸ ਵਿਚ ਕੁਝ ਅਜਿਹਾ ਵਾਪਰਿਆ ਹੋਵੇ, ਜਿਸ ਨਾਲ ਤੁਸੀਂ ਸਹਿਮਤ ਨਾ ਹੋਵੋ, ਪਰ ਅਸੀਂ ਫਿਰ ਇਹਦੇ 'ਚੋਂ ਬਿੰਬ ਘੜਨ ਦੀ ਕੋਸ਼ਿਸ਼ ਕਰਦੇ ਹਾਂ। ਉਹ ਬਿੰਬ ਹਿੰਸਕ ਹੋਵੇਗਾ ਤੇ ਸਮੁੱਚਤਾ ਤੋਂ ਸੱਖਣਾ ਵੀ ਪਰ ਉਸ ਬਿੰਬ ਦੀ ਰੱਖਿਆ ਉਸੇ ਸੱਚ ਨਾਲ ਹੋਵੇਗੀ, ਜੋ ਇਸ ਬਿੰਬ ਦਾ ਪਹਿਲਾਂ ਮੂਲ ਸੀ। ਇਸੇ ਕਰ ਕੇ ਹਿੰਸਾ ਬਿੰਬਾਂ ਦੀ ਸਵਾਰੀ ਕਰਦੀ ਹੈ। ਬਿੰਬ ਪੂਰੇ ਸੱਚ ਨੂੰ ਝਾਂਸਾ ਦਿੰਦਾ ਹੈ ਤੇ ਮਿੱਥਾਂ ਦੀ ਪਿੱਠ ਉਤੇ ਸਵਾਰ ਹੋ ਕੇ ਸਦਾ ਲਈ ਮੂਲ ਸਰੋਤਾਂ ਨੂੰ ਪਿੱਛੇ ਪਾ ਦਿੰਦਾ ਹੈ। ਸੰਤਾਲੀ ਦੀ ਇੱਕ ਸਵਾਰੀ ਇਹ ਬਿੰਬ ਤੇ ਮਿੱਥਾਂ ਵੀ ਸਨ। ਸ਼ਾਇਦ ਇਸੇ ਕਰ ਕੇ ਇਹ ਵਹਿਸ਼ਤ ਆਉਂਦੀ ਦਿਸੀ ਹੀ ਨਹੀਂ। ਉਦੋਂ ਹੀ ਪਤਾ ਲੱਗਿਆ, ਜਦੋਂ ਉਹ ਸਾਡੇ ਵਿਚ ਆ ਕੇ ਕਿਸੇ ਗੁਰੀਲੇ ਵਾਂਗ ਵਾਰ ਕਰਨ ਲੱਗ ਪਈ ਸੀ। ਇਸ ਵਹਿਸ਼ਤ ਵਿਚ ਉਹਨੇ ਬਿੰਬਾਂ ਤੇ ਮਿੱਥਾਂ ਦੀ ਖੁਰਾਕ ਖਾਧੀ (ਰਾਜਨੀਤੀ ਸਮੇਤ) ਤੇ ਸੱਚ ਦੇ ਡਕਾਰ ਮਾਰੇ।

ਪੰਜਾਬੀ ਸਿਮਰਤੀ ਜੰਗਾਂ ਨਾਲ ਭਰੀ ਪਈ ਹੈ। ਦਸਮੇਸ਼ ਤੋਂ ਪਹਿਲਾਂ ਇਹ ਜੰਗਾਂ ਹਾਰਾਂ ਦੀ ਗਹਿਰੀ ਨਮੋਸ਼ੀ ਨਾਲ ਭਰੀਆਂ ਪਈਆਂ ਸਨ। ਦਸਮੇਸ਼ ਨੇ ਜੰਗੀ ਸਿਮਰਤੀਆਂ ਨੂੰ ਜਿੱਤਾਂ ਦੀ ਕਲਪਨਾ ਦਿੱਤੀ। ਜਿੱਤਾਂ ਨਾਲ ਦਸਮੇਸ਼ ਜਸ਼ਨ ਦਾ ਸੰਗਮ ਵੀ ਰਚਾਉਂਦੇ ਨੇ। ਇਸ ਸੰਗਮ ਵਿਚ ਦਇਆ ਦੀ ਪੈਰਵੀ ਹੈ। ਦਸਮੇਸ਼ ਦੀ ਜੁਝਾਰੂ ਦਿੱਖ ਸਿਰਫ ਜੰਗ ਨਹੀਂ ਹੈ। ਉਨ੍ਹਾਂ ਦੇ ਯੁੱਧ ਵਿਚ ਸ਼ਾਸਤਰ ਸਾਜ਼ ਦੀ ਯਾਦ ਨਹੀਂ ਛੱਡਦੇ। ਦਸਮੇਸ਼ ਦਾ 'ਸਿੰਘ' ਬਿੰਬ ਨਹੀਂ ਹੈ। ਇਹ ਸਮੂਹਿਕ ਸੱਚ ਦੀ ਜੀਵਨ ਜੋਤ ਹੈ, ਜਿਸ ਦੇ ਚੁਫੇਰੇ ਚਾਨਣ ਹੈ। ਇਹ ਗਿਆਨ ਦਾ ਨਿਰਲੇਪ ਚਾਨਣ ਹੈ, ਜਿਸ ਦਾ ਕੋਈ ਰੰਗ ਨਹੀਂ ਹੈ। ਇਹ ਚਾਨਣ ਦਿਸਣ ਦੀ ਕਰੁਣਾ ਨਾਲ ਭਰਿਆ ਪਿਆ ਹੈ। ਗੁਰਬਾਣੀ ਕਰਮ ਨਹੀਂ, ਬੰਦਾ ਬਦਲਦੀ ਹੈ। ਕਰਮ ਨੂੰ ਬਦਲਣ ਨਾਲ ਬਿੰਬ ਉਸਰਦਾ ਹੈ ਤੇ ਬੰਦੇ ਨੂੰ ਸੁੰਨਾ ਛੱਡ ਦਿੱਤਾ ਜਾਂਦਾ ਹੈ। ਸੰਤਾਲੀ ਵਿਚ ਬੰਦਾ ਏਦਾਂ ਹੀ ਸੁੰਨਾ ਹੋ ਗਿਆ ਸੀ। ਕਰਮ ਉਤੇ ਜ਼ੋਰ ਸਮੁੱਚਤਾ ਤੋਂ ਦੂਰ ਹੋ ਗਿਆ ਸੀ। ਲੱਗਦਾ ਸੀ ਸਿੱਖੀ ਦੀ ਰੱਖਿਆ ਕਰ ਰਿਹਾ ਹੈ। ਸੰਤਾਲੀ ਦਾ ਇਹ ਸੁੰਨਾ ਬੰਦਾ ਕਰਮ ਦੇ ਦਬਾਅ ਥੱਲੇ ਲੱਖਾਂ ਲੋਕਾਂ ਦਾ ਕਾਤਲ ਬਣਿਆ। ਇਹ ਕਰਮ ਦੇ ਬਿੰਬ ਦਾ ਮਾਨਸਿਕ ਰੋਗ ਸੀ ਤੇ ਸੱਚ ਦੀ ਸਮੁੱਚਤਾ ਦਾ ਸਭ ਤੋਂ ਵੱਡਾ ਦੁਰਉਪਯੋਗ ਸੀ। ਇਸ ਨੂੰ ਅਸੀਂ ਅਕਸਰ ਕਹਿ ਦਿੰਦੇ ਹਾਂ, "ਆਖਰ ਇਹ ਵਾਪਰਿਆ ਕਿਉਂ? ਸਮਝ ਨਹੀਂ ਆਉਂਦੀ।"

ਦਸਮੇਸ਼ ਸ਼ਸਤਰਾਂ ਦੀ ਇਕੱਲਤਾ ਵਿਚ ਨਹੀਂ ਵਿਚਰਦੇ। ਉਹ ਗੁਰੂ ਦੇ ਜਲੌਅ ਵਿਚ ਸ਼ਸਤਰਾਂ ਦੇ ਜਸ਼ਨ ਨੂੰ ਵਿਖਾਉਂਦੇ ਨੇ। ਖਾਲਸੇ ਦਾ ਸ਼ਸਤਰ ਕਦੇ ਸੁੰਨਾ ਨਹੀਂ ਹੋਇਆ। ਉਹ ਗੁਰੂ ਨਾਲ ਹਾਜ਼ਰ-ਨਾਜ਼ਰ ਰਿਹਾ ਪਰ ਸ਼ਸਤਰਾਂ ਦੀ ਇਕੱਲਤਾ ਹਿੰਸਾ ਨਾਲ ਉਸਰਦੀ ਹੈ। ਹਿੰਸਾ ਆਪਣੀ ਇਕੱਲਤਾ 'ਚ ਜ਼ਿਆਦਾ ਵਹਿਸ਼ੀ ਹੁੰਦੀ ਹੈ। ਇਸ ਪੜਾਏ ਵਿਚ ਉਹ ਅਤੀਤ ਕੋਲੋਂ ਉਹ ਸਾਰਾ ਕੁਝ ਲੈਂਦੀ ਹੈ, ਜੋ ਉਹਨੂੰ ਉਨ੍ਹਾਂ ਲਈ ਚਾਹੀਦਾ ਹੁੰਦਾ ਹੈ। ਇਕੱਲਤਾ ਸ਼ਸਤਰਾਂ ਦੇ ਉਜੱਡਪੁਣੇ ਨੂੰ ਉਕਸਾਉਂਦੀ ਹੈ। ਗੁਰੂ ਹਿੰਸਾ ਨੂੰ ਇਕੱਲਤਾ ਨਹੀਂ ਭੋਗਣ ਦਿੰਦਾ। ਉਹ ਇਹਨੂੰ ਸੁਰਤ ਦੀ ਊਰਜਾ ਵਿਚ ਬਦਲਦਾ ਹੈ। ਇਹਦਾ ਸੁਭਾਅ ਦਇਆ ਵੱਲ ਮੋੜਦਾ ਹੈ।

ਸੰਤਾਲੀ ਵਿਚ ਹੋਰ ਵੀ ਅਨੋਖਾ ਵਾਪਰਿਆ। ਦੋਵਾਂ ਧਿਰਾਂ ਨੇ ਆਪਣੀ ਇਕੱਲਤਾ ਮੁਗਲਾਂ ਅਤੇ ਤੁਰਕਾਂ ਨੂੰ ਯਾਦ ਕਰ ਕੇ ਪੂਰੀ ਕੀਤੀ। ਸਿੱਖਾਂ ਨੇ ਉਨ੍ਹਾਂ ਦੁਆਰਾ ਕੀਤੇ ਜ਼ੁਲਮਾਂ ਨੂੰ ਯਾਦ ਕਰਦਿਆਂ ਆਪਣੇ ਆਪ ਨੂੰ ਹਿੰਸਕ ਬਣਾਇਆ ਅਤੇ ਮੁਸਲਮਾਨਾਂ ਨੇ ਆਪਣੀ ਧਿਰ ਦੀ ਤਾਕਤ ਨੂੰ ਯਾਦ ਕਰਦਿਆਂ। ਇਸ ਯਾਦ ਨੇ ਪੰਜਾਬ ਨੂੰ ਬਹੁਤ ਸਤਾਇਆ ਹੈ। ਇਸ ਹੜਬੜਾਹਟ ਵਿਚ ਹੀ ਪੰਜਾਬ ਨੇ ਇਹਨੂੰ 'ਹੱਲਿਆਂ' ਦਾ ਨਾਂ ਦਿੱਤਾ। ਦੋਵੇਂ ਧਿਰਾਂ ਇਸ ਸ਼ਬਦ ਨਾਲ ਸਹਿਮਤ ਵੀ ਹੋਈਆਂ। ਇਸ ਵਿਚ ਦੋਸ਼ੀ ਕੌਣ ਸੀ, ਦੀ ਚੋਣ ਸੋਚਣ ਲਈ ਖੁੱਲ੍ਹੀ ਛੱਡ ਦਿੱਤੀ ਤੇ ਇੱਕ ਵਾਰ ਫਿਰ ਬਿੰਬ ਬਣਨ ਦੀ ਸੰਭਾਵਨਾ ਬਣਾ ਦਿੱਤੀ।

ਹਿੰਸਾ ਵਿਚ ਨਿਰਲੇਪਤਾ ਆਪਣੇ ਆਰ-ਪਾਰ ਜਾਣ ਵਾਂਗ ਹੈ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਇਸ ਨਿਰਲੇਪਤਾ ਦਾ ਸਿਖਰ ਹੈ। ਜਦੋਂ ਕੋਈ ਯੋਧਾ ਬਿਨਾ ਹਥਿਆਰਾਂ ਤੋਂ ਸਾਹਸੀ ਹੋ ਕੇ ਜਾਂਦਾ ਹੈ, ਇਹ ਹਿੰਸਾ ਦੀ ਪਹਿਲੀ ਨਿਰਲੇਪਤਾ

(ਬਾਕੀ ਅਗਲੇ ਸਫੇ 'ਤੇ)

ਹੈ। ਦੂਜੀ ਗੁਰੂ ਗੋਬਿੰਦ ਸਿੰਘ ਦੀ ਨਿਰਭੈਤਾ ਸ਼ਾਸਤਰਾਂ ਨਾਲ ਹੈ। ਇਹਦੇ ਵਿਚ 'ਘਨੱਈਆ' ਪਾਣੀ ਰਾਹੀਂ ਨਿਰਭੈਤਾ ਪਿਲਾਉਂਦਾ ਫਿਰਦਾ ਦਿਸਦਾ ਹੈ। ਘਨੱਈਆ ਗੁਰੂ ਤੇਗ ਬਹਾਦਰ ਦੀ ਯਾਦ ਹੈ। ਇਹ ਜਿਹੜੀ ਦੂਜੀ ਯਾਦ ਹੈ, ਇਹ ਗੁਰੂ ਦੀ ਹਾਜ਼ਰੀ ਤੋਂ ਬਿਨਾ ਲਗਾਤਾਰ ਜਾਰੀ ਰੱਖਣੀ ਬਹੁਤ ਹੀ ਔਖੀ ਹੈ। ਇਹ ਨਿਗਰਾਨੀ ਮੰਗਦੀ ਹੈ। ਦਸਮੇਸ਼ ਵਰਗੇ ਵੱਡ-ਆਕਾਰੀ ਜਲੌਅ ਤੋਂ ਬਿਨਾਂ ਇਹਨੂੰ ਸਾਂਭਣਾ ਸੌਖਾ ਨਹੀਂ ਹੁੰਦਾ। ਹਿੰਸਾ ਦੀ ਨਿਰਲੇਪਤਾ ਵਿਚ ਜੁਝਾਰ ਜਾਰੀ ਰੱਖਣਾ, ਇਹ ਦਸਮੇਸ਼ ਦਾ ਅਨੋਖਾ ਤੇ ਮਹਾਂ-ਸਾਹਸੀ ਤਜਰਬਾ ਸੀ। ਇਸ ਵਿਚ ਸ਼ਾਸਤਰ ਗਿਆਨ ਨੂੰ ਨਮਸਕਾਰ ਕਰ ਕੇ ਉਠਦਾ ਸੀ ਪਰ ਦੁਨੀਆ ਦੇ ਇਤਿਹਾਸ ਵਿਚ ਸ਼ਾਇਦ ਹੀ ਕੋਈ ਉਦਾਹਰਨ ਹੋਵੇ ਕਿ ਗੁਰੂ ਦੇ ਜਾਣ ਤੋਂ ਬਾਅਦ ਹਿੰਸਾ ਦੀ ਨਿਰਲੇਪਤਾ ਸਦੀਆਂ ਤੱਕ ਜਿਉਂਦੀ ਰਹੀ ਹੋਵੇ। ਉਂਝ ਇਹ ਗੁਰੂ ਦੀ ਨਿਗਰਾਨੀ ਕਦੇ ਖਤਮ ਨਹੀਂ ਹੁੰਦੀ। ਜਿਉਂ ਕੇ ਦਿਖਾਈ ਵੱਖਰੀ ਸ਼ਹਾਦਤ ਨੂੰ ਵੀ ਸਮਾਂ ਪਾ ਕੇ ਯੁੱਧ ਦੇ ਮੈਦਾਨ ਵਿਚ ਵਾਪਰੀਆਂ ਹਿੰਸਕ ਜਿੱਤਾਂ ਨਾਲ ਮਿਲਾ ਕੇ ਵੇਖਣ ਦੀ ਰੀਤ ਸ਼ੁਰੂ ਹੋ ਜਾਂਦੀ ਹੈ, ਜਦੋਂ ਕਿ ਦੋਵੇਂ ਸ਼ਹਾਦਤਾਂ ਆਪੋ-ਆਪਣੀਆਂ ਸਿਖਰਾਂ ਉਪਰ ਜਿਉਂਦੀਆਂ ਨੇ (ਸ਼ਹੀਦੀ ਦੇਣੀ ਤੇ ਯੁੱਧ ਦੇ ਮੈਦਾਨ ਵਿਚ ਸ਼ਹੀਦ ਹੋਣਾ)। ਸਿੱਖ ਇਤਿਹਾਸ ਦੀ ਇਹ ਵਿਲੱਖਣ ਪ੍ਰਾਪਤੀ ਤੇ ਵਡਿਆਈ ਹੈ ਕਿ ਉਹਨੇ ਦੋਵਾਂ ਸ਼ਹਾਦਤਾਂ ਦੀ ਦਾਤ ਬਖਸ਼ੀ। ਇਸ ਤੋਂ ਪਿੱਛੋਂ ਜੈਤੋ ਦੇ ਮੋਰਚੇ ਨੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਫਲ ਚੱਖਿਆ। ਇਸ ਤੋਂ ਬਾਅਦ ਪੰਜਾਬ ਕੋਲ ਅਜਿਹਾ ਸਾਹਸੀ ਕ੍ਰਿਸ਼ਮਾ ਬਹੁਤ ਘੱਟ ਦੇਖਣ ਨੂੰ ਮਿਲਿਆ।

ਫਤਿਹਗੜ੍ਹ ਸਾਹਿਬ ਦੀ ਸਭਾ 'ਚ ਮੈਂ ਆਪਣੇ ਆਲੇ-ਦੁਆਲੇ ਨੂੰ ਬਹੁਤ ਸਾਰੇ ਸੁਆਲ ਕੀਤੇ ਤੇ ਸੁਣੇ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸੰਬੰਧ ਅਚਾਨਕ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਨਾਲ ਜੁੜ ਜਾਂਦਾ ਰਿਹਾ। ਪਹਿਲੇ ਪੱਖ ਵਿਚ ਮੈਂ ਦੇਖਿਆ ਕਿ ਇਸ ਸ਼ਹਾਦਤ ਨੂੰ ਅਸੀਂ ਕਿੰਨੀ ਦੇਰ ਜਿਊਂਦੇ ਹਾਂ ਤੇ ਦੂਜਾ ਪੱਖ ਸੀ ਕਿ ਇਹਨੂੰ ਅਸੀਂ ਕਿੰਨੀ ਦੇਰ ਸਾਂਭ ਕੇ ਰੱਖਦੇ ਹਾਂ। ਫਿਰ ਅਚਾਨਕ ਜਦੋਂ ਇਹ ਸਾਂਭੀ ਨਾ ਜਾਂਦੀ ਤਾਂ ਇਹਦਾ ਸਿੱਧਾ ਟਿਕਾਣਾ ਬਦਲੇ ਵਾਲੀ ਘਟਨਾ ਉਤੇ ਜਾ ਅੱਪੜਦਾ। ਇੱਥੇ ਉਹਨੂੰ ਜਿੰਨੀ ਦੇਰ ਮਰਜ਼ੀ ਘਟਦਾ ਰੱਖੋ। ਇੱਥੋਂ ਬਿੰਬ ਰਾਜ ਸ਼ੁਰੂ ਹੁੰਦਾ ਹੈ। ਪਹਿਲੇ ਪੱਖ ਵਿਚ ਸਾਹਿਬਜ਼ਾਦਿਆਂ ਦੀ ਛੋਟੀ ਉਮਰ ਤੇ ਭਰੋਸਾ 'ਸ਼ਬਦ ਗੁਰੂ' ਕੋਲ ਆ ਕੇ ਟਿਕਦਾ ਹੈ। ਇਸ ਪੱਖ ਦੀ ਹਿੰਸਾ ਸਾਰੀ ਗੁਰੂ ਦੇ ਹੱਥ ਵਿਚ ਹੈ। ਇੱਥੇ ਗੁਰੂ ਬਿੰਬ ਨਹੀਂ ਬਣਨ ਦਿੰਦਾ, ਉਹ 'ਭਾਣੇ' ਦਾ ਸਦਉਪਯੋਗ ਕਰਦਾ ਹੈ ਤੇ ਸਾਨੂੰ ਵਿਅਕਤੀਗਤ ਪ੍ਰਤੀਕਰਮ ਵਿਚ ਨਹੀਂ ਜਾਣ ਦਿੰਦਾ। ਦੂਜੇ ਪੱਖ ਵਿਚ ਲੱਗਦਾ ਸਾਡੇ ਪ੍ਰਤੀਕਰਮ ਲਈ ਜਗ੍ਹਾ ਮਿਲ ਗਈ ਹੈ। ਇੱਥੇ ਗੁਰੂ ਨਾਲ ਕੁਝ ਦੂਰੀ ਪਾਉਣ ਦਾ ਮੌਕਾ ਵੀ ਮਿਲ ਜਾਂਦਾ ਹੈ ਤੇ ਅਚਾਨਕ ਬੰਦਾ ਬਹਾਦਰ ਆਪਣਾ ਹੀ ਸਾਹਸੀ ਰੂਪ ਜਾਪਣ ਲੱਗ ਪੈਂਦਾ ਹੈ (ਇੱਥੇ ਅਸੀਂ ਬੰਦੇ ਬਹਾਦਰ ਨੂੰ ਆਪਣੀ ਮਾਨਸਿਕ ਅਵਸਥਾ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦੇ ਹਾਂ)। ਇੱਥੇ ਬਿੰਬ 'ਬਹੁਰੂਪੀਏ' ਵਿਚ ਆਉਂਦਾ। ਇਹ ਬਹੁਰੂਪੀਆ ਸਾਡੇ ਮਨ ਦੇ ਸਭ ਤੋਂ ਘਾਤਕ ਅਵਚੇਤਨ ਨੂੰ ਜਗਾਉਂਦਾ ਹੈ। ਇਹ ਸਭ ਤੋਂ ਖਤਰਨਾਕ ਮਨਮੁਖ ਹੁੰਦਾ ਹੈ, ਜੋ ਆਪਣੀ ਪਛਾਣ ਹਮੇਸ਼ਾ ਗੁਰਮੁਖ ਵਿਚ ਲੁਕੋਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਫੇਰ ਇੱਕ ਅਜਿਹਾ ਪਲ ਵੀ ਆਉਂਦਾ, ਜਦੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਹੁਤ ਪਿੱਛੇ ਪੈ ਜਾਂਦੀ ਹੈ। ਇਸ ਧੁੰਦ 'ਚੋਂ ਨਵੇਂ ਆਕਾਰ ਨਿਕਲ ਕੇ ਆਉਂਦੇ ਨੇ। ਫਿਰ ਸਰਹਿੰਦ ਦੀ ਇੱਟ ਨਾਲ ਇੱਟ ਖੜਕਦੀ ਦਿਸਦੀ ਹੈ। ਚੱਪੜਚਿੜੀ ਦੇ ਯੁੱਧ ਦੇ ਮੈਦਾਨ ਵਿਚ ਜੇਤੂ ਚਿਹਰਾ ਘੁੰਮਦਾ ਫਿਰਦਾ ਦਿਸਦਾ ਹੈ। ਇਹ ਜੇਤੂ ਚਿਹਰਾ ਵਜ਼ੀਰ ਖਾਂ ਨੂੰ ਵਾਰ-ਵਾਰ ਹਾਥੀ ਉਪਰੋਂ ਉਤਾਰ ਉਹਦੀ ਧੌਣ ਲਾਹੁੰਦਾ ਦਿਸਦਾ ਹੈ। ਇੱਥੇ ਅਸੀਂ ਹਰ ਕਿਸਮ ਦੀ ਖੁੱਲ੍ਹ ਲੈਂਦੇ ਹਾਂ, ਤੇ ਖੁੱਲ੍ਹ ਮਿਲਦੀ ਵੀ ਹੈ। ਅਸਲ ਵਿਚ ਸ਼ਹਾਦਤ ਕੋਲ ਰੁਕਣਾ ਬੜਾ ਸਾਹਸੀ ਕਦਮ ਹੁੰਦਾ ਹੈ। ਇੱਥੇ 'ਸ਼ਬਦ ਗੁਰੂ' ਦਾ ਪਹਿਰਾ ਰਹਿੰਦਾ ਹੈ ਪਰ ਅਸੀਂ ਛੇਤੀ ਹੀ ਚਾਹੁੰਦੇ ਹਾਂ, ਉਹਦੇ ਪ੍ਰਤੀਕਰਮ ਕੋਲ ਪੁੱਜਿਆ ਜਾਵੇ। ਪ੍ਰਤੀਕਰਮ ਮਨ ਲਈ ਸਭ ਤੋਂ ਸੁਰੱਖਿਅਤ ਜਗ੍ਹਾ ਹੈ। ਇੱਥੇ ਨਿਰਲੇਪਤਾ ਦਾ ਸਾਹਸ ਬਿੰਬ ਨੂੰ ਸੌਂਪ ਦਿੱਤਾ ਜਾਂਦਾ ਹੈ ਤੇ ਇਹ ਪ੍ਰਤੀਕਰਮ ਬਿੰਬਾਂ ਦੇ ਬੁਲਬੁਲਿਆਂ ਨਾਲ ਭਰਿਆ ਸਾਹਸੀ ਦਿਖਾਵੇ ਕਰਦਾ ਫਿਰਦਾ ਹੈ। ਇਹੋ ਕਾਰਨ ਹੈ ਕੋਈ ਵੀ ਹਿੰਸਕ ਕਾਰਵਾਈ ਭਾਵੇਂ ਜਿੰਨੇ ਮਰਜ਼ੀ ਵੱਡੇ ਕਾਰਜ ਲਈ ਆਰੰਭੀ ਹੋਵੇ, ਉਹਨੂੰ ਅਸੀਂ ਅਖੀਰ ਵਿਚ 'ਵਿਅਕਤੀਗਤ' ਹਿੰਸਾ ਨਾਲ ਭੋਗਣ ਲੱਗ ਪੈਂਦੇ ਹਾਂ। ਇਹ ਪ੍ਰਤੀਕਰਮ 'ਮੈਂ' ਵਿਚੋਂ ਲੰਘਦਾ ਸਮੂਹਿਕ ਰੂਪ ਵਿਚ 'ਸੰਤਾਲੀ' ਦੀ ਜੂਨ ਵਿਚ ਜਾ ਪੈਂਦਾ ਹੈ।

ਇਤਿਹਾਸ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਸਾਡੀਆਂ ਯਾਦਾਂ ਨਾਲ ਤੁਰੀਆਂ ਫਿਰਦੀਆਂ ਰਹਿੰਦੀਆਂ ਨੇ। ਹਿੰਸਕ ਘਟਨਾਵਾਂ ਵਿਚ ਅਸੀਂ ਉਨ੍ਹਾਂ ਪਲਾਂ ਨੂੰ ਜ਼ਿਆਦਾ ਮਾਣਦੇ ਹਾਂ, ਜਿਸ ਵਿਚ 'ਅਸੀਂ' ਜਿੱਤਣਾ ਹੁੰਦਾ ਹੈ। ਇਸੇ ਕਰ ਕੇ ਅਸੀਂ ਇਤਿਹਾਸ ਦੀ ਉਹ ਚਿਣਗ ਪਹਿਲਾਂ ਹੀ ਠੰਢੀ ਕਰ ਦਿੰਦੇ ਹਾਂ, ਜਿਸ ਜਗ੍ਹਾ 'ਸ਼ਬਦ ਗੁਰੂ' ਮਘਦਾ ਹੁੰਦਾ ਹੈ। ਇਤਿਹਾਸ ਕੋਲ 'ਸ਼ਬਦ ਗੁਰੂ' ਬਹੁਤ ਥੋੜ੍ਹੀ ਦੇਰ ਲਈ ਰੁਕਦਾ ਹੈ। ਇਤਿਹਾਸ 'ਸ਼ਬਦ ਗੁਰੂ' ਦਾ ਭਾਰ ਜ਼ਿਆਦਾ ਦੇਰ ਚੁੱਕ ਹੀ ਨਹੀਂ ਸਕਦਾ। ਇਤਿਹਾਸ ਅਤੀਤ ਦੀ ਉਬਾਸੀ ਹੈ ਤੇ 'ਸ਼ਬਦ ਗੁਰੂ' ਹੁਣੇ ਆ ਰਹੇ ਸੁਆਸਾਂ ਦੀ ਤਾਜ਼ਗੀ ਹੈ। 'ਸ਼ਬਦ ਗੁਰੂ' ਅਤੀਤ ਨਹੀਂ ਹੈ, ਇਤਿਹਾਸ ਅਤੀਤ ਹੈ। ਦੋਵਾਂ ਦੀ ਤਾਜ਼ਗੀ ਦਾ ਰਸ ਅਲੱਗ-ਅਲੱਗ ਹੈ। ਇਸੇ ਕਰ ਕੇ ਇਤਿਹਾਸ ਦਾ ਕਥਾ ਰਸ ਹਮੇਸ਼ਾ ਮਨ ਨੂੰ ਭਾਉਂਦਾ ਹੈ ਤੇ ਇਹ ਰਸ ਫਿਰ ਬਿੰਬ ਉਸਾਰਦਾ ਹੈ ਪਰ 'ਸ਼ਬਦ ਗੁਰੂ' ਕਰਮ ਤੇ ਪ੍ਰਤੀਕਰਮ ਵਿਚਾਲੇ ਸਭ ਤੋਂ ਨਿਰਭੈ ਥਾਂ ਹੈ। ਇਸ ਥਾਂ ਦੋਵਾਂ ਦੀ ਨਿਰਲੇਪਤਾ ਹੈ।

ਪੰਜਾਬ ਦਾ ਨਾਬਰ ਚਿਹਰਾ ਸਦਾ ਲਈ ਹਾਰ ਗਿਆਂ ਕੋਲ ਜ਼ਿਆਦਾ ਦੇਰ ਨਹੀਂ ਖੜ੍ਹਦਾ। ਹਾਰ ਇਹਨੂੰ ਭਾਉਂਦੀ ਹੀ ਨਹੀਂ ਪਰ 'ਸ਼ਬਦ ਗੁਰੂ' ਮਾਨਸਿਕ ਦਿਸ਼ਾਵਾਂ ਨੂੰ ਸਮਤਲ ਕਰਦਾ ਹੈ। ਪੰਜਾਬ ਕੋਲ ਰੂਹਾਨੀਅਤ ਲਈ ਸਮਾਂ ਬਹੁਤ ਥੋੜ੍ਹਾ ਰਿਹਾ। ਇਹਦੇ ਚੁਫੇਰੇ ਜੰਗੀ ਨਗਾਰੇ ਵੱਜਦੇ ਰਹੇ। ਮੈਂ, ਅਸੀਂ ਤੇ ਉਹ ਇਨ੍ਹਾਂ ਤਿੰਨਾਂ ਵਿਚ ਹਿੰਸਾ ਆਪਣੇ ਸਰੂਪ ਬਦਲਦੀ ਰਹੀ। ਇਤਿਹਾਸ ਨੇ ਵੀ ਸਾਨੂੰ ਇਹੋ ਸੁਣਾਇਆ।

ਗੁਰੂ ਗੋਬਿੰਦ ਸਿੰਘ ਦੀਆਂ ਯਾਦਾਂ ਨੂੰ ਉਨ੍ਹਾਂ ਘਟਨਾਵਾਂ ਨਾਲ ਜ਼ਿਆਦਾ ਯਾਦ ਕੀਤਾ ਜਾਂਦਾ ਰਿਹਾ ਜੋ ਜੁਝਾਰੂ ਤੇ ਹਿੰਸਕ ਸਨ ਪਰ ਅਸਲ ਵਿਚ ਦਸਮੇਸ਼ ਦਾ ਜਲੌਅ ਗੁਰੂ ਨਾਨਕ ਦੀ ਵਡਿਆਈ ਨਾਲ ਢੱਕਿਆ ਹੈ, ਜਿਸ ਦਾ ਜ਼ਿਕਰ ਬਹੁਤ ਘੱਟ ਹੁੰਦਾ ਰਿਹਾ। ਬਿੰਬ ਕਿਉਂ ਖਤਰਨਾਕ ਹੁੰਦੇ ਨੇ? ਬਿੰਬ ਸੰਪੂਰਨਤਾ ਦੀਆਂ ਅਧੂਰੀਆਂ ਇਕਾਈਆਂ ਨੇ। ਇਹ ਮੌਤਾਂ ਨੂੰ ਸ਼ਹਾਦਤ ਦਾ ਭੁਲੇਖਾ ਪਾ ਇੱਕ ਟੀਸ ਪੈਦਾ ਕਰਦੀਆਂ ਨੇ। ਟੀਸ ਹਿੰਸਾ ਦੀ ਭੈਣ ਹੈ। ਦਸਮੇਸ਼ ਦਾ ਬਿੰਬ ਜਦੋਂ ਵੀ ਅਸੀਂ ਹਿੰਸਕ ਬਣਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਗੁਰੂ ਨਾਨਕ ਦੀ ਨਿਮਰਤਾ ਤੇ ਸਹਿਜਤਾ ਲੋਪ ਹੋ ਜਾਵੇਗੀ। ਸਮੁੱਚਤਾ ਵਿਚ ਹੀ ਦਸਮੇਸ਼ ਦੀ ਅਸਲ ਝਲਕ ਹੈ। ਇਹ ਸਮੁੱਚਤਾ ਗੁਰੂ ਨਾਨਕ ਤੋਂ ਸ਼ੁਰੂ ਹੋ ਕੇ ਦਸਮੇਸ਼ ਕੋਲ ਆ ਕੇ ਪੂਰੀ ਹੁੰਦੀ ਹੈ। ਜਿਵੇਂ ਚੁਰਾਸੀ ਤੋਂ ਬਾਅਦ ਕਿਸੇ ਚਿਹਰੇ ਦੇ ਜੁਝਾਰੂ, ਉਤੇਜਿਤ ਤੇ ਹਿੰਸਕ ਬਿੰਬ ਵਿਚ ਅਸੀਂ ਦਸਮੇਸ਼ ਦੀਆਂ ਯਾਦਾਂ ਨੂੰ ਦੇਖਣ ਲੱਗ ਪੈਂਦੇ ਹਾਂ, ਪਰ ਦਸਮੇਸ਼ ਦੀ ਕਰਮਭੂਮੀ ਗੁਰੂ ਨਾਨਕ ਦੀ ਛਤਰ ਛਾਇਆ ਹੇਠ ਹੈ। ਬਿੰਬ ਓਹੀ ਕੁਝ ਕਰਦਾ, ਜਿਹੋ ਜਹੇ ਅਸੀਂ ਉਤੇਜਿਤ ਤੇ ਭੜਕੀਲੇ ਹੁੰਦੇ ਹਾਂ। ਇਹ ਕਲਪਨਾ ਹੀ ਮੂਲ ਤੋਂ ਦੂਰ ਹੋ ਜਾਂਦੀ ਹੈ। ਜੇ ਬਿੰਬ ਨਾਲ ਅਸੀਂ ਦਸਮੇਸ਼ ਦੀ ਸਮੁੱਚਤਾ ਗਵਾ ਸਕਦੇ ਹਾਂ ਤਾਂ ਹਿੰਸਾ ਨੂੰ ਇੱਕ ਪ੍ਰਤੀਕਰਮ ਦੇ ਯੋਧੇ ਦਾ ਬਿੰਬ ਸੌਂਪ ਕੇ ਕਿੰਨੇ ਖਤਰੇ ਹੋ ਸਕਦੇ ਨੇ? ਇਹਦਾ ਸਿਰਫ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ।

ਜਿਵੇਂ ਪੰਜ ਪਿਆਰਿਆਂ ਦੀ ਸਾਜਨਾ ਦਾ ਦ੍ਰਿਸ਼ ਹੈ। ਮੰਗਿਆ ਸਿਰ ਸੀ, ਸਮਰਪਣ ਦਾ ਤੇ ਸਮੁੱਚਤਾ ਦਾ। ਅੱਗੇ ਜਾ ਕੇ ਯਾਦ ਵਜੋਂ ਬਿੰਬਾਂ ਨੇ ਇਹਨੂੰ ਸਿਰ ਤੋਂ ਧੜ ਅਲੱਗ ਕਰਨ ਦੀ ਯਾਦ ਸੌਂਪ ਦਿੱਤੀ। ਇਹ ਇਕੱਲਾ ਬਿੰਬ ਹਿੰਸਕ ਬਣ ਗਿਆ। ਪੰਜ ਪਿਆਰਿਆਂ ਦੀ ਯਾਦ ਵੀ ਇੱਕ ਸੰਗਮ ਹੈ। ਇਨ੍ਹਾਂ ਪੰਜਾਂ ਯਾਦਾਂ ਨਾਲ ਖਾਲਸਾ ਪੂਰਾ ਹੁੰਦਾ ਹੈ ਪਰ ਅਸੀਂ ਪੰਜਾਂ ਲਈ ਅਲੱਗ-ਅਲੱਗ ਬਿੰਬ ਸਥਾਪਤ ਕਰ ਦਿੱਤੇ। ਸਮਝਣ ਤੱਕ ਬਿੰਬਾਂ ਦਾ ਉਪਯੋਗ ਠੀਕ ਹੈ ਪਰ ਜੀਵਨ ਤਾਂ ਸੰਗਮ ਵਿਚ ਪੂਰਾ ਹੁੰਦਾ ਹੈ। ਖਾਲਸੇ ਦੀ ਦਿੱਖ ਪੂਰੇ ਵਿਚ ਹੀ ਹੈ। ਖਾਲਸਾ ਸੰਗਮ ਹੈ, ਇਕਹਿਰਾ ਨਹੀਂ ਹੈ। ਸੰਗਮ ਵਿਚੋਂ ਇਕਹਿਰਾ ਚੁਣਨਾ ਮੁੜ ਉਥੇ ਹੀ ਪਹੁੰਚਣਾ ਹੈ, ਜਿੱਥੇ ਬਿੰਬ ਪਹੁੰਚਾਉਣਾ ਚਾਹੁੰਦਾ ਹੈ। ਬਿੰਬ ਸੱਚ ਨੂੰ ਪਾੜਦਾ ਹੈ ਤੇ ਸੱਚ ਨੂੰ ਕਰਮਸ਼ੀਲ ਹੋਣ ਤੋਂ ਵੀ ਰੋਕਦਾ ਹੈ। ਇਹ ਸਮੁੱਚਤਾ ਵਿਚ ਫੈਲੀ ਗਿਆਨ ਦੀ ਚੌਕਸੀ ਦੀ ਊਰਜਾ ਨੂੰ ਮਾਨਸਿਕ ਅਭਿਆਸ ਵਿਚ ਤਬਦੀਲ ਕਰ ਦਿੰਦਾ ਹੈ; ਤੇ ਇੱਕ ਅਜਿਹਾ ਚਿਹਰਾ ਪੈਦਾ ਕਰ ਦਿੰਦਾ ਹੈ, ਜੋ ਗਿਆਨ ਦਾ ਦਾਅਵਾ ਵੀ ਪੈਦਾ ਕਰਦਾ ਹੈ ਤੇ ਉਹਦੇ ਵਰਗਾ ਨਾ ਹੋਣ 'ਤੇ ਧਮਕੀ ਵੀ ਦਿੰਦਾ ਹੈ। ਫਿਰ ਇੱਕ ਬਿੰਬ ਮੁਖੀ ਸਭਿਆਚਾਰ ਉਪਜਦਾ ਹੈ, ਜਿੱਥੇ ਗਿਆਨ ਇੱਕ ਮੁਕੰਮਲ ਅਫਵਾਹ ਦਾ ਰੂਪ ਧਾਰ ਬਿੰਬਾਂ ਦੇ ਸਿਰ ਸੱਚ ਦਾ ਤਾਜ ਧਰਦਾ ਹੈ।

ਦਸਮੇਸ਼ ਦੇ ਜੁਝਾਰ ਦੀ ਹਿੰਸਾ ਨਿਰਲੇਪ ਵਾਪਰਦੀ ਹੈ। ਇਹ ਆਪਣੀ ਜ਼ਿੱਦ ਦਾ ਸੁਭਾਅ ਬਦਲ ਕੇ ਵਾਪਰਦੀ ਹੈ। ਇਹ ਇੱਕ ਪੱਖ ਦੀ ਜ਼ਿੱਦ ਛੱਡਦੀ ਹੈ। ਇੱਥੇ ਇਕੱਲੀ ਹਿੰਸਾ ਦਾ ਬਿੰਬ ਨਹੀਂ ਉਸਰ ਸਕਦਾ। ਇਹ ਸੱਚ ਦੀ ਸਮੁੱਚਤਾ ਵਿਚ ਤੁਰਦੀ ਹੈ। ਇੱਥੇ ਨਾ ਇਕਹਿਰਾ ਅਤੀਤ ਹੈ, ਨਾ ਹੀ ਇਕਹਿਰਾ ਮਨ ਤੇ ਨਾ ਹੀ ਇਕਹਿਰੀ ਹਉਮੈ ਹੈ। ਇਹ ਦਸਮੇਸ਼ ਦੇ ਯੁੱਧ ਦਾ ਮੈਦਾਨ ਹੈ। ਇੱਥੇ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਨੂੰ ਮੌਤ ਕਬੂਲਣ ਦੇ ਠਰੰਮੇ ਵਜੋਂ ਵਰਤਿਆ ਜਾਂਦਾ ਹੈ। ਇਨ੍ਹਾਂ ਹਿੰਸਕ ਝੜਪਾਂ ਵਿਚ ਇੱਕ ਨਿਰਲੇਪ ਸਾਹਸ ਵੀ ਹੈ। ਗੁਰੂ ਦੀ ਸ਼ਹਾਦਤ ਦੀ ਯਾਦ ਇੱਥੇ ਜੰਗੀ ਅਨੁਭਵਾਂ ਨੂੰ ਧੀਰਜ ਦਿੰਦੀ ਹੈ। ਇਹ ਧੀਰਜ ਇਸ ਕਰ ਕੇ ਹੀ ਜ਼ਿਆਦਾ ਅਸਰਦਾਰ ਹੈ, ਕਿਉਂਕਿ ਗੁਰੂ ਦੇਹ ਰੂਪ ਵਿਚ ਹਾਲੇ ਹਾਜ਼ਰ ਹੈ।

ਪੰਜਾਬੀ ਸਭਿਆਚਾਰ ਵਿਚ ਹਿੰਸਾ ਦੇ ਸਰੋਤ ਕਿੱਥੇ ਪਏ ਨੇ? ਪੰਜਾਬੀ ਸੱਭਿਆਚਾਰ ਕੋਲ ਹਿੰਸਾ ਦੀ ਸਭ ਤੋਂ ਵੱਡੀ ਠਾਹਰ ਕਿੱਥੇ ਹੈ? ਇਸ ਸਭਿਆਚਾਰ ਵਿਚ ਹਿੰਸਾ ਦੀ ਪ੍ਰਵਾਨਗੀ ਦੇ ਉਹ ਕਿਹੜੇ ਛਿਣ, ਪਲ ਨੇ ਜਦੋਂ ਉਹ ਹਿੰਸਾ ਨੂੰ ਹਿੰਸਾ ਨਹੀਂ ਮੰਨਦਾ। ਮਨ ਦੀਆਂ ਗਹਿਰਾਈਆਂ ਵਿਚ ਚਲਦੀ ਇੱਕ ਬਾਰੀਕ ਧਾਰਾ ਕਦੋਂ ਹਿੰਸਾ ਦੀ ਪ੍ਰਵਾਨਗੀ ਦੇ ਛਿਣਾਂ ਵਿਚ ਉਤਰ ਆਉਂਦੀ ਤੇ ਕਦੋਂ ਪੰਜਾਬੀ ਮਨ ਉਹਨੂੰ ਹਿੰਸਾ ਮੰਨਦਾ ਨਹੀਂ ਤੇ ਇਹਨੂੰ ਜੀਵਤ ਪ੍ਰਵਾਨਗੀ ਦੇ ਦਿੰਦਾ ਹੈ। ਹਿੰਸਾ ਦੀਆਂ ਗਹਿਰਾਈਆਂ ਵਿਚ ਜੋ ਬਾਰੀਕ ਧਾਰਨਾਵਾਂ ਚਲਦੀਆਂ ਰਹਿੰਦੀਆਂ ਨੇ, ਉਨ੍ਹਾਂ ਵਿਚ ਪੰਜਾਬੀ ਮਨ ਕਿੱਥੇ ਥਿੜਕਦਾ ਤੇ ਕਿੱਥੇ ਸੰਭਲਦਾ ਹੈ? (ਇਹ ਸਾਹਿਤ ਦਾ ਕੰਮ ਹੈ)। ਦਸਮੇਸ਼ ਇਨ੍ਹਾਂ ਸਾਰੀਆਂ ਰਮਜ਼ਾਂ ਨਾਲ ਦਾਰਸ਼ਨਿਕ ਸੰਵਾਦ ਕਰਦੇ ਨੇ। ਇਹ ਸੰਵਾਦ ਜਿੱਥੇ ਦਾਰਸ਼ਨਿਕ ਸੀ, ਉਥੇ ਇਸ ਦਾਰਸ਼ਨਿਕਤਾ ਨੂੰ ਯੁੱਧ ਦੇ ਮੈਦਾਨ ਵਿਚ ਅਮਲੀ ਜਾਮਾ ਵੀ ਪੁਆਇਆ। ਦਸਮੇਸ਼ ਤੋਂ ਬਾਅਦ ਪੰਜਾਬ ਦੇ ਹਿੰਸਕ ਸੁਭਾਅ ਨਾਲ ਮੁੜ ਕੇ ਅਸੀਂ ਸੰਵਾਦ ਬੰਦ ਹੀ ਕਰ ਦਿੱਤਾ।


ਦਿੱਲੀ : 1984

ਹਿੰਸਾ ਜੁਝਾਰੂ ਦੇ ਬਿੰਬ ਵਿਚ ਵੀ ਝੂਮ ਸਕਦੀ ਹੈ ਪਰ ਗਿਆਨ ਦੇ ਬਿੰਬ ਨੂੰ ਧੁੰਦਲਾ ਕਰਦੀ ਹੈ। ਇਨ੍ਹਾਂ ਦੋ ਬਿੰਬਾਂ ਦੀ ਕਸ਼ਮਕਸ਼ ਵਿਚ ਪੰਜਾਬ ਨੇ ਬਹੁਤ ਹੀ ਦੁਬਿਧਾ ਵਾਲੇ ਦਿਨ ਕੱਟੇ ਨੇ। ਹਿੰਸਾ ਵਿਚ ਗਿਆਨ ਕਿਸੇ ਅਫਵਾਹ ਵਾਂਗ ਫਿਰਦਾ ਹੈ। ਇਹ ਅਫਵਾਹ 'ਸ਼ਬਦ ਗੁਰੂ' ਤੋਂ ਸੱਖਣੀ ਹੁੰਦੀ ਹੈ, ਤੇ ਕਿਸੇ ਬਿੰਬ ਅੱਗੇ ਸਮਰਪਣ ਕਰਨ ਲਈ ਦਬਾਅ ਪਾਉਂਦੀ ਹੈ, ਜਦੋਂ ਕਿ 'ਸ਼ਬਦ ਗੁਰੂ' ਕਿਸੇ ਵੀ ਹੋਰ ਆਕਾਰ ਅੱਗੇ ਸਮਰਪਣ ਤੋਂ ਵਰਜਦਾ ਹੈ।

ਪੰਜਾਬ ਅੰਦਰ ਸਟੇਟ ਨੇ ਜੋ ਆਪਣਾ ਹਿੰਸਕ ਰਵੱਈਆ ਦਿਖਾਇਆ ਸੀ, ਉਸ ਦਾ ਜਵਾਬ ਹਿੰਸਾ ਵਿਚ ਆਉਣਾ ਸੁਭਾਵਿਕ ਸੀ। ਚੁਰਾਸੀ ਦੇ ਚਿਹਰੇ ਸਟੇਟ ਪ੍ਰਤੀ ਵਿਦਰੋਹੀ ਰਵੱਈਏ ਕਰ ਕੇ ਹੀ ਪਛਾਣ ਬਣੇ ਤੇ ਇਸ ਵਿਦਰੋਹ ਕਰ ਕੇ ਹੀ ਉਹ ਕਿਸੇ ਦੀ ਯਾਦ ਦਾ ਬਿੰਬ ਬਣੇ। ਉਨ੍ਹਾਂ ਨੂੰ ਆਦਿ ਸਿੰਘਾਂ ਦੀ ਯਾਦ ਵਜੋਂ ਦੇਖਿਆ ਗਿਆ ਪਰ ਇੱਥੇ 'ਸ਼ਬਦ ਗੁਰੂ' ਦਾ ਪ੍ਰਕਾਸ਼ ਧੁੰਦਲਾ ਨਹੀਂ ਸੀ ਪੈਣਾ ਚਾਹੀਦਾ। ਦਸਮੇਸ਼ ਦੀ ਊਰਜਾ 'ਸ਼ਬਦ ਗੁਰੂ' ਦੀ ਰੱਖਿਆ ਲਈ ਰਣਭੂਮੀ ਵਿਚ ਉਤਰਦੀ ਹੈ। ਉਹ ਕਿਸੇ ਜਾਤੀ ਜਿੱਤ ਹਾਰ ਦਾ ਅਹਿਸਾਸ ਨਹੀਂ ਕਰਾਉਂਦੀ।

ਜਦੋਂ ਵੀ ਕੋਈ ਵੱਡਾ ਘੱਲੂਘਾਰਾ ਵਾਪਰਦਾ ਹੈ ਤਾਂ ਕੁਝ ਤਾਂ ਗਲਤ ਵਾਪਰਦਾ ਹੀ ਹੈ। ਅਸੀਂ ਉਹਦੀ ਸਮੁੱਚਤਾ ਨੂੰ ਛੱਡ ਆਪਣੀ ਮਨੋਸਥਿਤੀ ਦਾ ਉਪਯੋਗ ਕਰਨ ਲੱਗ ਪੈਂਦੇ ਹਾਂ। ਹਿੰਸਾ ਬਿੰਬਾਂ ਦੀ ਨਾਇਕ ਹੈ, ਦਸਮੇਸ਼ ਦਾ ਨਹੀਂ। ਚੁਰਾਸੀ ਵਿਚ ਅਸੀਂ ਹਿੰਸਾ ਨੂੰ ਦਸਮੇਸ਼ ਦਾ ਇੱਕ ਜੁਝਾਰੂ ਬਿੰਬ ਸੌਂਪ ਕੇ ਆਪ ਵਿਹਲੇ ਹੋ ਕੇ ਬੈਠ ਗਏ ਸਾਂ। ਇੱਕ ਤਾਂ ਇਸ ਬਿੰਬ ਦੇ ਪਰਛਾਵੇਂ ਥੱਲੇ ਅਸੀਂ ਨਜ਼ਰਸਾਨੀ ਘਟਾ ਦਿੱਤੀ, ਦੂਜਾ 'ਸ਼ਬਦ ਗੁਰੂ' ਤੋਂ ਓਹਲਾ ਕਰ ਲਿਆ। ਹਿੰਸਾ ਦੇ ਜੁਝਾਰੂ ਦੌਰ ਵਿਚ ਇਹ ਸਮਾਂ ਬਹੁਤ ਨਾਜ਼ੁਕ ਹੁੰਦਾ ਹੈ। ਅਸੀਂ ਬਿੰਬਾਂ ਦੇ ਸੱਚ ਨਾਲ ਖੇਡ ਰਹੇ ਹੁੰਦੇ ਹਾਂ, ਸੱਚ ਦੀ ਸਮੁੱਚਤਾ ਨਾਲ ਨਹੀਂ।

ਹਿੰਸਾ ਬਿੰਬਾਂ ਦਾ ਮਨਪਸੰਦ ਆਕਾਰ ਹੈ। ਇਹ ਸੱਚ ਦੀ ਸਮੁੱਚਤਾ ਦਾ ਭਾਰ ਬਿੰਬ ਨੂੰ ਸੌਂਪ ਦਿੰਦਾ ਹੈ। ਬਿੰਬ ਵਿਚ ਹਿੰਸਾ ਬਹੁਤ ਦਲੀਲਬਾਜ਼ ਹੁੰਦੀ ਹੈ ਤੇ ਮੂਲ ਸਰੋਤਾਂ ਨੂੰ ਭੁਲਾਉਣ ਵਿਚ ਸਫਲ ਹੁੰਦੀ ਹੈ। ਬਿੰਬ ਹਿੰਸਾ ਦਾ ਭੂਗੋਲਿਕ ਆਕਾਰ ਵੀ ਹੈ ਤੇ ਸਿੰਘਾਸਨ ਵੀ। ਕਿਸੇ ਚਿਹਰੇ ਨੂੰ ਸਿਰਫ ਜੁਝਾਰੂ ਬਿੰਬ ਸੌਂਪਣਾ ਗਿਆਨ ਦੀ ਕਰਮਭੂਮੀ ਕਿਤੇ ਪਿੱਛੇ ਲੈ ਜਾਣਾ ਹੁੰਦਾ ਹੈ, ਜਦ ਕਿ ਦਸਮੇਸ਼ ਦੀ ਕਰਮਭੂਮੀ ਵਿਚ ਪਹਿਲਾਂ ਗਿਆਨ ਹੈ, ਜਿਉਂ ਕੇ ਦਿਖਾਉਣ ਵਾਲਾ ਗਿਆਨ। ਦਸਮੇਸ਼ ਅਧਿਆਤਮ ਦੇ ਜੁਝਾਰ ਦਾ ਸਿਰਮੌਰ ਹੈ। ਇਹਦੇ ਵਿਚੋਂ ਗੁਰੂ ਨਾਨਕ ਦੀ ਕਰਮਭੂਮੀ ਭੁਲਾ ਦੇਣ ਦਾ ਮਤਲਬ ਹੈ ਪਿੱਛੇ ਹਨੇਰੇ ਵੱਲ ਮੁੜ ਜਾਣਾ। ਇਸ ਮੂੰਹ ਹਨੇਰੇ ਵਿਚ ਦੂਜੀ ਕਤਾਰ ਦੇ ਸੂਰਮੇ ਜਿਉਣਾ ਮੌੜ ਤੇ ਸੁੱਚੇ ਸੂਰਮੇ ਵਰਗੇ ਖੜ੍ਹੇ ਦਿਸਦੇ ਨੇ। ਉਹ 'ਬਿੰਬ' ਲਈ ਹਰਮਨ-ਪਿਆਰੇ ਸਨ। ਬਿੰਬ ਜਿੱਥੇ ਆਪਣੇ ਮਤਲਬ ਦਾ ਸੱਚ ਸੌਖਿਆਂ ਝਾੜ ਸਕੇ, ਉਥੇ ਉਹ ਗਦ-ਗਦ ਹੋ ਉਠਦਾ ਹੈ। ਉਹ ਸੱਚ ਲਈ ਥੱਲੇ ਉਤਰਦੀਆਂ ਪੌੜੀਆਂ ਦਾ ਇੰਤਜ਼ਾਮ ਵੀ ਕਰ ਦਿੰਦਾ ਹੈ। ਉਹ ਸਾਡੇ ਸੱਚ ਦੀ ਅੜਚਣ ਨੂੰ ਅੜਿੱਕਾ ਵੀ ਨਹੀਂ ਬਣਨ ਦਿੰਦਾ, ਤੇ ਸਾਡੀ ਮਨੋਸਥਿਤੀ ਅਨੁਸਾਰ ਸੂਰਮਿਆਂ ਦੀ ਫੌਜ ਖੜ੍ਹੀ ਕਰ ਦਿੰਦਾ ਹੈ।

ਜੇ ਸਾਡੀਆਂ ਸਿਮਰਤੀਆਂ ਵਿਚ ਦਸਮੇਸ਼ ਤੋਂ ਪਹਿਲਾਂ ਹਿੰਸਕ ਚਿਹਰੇ ਆਉਣ ਲੱਗ ਜਾਣ ਤਾਂ ਅਸੀਂ ਉਕ ਰਹੇ ਹੋਵਾਂਗੇ। ਜਦੋਂ ਅਸੀਂ ਹਿੰਸਾ ਰਾਹੀਂ ਦਸਮੇਸ਼ ਨੂੰ ਯਾਦ ਕਰਾਂਗੇ, ਤਾਂ ਗੜਬੜ ਹੋਵੇਗੀ। ਦਸਮੇਸ਼ ਦੀ ਯਾਦ ਤੋਂ ਬਿਨਾ ਪੰਜਾਬ ਦੇ ਕਿਸੇ ਵੀ ਹਿੰਸਕ ਇਤਿਹਾਸ ਨੂੰ ਯਾਦ ਕਰਨਾ ਖਤਰੇ ਤੋਂ ਖਾਲੀ ਨਹੀਂ ਹੈ। ਦਸਮੇਸ਼ ਸਾਡੀਆਂ ਸਮੂਹਿਕ ਹਿੰਸਕ ਯਾਦਾਂ ਨੂੰ ਕਿਵੇਂ ਵਰਜਦਾ ਤੇ ਕਿਵੇਂ ਉਪਯੋਗ ਕਰਦਾ ਹੈ? ਇਹਨੂੰ ਸੌਖਾ ਕਰਨ ਲਈ ਉਹ ਯੁੱਧ ਦੇ ਮੈਦਾਨ ਵਿਚ 'ਘਨੱਈਆ' ਨੂੰ ਪਾਣੀ ਪਿਲਾਉਂਦਾ ਦਿਖਾ ਦਿੰਦਾ ਹੈ। ਉਹ ਕਿਸੇ ਦੂਜੇ ਧਰਮ ਪ੍ਰਤੀ ਪੈਦਾ ਹੋਈ ਨਫਰਤ ਵਿਚ ਨਬੀ ਖਾਂ, ਗਨੀ ਖਾਂ ਦੇ ਮੋਢਿਆਂ ਉਤੇ ਚੜ੍ਹਿਆ ਦਿਸ ਪੈਂਦਾ ਹੈ। ਉਹ ਓਪਰੇਪਨ ਨੂੰ ਦੂਰ ਕਰਨ ਲਈ ਪੀਰ ਬੁੱਧੂ ਦੇ ਚੇਲਿਆਂ ਵਿਚ ਖੜ੍ਹਾ ਸੰਗਤ ਬਣਦਾ ਦਿਸਦਾ ਹੈ। ਇਨ੍ਹਾਂ ਸਿਮਰਤੀਆਂ ਵਿਚੋਂ ਲੰਘਾਉਂਦਿਆਂ ਦਸਮੇਸ਼ ਜਦੋਂ ਹਿੰਸਾ ਕੋਲੋਂ ਲੰਘਾਉਂਦੇ ਨੇ, ਤਾਂ ਕੁਝ ਵਰਜਣਾ ਕਰਦੇ ਦਿਸਦੇ ਨੇ। ਗੁਰੂ ਕੋਲੋਂ ਦਿੱਤਾ ਹੋਇਆ ਹੀ ਨਹੀਂ, ਗੁਰੂ ਕੋਲੋਂ ਮਿਲੀ ਵਰਜਣਾ ਨੂੰ ਯਾਦ ਰੱਖਣਾ ਹੁੰਦਾ ਹੈ। ਇਹੀ 'ਸ਼ਬਦ ਗੁਰੂ' ਦੇ ਪ੍ਰਕਾਸ਼ ਦਾ ਚੌਮੁਖੀ ਚਾਨਣਾ ਹੈ।

ਗੁਰੂ ਨੂੰ ਯਾਦ ਕਰਨਾ ਏਨਾ ਮਹੱਤਵਪੂਰਨ ਨਹੀਂ, ਜਿੰਨਾ ਗੁਰੂ ਨੂੰ ਜਾਗ ਕੇ ਯਾਦ ਕਰਨ ਦਾ ਜਸ਼ਨ ਮਹੱਤਵਪੂਰਨ ਹੈ। ਜਾਗ ਕੇ, ਬਿੰਬ ਨਹੀਂ ਸਮੁੱਚਤਾ ਦਿਸਦੀ ਹੈ। ਧਰਮ ਵਿਚ ਬਿੰਬ ਸੰਸਕਾਰ ਬਣ ਕੇ ਡਰਾਉਂਦਾ ਹੈ। ਮਨ ਦੇ ਭਰੋਸੇ ਨੂੰ ਪੱਕਾ ਕਰਦਾ ਹੈ। 'ਸ਼ਬਦ ਗੁਰੂ' ਸੰਸਕਾਰ ਨਹੀਂ ਹੈ। ਇਹ ਸੱਚ ਦੀ ਜੀਵਤ ਅਮਲੀ ਕਿਰਿਆ ਹੈ। ਇਸੇ ਤਰ੍ਹਾਂ ਹੀ ਦਸਮੇਸ਼ ਹਿੰਸਾ ਦੇ ਦੈਂਤ ਨੂੰ ਸਿੰਗਾਂ ਤੋਂ ਫੜਦੇ ਨੇ (ਸੰਸਕਾਰਾਂ ਨੂੰ ਵੀ) ਜਿਸ ਸਿਰ ਉਤੇ ਇਹ ਸਿੰਗ ਉਗੇ ਹੁੰਦੇ ਨੇ, ਉਸ ਥਾਂ ਨੂੰ ਪਲੋਸਦੇ ਨੇ। 'ਸ਼ਬਦ ਗੁਰੂ' ਦੀਆਂ ਤਰੰਗਾਂ 'ਸਿੰਗਾਂ' 'ਚੋਂ ਲੰਘਾ 'ਸਵੈ ਰੱਖਿਆ' ਤੇ 'ਸਰਬੱਤ ਦੇ ਭਲੇ' ਲਈ ਜੀਵਨ ਦੇ ਯੁੱਧ ਵੱਲ ਤੋਰ ਦਿੰਦੇ ਨੇ। ਫਿਰ ਇਹ ਸਿੰਗ ਹਮੇਸ਼ਾ ਆਪਣੇ ਸਿਰ ਨੂੰ ਗੁਰੂ ਮੰਨਦੇ ਨੇ। ਇਹ ਯਾਦ ਫਿਰ 'ਸ਼ਬਦ ਗੁਰੂ' ਬਣ ਕੇ ਹਮੇਸ਼ਾ ਨਾਲ-ਨਾਲ ਚਲਦੀ ਰਹਿੰਦੀ ਹੈ ਪਰ ਇਤਿਹਾਸ ਵਿਚ ਬਹੁਤੀ ਹਿੰਸਾ ਸਿੰਗਾਂ ਦੀ ਯਾਦ ਵਿਚੋਂ ਨਿਕਲਦੀ ਹੈ। ਇਹ ਸਿੰਗ ਸੱਖਣੇ ਮਨ ਦੀ ਉਪਜ ਨੇ ਤੇ ਇਹ ਜੁਝਾਰੂ ਹੋਣ ਦਾ ਭੁਲੇਖਾ ਪਾ ਸਕਦੇ ਨੇ।

ਅਧਿਆਤਮ ਵਿਚ ਸ਼ਹਾਦਤ ਕੋਈ ਜ਼ਿੱਦ, ਫਿਕਰ ਜਾਂ ਟੀਚਾ ਨਹੀਂ ਹੈ। ਜਦੋਂ ਵੀ ਕੋਈ ਚਿਹਰਾ ਸਿਰਫ ਸ਼ਹੀਦ ਹੋਣ ਦੇ ਫਿਕਰ ਵਿਚ ਦਿਸੇ, ਤਾਂ ਉਹ ਹਿੰਸਾ ਦਾ ਕੋਈ ਨਾ ਕੋਈ ਰੂਪ ਮਾਣ ਰਿਹਾ ਹੁੰਦਾ ਹੈ। ਅਧਿਆਤਮ ਸ਼ਹਾਦਤ ਨੂੰ ਮਾਣਦਾ ਹੈ ਤੇ ਦੂਜੇ ਪਾਸੇ ਖੜ੍ਹੀ ਮੌਤ ਦੇ ਭੈਅ ਨੂੰ ਨਿਗੂਣਾ ਕਰ ਦਿੰਦਾ ਹੈ, ਜਿਵੇਂ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੇ ਕੀਤਾ ਸੀ। ਸ਼ਹਾਦਤ ਮੌਤ ਦੇ ਰਵਾਇਤੀ ਸੁਭਾਅ ਨੂੰ ਤੋੜਦੀ ਜੀਵਨ ਦੀ ਸਹਿਜ ਪ੍ਰਵਿਰਤੀ ਵਿਚ ਲਿਆ ਖੜ੍ਹਾ ਕਰ ਦਿੰਦੀ ਹੈ। ਜ਼ਾਲਮ ਕੋਲ, ਜੋ ਮੌਤ ਦਾ ਆਖਰੀ ਸਭ ਤੋਂ ਵੱਡਾ ਹਥਿਆਰ ਹੁੰਦਾ ਹੈ, ਉਹਨੂੰ ਨਿਹੱਥਾ ਕਰ ਦਿੰਦੀ ਹੈ। ਇਸ ਸਹਿਜਤਾ ਨੂੰ ਅਸਹਿਜ ਕਰਨ ਲਈ ਕਾਤਲ ਤੜਫਦਾ ਹੈ। ਯੁਗ ਪੁਰਸ਼ਾਂ ਨੇ ਜਦੋਂ ਵੀ ਮੌਤ ਨੂੰ ਅਪਣਾਇਆ, ਤਾਂ ਮੌਤ ਦਾ ਪ੍ਰਤੀਕਰਮ ਨਹੀਂ ਕੀਤਾ, ਸਗੋਂ ਮੌਤ ਨੂੰ ਜੀਵਨ ਵਾਂਗ ਸੀਲ ਵਾਪਰਨ ਦਿੱਤਾ, ਜਿਸ ਤੋਂ ਕਾਤਲ ਭੈਅ-ਭੀਤ ਹੋ ਉਠਿਆ। ਉਹਦਾ ਆਖਰੀ ਡਰਾਵਾ ਹੱਥੋਂ ਨਿਕਲਦਾ ਜਾਪਿਆ। ਕਿਸੇ ਵੱਡੀ ਸ਼ਹਾਦਤ ਤੋਂ ਬਾਅਦ ਸਮਾਜ ਇਸੇ ਕਰ ਕੇ ਏਨਾ ਸਾਹਸੀ ਜਾਪਦਾ ਹੈ। ਕਿਸੇ ਨੇ ਮੌਤ ਦੀ ਪੋਲ ਖੋਲ੍ਹ ਦਿੱਤੀ ਹੁੰਦੀ ਹੈ ਤੇ ਉਹਨੂੰ ਜੀਵਨ ਵਾਂਗ ਸਹਿਜ ਕਰ ਦਿੱਤਾ ਹੁੰਦਾ ਹੈ।

ਪਰ ਇਸ ਦੇ ਉਲਟ ਜਦੋਂ ਸ਼ਹਾਦਤ ਦੀ ਪ੍ਰਾਪਤੀ ਲਈ ਪਹਿਲਾਂ ਹਿੰਸਕ ਦਿਖਾਵੇ ਕਰਨੇ ਪੈਣ, ਜਾਂ ਤੁਸੀਂ ਕਿਸੇ ਨੂੰ ਉਕਸਾਉਂਦੇ ਹੋ, ਜਾਂ ਆਪਣੀ ਹੀ ਸਹਿਜਤਾ ਵਿਚ ਤ੍ਰਭਕਦੇ ਹੋ, ਦਿਸੇਗੀ ਤਾਂ ਉਹ ਵੀ ਸ਼ਹਾਦਤ ਹੀ, ਪਰ ਉਹਦੇ ਵਿਚਲੀ ਹਿੰਸਾ ਦੀ ਤਾਰ, ਕਰੁਣਾ ਤੋਂ ਸੱਖਣੀ ਹੋਵੇਗੀ। ਮਨ ਹਿੰਸਾ ਦਾ ਪੁਜਾਰੀ ਹੈ। ਕਿਸੇ ਕੌਮ ਦਾ ਜਿੰਨਾ ਮਰਜ਼ੀ ਸੁਭਾਅ ਹਿੰਸਕ ਹੋਵੇ, ਜਿੰਨਾ ਮਰਜ਼ੀ ਜੋਸ਼ੀਲਾ ਹੋਵੇ, ਸ਼ਹਾਦਤ ਦੇਣ ਲਈ ਮਹਾਂ ਸਹਿਜਤਾ ਵਿਚੋਂ ਲੰਘਣਾ ਹੀ ਪਵੇਗਾ। ਸ਼ਹਾਦਤ ਸੱਚ ਦੀ ਸਮੁੱਚਤਾ ਦੀ ਘਾਲਣਾ ਵਿਚੋਂ ਲੰਘਦੀ ਹੈ। ਹਰ ਮੌਤ ਨੂੰ ਸ਼ਹਾਦਤ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਮੂਲ ਸਰੋਤਾਂ ਤੋਂ ਦੂਰ ਜਾਣ ਦੇ ਸਬੱਬ ਬਣਾਉਂਦੀ ਹੈ। 'ਸ਼ਬਦ ਗੁਰੂ' ਸਵੈ ਦੀ ਨਿਡਰ ਅਵਸਥਾ ਹੈ ਤੇ ਸੰਗਤ ਦੀ ਯਾਦ ਹੈ।

ਸ਼ਹਾਦਤ ਨੂੰ ਹਮੇਸ਼ਾ ਹਿੰਸਕ ਧਿਰ ਹੀ ਕਿਉਂ ਖੋਹ ਲੈ ਜਾਂਦੀ ਹੈ; ਜਦੋਂ ਕਿ ਸ਼ਹਾਦਤ ਹਿੰਸਾ ਨੂੰ ਹੀ ਸਭ ਤੋਂ ਵੱਧ ਭੈਅ-ਭੀਤ ਕਰਦੀ ਹੈ। ਹਿੰਸਾ ਦੇ ਸੂਖਮ ਪਲਾਂ ਵਿਚ ਸਭ ਤੋਂ ਵੱਧ ਮਹੱਤਵਪੂਰਨ ਉਦੋਂ ਹੁੰਦੀ ਹੈ ਜਦੋਂ ਤੁਸੀਂ ਹਿੰਸਾ ਨੂੰ ਹਿੰਸਾ ਨਹੀਂ ਮੰਨਦੇ। ਇਹ ਛਿਣ ਸਦੀਆਂ ਜਿੰਨਾ ਲੰਬਾ ਤੇ ਯੁਗਾਂ ਜਿੱਡਾ ਵਹਿਸ਼ੀ ਹੋ ਸਕਦਾ ਹੈ। ਬਿੰਬ ਇਹਨੂੰ ਸੰਭਾਲਣ ਲਈ ਹਮੇਸ਼ਾ ਉਤੇਜਿਤ ਰਹਿੰਦਾ ਹੈ। ਇਹ ਛਿਣ ਕਿਸੇ ਕੌਮ ਲਈ ਬਹੁਤ ਨਾਜ਼ੁਕ ਤੇ ਵਿਚਾਰਨਯੋਗ ਹੁੰਦਾ ਹੈ। ਇਹੋ ਛਿਣ ਹੈ ਜਿਸ ਨੂੰ 'ਸ਼ਬਦ ਗੁਰੂ' ਦਾ ਰਸ ਪਿਲਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਸੰਤਾਲੀ ਤੇ ਚੁਰਾਸੀ ਵਿਚ ਇਹ ਛਿਣ ਬਹੁਤ ਹੀ ਸੱਖਣਾ ਰਿਹਾ। ਚੁਰਾਸੀ ਵਿਚ ਇਹ ਅਕਾਲ ਤਖਤ ਉਤੇ ਹਮਲੇ ਤੋਂ ਬਾਅਦ ਸਦਮੇ ਵਿਚ ਆਇਆ; ਤੇ ਦਿੱਲੀ ਦੇ ਦੰਗਿਆਂ ਤੋਂ ਬਾਅਦ ਇਸ ਸਦਮੇ ਦੇ 'ਹੌਲ' ਪਿਆ। ਇਹ ਹੌਲ ਪ੍ਰਤੀਕਰਮ ਦੀ ਸਵਾਰੀ ਕਰਦਾ ਦੂਰ ਲੰਘ ਗਿਆ ਸੀ। ਜਦੋਂ ਤੱਕ ਗੁਰੂ ਯਾਦ ਆਇਆ, ਉਦੋਂ ਤੱਕ ਭੀੜ ਨੂੰ ਸੰਗਤ ਬਣਾਉਣਾ ਬਹੁਤ ਮੁਸ਼ਕਿਲ ਸੀ।

ਪੰਜਾਬ ਕੋਲ 'ਸ਼ਬਦ ਗੁਰੂ' ਦੀ ਤਾਕਤ ਹੈ। ਪੰਜਾਬ ਨੇ ਆਪਣੇ ਆਪ ਨੂੰ ਸੰਭਾਲਣਾ ਹੈ। ਇਹਨੂੰ 'ਸ਼ਬਦ ਗੁਰੂ' ਕੋਲ ਆਉਣਾ ਹੀ ਪੈਣਾ ਹੈ। ਬਹੁਤ ਕਾਰਨਾਂ ਵਿਚ ਪੰਜਾਬ ਦੀ ਚੁੱਪ ਦਾ ਇੱਕ ਕਾਰਨ ਇਹ ਵੀ ਹੈ। ਉਹ ਮੁੜ ਸਾਹਸੀ ਹੋ ਰਿਹਾ ਤੇ ਹੋਵੇਗਾ ਵੀ।

ਜਿਵੇਂ ਪੰਜ ਪਿਆਰਿਆਂ ਦੀ ਸਾਜਨਾ ਦਾ ਦ੍ਰਿਸ਼ ਹੈ। ਮੰਗਿਆ ਸਿਰ ਸੀ, ਸਮਰਪਣ ਦਾ ਤੇ ਸਮੁੱਚਤਾ ਦਾ। ਅੱਗੇ ਜਾ ਕੇ ਯਾਦ ਵਜੋਂ ਬਿੰਬਾਂ ਨੇ ਇਹਨੂੰ ਸਿਰ ਤੋਂ ਧੜ ਅਲੱਗ ਕਰਨ ਦੀ ਯਾਦ ਸੌਂਪ ਦਿੱਤੀ। ਇਹ ਇਕੱਲਾ ਬਿੰਬ ਹਿੰਸਕ ਬਣ ਗਿਆ। ਪੰਜ ਪਿਆਰਿਆਂ ਦੀ ਯਾਦ ਵੀ ਇੱਕ ਸੰਗਮ ਹੈ। ਇਨ੍ਹਾਂ ਪੰਜਾਂ ਯਾਦਾਂ ਨਾਲ ਖਾਲਸਾ ਪੂਰਾ ਹੁੰਦਾ ਹੈ ਪਰ ਅਸੀਂ ਪੰਜਾਂ ਲਈ ਅਲੱਗ-ਅਲੱਗ ਬਿੰਬ ਸਥਾਪਤ ਕਰ ਦਿੱਤੇ। ਸਮਝਣ ਤੱਕ ਬਿੰਬਾਂ ਦਾ ਉਪਯੋਗ ਠੀਕ ਹੈ ਪਰ ਜੀਵਨ ਤਾਂ ਸੰਗਮ ਵਿਚ ਪੂਰਾ ਹੁੰਦਾ ਹੈ। ਖਾਲਸੇ ਦੀ ਦਿੱਖ ਪੂਰੇ ਵਿਚ ਹੀ ਹੈ। ਖਾਲਸਾ ਸੰਗਮ ਹੈ, ਇਕਹਿਰਾ ਨਹੀਂ ਹੈ। ਸੰਗਮ ਵਿਚੋਂ ਇਕਹਿਰਾ ਚੁਣਨਾ ਮੁੜ ਉਥੇ ਹੀ ਪਹੁੰਚਣਾ ਹੈ, ਜਿੱਥੇ ਬਿੰਬ ਪਹੁੰਚਾਉਣਾ ਚਾਹੁੰਦਾ ਹੈ।

# ਸਿੱਖ ਰਾਜ ਦੇ ਖਾਤਮੇ ਲਈ ਕੌਣ ਜ਼ਿੰਮੇਵਾਰ?

***ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਛੇਤੀ ਹੀ ਖਿੰਡ-ਪੁੰਡ ਗਿਆ ਅਤੇ ਅੰਗਰੇਜ਼ ਹਾਕਮਾਂ ਨੇ ਸਮੁੱਚੇ ਰਾਜ ਨੂੰ ਆਪਣੇ ਅਧੀਨ ਕਰ ਲਿਆ। ਇਸ ਸਿੱਖ ਰਾਜ ਦੇ ਅਖੀਰਲੇ ਸਮੇਂ ਬਾਰੇ ਬਹੁਤ ਸਾਰੇ ਇਤਿਹਾਸਕਾਰਾਂ ਨੇ ਟਿੱਪਣੀਆਂ ਕੀਤੀਆਂ ਹਨ। ਸਾਰਿਆਂ ਦਾ ਇਕ ਹੀ ਸਵਾਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਦੀਆਂ ਨੀਂਹਾਂ ਵਲ ਓਨਾ ਧਿਆਨ ਨਹੀਂ ਦਿੱਤਾ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਉਘੇ ਖੋਜੀ ਲਿਖਾਰੀ ਮਨਮੋਹਨ ਬਾਵਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਪੰਜਾਬ ਦੇ ਇਤਿਹਾਸ ਵਿਚ ਤਿੰਨ ਕਾਲ ਮਹੱਤਵਪੂਰਨ ਹੋ ਗੁਜ਼ਰੇ ਹਨ ਜਿਨ੍ਹਾਂ ਨੇ ਪੰਜਾਬ ਦੇ ਵਸਨੀਕਾਂ ਦੀ ਮਾਨਸਿਕਤਾ ਅਤੇ ਸਭਿਆਚਾਰ ਨੂੰ ਬਦਲ ਕੇ ਰੱਖ ਦਿੱਤਾ। ਇਹ ਹਨ: 1) ਸਿਕੰਦਰ ਦਾ ਪੰਜਾਬ 'ਤੇ ਹਮਲਾ। 2) ਮਹਿਮੂਦ ਗਜ਼ਨਵੀ ਦੇ ਪੰਜਾਬ 'ਤੇ ਹਮਲੇ। 3) ਸਿੱਖ ਕਾਲ ਪੰਜਾਬ 'ਚ ਅੱਠ ਸੌ ਵਰ੍ਹਿਆਂ ਬਾਅਦ ਮੁੜ ਪੰਜਾਬੀਆਂ ਦਾ ਆਪਣਾ ਰਾਜ। ਸਿੱਖ ਕਾਲ ਦਾ ਇਤਿਹਾਸ ਪੜ੍ਹਦਿਆਂ ਮੈਂ ਸੋਚਣੋਂ ਨਾ ਰਹਿ ਸਕਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਨੌਂ-ਦਸ ਵਰ੍ਹਿਆਂ ਬਾਅਦ ਸਿੱਖ ਰਾਜ ਦਾ ਅੰਤ ਹੀ ਨਹੀਂ ਹੋਇਆ, ਉਹਦੇ ਨਾਲ ਉਹ ਸਭ ਕੁਝ ਵੀ ਲੋਪ ਹੋਇਆ ਦਿੱਸਣ ਲੱਗਾ ਜਿਸ 'ਤੇ ਸਿੱਖ ਕੌਮ ਦਾ ਗੌਰਵ ਕਾਇਮ ਸੀ। ਇਹ ਕੌਮ ਆਪਣੀ ਹੋਂਦ ਕਾਇਮ ਰੱਖਣ ਲਈ ਡੇਢ ਦੋ ਸੌ ਵਰ੍ਹਿਆਂ ਤੱਕ ਜ਼ੁਲਮ ਵਿਰੁਧ ਲੜਦਿਆਂ ਕੁਰਬਾਨੀਆਂ ਦਿੰਦੀ ਰਹੀ। ਲੰਮੀ ਜੱਦੋ-ਜਹਿਦ ਬਾਅਦ ਇਹਨੇ ਪੰਜਾਬ 'ਚ ਆਪਣਾ ਰਾਜ ਕਾਇਮ ਕੀਤਾ ਸੀ। ਸਿੱਖ ਦੀ ਬਹਾਦਰੀ ਅਤੇ ਚਰਿੱਤਰ ਮਿਸਾਲੀ ਸਨ। ਇਹ



**ਮਨਮੋਹਨ ਬਾਵਾ**

ਸਭ ਕੁਝ ਸਾਲਾਂ 'ਚ ਨਸ਼ਟ ਹੋ ਗਿਆ, ਕਿਵੇਂ?

ਜ਼ਾਹਿਰ ਹੈ ਕਿ ਖੋਰਾ ਮਹਾਰਾਜਾ ਰਣਜੀਤ ਸਿੰਘ ਦੌਰਾਨ ਹੀ ਲੱਗ ਚੁੱਕਾ ਸੀ। ਕਿਹਾ ਜਾ ਸਕਦਾ ਹੈ ਕਿ ਇਸ ਖੋਰੇ ਦਾ ਉਦੈ-ਬਿੰਦੂ ਰਣਜੀਤ ਸਿੰਘ, ਆਪਣੇ ਅਨੇਕਾਂ ਗੁਣਾਂ ਦੇ ਬਾਵਜੂਦ, ਆਪ ਸੀ। ਤਦ ਸੁਆਦ ਪੈਦਾ ਹੁੰਦਾ ਹੈ ਕਿ ਸਿੱਖ ਰਾਜ ਦੇ ਅੰਤ ਦੇ ਕਾਰਨ ਕੀ ਉਸ ਸਮੇਂ ਦੇ ਰਾਜਨੀਤਕ ਹਾਲਾਤ ਸਨ ਜਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਆਪਣੀਆਂ ਕਮਜ਼ੋਰੀਆਂ, ਉਕਾਈਆਂ ਅਤੇ ਰਾਜਨੀਤਕ ਅਵੇਸਲਾਪਣ ਸੀ? ਜੋ ਮਹਾਰਾਜ ਰਣਜੀਤ ਸਿੰਘ ਪੰਜਾਬ 'ਚ ਸਿੱਖ ਰਾਜ ਸਥਾਪਤ ਕਰਨ 'ਚ ਕਾਮਯਾਬ ਹੋਇਆ ਤਾਂ ਇਸ ਵਿਚ ਮਹਾਰਾਜੇ ਦੀ ਆਪਣੀ ਕਿੰਨੀ ਕੁ ਭੂਮਿਕਾ ਸੀ? ਉਸ ਤੋਂ ਪਹਿਲਾਂ ਵਾਪਰਨ ਵਾਲੀਆਂ ਸਿਆਸੀ ਘਟਨਾਵਾਂ, ਗਤੀਵਿਧੀਆਂ, ਸਿੱਖ ਮਿਸਲਾਂ ਦੇ ਕਾਰਨਾਮਿਆਂ ਜਾਂ ਹੋਰ ਵਿਅਕਤੀਆਂ ਦਾ ਸਿੱਖ ਰਾਜ ਸਥਾਪਤੀ 'ਚ ਕਿੰਨਾ ਕੁ ਯੋਗਦਾਨ ਸੀ?

ਬਹੁਤ ਲੋਕ ਮਹਾਰਾਜਾ ਰਣਜੀਤ ਸਿੰਘ ਦੀਆਂ ਕਮਜ਼ੋਰੀਆਂ ਬਾਰੇ ਫਰਾਖ-ਦਿਲੀ ਨਾਲ ਸੋਚਦੇ ਹਨ। ਮੇਰੇ ਮਨ ਵਿਚ ਵੀ ਉਹਦੇ ਬਾਰੇ ਸਨਮਾਨ-ਭਾਵਨਾ ਦੀ ਘਾਟ ਨਹੀਂ ਪਰ ਇਸ ਸੁਆਲ ਦਾ ਜੁਆਬ ਤਾਂ ਲੱਭਣਾ ਹੀ ਪੈਣਾ ਹੈ ਕਿ ਉਹਦੇ ਤੁਰ ਜਾਣ ਬਾਅਦ ਜੋ ਹੋਇਆ; ਨੈਤਿਕ ਪੱਧਰ 'ਤੇ ਜੋ ਗਿਰਾਵਟ ਦਾ ਦ੍ਰਿਸ਼ ਦੇਖਣ ਨੂੰ ਮਿਲਿਆ, ਉਹਦੇ ਲਈ ਜ਼ਿੰਮੇਵਾਰ ਕੌਣ ਸੀ? ਮੇਰੀ ਇਹੀ ਸ਼ਿਕਾਇਤ ਅਤੇ ਰੋਸ ਹੈ ਕਿ ਜੋ ਕੁਝ ਉਹ ਆਪਣੇ ਜਿਊਂਦਿਆਂ ਕਰ ਸਕਦਾ ਸੀ, ਉਹ ਉਸ ਨੇ ਨਹੀਂ ਕੀਤਾ।

ਆਪਣੇ ਅੰਦਰ ਪੈਦਾ ਹੋਏ ਸ਼ੰਕੇ ਤੇ ਕਿੰਤੂਆਂ ਤੋਂ ਸੁਰਖਰੂ ਹੋਣ ਲਈ ਮੈਂ ਇਤਿਹਾਸਕਾਰਾਂ ਦੁਆਰਾ ਲਿਖੀਆਂ ਪੁਸਤਕਾਂ, ਲੇਖ, ਸਫਰਨਾਮੇ ਆਦਿ ਪੜ੍ਹਨ ਲੱਗਾ। ਮੈਨੂੰ ਸਮਝ ਪੈਣ ਲੱਗੀ ਕਿ ਰਣਜੀਤ ਸਿੰਘ ਬਾਰੇ ਲਿਖਿਆ ਜੋ ਕੁਝ ਆਮ ਪਾਠਕਾਂ ਕੋਲ ਪਹੁੰਚਿਆ ਹੈ, ਉਹ ਜ਼ਿਆਦਾਤਰ ਸਿੱਖ ਇਤਿਹਾਸਕਾਰਾਂ ਦੁਆਰਾ ਲਿਖਿਆ ਹੁੰਦਾ ਹੈ।... ਨਾਇਕ ਬਾਰੇ ਹਰ ਕੌਮ ਦੇ ਇਤਿਹਾਸਕਾਰ ਦਾ ਇਰਾਦਾ ਹੁੰਦਾ ਹੈ ਕਿ ਉਹਦੇ ਗੁਣਗਾਣ ਕੀਤੇ ਜਾਣ ਅਤੇ ਉਹਦੀਆਂ ਊਣਾਂ ਨੂੰ ਦਰੀ ਥੱਲੇ ਲੁਕਾ ਦਿੱਤਾ ਜਾਵੇ। ਉਹ ਸੋਚਦੇ ਹਨ ਕਿ ਕੌਮ ਦੀ ਸੇਵਾ ਇੰਦਾਂ ਹੀ ਕੀਤੀ ਜਾ ਸਕਦੀ ਹੈ। ਜੋ ਲੋਕ ਸਾਰੀਆਂ ਇਤਿਹਾਸਕ ਗਤੀਵਿਧੀਆਂ ਦਾ ਜਾਇਜ਼ਾ ਲੈਂਦਿਆਂ ਕਿਸੇ ਅਣਸੁਖਾਵੇਂ ਨਿਰਣੇ 'ਤੇ ਪੁੱਜਦੇ ਹਨ, ਉਨ੍ਹਾਂ ਨੂੰ ਸ਼ਲਾਘਾ ਦੀ ਬਿਜਾਇ ਇੱਟਾਂ-ਵੱਟੇ ਮਿਲਦੇ ਹਨ।

ਇਤਿਹਾਸ ਲਿਖਣ ਦੇ ਢੰਗ ਬਦਲ ਰਹੇ ਹਨ। ਇਤਿਹਾਸਕਾਰ ਕੁਝ ਚੁਣੇ ਹੋਏ ਵਾਕਿਆਤ ਨੂੰ ਹੀ ਪਾਠਕਾਂ ਸਾਹਮਣੇ ਨਹੀਂ ਰੱਖਦੇ। ਦੇਖਣ ਵਾਲੀ ਗੱਲ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ, ਤੇ ਫਿਰ ਬੰਦਾ ਬਹਾਦਰ ਤੋਂ ਲੈ ਕੇ ਰਣਜੀਤ ਸਿੰਘ ਤੱਕ ਜੋ ਕੁਝ ਵਾਪਰਿਆ, ਉਸ ਦਾ ਪੰਜਾਬੀਆਂ/ਸਿੱਖਾਂ ਦੀ ਮਾਨਸਿਕਤਾ ਅਤੇ ਸਭਿਆਚਾਰ ਉਤੇ ਕੀ ਪ੍ਰਭਾਵ ਪਿਆ ਅਤੇ ਕੀ ਕੁਝ ਰਸਤੇ 'ਚ ਗੁਆਚ ਗਿਆ। ਅੱਜ ਜੋ ਕੁਝ ਸਾਡੇ ਪਾਸ ਪਹੁੰਚਿਆ, ਉਹ ਕਿਸ ਰੂਪ ਵਿਚ ਪਹੁੰਚਿਆ ਹੈ? ਆਪਣੇ ਅਧਿਐਨ ਅਤੇ ਵਿਵੇਕ ਦੇ ਆਸਰੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਰਣਜੀਤ ਸਿੰਘ ਨੂੰ ਸਭ ਕੁਝ ਜਿਵੇਂ ਥਾਲੀ 'ਚ ਪਰੋਸਿਆ ਮਿਲ ਗਿਆ ਸੀ। ਸਿੱਖ ਰਾਜ ਦੀ ਨੀਂਹ ਰੱਖਣ ਅਤੇ ਸਥਾਪਨਾ ਵੱਲ ਕਦਮ ਵਧਾਉਣ ਦਾ ਸਿਹਰਾ ਜੇ ਕਿਸੇ ਦੇ ਸਿਰ ਬੱਝਦਾ ਹੈ ਤਾਂ ਉਹ ਬੰਦਾ ਬਹਾਦਰ ਹੈ। ਜੇ ਗੁਰੂ ਗੋਬਿੰਦ ਸਿੰਘ ਨੇ ਨਾਂਦੇੜ ਤੋਂ ਬੰਦਾ ਬਹਾਦਰ ਨੂੰ ਪੰਜਾਬ ਵਲ ਨਾ ਭੇਜਿਆ ਹੁੰਦਾ ਤਾਂ ਸਿੱਖ ਕੌਮ ਦਾ ਰੂਪ ਅੱਜ ਵਰਗਾ ਨਹੀਂ ਸੀ ਹੋਣਾ।

ਬੰਦਾ ਬਹਾਦਰ ਨੇ ਪੰਜਾਬ 'ਚ ਆ ਕੇ ਪੰਜਾਬੀਆਂ/ਸਿੱਖਾਂ ਨੂੰ ਮੁੜ ਜਥੇਬੰਦ ਕੀਤਾ ਅਤੇ ਜੋ ਮਨੋਰਥ ਲੈ ਕੇ ਉਹ ਨਾਂਦੇੜ ਤੋਂ ਤੁਰਿਆ ਸੀ, ਉਸ ਨੂੰ ਪੂਰਾ ਕੀਤਾ। 1716 ਵਿਚ ਬੰਦਾ ਬਹਾਦਰ ਦੀ ਮੌਤ ਤੋਂ ਬਾਅਦ 1801 ਤੱਕ, 85 ਸਾਲ ਤੱਕ ਸਾਰੇ ਪੰਜਾਬ ਵਿਚ ਮਿਸਲਾਂ ਦੇ ਸਰਦਾਰ, ਮੁਗਲਾਂ ਅਤੇ ਅਫਗਾਨਾਂ ਨਾਲ ਲੜਦਿਆਂ ਆਪਣੇ ਪੈਰ ਮਜ਼ਬੂਤ ਅਤੇ ਰਾਜ ਕਾਇਮ ਕਰਦੇ ਰਹੇ, ਭਾਵੇਂ ਉਹ ਆਪਸ ਵਿਚ ਵੀ ਲੜਦੇ ਰਹਿੰਦੇ ਸਨ।

ਰਣਜੀਤ ਸਿੰਘ ਆਪਣੀ ਚਤੁਰਾਈ, ਸੂਝ ਤੇ ਬਹਾਦਰੀ ਨਾਲ ਲਾਹੌਰ 'ਤੇ ਕਬਜ਼ਾ ਜਮਾ ਕੇ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਤੋਂ ਮਹਾਰਾਜਾ ਰਣਜੀਤ ਸਿੰਘ ਬਣ ਗਿਆ। ਇੱਥੇ ਕਹਿ ਸਕਦੇ ਹਾਂ ਕਿ ਰਣਜੀਤ ਸਿੰਘ ਨੇ ਵਕਤ ਅਤੇ ਇਤਿਹਾਸ ਦੀ ਆਵਾਜ਼ ਨੂੰ ਪਛਾਣਿਆ ਅਤੇ ਅੱਠ ਸੌ ਵਰ੍ਹਿਆਂ ਬਾਅਦ ਪੰਜਾਬ 'ਚ ਪੰਜਾਬੀਆਂ ਦਾ ਰਾਜ ਕਾਇਮ ਕਰਨ 'ਚ ਕਾਮਯਾਬ ਹੋ ਗਿਆ ਪਰ ਦੁੱਖ ਦੀ ਗੱਲ ਇਹ ਹੈ ਕਿ ਰਣਜੀਤ ਸਿੰਘ ਦੀ ਮੌਤ ਤੋਂ ਸਿਰਫ ਨੌਂ ਦਸ ਸਾਲ ਬਾਅਦ ਹੀ ਕੱਚੀਆਂ ਨੀਂਹਾਂ 'ਤੇ ਖੜ੍ਹੇ ਸਿੱਖ ਰਾਜ ਦਾ ਭੋਗ ਪੈ ਗਿਆ। ਜਿਸ ਯੁੱਗ ਦਾ ਆਰੰਭ ਗੁਰੂ ਗੋਬਿੰਦ ਸਿੰਘ (ਜਾਂ ਇਸ ਤੋਂ ਪਹਿਲਾਂ) ਅਤੇ ਬੰਦਾ ਬਹਾਦਰ ਤੋਂ ਸ਼ੁਰੂ ਹੋਇਆ, ਉਸ ਦਾ ਅੰਤ ਹੋ ਗਿਆ। ਇਹ ਅੰਤ ਕੇਵਲ ਰਾਜ ਦਾ ਹੀ ਨਹੀਂ, ਇਕ ਯੁੱਗ ਦਾ ਅੰਤ ਸੀ। ਉਨ੍ਹਾਂ ਕਾਰਨਾਂ ਦੇ ਪ੍ਰਣਾਮ ਉਥੋਂ ਤੱਕ ਹੀ ਸੀਮਤ ਨਹੀਂ ਰਹੇ ਬਲਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਦਿਆਂ ਵਰਤਮਾਨ ਤੱਕ ਪਹੁੰਚਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸ 'ਚ ਯੋਗਦਾਨ ਮੁਲੰਕਣ ਲਈ ਉਸ ਦੀ ਤੁਲਨਾ ਹਿੰਦੁਸਤਾਨ ਦੇ ਦੂਜੇ ਮਹਾਰਾਜਿਆਂ ਤੇ ਸੁਲਤਾਨਾਂ ਨਾਲ ਕਰਨੀ ਸਹੀ ਹੋਵੇਗੀ। ਇਤਿਹਾਸ ਨੂੰ ਪੜ੍ਹਨ ਵਾਲੇ ਜਾਣਦੇ ਹਨ ਕਿ 12ਵੀਂ ਸਦੀ ਦੇ ਕੁਤਬ-ਦੀਨ-ਐਬਕ ਤੋਂ ਲੈ ਕੇ 18ਵੀਂ-19ਵੀਂ ਸਦੀ ਤੱਕ ਮੁਸਲਮਾਨਾਂ ਦੇ ਕਈ ਖਾਨਦਾਨ ਦੀ ਹਕੂਮਤ ਰਹੀ-ਗੁਲਾਮ ਖਾਨਦਾਨ, ਖਿਲਜੀ, ਤੁਗਲਕ, ਲੋਧੀ ਤੇ ਅੰਤ 'ਚ ਮੁਗਲ। ਹਰ ਖਾਨਦਾਨ ਨੇ ਅਨੇਕ ਵਿਰੋਧਤਾਈਆਂ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਘੱਟ ਤੋਂ ਘੱਟ ਤਿੰਨ ਜਾਂ ਉਸ ਤੋਂ ਵੱਧ ਪੀੜ੍ਹੀਆਂ ਤੱਕ ਰਾਜ ਕੀਤਾ ਪਰ ਰਣਜੀਤ ਸਿੰਘ ਦਾ ਰਾਜ ਉਹਦੇ ਨਾਲ ਹੀ ਖਤਮ ਹੋ ਗਿਆ।

ਉਸੇ ਇਤਿਹਾਸਕ ਕਾਲ 'ਚ ਮਹਾਂਰਾਸ਼ਟਰ ਦੇ ਸ਼ਿਵਾਜੀ ਅਤੇ ਮਰਾਠਿਆਂ ਦੀ ਜੱਦੋ-ਜਹਿਦ ਅਤੇ ਸ਼ਾਸਨ ਦਾ ਆਰੰਭ ਹੋਇਆ। ਉਨ੍ਹਾਂ ਦੀਆਂ ਦੁਸ਼ਵਾਰੀਆਂ ਵੀ ਕੋਈ ਘੱਟ ਨਹੀਂ ਸਨ। ਸ਼ਿਵਾਜੀ ਮਰਾਠਾ ਨਾ ਸਿਰਫ ਔਰੰਗਜ਼ੇਬ ਦੀ ਅਪਾਰ ਫੌਜੀ ਤਾਕਤ ਦਾ ਮੁਕਾਬਲਾ ਕਰਦਿਆਂ ਕਾਮਯਾਬ ਹੋਇਆ ਬਲਕਿ ਉਸ ਦੀ ਮਰਾਠਾ 'ਕੌਮ' ਆਪਣੀ ਹਕੂਮਤ ਦੇ ਵਿਸਤਾਰ ਦੇ ਨਾਲ-ਨਾਲ ਸੌ ਤੋਂ ਵੱਧ ਸਾਲ ਤੱਕ ਰਾਜ ਕਰਦੀ ਰਹੀ। ਵਿਚਲੀ ਗੱਲ ਇਹ ਹੈ ਕਿ ਕਿਸੇ ਕੌਮ ਦੁਆਰਾ ਅਪਣਾਈਆਂ ਕਦਰਾਂ-ਕੀਮਤਾਂ ਉਨ੍ਹਾਂ ਦੇ ਭਾਵਾਤਮਕ ਨਿਯਮ ਹੁੰਦੇ ਹਨ ਜਿਨ੍ਹਾਂ ਰਾਹੀਂ ਕੌਮ/ਸਮਾਜ, ਖਾਸ ਕਰ ਕੇ ਸ਼ਾਸਕ ਵਰਗ ਆਪਣੇ ਆਪ ਨੂੰ ਕੰਟਰੋਲ ਵਿਚ ਰੱਖਦਾ ਤੇ ਨਿਯਮਬੱਧ ਕਰਦਾ ਹੈ। ਬੇਸ਼ੱਕ ਮਹਾਰਾਜਾ ਰਣਜੀਤ ਸਿੰਘ ਨਿਪੁੰਨ ਯੋਧਾ, ਸੈਨਾਪਤੀ ਸੀ ਅਤੇ ਆਪਣੀ ਕਾਬਲੀਅਤ ਨਾਲ ਖਾਲਸਾ/ਪੰਜਾਬੀ ਰਾਜ ਦੀਆਂ ਸਰਹੱਦਾਂ ਖੈਬਰ ਤੱਕ ਲੈ ਗਿਆ ਪਰ ਸਵਾਲ ਹੈ ਕਿ ਇਹ ਹਕੂਮਤ ਕਿਨ੍ਹਾਂ ਕਦਰਾਂ-ਕੀਮਤਾਂ 'ਤੇ ਖੜ੍ਹੀ ਸੀ।



***ਬਹੁਤ ਲੋਕ ਮਹਾਰਾਜਾ ਰਣਜੀਤ ਸਿੰਘ ਦੀਆਂ ਕਮਜ਼ੋਰੀਆਂ ਬਾਰੇ ਫਰਾਖ-ਦਿਲੀ ਨਾਲ ਸੋਚਦੇ ਹਨ। ਮੇਰੇ ਮਨ ਵਿਚ ਵੀ ਉਹਦੇ ਬਾਰੇ ਸਨਮਾਨ-ਭਾਵਨਾ ਦੀ ਘਾਟ ਨਹੀਂ ਪਰ ਇਸ ਸੁਆਲ ਦਾ ਜੁਆਬ ਤਾਂ ਲੱਭਣਾ ਹੀ ਪੈਣਾ ਹੈ ਕਿ ਉਹਦੇ ਤੁਰ ਜਾਣ ਬਾਅਦ ਜੋ ਹੋਇਆ; ਨੈਤਿਕ ਪੱਧਰ 'ਤੇ ਜੋ ਗਿਰਾਵਟ ਦਾ ਦ੍ਰਿਸ਼ ਦੇਖਣ ਨੂੰ ਮਿਲਿਆ, ਉਹਦੇ ਲਈ ਜ਼ਿੰਮੇਵਾਰ ਕੌਣ ਸੀ? ਮੇਰੀ ਇਹੀ ਸ਼ਿਕਾਇਤ ਅਤੇ ਰੋਸ ਹੈ ਕਿ ਜੋ ਕੁਝ ਉਹ ਆਪਣੇ ਜਿਊਂਦਿਆਂ ਕਰ ਸਕਦਾ ਸੀ, ਉਹ ਉਸ ਨੇ ਨਹੀਂ ਕੀਤਾ।***

ਇੱਕ ਪੱਧਰ 'ਤੇ ਮਹਾਰਾਜਾ ਰਣਜੀਤ ਸਿੰਘ ਅਤੇ ਮੁਸਲਮਾਨ ਜਾਂ ਦੂਜੇ ਰਾਜਿਆਂ, ਹਾਕਮਾਂ 'ਚ ਕੋਈ ਫਰਕ ਨਹੀਂ ਸੀ। ਲਾਹੌਰ ਦੇ ਤਖਤ 'ਤੇ ਇੱਕ ਸ਼ਾਸਕ ਗਿਆ ਅਤੇ ਦੂਸਰਾ ਆ ਗਿਆ। ਫਿਰ ਵੀ ਕਈ ਹੋਰ ਪੱਧਰਾਂ 'ਤੇ ਬਹੁਤ ਫਰਕ ਸੀ। ਰਣਜੀਤ ਸਿੰਘ ਦਾ ਸਭ ਤੋਂ ਵੱਡਾ ਔਗੁਣ ਇਹ ਕਿ ਉਸ ਨੇ ਸਿੱਖ ਰਾਜ ਨੂੰ ਕਿਸੇ ਨਜ਼ਾਮ, ਨਿਯਮ-ਵਿਧਾਨ, ਪ੍ਰਸ਼ਾਸਨ ਵਿਵਸਥਾ ਤੋਂ ਵਾਂਝਾ ਰੱਖਿਆ। ਹਕੂਮਤ ਕਰਨ ਦਾ ਸਾਰਾ ਢਾਂਚਾ ਯੋਜਨਾ ਰਹਿਤ ਸੀ। ਦਿਸ਼ਾਹੀਣਤਾ ਵੀ ਸੀ। ਖੁਦਗਰਜ਼ੀ ਦਾ ਬੋਲ-ਬਾਲਾ ਸੀ; ਅਜਿਹੀ ਖੁਦਗਰਜ਼ੀ ਜੋ ਅੱਜ ਵੀ ਹੈ। ਨੀਂਹ ਕੱਚੀ ਸੀ, ਇਹਦੇ 'ਤੇ ਉਸਰਨ ਵਾਲੇ ਥੰਮ੍ਹ ਵੀ ਕੱਚੇ ਸਨ। ਮੁਸਲਮਾਨ ਸੁਲਤਾਨਾਂ ਅਤੇ ਹਿੰਦੂ ਰਾਜੇ ਮਹਾਰਾਜਿਆਂ ਨੇ ਆਪਣੀ ਸੰਤਾਨ ਨੂੰ ਹਕੂਮਤ ਕਰਨ ਦੇ ਯੋਗ ਬਣਾਉਣ ਲਈ ਉਨ੍ਹਾਂ ਦੀ ਸਿੱਖਿਆ ਵੱਲ ਧਿਆਨ ਨਾ ਦਿੱਤਾ ਅਤੇ ਨਾ ਹੀ ਆਪਣੇ ਵਿਅਕਤੀਗਤ ਆਚਰਨ ਦੀ ਕੋਈ ਆਹਲਾ ਮਿਸਾਲ ਉਨ੍ਹਾਂ ਸਾਹਮਣੇ ਰੱਖੀ। ਉਸ ਨੇ ਅੱਠ ਵਿਧੀਵਤ ਵਿਆਹ ਕਰਵਾਏ। ਇਸ ਤੋਂ ਇਲਾਵਾ ਅਨੇਕਾਂ ਰਖੇਲਾਂ ਅਤੇ ਨੱਚਣ ਵਾਲੀਆਂ ਸਨ। ਉਸ ਸਮੇਂ ਦੇ ਨਿਰਪੱਖ ਯਾਤਰੀਆਂ ਅਨੁਸਾਰ ਰਣਜੀਤ ਸਿੰਘ ਦੇ ਦਿਨ ਦਾ ਬਹੁਤ ਸਾਰਾ ਸਮਾਂ ਘੋੜ ਸਵਾਰੀ (ਜਦ ਤੱਕ ਮੋਰਾਂ ਉਸ ਕੋਲ ਰਹੀ, ਉਸ ਨੂੰ ਆਪਣੇ ਪਿੱਛੇ ਬਿਠਾ ਕੇ) ਨਾਚ-ਗਾਣੇ ਅਤੇ ਸ਼ਰਾਬਨੋਸ਼ੀ ਵਿਚ ਬੀਤਦਾ ਸੀ। ਖੁਸ਼ਾਮਦੀ ਵਜ਼ੀਰ, ਅਹੁਦੇਦਾਰ ਉਸ ਨੂੰ ਉਪਹਾਰ ਵਿਚ ਖੂਬਸੂਰਤ ਔਰਤਾਂ ਪੇਸ਼ ਕਰਦੇ ਜਿਨ੍ਹਾਂ 'ਚੋਂ ਉਹ ਕੁਝ ਕੁ ਆਪਣੇ ਪੁੱਤਰ ਸ਼ੇਰ ਸਿੰਘ ਨੂੰ ਬਟਾਲੇ ਭੇਜ ਦਿੰਦਾ।

ਇੱਕ ਪੁੱਤਰ ਸ਼ੇਰ ਸਿੰਘ ਸ਼ਰਾਬੀ, ਦੂਜਾ ਖੜਕ ਸਿੰਘ ਅਫੀਮੀ, ਤੀਜਾ ਨੌਨਿਹਾਲ ਸਿੰਘ ਭ੍ਰਿਸ਼ਟ ਵਜ਼ੀਰਾਂ ਦੇ ਹੱਥ ਵਿਚ ਕਠਪੁਤਲੀ! ਇਹ ਰਣਜੀਤ ਸਿੰਘ ਦੀ ਖੁਸ਼ਕਿਸਮਤੀ ਸੀ ਕਿ ਉਸ ਨੂੰ ਆਰੰਭ ਕਾਲ ਵਿਚ ਹੀ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਸ਼ਾਮ ਸਿੰਘ ਅਟਾਰੀਵਾਲਾ ਵਰਗੇ ਸੈਨਾਪਤੀ ਅਤੇ ਹਕੀਮ ਅਜ਼ੀਜ਼-ਉਦ-ਦੀਨ ਵਰਗੇ ਵਜ਼ੀਰ ਮਿਲੇ ਪਰ ਬਾਅਦ ਵਿਚ ਉਸ ਨੇ ਜਿਨ੍ਹਾਂ ਨੂੰ ਵੀ ਹਕੂਮਤ ਦੇ ਮਹੱਤਵਪੂਰਨ ਅਹੁਦਿਆਂ ਲਈ ਚੁਣਿਆ, ਉਹ ਕਿੰਨੇ ਘਟੀਆ ਅਤੇ ਸਿੱਖ ਰਾਜ ਲਈ ਕਿੰਨੇ ਗੱਦਾਰ/ਘਾਤਕ ਸਾਬਤ ਹੋਏ, ਉਨ੍ਹਾਂ ਦੇ ਕਾਲੇ ਕਾਰਨਾਮਿਆਂ ਨਾਲ ਉਸ ਸਮੇਂ ਦੇ ਪੰਜਾਬ ਦਾ ਇਤਿਹਾਸ ਭਰਿਆ ਪਿਆ ਹੈ।

ਅੰਗਰੇਜ਼ਾਂ ਨੂੰ ਸਿੱਖ ਰਾਜ ਦੇ ਖਾਤਮੇ ਦਾ ਜ਼ਿੰਮੇਵਾਰ ਠਹਿਰਾਉਣਾ ਗਲਤ ਹੈ। ਹਰ ਹਕੂਮਤ ਦਾ ਮੁੱਢ ਕਦੀਮ ਤੋਂ ਇਹ ਅਸੂਲ ਰਿਹਾ ਹੈ ਕਿ ਉਹ ਆਪਣੇ ਗੁਆਂਢੀ ਹੁਕਮਰਾਨ ਦੀਆਂ ਕਮਜ਼ੋਰੀਆਂ ਨੂੰ ਦੇਖਦਾ-ਸਮਝਦਾ ਰਹੇ ਅਤੇ ਅਵਸਰ ਆਉਣ 'ਤੇ ਉਸ ਨੂੰ ਹੜੱਪ ਕਰ ਜਾਵੇ। ਰਣਜੀਤ ਸਿੰਘ ਨੇ ਵੀ ਇਹੀ ਕੁਝ ਕੀਤਾ ਸੀ। ਉਨ੍ਹਾਂ ਮਿਸਲਾਂ ਦੇ ਸਰਦਾਰਾਂ ਜਿਨ੍ਹਾਂ ਨਾਲ ਉਸ ਨੇ ਦੋਸਤਾਨਾ ਸਮਝੌਤੇ ਕੀਤੇ, ਨਾਲ ਧੋਖਾ ਕਰਦਿਆਂ ਉਨ੍ਹਾਂ ਦੇ ਕਿਲ੍ਹੇ ਢਾਹ ਕੇ ਮਿੱਟੀ ਵਿਚ ਮਿਲਾ ਦਿੱਤੇ। ਕਰੋੜਸਿੰਘੀਆ ਮਿਸਲ ਦਾ ਸਰਦਾਰ ਬਘੇਲ ਸਿੰਘ ਜਿਸ ਨੇ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਮਿਲ ਕੇ ਦਿੱਲੀ ਨੂੰ ਫਤਿਹ ਕੀਤਾ ਸੀ, ਦੀ ਵਿਧਵਾ ਦੇ ਘਰ ਆਪਣੇ ਸਿਪਾਹੀ ਭੇਜ ਕੇ ਉਸ ਦੇ ਘੋੜੇ, ਬਲਦ, ਇੱਥੋਂ ਤੱਕ ਕਿ ਉਸ ਦੇ ਘਰ ਦੇ ਭਾਂਡੇ ਤੱਕ ਚੁਕਵਾ ਗੱਡਿਆਂ 'ਤੇ ਲੱਦਵਾ ਕੇ ਲੈ ਆਇਆ।

ਖਾਲਸਾ ਰਾਜ ਦੇ ਖਾਤਮੇ ਲਈ ਅੰਗਰੇਜ਼ਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਇਸ ਲਈ ਵੀ ਗਲਤ ਹੈ ਕਿਉਂਕਿ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਨਾਲਾਇਕ ਪੁੱਤਰਾਂ ਅਤੇ ਮਹੱਤਵ-ਅਕਾਂਖੀ ਵਜ਼ੀਰਾਂ ਪਤਵੰਤਿਆਂ ਨੇ ਆਪਣੇ ਆਪ ਵਿਚ ਲੜ ਕੇ ਇੱਕ ਦੂਜੇ ਨੂੰ ਮਾਰ ਮੁਕਾਇਆ। ਜਦ ਰਣਜੀਤ ਸਿੰਘ ਦੇ ਸਾਰੇ ਜਾਨਸ਼ੀਨ ਮਰ ਮੁੱਕ ਗਏ ਤਾਂ ਰਹਿ ਗਈ ਰਾਣੀ ਜ਼ਿੰਦਾਂ। ਫਿਰ ਜੋ ਉਸ ਨੇ ਕੀਤਾ, ਉਸ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ:

ਅਰਜ਼ੀ ਲਿਖੀ ਫਰੰਗੀ ਨੂੰ ਕੁੰਜ-ਗੋਸ਼ੇ,
ਪਹਿਲਾਂ ਆਪਣਾ ਸੁੱਖ ਆਨੰਦ ਵਾਰੀ।
ਤੇਰੇ ਵੱਲ ਮੈਂ ਫੌਜ ਨੂੰ ਭੇਜਦੀ ਹਾਂ, ਖੱਟੇ
ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।

ਉਦੋਂ ਕਿਸੇ ਨੂੰ ਵੀ ਖਰੀਦਿਆ ਜਾ ਸਕਦਾ ਸੀ। ਕੌਮ ਦੇ ਸਾਰੇ ਸਰਗਣੇ ਵਿਕਾਊ ਸਨ। ਹਰ ਸ਼ਹਿਜ਼ਾਦੇ, ਹਰ ਵਜ਼ੀਰ, ਹਰ ਰਾਣੀ ਨੇ ਫਰੰਗੀਆਂ ਨਾਲ ਮਿਲ ਕੇ ਆਪਣੇ ਨਿੱਜੀ ਸੁਆਰਥ ਖਾਤਰ ਖਾਲਸਾ ਫੌਜ ਨੂੰ ਕਮਜ਼ੋਰ ਕਰਨ ਅਤੇ ਅੰਗਰੇਜ਼-ਸਿੱਖਾਂ ਦੀਆਂ ਲੜਾਈਆਂ ਵਿਚ ਸਿੱਖਾਂ ਦੇ ਹਾਰ ਜਾਣ ਵਿਚ ਭੂਮਿਕਾ ਨਿਭਾਈ। ਇਸ ਦੇ ਨਾਲ ਹੀ ਐਸੀ ਆਪਾ-ਧਾਪੀ ਚੱਲੀ ਜਿਸ ਦੀ ਹਿੰਦੁਸਤਾਨ ਦੇ ਇਤਿਹਾਸ ਵਿਚ ਕੋਈ ਬਰਾਬਰੀ ਨਹੀਂ।

ਸਿੱਖ ਇਤਿਹਾਸਕਾਰ ਜਦ ਰਣਜੀਤ ਸਿੰਘ ਦੇ ਸਿੱਖ ਰਾਜ ਅਤੇ ਉਸ ਦੀ ਸ਼ਖ਼ਸੀਅਤ ਦੀਆਂ ਸਿਫਤਾਂ ਦੇ ਪੁਲ ਬੰਨ੍ਹਦੇ ਹਨ ਤਾਂ ਇਕ ਤਰ੍ਹਾਂ ਨਾਲ ਉਹ ਆਪਣੀ ਹੀ ਹਉਮੈ ਦੀ ਪੂਰਤੀ ਕਰ ਰਹੇ ਹੁੰਦੇ ਹਨ। ਕੁਝ ਗੁਣਾਂ ਦੇ ਬਾਵਜੂਦ ਰਣਜੀਤ ਸਿੰਘ 'ਚ ਜਿਸ ਤਰ੍ਹਾਂ ਦੀ ਸਟੇਟਸਮੈਨਸ਼ਿਪ, ਸਿਆਸਤਦਾਨੀ ਅਤੇ ਹੌਸਲੇ ਦੀ ਲੋੜ ਸੀ, ਉਹਦੀ ਪ੍ਰਤੱਖ ਘਾਟ ਸੀ। ਕਈ ਇਤਿਹਾਸਕਾਰ ਮੰਨਦੇ ਹਨ ਕਿ ਜੇ ਰਣਜੀਤ ਸਿੰਘ ਅੰਗਰੇਜ਼ਾਂ ਨਾਲ ਸਖਤੀ ਦੀ ਨੀਤੀ ਅਪਣਾਉਂਦਾ ਤਾਂ ਵੱਧ ਕਾਮਯਾਬ ਹੁੰਦਾ। ਇਹ ਗੱਲ ਵੀ ਧਿਆਨ ਮੰਗਦੀ ਹੈ ਕਿ ਮਰਾਠਾ ਪੇਸ਼ਵਾ ਜੋ ਉਸ ਸਮੇਂ ਬਹੁਤ ਤਾਕਤਵਰ ਸੀ, ਨੇ ਰਣਜੀਤ ਸਿੰਘ ਨੂੰ ਸੰਦੇਸ਼ ਭੇਜੇ ਕਿ ਮਿਲ ਕੇ ਫਰੰਗੀਆਂ ਨੂੰ ਹਿੰਦੁਸਤਾਨ ਦੀ ਧਰਤੀ ਤੋਂ ਭਜਾਉਣ ਦੇ ਯਤਨ ਕੀਤੇ ਜਾ ਸਕਦੇ ਹਨ ਪਰ ਰਣਜੀਤ ਸਿੰਘ ਨੇ ਪੇਸ਼ਵਾ ਦੇ ਏਲਚੀ ਨੂੰ ਛੇ ਮਹੀਨੇ ਲਾਹੌਰ ਬਿਠਾਈ ਰੱਖਿਆ ਅਤੇ ਫਰੰਗੀਆਂ ਦੀ ਨਾਰਾਜ਼ਗੀ ਤੋਂ ਡਰਦਿਆਂ ਉਸ ਨਾਲ ਮੁਲਾਕਾਤ ਵੀ ਨਾ ਕੀਤੀ। ਭਰਤਪੁਰ ਦੇ ਰਾਜੇ ਦੇ ਵੀ ਸੰਦੇਸ਼ ਆਏ। ਸਤਲੁਜ ਪਾਰ ਦੇ ਸਿੱਖ ਰਾਜਿਆਂ ਨੇ ਵੀ ਇਸ ਤਰ੍ਹਾਂ ਦੇ ਲੁਕਵੇਂ ਸੰਦੇਸ਼ ਭੇਜੇ ਸਨ। ਇਸ ਸਭ ਕੁਝ ਤੋਂ ਲੱਗਦਾ ਹੈ ਕਿ ਰਣਜੀਤ ਸਿੰਘ ਚਾਹੁੰਦਾ ਸੀ ਕਿ ਉਸ ਦੇ ਜਿਊਂਦੇ ਜੀਅ ਉਸ ਦੀ ਪਾਦਸ਼ਾਹੀ ਬਣੀ ਰਹੇ। ਉਹ ਕੋਈ 'ਰਿਸਕ' ਲੈਣਾ ਨਹੀਂ ਸੀ ਚਾਹੁੰਦਾ, ਬਾਅਦ ਵਿਚ ਚਾਹੇ ਸਭ ਕੁਝ ਢੱਠੇ ਖੂਹ ਵਿਚ ਜਾਵੇ।

ਜਿਨ੍ਹਾਂ ਨਿਖੇਧਾਤਮਿਕ ਪਰੰਪਰਾਵਾਂ, ਰਸਮਾਂ-ਰਿਵਾਜਾਂ ਨੂੰ ਗੁਰੂ ਸਾਹਿਬਾਨ ਨੇ ਨਕਾਰਿਆ, ਬੰਦਾ ਬਹਾਦਰ ਨੇ ਜੋ ਸਕਾਰਾਤਮਕ ਕੰਮ ਛੋਟੇ ਕਿਸਾਨਾਂ, ਹਲ ਵਾਹਕਾਂ ਲਈ ਕੀਤੇ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਉਸ ਨੂੰ ਵੀ ਤਿਲਾਂਜਲੀ ਦੇ ਦਿੱਤੀ ਗਈ। ਚਾਪਲੂਸ, ਕੁਪਾਤਰਾਂ (ਕਿਤੇ ਕਿਤੇ ਸੁਪਾਤਰਾਂ ਨੂੰ ਵੀ) ਨੂੰ ਵੱਡੀਆਂ ਜਾਗੀਰਾਂ ਮਿਲਣੀਆਂ ਸ਼ੁਰੂ ਹੋ ਗਈਆਂ। ਬੇਸ਼ੱਕ ਧਰਮ ਨਿਰਪੱਖ ਨੀਤੀ ਵੀ ਅਪਣਾਈ ਗਈ। ਸਿੱਖ, ਮੁਸਲਮਾਨ ਵਿਚ ਕੋਈ ਫਰਕ ਨਹੀਂ ਰੱਖਿਆ ਪਰ ਜਿਸ ਤਰ੍ਹਾਂ ਪਦਾਰਥਵਾਦ, ਭ੍ਰਿਸ਼ਟਾਚਾਰ, ਦੇਹਵਾਦ, ਖੁਸ਼ਾਮਦਪ੍ਰਸਤੀ, ਭਰੂਣ ਹੱਤਿਆ, ਐਸ਼-ਓ-ਇਸ਼ਰਤ ਦਾ ਬੋਲ-ਬਾਲਾ ਰਿਹਾ, ਉਸ ਲਈ ਜ਼ਿੰਮੇਵਾਰ ਕਿਸ ਨੂੰ ਠਹਿਰਾਇਆ ਜਾ ਸਕਦਾ ਹੈ? ਇਹ ਸਭ ਕੁਝ ਰਾਜ ਦੇ ਸ਼ੁਰੂ ਤੋਂ ਦਿਸਣ ਲੱਗ ਪਿਆ ਸੀ। ਪੁਰੀ, ਜਵਾਲਾਮੁਖੀ ਦੇ ਮੰਦਰਾਂ ਦੇ ਕਲਸਾਂ ਲਈ ਸੋਨਾ ਦਾਨ ਕਰਨਾ, ਬਨਾਰਸ ਦੇ ਬ੍ਰਾਹਮਣਾਂ/ਪੰਡਤਾਂ ਨੂੰ ਦਾਣ-ਦੱਖਣਾ ਆਦਿ ਦਸਾਂ ਗੁਰੂਆਂ ਦੇ ਸੰਦੇਸ਼, ਆਦਰਸ਼ਾਂ ਤੋਂ ਟੁੱਟ ਜਾਣ ਦੀਆਂ ਨਿਸ਼ਾਨੀਆਂ ਸਨ। ਅੱਜ ਅਸੀਂ ਅਮਰੀਕਾ ਨੂੰ ਜਿਸ ਬਾਜ਼ਾਰਵਾਦ ਦਾ ਦੋਸ਼ੀ ਮੰਨਦੇ ਹਾਂ, ਇਹ ਉਪਨਿਵੇਸ਼ਵਾਦ/ਪਦਾਰਥਵਾਦ ਤਾਂ ਸਾਡੀ ਕੌਮ ਦੀ ਨਸ-ਨਸ ਵਿਚ, ਦਿਲਾਂ ਵਿਚ ਵੱਸਿਆ ਹੋਇਆ ਹੈ।

ਫਰੰਗੀਆਂ ਦੀ ਪੰਜਾਬ ਵਿਚ ਹਕੂਮਤ ਕਾਇਮ ਹੋਣ ਬਾਅਦ ਵੀ ਕੁਝ ਪੁਰਾਣੇ ਕੌਮੀ ਲੱਛਣ ਬਾਕੀ ਬਚੇ ਜ਼ਰੂਰ ਰਹਿ ਗਏ ਪਰ ਇਨ੍ਹਾਂ ਲੱਛਣਾਂ ਦੇ ਧਾਰਨੀ ਆਮ ਆਦਮੀ ਸਨ। ਨਾਮਧਾਰੀਆਂ ਦੀਆਂ ਕੁਰਬਾਨੀਆਂ, ਬੱਬਰ ਅਕਾਲੀ ਤੇ ਗਦਰੀਆਂ ਦੁਆਰਾ ਚਲਾਈ ਲਹਿਰ ਉਨ੍ਹਾਂ ਹੀ ਸਕਾਰਾਤਮਕ ਕਦਰਾਂ ਕੀਮਤਾਂ ਦਾ ਪ੍ਰਣਾਮ ਸਨ। ਇਹਦੇ ਨਾਲ ਇਹ ਵੀ ਦੇਖਦੇ ਹਾਂ ਕਿ ਅਮੀਰਜ਼ਾਦੇ, ਜਾਗੀਰਦਾਰ, ਅਹੁਦੇਦਾਰ ਵੀ ਹਨ ਜਿਨ੍ਹਾਂ (ਚੀਫ ਖਾਲਸਾ ਦੀਵਾਨ ਦੇ ਪਤਵੰਤੇ) ਨੇ ਸਰਕਾਰ ਸਾਹਿਬ ਦੀਆਂ ਪਦਵੀਆਂ ਅੰਗਰੇਜ਼ਾਂ ਕੋਲੋਂ ਹਾਸਲ ਕੀਤੀਆਂ ਅਤੇ ਜਲ੍ਹਿਆਂਵਾਲਾ ਬਾਗ ਦੇ ਕਸਾਈ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਵੀ ਸਿੱਖ ਸਿਪਾਹੀ ਦੀ ਬਹਾਦਰੀ, ਵਫਾਦਰੀ ਵਿਚ ਕੋਈ ਕਮੀ ਨਹੀਂ ਦਿਸਦੀ। ਮੁਦਕੀ ਦੀ ਪਹਿਲੀ ਲੜਾਈ ਤੋਂ ਲੈ ਕੇ ਚੇਲਿਆਂ ਵਾਲਾ ਅਤੇ ਗੁਜਰਾਤ ਦੀਆਂ ਲੜਾਈਆਂ ਤੱਕ ਆਮ ਸਿਪਾਹੀ ਨੇ ਆਪਣੇ ਜੌਹਰ ਦਿਖਾਏ। ਪਠਾਨ ਤੋਪਚੀਆਂ ਬਾਰੇ ਵੀ ਕਿੰਤੂ ਅਸੰਭਵ ਹੈ। ਮੁਲਤਾਨ ਦੇ ਹਿੰਦੂ/ਖੱਤਰੀ ਸੂਬੇਦਾਰ ਮੂਲ ਰਾਜ ਦੀ ਖੁਦਦਾਰੀ ਅਤੇ ਬਹਾਦਰੀ ਦੀ ਦਾਦ ਦੇਣੀ ਬਣਦੀ ਹੈ। ਨਾਲ ਚੇਤ ਸਿੰਘ ਅਤੇ ਉਸ ਦੇ ਪੁੱਤਰ ਸ਼ੇਰ ਸਿੰਘ ਦੀ ਵੀ। ਚੇਲਿਆਂ ਵਾਲਾ ਦੀ ਲੜਾਈ ਬਾਰੇ ਫਰੰਗੀ ਅਫਸਰ ਬੈਕਵੈਲ ਲਿਖਦਾ ਹੈ: "ਉਹ ਦੈਂਤਾਂ ਵਾਂਗ ਲੜੇ, ਬਹੁਤ ਬਹਾਦਰ ਅਤੇ ਅੱਖੜ ਜੋ ਮੌਤ ਤੋਂ ਵੀ ਨਹੀਂ ਸਨ ਡਰਦੇ। ਬੱਬਰ ਸ਼ੇਰਾਂ ਵਾਂਗ ਗਰਜਣ ਵਾਲੇ ਐਸੇ ਗੱਭਰੂ ਮੈਂ ਅੱਜ ਤੱਕ ਨਹੀਂ ਦੇਖੇ। ਉਹ ਬੋਨਟਾਂ ਦੀਆਂ ਨੋਕਾਂ ਉਪਰ ਨੱਚਦੇ...।"

ਗੁਰਬਾਣੀ ਵਿਆਖਿਆ

# ਏਕਾ ਮਾਈ ਜੁਗਤਿ ਵਿਆਈ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਪਿਛਲੀ ਪਉੜੀ ਵਿਚ ਗੁਰੂ ਸਾਹਿਬ ਨੇ ਇਕ ਬਹੁਤ ਹੀ ਦਾਰਸ਼ਨਿਕ ਮਹੱਤਵ ਵਾਲੀ ਗੱਲ ਕਹੀ ਸੀ, ਜੋ ਬਹੁਤੇ ਵਿਦਵਾਨ ਅਣਗੌਲਿਆ ਕਰ ਕੇ ਅੱਗੇ ਲੰਘ ਜਾਂਦੇ ਹਨ। ਇਹ ਸੀ ਉਨ੍ਹਾਂ ਦੀ ਤੁਕ, 'ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥' ਬਹੁਤੇ ਟੀਕਾਕਾਰ ਇਸ ਬਾਰੇ ਬਸ ਇੰਨਾ ਹੀ ਕਹਿੰਦੇ ਹਨ ਕਿ ਜੀਵਨ ਵਿਚ ਸੰਜੋਗ ਤੇ ਵਿਜੋਗ ਭਾਵ ਸੁਖ ਤੇ ਦੁਖ-ਦੋਵੇਂ ਆਉਂਦੇ ਹਨ ਤੇ ਜਿੰਨੇ ਜਿੰਨੇ ਕਿਸੇ ਦੀ ਕਿਸਮਤ ਵਿਚ ਲਿਖੇ ਹੁੰਦੇ ਹਨ, ਉਸ ਨੂੰ ਉਨੇ ਹੀ ਭੋਗਣੇ ਪੈਂਦੇ ਹਨ। ਇਹ ਇਸ ਤੁਕ ਦੇ ਬਹੁਤ ਹੀ ਚਲਾਵੇਂ ਅਰਥ ਹਨ, ਜੋ ਗੁਰੂ ਸਾਹਿਬ ਨੇ ਇਸ ਤਰ੍ਹਾਂ ਸੋਚ ਕੇ ਪਾਏ ਨਹੀਂ ਲਗਦੇ। ਕਾਰਨ ਇਹ ਕਿ ਸਦੀਆਂ ਤੋਂ ਚਲੀ ਆ ਰਹੀ ਅਧਿਆਤਮਵਾਦੀ ਸੋਚ ਨੇ ਇਸ ਤਰ੍ਹਾਂ ਦੇ ਲਿਖੇ-ਭੋਗਣ ਵਾਲੇ (Fatalist) ਵਿਚਾਰ ਤਾਂ ਲੋਕਾਂ ਦੇ ਮਨਾਂ ਵਿਚ ਪਹਿਲਾਂ ਹੀ ਕੁੱਟ ਕੁੱਟ ਕੇ ਭਰੇ ਹੋਏ ਸਨ। ਫਿਰ ਗੁਰੂ ਸਾਹਿਬ ਨੂੰ ਇਨ੍ਹਾਂ ਨੂੰ ਸੰਖੇਪ ਜਿਹੇ ਜਪੁਜੀ ਵਿਚ ਦੁਹਰਾਉਣ ਦੀ ਕੀ ਲੋੜ ਸੀ? ਸਿੱਖ ਵਿਦਵਾਨ ਸਮਝਦੇ ਹਨ ਕਿ ਉਨ੍ਹਾਂ ਨੇ ਲੋਕਾਂ ਦੇ ਮਨ ਦੀ ਗੱਲ ਦਾ ਸਮਰਥਨ ਕਰ ਕੇ ਬੜੀ ਹਰਮਨ-ਪਿਆਰੀ ਸਿੱਖਿਆ ਦਿੱਤੀ ਹੈ; ਪਰ ਉਹ ਕੀ ਜਵਾਬ ਦਿੰਦੇ, ਜੇ ਕੋਈ ਪੁੱਛ ਲੈਂਦਾ ਕਿ ਉਨ੍ਹਾਂ ਕੋਲ ਕੀ ਸਬੂਤ ਹੈ, ਦੁਖ-ਸੁਖ ਕਿਸਮਤ ਵਿਚ ਲਿਖੇ ਹੋਣ ਦਾ? ਇਸ ਹਿਸਾਬ ਤਾਂ ਉਨ੍ਹਾਂ ਨੂੰ ਉਸ ਪ੍ਰਸ਼ਨਕਰਤਾ ਨੂੰ ਪ੍ਰੋੜ੍ਹਤਾ ਲਈ ਕਿਸੇ ਜੋਤਸ਼ੀ ਕੋਲ ਭੇਜਣਾ ਪੈਣਾ ਸੀ? ਗੁਰੂ ਸਾਹਿਬ ਦੀ ਹਰ ਗੱਲ 'ਚ ਤਰਕ ਤੇ ਪ੍ਰਮਾਣ ਹੁੰਦਾ ਸੀ, ਜੋ ਵਿਦਵਾਨਾਂ ਦੀ ਇਸ ਵਿਆਖਿਆ ਵਿਚ ਗਾਇਬ ਹੈ।

ਦਰਅਸਲ ਸੱਚ ਦਾ ਕੋਈ ਕਾਲ ਨਹੀਂ ਤੇ ਨਾ ਕੋਈ ਸੀਮਾ ਹੁੰਦੀ ਹੈ। ਕਿਸੇ ਦੇ ਪਿੱਛੇ ਪਿੱਛੇ ਸੋਚਦੇ ਆਓ ਤਾਂ ਸਦੀਆਂ ਤੀਕ ਉਹੀ ਪੁਰਾਣੇ ਦਕਿਆਨੂਸੀ ਵਿਚਾਰ ਚਲਦੇ ਰਹਿਣਗੇ। ਅੱਡ ਹੋ ਕੇ ਸੁਤੰਤਰਤਾ ਨਾਲ ਨਵੇਂ ਅਨੁਭਵ ਕਰਨ ਨਾਲ ਸੱਚਾਈ ਦੇ ਛੇਤੀ ਨੇੜੇ ਲੱਗਿਆ ਜਾ ਸਕਦਾ ਹੈ। ਸਮਾਜ ਧਰਤੀ, ਕੁਦਰਤ ਤੇ ਜੀਵਨ ਦੇ ਮਸਲੇ ਸਦੀਆਂ ਤੋਂ ਉਹੀ ਹਨ, ਪਰ ਚਿੰਤਕਾਂ ਦੇ ਅਨੁਭਵ ਵੱਖ ਵੱਖ ਹਨ। ਕੁਝ ਦੇ ਸੱਚ ਦੇ ਨੇੜੇ ਹਨ ਤੇ ਕੁਝ ਦੇ ਬਹੁਤ ਦੂਰ। ਇਸ ਮਸਲੇ ਵਿਚ ਗੁਰੂ ਸਾਹਿਬ ਦੂਜਿਆਂ ਨਾਲੋਂ ਸੱਚ ਦੇ ਬਹੁਤ ਨੇੜੇ ਸਨ। ਕਾਰਨ ਇਹ ਕਿ ਉਨ੍ਹਾਂ ਦੇ ਵਿਚਾਰ ਆਪਣੇ ਸਮੇਂ ਤੋਂ ਬਹੁਤ ਅੱਗੇ ਦੇ ਸਨ। ਨਾ ਸਿਰਫ ਆਪਣੇ ਸਮੇਂ ਤੋਂ ਅੱਗੋਂ ਦੇ ਸਨ, ਸਗੋਂ ਸਿਧਾਂਤਕ ਤੌਰ 'ਤੇ ਸਭ ਸਮਿਆਂ ਤੋਂ ਅੱਗੋਂ ਦੇ ਸਨ। ਉਨ੍ਹਾਂ ਦੀ ਬਾਣੀ ਸਮੇਂ ਤੇ ਸਥਾਨ ਦੀ ਹੱਦ ਲੰਘ ਕੇ ਸੱਚ ਨੂੰ ਛੋਂਹਦੀ ਹੈ। ਇਸ ਕਥਨ ਦੀ ਮਾਨਤਾ ਕਿਸੇ ਦੇ ਕਹਿਣ ਜਾਂ ਵਿਸ਼ਵਾਸ ਦੀ ਮੁਥਾਜ ਨਹੀਂ, ਸਗੋਂ ਉਨ੍ਹਾਂ ਤੋਂ ਬਾਅਦ ਦੀ ਸਮੁੱਚੀ ਵਿਗਿਆਨਕ ਸੋਚ ਅਤੇ ਸਮੂਹ ਵਿਗਿਆਨਕ ਪ੍ਰਗਤੀ ਨੇ ਇਸ ਉਤੇ ਪ੍ਰਮਾਣਿਕਤਾ ਦੀ ਮੋਹਰ ਲਾਈ ਹੈ।

ਸੰਜੋਗ ਤੇ ਵਿਜੋਗ ਦਾ ਜ਼ਿਕਰ ਕਰ ਕੇ ਗੁਰੂ ਸਾਹਿਬ ਨੇ ਕੁਦਰਤ ਦੇ ਇਕ ਅਹਿਮ ਗੁਣ ਨੂੰ ਪਛਾਣਿਆ ਹੈ। ਇਹ ਗੁਣ ਇਹ ਹੈ ਕਿ ਕੁਦਰਤ ਵਿਚ ਸਭ ਕੁਝ ਚੰਗਾ ਤੇ ਸਭ ਕੁਝ ਮਾੜਾ ਕਦੇ ਨਹੀਂ ਹੁੰਦਾ। ਇਹ ਜੋਟਿਆਂ ਵਿਚ ਵਿਚਰਦੀ ਹੈ। ਇਹ ਜੋਟੇ ਦੋ ਪਹਿਲੂਆਂ ਦੇ ਹੁੰਦੇ ਹਨ, ਜੋ ਆਪਸ ਵਿਚ ਸਿੱਕੇ ਦੇ ਦੋ ਪਾਸਿਆਂ ਵਾਂਗ ਹਮੇਸ਼ਾ ਜੁੜੇ ਹੁੰਦੇ ਤੇ ਸਦਾ ਇੱਕਠੇ ਰਹਿੰਦੇ ਹਨ। ਇਹ ਸਿਰਫ ਜੁੜੇ ਹੀ ਨਹੀਂ ਹੁੰਦੇ, ਸਗੋਂ ਰੱਸੀਆਂ ਦੇ ਰੇਸ਼ਿਆਂ ਵਾਂਗ ਆਪਸ ਵਿਚ ਲਿਪਟੇ ਹੁੰਦੇ ਹਨ। ਇਨ੍ਹਾਂ ਨੂੰ ਅੱਲਗ ਨਹੀਂ ਕੀਤਾ ਜਾ ਸਕਦਾ; ਇਨ੍ਹਾਂ ਨਾਲ ਹੀ ਰਹਿਣਾ ਪੈਂਦਾ ਹੈ, ਭਾਵ ਇਸ ਨੂੰ ਕੁਦਰਤ ਦਾ ਨਿਯਮ ਮੰਨ ਕੇ ਹੀ ਚਲਣਾ ਪੈਂਦਾ ਹੈ। ਸੁਖ ਨਾਲ ਦੁਖ, ਰੋਸ਼ਨੀ ਨਾਲ ਹਨੇਰਾ, ਪੁਰਸ਼ ਨਾਲ ਇਸਤਰੀ, ਦਿਨ ਨਾਲ ਰਾਤ, ਧਨਾਤਮਕ ਕਰੰਟ ਨਾਲ ਰਿਣਾਤਮਕ ਕਰੰਟ, ਚੁੰਬਕ ਦੇ ਉਤਰੀ ਧਰੁਵ ਨਾਲ ਦੱਖਣੀ ਧਰੁਵ ਅਤੇ ਇਲੈਕਟ੍ਰਾਨ ਨਾਲ ਪ੍ਰੋਟਾਨ ਆਦਿ ਹਮੇਸ਼ਾ ਤੋਂ ਲੱਗੇ ਹੋਏ ਹਨ। ਇਸ ਨੂੰ ਕੁਦਰਤ ਦੀ ਦਵੰਧਾਤਮਕ (Dialectical) ਹੋਂਦ ਕਹਿੰਦੇ ਹਨ, ਜੋ ਫਿਲਾਸਫੀ ਦੇ ਦਵੈਤਵਾਦ (Dualism) ਤੋਂ ਜਰਾ ਵੱਖਰਾ ਸੰਕਲਪ ਹੈ।

ਪਰ ਗੁਰੂ ਸਾਹਿਬ ਨੇ ਕੁਦਰਤ ਦੀ ਦਵੰਧਾਤਮਕ ਹੋਂਦ ਨੂੰ ਸਿਰਫ ਜਾਣਿਆ ਹੀ ਨਹੀਂ, ਸਗੋਂ ਡੂੰਘਾਈ ਵਿਚ ਪਛਾਣਿਆਂ ਵੀ ਹੈ। ਉਨ੍ਹਾਂ ਨੇ 'ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ' ਲਿਖ ਕੇ ਦੱਸਿਆ ਹੈ ਕਿ ਦੋ ਵਿਰੋਧੀ ਪੱਖ ਕੁਦਰਤ ਦੇ ਕਾਰਜ ਚਲਾਉਂਦੇ ਹਨ, ਭਾਵ ਉਸ ਦੀ ਪ੍ਰਕ੍ਰਿਆਵਾਂ ਨੂੰ ਤੋਰਦੇ ਹਨ। ਉਨ੍ਹਾਂ ਅਨੁਸਾਰ ਵਿਰੋਧਾਤਮਕ ਸ਼ਕਤੀਆਂ ਰਾਹੀਂ ਕੁਦਰਤ ਦੇ ਵਰਤਾਰਿਆਂ ਨੂੰ ਜਨਮ ਦੇਣਾ ਤੇ ਨੇਪਰੇ ਚਾੜ੍ਹਨਾ ਕੋਈ ਸਿੱਧਾ ਕੰਮ ਨਹੀਂ ਹੈ। ਇਸ ਦਾ ਭਾਵ ਇਹ ਨਹੀਂ ਕਿ ਇਹ ਵਿਰੋਧਾਭਾਵੀ ਸ਼ਕਤੀਆਂ ਹਲ ਵਿਚ ਜੁੜੇ ਬਲਦਾਂ ਵਾਂਗ ਉਸ ਨੂੰ ਸਿੱਧਾ ਖਿੱਚ ਕੇ ਲੈ ਜਾਣਗੀਆਂ। ਉਨ੍ਹਾਂ ਨੇ ਇਸ ਨੂੰ 'ਲੇਖੇ ਆਵਹਿ ਭਾਗ' ਲਿਖਿਆ ਹੈ। ਇਸ ਦਾ ਅਰਥ ਹੈ ਕਿ ਇਨ੍ਹਾਂ ਸ਼ਕਤੀਆਂ (Forces) ਦੇ ਲੇਖੇ ਭਾਵ ਹਿਸਾਬ ਤੋਂ ਬਾਅਦ ਹੀ ਅਗਲੇ ਸਿੱਟੇ ਬਣਦੇ ਹਨ। ਇਨ੍ਹਾਂ ਤਾਕਤਾਂ ਦੇ ਗੁੰਝਲਦਾਰ ਲੇਖਿਆਂ ਭਾਵ ਹਿਸਾਬ-ਕਿਤਾਬ (Calculations) ਤੋਂ ਬਾਅਦ ਹੀ ਨਤੀਜੇ (Resultant) ਦਾ ਸਹੀ ਰੂਪ ਸਾਹਮਣੇ ਆਉਂਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਇਸ ਤੁੱਕ ਵਿਚ ਸਾਰੀ ਦੀ ਸਾਰੀ ਦਵੰਧਾਤਮਕ ਵਿਧੀ ਦਾ ਸਾਰ ਦੇ ਦਿੱਤਾ ਹੈ। ਇਹ ਵਿਧੀ ਦੱਸਦੀ ਹੈ ਕਿ ਕੁਦਰਤ ਦੀਆਂ ਪ੍ਰਕ੍ਰਿਤੀਆਂ ਕਿਵੇਂ ਚਲਦੀਆਂ ਹਨ ਤੇ ਕੁਦਰਤ ਦਾ ਵਿਕਾਸ ਕਿਵੇਂ ਹੁੰਦਾ ਹੈ। 16ਵੀਂ ਸਦੀ ਵਿਚ ਕੁਦਰਤ ਦੇ ਵਰਤਾਰਿਆਂ ਦੇ ਅੰਤਰਗਤੀ ਭੇਤਾਂ ਵਲ ਇਸ ਡੂੰਘਾਈ ਵਿਚ ਨਾ ਪੂਰਬ ਤੇ ਨਾ ਪੱਛਮ ਵਿਚ ਕਿਸੇ ਨੇ ਦੇਖਿਆ ਸੀ।

ਇਹ ਕੋਈ ਅਤਿਕਥਨੀ ਨਹੀਂ ਤੇ ਨਾ ਕਿਸੇ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਾ ਹੀ ਇਹ ਕੋਈ ਇਤਫਾਕ ਹੈ ਕਿ ਗੁਰੂ ਸਾਹਿਬ ਨੇ ਸਹਿਜ ਸੁਭਾਅ ਇਵੇਂ ਲਿਖ ਦਿੱਤਾ ਹੈ। ਉਨ੍ਹਾਂ ਨੇ ਇਹੀ ਗੱਲ 'ਦੁਖੁ ਦਾਰੂ ਸੁਖੁ ਰੋਗੁ ਭਇਆ' ਅਤੇ 'ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ' ਲਿਖ ਕੇ ਵੀ ਦ੍ਰਿੜਾਈ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਅਨੇਕਾਂ ਹੋਰ ਥਾਂਵਾਂ 'ਤੇ ਵੀ ਅਜਿਹੇ ਵਿਚਾਰ ਪ੍ਰਗਟ ਕੀਤੇ ਹਨ; ਪਰ ਇਹ ਗੱਲ ਇਤਫਾਕ ਇਸ ਲਈ ਲੱਗਦੀ ਹੈ ਕਿ ਉਸ ਵੇਲੇ ਇਸ ਨੂੰ ਕਹਿਣ ਵਾਲਾ ਕੋਈ ਦੂਜਾ ਦਾਰਸ਼ਨਿਕ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਪੂਰਬ ਤੇ ਪੱਛਮ-ਦੋਹੀਂ ਪਾਸੀਂ ਅਧਿਆਤਮਵਾਦ ਦਾ ਬੋਲਬਾਲਾ ਸੀ ਅਤੇ ਰੱਬ ਦੀ ਧਾਰਨਾ ਕੁਦਰਤ ਦੇ ਸੰਕਲਪ 'ਤੇ ਛਾਈ ਹੋਈ ਸੀ; ਪਰ ਐਨ ਉਸੇ ਵੇਲੇ ਜਾਂ ਉਸ ਤੋਂ ਜਰਾ ਪਹਿਲਾਂ ਯੂਰਪ ਵਿਚ ਮੁੜ-ਸੁਰਜੀਤੀ ਦੇ ਪ੍ਰਭਾਵ ਹੇਠ ਅਧਿਆਤਮਵਾਦ ਦੇ ਬੱਦਲ ਛਟਣੇ ਸ਼ੁਰੂ ਹੋ ਗਏ ਸਨ। ਕਾਪਰਨੀਕਸ, ਗਲੀਲੀਓ, ਦਿਕਾਰਤੇ, ਨਿਊਟਨ ਆਦਿ ਨੇ ਕੁਦਰਤੀ ਵਿਗਿਆਨ ਨੂੰ ਫਿਲਾਸਫੀ ਵਿਚ ਇਕ ਸੁਤੰਤਰ ਪਛਾਣ ਦਿੱਤੀ। ਸਪਾਈਨੋਜ਼ਾ ਨੇ ਤਾਂ ਖੁਦਮੁਖਤਿਆਰ ਕੁਦਰਤ ਨੂੰ ਹੀ ਰੱਬ ਕਹਿ ਦਿੱਤਾ ਸੀ ਤੇ ਇਸ ਤੋਂ ਬਾਅਦ ਕਹਿਣ ਨੂੰ ਕੁਝ ਰਿਹਾ ਹੀ ਨਹੀਂ ਸੀ। ਕੁਦਰਤ ਦਾ ਇਹੀ ਸੰਕਲਪ 20ਵੀਂ ਸਦੀ ਵਿਚ ਆਈਨਸਟੀਨ ਨੇ ਅਪਨਾਇਆ ਸੀ, ਹਾਲਾਂ ਕਿ ਉਹ ਮੁੱਖ ਤੌਰ 'ਤੇ ਇਕ ਵਿਗਿਆਨੀ ਸੀ; ਪਰ ਵਿਗਿਆਨ ਵਿਚ ਇੰਨੀ ਤਰੱਕੀ ਹੋਣ ਦੇ ਬਾਵਜੂਦ 19ਵੀਂ ਸਦੀ ਦੇ ਅਰੰਭ ਤੀਕ ਕੋਈ ਫਿਲਾਸਫਰ ਕੁਦਰਤ ਦੇ ਸੰਕਲਪ ਤੋਂ ਅੱਗੇ ਚੱਲ ਕੇ ਇਸ ਦੇ ਵਰਤਾਰਿਆਂ ਨੂੰ ਅੰਦਰੋਂ ਭਾਂਪਣ ਵਿਚ ਕਾਮਯਾਬ ਨਾ ਹੋਇਆ। 18ਵੀਂ ਸਦੀ ਦਾ ਮਹਾਨ ਚਿੰਤਕ ਇਮੈਨੂਅਲ ਕਾਂਤ, ਜਿਸ ਨੂੰ ਅਧਿਆਤਮਵਾਦੀ ਤੇ ਵਿਗਿਆਨਕ ਫਿਲਾਸਫੀ ਵਿਚਕਾਰ ਕੜੀ ਮੰਨਿਆ ਜਾਂਦਾ ਹੈ, ਵੀ ਹਾਲੇ ਕੁਦਰਤ ਦੇ ਮਕਾਨਕੀ (Mechanical) ਮਾਡਲ ਨਾਲ ਹੀ ਖੇਡਦਾ ਫਿਰਦਾ ਸੀ। ਕੁਲ ਮਿਲਾ ਕੇ 18ਵੀਂ ਸਦੀ ਦਾ ਚਿੰਤਨ ਕੁਦਰਤ ਦੇ ਰੂਪ ਨੂੰ ਸਮਝ ਰਿਹਾ ਸੀ; ਇਸ ਦੀ ਗਤੀ ਦੇ ਸ੍ਰੋਤਾਂ ਅਤੇ ਵਿਕਾਸ ਦੇ ਢੰਗ ਨੂੰ ਜਾਣਨ ਦਾ ਇਸ ਨੂੰ ਹਾਲੇ ਕੋਈ ਚਿੱਤ ਚੇਤਾ ਵੀ ਨਹੀਂ ਸੀ। ਇੱਥੋਂ ਤੀਕ ਕਿ 19ਵੀਂ ਸਦੀ ਦਾ ਜਰਮਨ ਚਿੰਤਕ ਲੁਦਵਿਕ ਫਾਯੋਬਾਖ ਵੀ ਇਸ ਦਾ ਅੰਦਾਜ਼ਾ ਨਾ ਲਾ ਸਕਿਆ।

ਚਿੰਤਨ ਦਾ ਪਾਸਾ ਉਦੋਂ ਪਲਟਿਆ, ਜਦੋਂ 19ਵੀਂ ਸਦੀ ਦੇ ਅਰੰਭ ਵਿਚ ਹੀਗਲ ਨੇ ਕੁਲੀਨ ਬੌਧਿਕਤਾ (Rationalism) ਦਾ ਪੱਲਾ ਛੱਡ ਕੇ ਦਵੰਧਵਾਦੀ ਵਿਕਾਸਵਾਦ ਦੀ ਚਾਬੀ ਨਾਲ ਕੁਦਰਤ ਦੇ ਭੇਤ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਤੋਂ ਬਾਅਦ ਹੀਗਲ (Hegel) ਪਹਿਲਾ ਚਿੰਤਕ ਸੀ, ਜਿਸ ਨੇ ਕੁਦਰਤ ਵਿਚ ਵਿਕਾਸ ਦੀ ਹਰਕਤ ਦੇਖੀ ਤੇ ਇਸ ਦੇ ਨਿਯਮਾਂ ਦਾ ਅਧਿਐਨ ਕੀਤਾ। ਉਸ ਦੇ ਚਿੰਤਨ ਨੂੰ ਫਿਲਾਸਫੀ ਦੇ ਖੇਤਰ ਵਿਚ 19ਵੀਂ ਸਦੀ ਦੀ ਮਹਾਨ ਪ੍ਰਾਪਤੀ ਮੰਨਿਆ ਜਾਂਦਾ ਹੈ। ਉਸ ਅਨੁਸਾਰ ਕੁਦਰਤ ਦੀ ਫਿਤਰਤ ਹੈ ਕਿ ਇਸ ਵਿਚ ਕੋਈ ਭਾਵ (Thesis) ਇੱਕਲਾ ਨਹੀਂ ਰਹਿ ਸਕਦਾ। ਇਕ ਧਨਾਤਮਕ ਭਾਵ ਪੈਦਾ ਹੋਇਆ ਨਹੀਂ ਕਿ ਇਸ ਦੇ ਵਿਰੁਧ ਦੂਜਾ ਰਿਣਾਤਮਕ ਭਾਵ (Anti-thesis) ਪੈਦਾ ਹੋ ਜਾਂਦਾ ਹੈ। ਇਨ੍ਹਾਂ ਦੋਹਾਂ ਭਾਵਾਂ ਦੇ ਸੰਘਰਸ਼ ਵਿਚੋਂ ਤੀਜਾ ਭਾਵ ਉਭਰਦਾ ਹੈ, ਜਿਸ ਨੂੰ (Synthesis) ਕਹਿੰਦੇ ਹਨ। ਇਹ ਉਕਤ ਦੋ ਦਾ ਕੋਈ ਸਿੱਧਾ ਸਾਦਾ ਜੋੜ ਨਹੀਂ ਹੁੰਦਾ, ਸਗੋਂ ਬੜੇ ਸੂਖਮ ਹਿਸਾਬੀ ਢੰਗ ਨਾਲ ਨਿਕਲਿਆ ਨਿਚੋੜ ਹੁੰਦਾ ਹੈ। ਇਸ ਵਿਚੋਂ ਦੋਵੇਂ ਮੁਢਲੇ ਭਾਵਾਂ ਦੇ ਵਿਰੋਧਤਾਈ ਗੁਣ ਝੜੇ ਹੁੰਦੇ ਹਨ ਤੇ ਇਕ ਤਾਕਤਵਰ ਅਗਾਹਾਂਵਧੂ ਭਾਵ ਬਣ ਕੇ ਨਿਕਲਿਆ ਹੁੰਦਾ ਹੈ। ਜਿਉਂ ਹੀ ਇਹ ਭਾਵ ਇਕ ਬਣਦਾ ਹੈ, ਇਸ ਦੇ ਵਿਰੁਧ ਬਰਾਬਰ ਦਾ ਦੂਜਾ ਭਾਵ ਫਿਰ ਬਣ ਜਾਂਦਾ ਹੈ ਤੇ ਫਿਰ ਇਕ ਤਾਲਮੇਲੀ ਤੀਜਾ ਭਾਵ ਉਭਰਦਾ ਹੈ।

ਜਿਵੇਂ ਪੁਰਸ਼ ਇਕ ਪਹਿਲਾ ਭਾਵ ਹੈ ਅਤੇ ਇਸ ਨਾਲ ਇਸਤਰੀ ਦੂਜਾ ਭਾਵ ਬਣ ਜਾਂਦਾ ਹੈ ਤੇ ਉਨ੍ਹਾਂ ਦੀ ਸੰਤਾਨ ਤੀਜਾ। ਸੰਤਾਨ ਜੋ ਵੀ ਹੋਵੇ, ਉਸ ਨਾਲ ਵਿਰੋਧੀ ਲਿੰਗ ਦਾ ਜੀਵਨ ਪਾਤਰ ਫਿਰ ਆ ਜੁੜਦਾ ਹੈ ਤੇ ਇਹ ਪ੍ਰਕ੍ਰਿਆ ਨਿਰੰਤਰ ਚਲਦੀ ਰਹਿੰਦੀ ਹੈ। ਹੀਗਲ ਅਨੁਸਾਰ ਇਹੀ ਪ੍ਰਕ੍ਰਿਆ ਕੁਦਰਤ ਨੂੰ ਵਿਕਸਿਤ ਹੋਣ ਲਈ ਸ਼ਕਤੀ ਜਾਂ ਹਰਕਤ (Motion) ਦਿੰਦੀ ਹੈ ਤੇ ਇਸੇ ਰਾਹੀਂ ਇਸ ਦੇ ਪੁਰਾਣੇ ਨਾਕਾਰਾ ਪੱਖ ਅਲੋਪ ਹੁੰਦੇ ਜਾਂਦੇ ਹਨ। ਹੀਗਲ ਨੇ ਹੋਰ ਡੂੰਘਾਈ ਵਿਚ ਜਾ ਕੇ ਕੁਦਰਤੀ ਵਿਕਾਸ ਦੇ ਤਿੰਨ ਮੁੱਖ ਤੇ ਤਿੰਨ ਸਹਾਇਕ ਨਿਯਮ ਲੱਭੇ, ਜਿਨ੍ਹਾਂ ਨੂੰ ਵਿਰੋਧ-ਵਿਕਾਸ ਦੇ ਬੁਨਿਆਦੀ ਨਿਯਮਾਂ (Fundamental Laws of Natural Dialectics) ਵਜੋਂ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਹੀਗਲ ਕੁਦਰਤ ਬਾਰੇ ਕੁਦਰਤ ਤੋਂ ਵੀ ਵੱਧ ਜਾਣਦਾ ਸੀ। ਉਸ ਦੇ ਇਸ ਮਾਡਲ ਵਿਚ ਜਰੂਰੀ ਸੋਧਾਂ ਕਰ ਕੇ ਕਾਰਲ ਮਾਰਕਸ ਤੇ ਫ੍ਰੈਡ੍ਰਿਕ ਏਂਗਲਜ਼ ਨੇ ਪਦਾਰਥਵਾਦੀ ਵਿਰੋਧ-ਵਿਕਾਸ ਦੇ ਨਿਯਮ ਮਾਡਲ ਦਿੱਤੇ, ਜੋ ਏਂਗਲਜ਼ ਦੀ ਪੁਸਤਕ ਡਾਇਆਲੈਕਟਿਕਸ ਆਫ ਨੇਚਰ (Dialectics of Nature) ਵਿਚ ਦਰਜ ਹਨ। ਅੱਜ ਡਾਇਆਲੈਕਟਿਕਸ ਦੇ ਇਨ੍ਹਾਂ ਸਿਧਾਂਤਾਂ ਨੂੰ ਸਮਾਜਕ ਇੰਜੀਨੀਅਰਿੰਗ ਤੇ ਸਿਹਤ ਵਿਕਾਸ ਲਈ ਵਰਤਿਆ ਜਾਂਦਾ ਹੈ। ਰਾਜਨੀਤਕ ਮੁਹਿੰਮਾਂ ਨੂੰ ਤੋੜਨ ਲਈ ਉਨ੍ਹਾਂ ਵਿਚ ਘੁਸਪੈਠ ਕਰਨਾ, ਅਤਿਵਾਦ ਤੋੜਨ ਲਈ ਕੈਟ ਛੱਡਣਾ, ਬੀਮਾਰ ਹੋਣ ਤੇ ਲੱਛਣਾਂ ਅਨੁਸਾਰ ਹੋਮਿਓਪੈਥਿਕ ਦਵਾਈ ਦੇਣਾ, ਇਕ ਧਰਮ ਦੀ ਚੜ੍ਹਤ ਨੂੰ ਰੋਕਣ ਲਈ ਨਕਲੀ ਸ਼ਰਧਾਲੂ ਭਰਤੀ ਕਰਨਾ ਅਤੇ ਮਨਸੂਈ ਅਨਸਰਾਂ ਰਾਹੀਂ ਫੁੱਟ (ਭੇਦ ਭਾਵ) ਪੈਦਾ ਕਰਨ ਵਾਲੀਆਂ ਨੀਤੀਆਂ ਇਸੇ ਵਰਤੋਂ ਦੀਆਂ ਮਿਸਾਲਾਂ ਹਨ।

ਇਸ ਤਰ੍ਹਾਂ 'ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ' ਗੁਰੂ ਨਾਨਕ ਦਾ ਇਕ ਭਾਵਪੂਰਣ ਕਥਨ ਹੈ, ਜਿਸ ਦੇ ਡੂੰਘੇ ਫਿਲਾਸਫਿਕ ਤੇ ਵਿਗਿਆਨਕ ਅਰਥ ਹਨ। ਇਨ੍ਹਾਂ ਵਿਚ ਉਨ੍ਹਾਂ ਦੇ ਭਾਵ ਰੂਪ ਵਿਚ ਪੇਸ਼ ਕੀਤੇ ਅਨੁਭਵ ਸੱਚ ਦੀਆਂ ਉਨ੍ਹਾਂ ਮਹਾਨ ਸੰਭਾਵਨਾਵਾਂ ਨੂੰ ਸਮਾਈ ਬੈਠੇ ਸਨ, ਜੋ ਵਿਗਿਆਨ ਦੇ ਵਿਕਾਸ ਨਾਲ ਅੱਗੇ ਤੋਂ ਅੱਗੇ ਖੁਲ੍ਹਦੀਆਂ ਜਾ ਰਹੀਆਂ ਹਨ। ਹੁਣ ਜਦੋਂ ਵਿਗਿਆਨ ਦੀ ਅਥਾਹ ਉਨਤੀ ਕਾਰਨ ਚਿੰਤਨ ਦਾ ਕੰਮ ਲਗਭਗ ਠੱਪ ਹੋ ਗਿਆ ਹੈ, ਭਾਵ ਵਿਗਿਆਨ ਦੀ ਪ੍ਰਭੁਤਾ ਕਾਰਨ ਚਿੰਤਨ ਕਰਨ ਲਈ ਕੁਝ ਰਿਹਾ ਹੀ ਨਹੀਂ ਹੈ, ਗੁਰੂ ਸਾਹਿਬ ਦੇ ਇਨ੍ਹਾਂ ਹੀ ਸਿਧਾਂਤਾਂ ਦੀ ਪ੍ਰੋੜ੍ਹਤਾ ਵਿਗਿਆਨ ਕਰ ਰਿਹਾ ਹੈ। ਆਧੁਨਿਕ ਵਿਗਿਆਨ ਜਿਸ ਰੱਬੀ ਕਣ ਦੀ ਖੋਜ ਕਰ ਰਿਹਾ ਹੈ, ਉਹ ਇਕ ਅੰਤਰ-ਨਿਊਕਲਾਈ ਸੰਜੋਗੀ ਬਲ ਹੀ ਤਾਂ ਹੈ, ਜੋ ਉਥੇ ਪਏ ਕਿਣਕਿਆਂ ਨੂੰ ਵਿਸਰਜਨ ਭਾਵ ਵਿਜੋਗ ਤੋਂ ਬਚਾ ਕੇ ਰੱਖਦਾ ਹੈ ਤੇ ਸੰਸਾਰ ਦੀ ਹੋਂਦ ਸੰਭਵ ਕਰਦਾ ਹੈ!

ਇਹੋ ਜਿਹੇ ਸ਼ਕਤੀਸ਼ਾਲੀ ਵਿਚਾਰ ਹੀ ਗੁਰੂ ਸਾਹਿਬ ਨੇ ਅਗਲੀ ਪਉੜੀ ਵਿਚ ਪ੍ਰਗਟਾਏ ਹਨ, ਪਰ ਪਿਛਲੀ ਪਉੜੀ ਦੀ ਤਰ੍ਹਾਂ ਹੀ ਵਿਦਵਾਨਾਂ ਨੇ ਇਨ੍ਹਾਂ ਦੀ ਵਿਆਖਿਆ ਵੀ ਅਧਿਆਤਮਵਾਦੀ ਨੁਕਤਾ-ਨਜ਼ਰ ਨਾਲ ਕੀਤੀ ਹੈ, ਜਿਸ ਨਾਲ ਉਨ੍ਹਾਂ ਦੇ ਅਮਰ ਕਥਨਾਂ ਦੀ ਸੱਚਾਈ ਪ੍ਰਗਟ ਹੋਣ ਤੋਂ ਰਹਿ ਗਈ ਹੈ। ਮਿਸਾਲ ਵਜੋਂ ਇਸ ਪਉੜੀ ਦੀਆਂ ਕੁਝ ਵਿਆਖਿਆਵਾਂ ਪਉੜੀ ਦੀਆਂ ਤੁਕਾਂ ਸਮੇਤ ਹੇਠ ਦਿੱਤੀਆਂ ਗਈਆਂ ਹਨ:

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ॥
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ॥੩੦॥

ਇਸ ਪਉੜੀ ਦੇ ਪਰਿ-ਪਾਠ (Pre-reading) ਤੋਂ ਦੋ ਮੁੱਖ ਗੱਲਾਂ ਦਾ ਪਤਾ ਚਲਦਾ ਹੈ। ਪਹਿਲੀ ਇਹ ਕਿ ਇਸ ਦੇ ਤਿੰਨ ਮੁੱਖ ਭਾਗ ਹਨ। ਪਹਿਲਾ ਭਾਗ ਪਹਿਲੀਆਂ ਦੋ ਤੁਕਾਂ ਦਾ ਹੈ। ਇਸ ਵਿਚਲੇ ਕਈ ਸ਼ਬਦ ਜਿਵੇਂ ਮਾਈ, ਜੁਗਤ, ਚੇਲੇ, ਪਰਵਾਣ, ਸੰਸਾਰੀ, ਭੰਡਾਰੀ, ਦੀਬਾਣ ਅਤੇ ਆਦੇਸ ਆਦਿ ਡੇਰਾ ਪ੍ਰਥਾ ਨਾਲ ਜੁੜੇ ਹੋਏ ਹਨ। ਇਸ ਲਈ ਇਹ ਪਉੜੀ ਉਸ ਵੇਲੇ ਦੇ ਡੇਰੇਦਾਰੀ ਸਾਧਾਂ, ਸੰਤਾਂ ਦੀ ਭਾਸ਼ਾ ਦਾ ਪ੍ਰਯੋਗ ਕਰਦੇ ਹੋਏ ਉਨ੍ਹਾਂ ਦੇ ਸਬੰਧ ਵਿਚ ਲਿਖੀ ਗਈ ਹੈ। ਦੂਜਾ ਭਾਗ ਵਿਚਕਾਰਲੀਆਂ ਦੋ ਤੁਕਾਂ ਦਾ ਹੈ। ਇਹ ਪਹਿਲੇ ਭਾਗ ਦੇ ਸਬੰਧ ਵਿਚ ਗੁਰੂ ਸਾਹਿਬ ਦੀ ਟਿੱਪਣੀ ਹੈ। ਤੀਜਾ ਭਾਗ ਅਖੀਰਲੀਆਂ ਦੋ ਤੁਕਾਂ ਦਾ ਬਣਦਾ ਹੈ, ਜੋ ਦਰਸਾਉਂਦਾ ਹੈ ਕਿ ਇਹ ਪਉੜੀ ਇਸ ਤੋਂ ਪਹਿਲੀਆਂ ਤਿੰਨ ਪਉੜੀਆਂ ਦੇ ਵਿਸ਼ਾ-ਵਸਤੂ ਨਾਲ ਸਬੰਧ ਰੱਖਦੀ ਹੈ ਅਤੇ ਭਟਕੇ ਸਿੱਧਾਂ ਨੂੰ ਮਨੁੱਖਤਾ ਦੇ ਮੁੱਖ ਮਨੋਰਥ ਵਲ ਮੋੜਦੀ ਹੈ।

ਇਸ ਪਉੜੀ ਦੀ ਦੂਜੀ ਵਿਸ਼ੇਸ਼ ਗੱਲ ਇਹ ਹੈ ਕਿ ਇਹ ਗੁਰੂ ਸਾਹਿਬ ਦੇ ਰਚਨਾ ਵਿਧੀ ਭਾਵ ਲਿਖਣ ਢੰਗ ਬਾਰੇ ਵਡਮੁੱਲੀ ਜਾਣਕਾਰੀ ਦਿੰਦੀ ਹੈ। ਗੁਰੂ ਸਾਹਿਬ ਨੇ ਇਸ ਪਉੜੀ ਵਿਚ ਪਹਿਲਾਂ ਸਿੱਧਾਂ ਦਾ ਪੱਖ ਰੱਖਿਆ ਹੈ ਤੇ ਫਿਰ ਆਪਣਾ ਪੱਖ ਸਪਸ਼ਟ ਕੀਤਾ ਹੈ; ਪਰ ਉਨ੍ਹਾਂ ਨੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੋਈ ਹੈ। ਉਨ੍ਹਾਂ ਨੇ ਬਿਨਾ ਕੋਈ ਮੁੱਢ ਬੰਨੇ ਇਹ ਪਾਠਕ 'ਤੇ ਹੀ ਛੱਡ ਦਿੱਤਾ ਹੈ ਕਿ ਉਹ ਤੁਕਾਂ ਦੀ ਸ਼ੈਲੀ ਸਮਝ ਕੇ ਆਪ ਲੱਖਣ ਲਾਵੇ ਕਿ ਪਰਾਇਆ ਪੱਖ ਕਿਹੜਾ ਹੈ ਤੇ ਉਨ੍ਹਾਂ ਦਾ ਕਿਹੜਾ। ਗੁਰੂ ਸਾਹਿਬ ਨੇ ਇਹ ਢੰਗ ਸਿਰਫ ਇਸੇ ਪਉੜੀ ਵਿਚ ਨਹੀਂ ਵਰਤਿਆ, ਸਗੋਂ ਕਈ ਹੋਰ ਪਉੜੀਆਂ ਵਿਚ ਵੀ ਵਰਤਿਆ ਹੈ। ਕਰਮ-ਅੰਕ ਮੁਤਾਬਿਕ ਇਹ ਪਉੜੀਆਂ 4, 6, 16, 20, 21 ਅਤੇ 27 ਹਨ। ਜੋ ਵਿਦਵਾਨ ਇਨ੍ਹਾਂ ਪਉੜੀਆਂ ਨੂੰ ਇਕੋ ਪਾਠ ਸਮਝ ਕੇ ਅਰਥ ਕਰਦੇ ਹਨ, ਉਹ ਵਿਆਖਿਆ ਵਿਚ ਚੱਕਰ ਖਾ ਜਾਂਦੇ ਹਨ। ਇਹੀ ਕਾਰਨ ਹੈ ਕਿ ਮੌਜੂਦਾ ਪਉੜੀ ਦੇ ਨਾਲ ਨਾਲ ਉਕਤ ਪਉੜੀਆਂ ਦੇ ਅਰਥਾਂ ਵਿਚ ਵੀ ਵਿਦਵਾਨਾਂ ਨੇ ਭਾਰੀ ਟਪਲਾ ਖਾਇਆ ਹੈ। ਇਨ੍ਹਾਂ ਸਭ ਪਉੜੀਆਂ ਵਿਚ ਉਨ੍ਹਾਂ ਨੇ ਵਿਸੇਸ਼ ਤੌਰ 'ਤੇ ਗੁਰੂ ਆਸੇ ਦੇ ਉਲਟ ਅਰਥ ਕੀਤੇ ਹਨ, ਪਰ ਇਸ ਦਾ ਭਾਵ ਇਹ ਨਹੀਂ ਕਿ ਬਾਕੀ ਥਾਂਵਾਂ ਤੇ ਉਨ੍ਹਾਂ ਨੇ ਸਹੀ ਵਿਆਖਿਆ ਕੀਤੀ ਹੈ।

ਉਕਤ ਵਿਸ਼ਲੇਸ਼ਣ ਨੂੰ ਧਿਆਨ ਵਿਚ ਰੱਖਦਿਆਂ ਇਸ ਪਉੜੀ ਦੇ ਅਰਥ ਬੜੇ ਸਪਸ਼ਟ ਬਣਦੇ ਹਨ। ਇਸ ਵਿਚ ਗੁਰੂ ਸਾਹਿਬ ਸਿੱਧਾਂ ਦੇ ਸ੍ਰਿਸ਼ਟੀ ਪ੍ਰਬੰਧ ਬਾਰੇ ਸਿਧਾਂਤ ਨੂੰ ਠੁਕਰਾਉਂਦੇ ਹਨ। ਉਹ ਲਿਖਦੇ ਹਨ ਕਿ ਇਹ ਲੋਕ, ਜੋ ਇਕ ਮਾਤਾ ਦੀ ਗੱਲ ਕਰਦੇ ਹਨ ਜਿਸ ਨੇ ਕਿਸੇ ਜੁਗਤੇ ਗਰਭਵਤੀ ਹੋ ਕੇ ਤਿੰਨ ਚੇਲਿਆਂ ਭਾਵ ਆਗਿਆਕਾਰੀ ਪੁੱਤਰਾਂ ਨੂੰ ਜਨਮ ਦਿੱਤਾ, ਜਿਨ੍ਹਾਂ ਵਿਚੋਂ ਇਕ ਸੰਸਾਰਕ ਉਤਪਤੀ ਕਰਨ ਲੱਗਿਆ, ਦੂਜੇ ਨੇ ਜਗ ਦੀ ਪਾਲਣਾ ਦਾ ਕੰਮ ਸੰਭਾਲ ਲਿਆ ਤੇ ਤੀਜਾ ਦਰਗਾਹ ਸਜਾ ਕੇ ਲੋਕਾਂ ਨੂੰ ਮੁੜ ਆਪਣੇ ਕੋਲ ਬੁਲਾ ਕੇ ਲੇਖਾ ਮੰਗਣ ਵਾਲਾ ਬਣਿਆ ਦੱਸਦੇ ਹਨ, ਇਕ ਸੋਚ-ਵਿਹੀਨ ਭਰਮ ਪਾਲ ਰਹੇ ਹਨ। ਭਾਵ ਜਿਸ ਤਰ੍ਹਾਂ ਦੀਆਂ ਸਿੱਧੀਆਂ ਸਾਦੀਆਂ ਤੇ ਬਚਕਾਨੀਆਂ ਗੱਲਾਂ ਉਹ ਕਰਦੇ ਹਨ, ਇਹ ਸੰਸਾਰ ਉਸ ਤਰ੍ਹਾਂ ਦੀਆਂ ਦਲੀਲਾਂ ਨਾਲ ਨਹੀਂ ਚਲਦਾ। ਬੜੀ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਨੂੰ ਮਨਘੜ੍ਹਤ ਦੇਵੀ-ਦੇਵਤੇ ਤਾਂ ਦਿਖਾਈ ਦਿੰਦੇ ਹਨ, ਪਰ ਉਹ ਪਰਮ-ਸਤਿ ਨਜ਼ਰੀਂ ਨਹੀਂ ਆਉਂਦਾ, ਜੋ ਆਪਣੇ ਸਰਬ-ਵਿਆਪੀ ਭਾਣੇ ਰਾਹੀਂ ਚਲਾਏ ਨਿਯਮਾਂ ਦੇ ਫੁਰਮਾਨਾਂ ਰਾਹੀ ਸਮੂਹ ਸ੍ਰਿਸ਼ਟੀ ਦੀ ਦੇਖ ਭਾਲ ਕਰਦਾ ਹੈ! ਉਹ ਪਰਮ-ਸਤਿ, ਜੋ ਆਦਿ ਕਾਲ ਤੋਂ ਸਿਰਫ ਇਕੋ ਸ਼ੁੱਧ, ਪਰਿਵਰਤਨ-ਰਹਿਤ ਤੇ ਅਨੰਤ ਅਵਸਥਾ ਵਿਚ ਇਸ ਸੰਸਾਰਕ ਮਾਯਾ ਵਿਚ ਸਮਾ ਕੇ ਕ੍ਰਿਆਸ਼ੀਲ ਹੈ, ਹੀ ਸਭ ਦੇ ਧਿਆਨ ਦਾ ਹੱਕਦਾਰ ਹੈ।

ਇਸੇ ਪਉੜੀ ਦੇ ਅਰਥ ਕਰਦੇ ਪ੍ਰੋ. ਸਾਹਿਬ ਸਿੰਘ ਲਿਖਦੇ ਹਨ, "(ਲੋਕਾਂ ਵਿਚ ਇਹ ਖਿਆਲ ਆਮ ਪ੍ਰਚਲਿਤ ਹੈ ਕਿ) ਇਕੱਲੀ ਮਾਇਆ (ਕਿਸੇ) ਜੁਗਤੀ ਨਾਲ ਪ੍ਰਸੂਤ ਹੋਈ ਤੇ ਪ੍ਰਤੱਖ ਤੌਰ 'ਤੇ ਉਸ ਦੇ ਤਿੰਨ ਪੁੱਤਰ ਜੰਮ ਪਏ। ਉਨ੍ਹਾਂ ਵਿਚੋਂ ਇਕ (ਬ੍ਰਹਮਾ) ਘਰ-ਬਾਰੀ ਬਣ ਗਿਆ। (ਭਾਵ, ਜੀਵ-ਜੰਤਾਂ ਨੂੰ ਪੈਦਾ ਕਰਨ ਲੱਗ ਪਿਆ), ਇਕ (ਵਿਸ਼ਨੂੰ) ਭੰਡਾਰ ਦਾ ਮਾਲਕ ਬਣ ਗਿਆ (ਭਾਵ, ਜੀਵਾਂ ਨੂੰ ਰਿਜ਼ਕ ਅਪੜਾਉਣ ਦਾ ਕੰਮ ਕਰਨ ਲੱਗਾ), ਅਤੇ ਇਕ (ਸ਼ਿਵ) ਕਚਹਿਰੀ ਲਾਉਂਦਾ ਹੈ (ਭਾਵ, ਜੀਵਾਂ ਨੂੰ ਸੰਘਾਰਦਾ ਹੈ)। (ਪਰ ਅਸਲ ਗੱਲ ਇਹ ਹੈ ਕਿ) ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ (ਇਨ੍ਹਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਕੁਝ ਹੱਥ ਨਹੀਂ)। ਇਹ ਬੜਾ ਅਸਚਰਜ ਕੌਤਕ ਹੈ ਕਿ ਉਹ ਅਕਾਲ ਪੁਰਖ (ਸਭ ਜੀਵਾਂ ਨੂੰ ਵੇਖ ਰਿਹਾ ਹੈ, ਪਰ ਜੀਵਾਂ ਨੂੰ ਅਕਾਲ ਪੁਰਖ ਨਹੀਂ ਦਿੱਸਦਾ। (ਸੋ, ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਦੇ ਥਾਂ ਕੇਵਲ) ਉਸ (ਅਕਾਲ ਪੁਰਖ) ਨੂੰ ਪ੍ਰਣਾਮ ਕਰੋ ਜੋ (ਸਭ ਦਾ) ਮੁੱਢ ਹੈ, ਜੋ ਸ਼ੁਧ-ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ (ਲੱਭ ਸਕਦਾ), ਜੋ ਨਾਸ-ਰਹਿਤ ਹੈ ਤੇ ਜੋ ਸਦਾ ਹੀ ਇਕੋ ਜਿਹਾ ਰਹਿੰਦਾ ਹੈ। (ਇਹੀ ਹੈ ਵਸੀਲਾ ਉਸ ਪ੍ਰਭੂ ਨਾਲੋਂ ਵਿੱਥ ਦੂਰ ਕਰਨ ਦਾ)।"

ਪ੍ਰੋ. ਸਾਹਿਬ ਸਿੰਘ ਇਸ ਸਮੁੱਚੀ ਪਉੜੀ ਨੂੰ ਗੁਰੂ ਸਾਹਿਬ ਦੀ ਸਿਖਿਆ ਮੰਨ ਕੇ ਅਰਥ ਕਰਦੇ ਹਨ। ਉਹ ਨਹੀਂ ਮੰਨਦੇ ਕਿ ਇਸ ਦੇ ਪਹਿਲੇ ਭਾਗ ਵਿਚ ਗੁਰੂ ਸਾਹਿਬ ਨੇ ਸਿੱਧ ਫਿਲਾਸਫੀ ਨੂੰ ਪੇਸ਼ ਕੀਤਾ ਹੈ ਤੇ ਦੂਜੇ ਵਿਚ ਉਸ ਦਾ ਖੰਡਨ ਕੀਤਾ ਹੈ। ਉਨ੍ਹਾਂ ਨੇ ਗੁਰੂ ਸਾਹਿਬ ਨੂੰ 13ਵੀਂ ਸਦੀ ਦੇ ਉਸ ਈਸਾਈ ਸੰਤ ਐਕਵੀਨਸ (St. Aquinas) ਵਾਂਗ ਇਕ ਸੁਧਾਰਕ ਦੇ ਰੂਪ ਵਿਚ ਪੇਸ਼ ਕੀਤਾ ਹੈ, ਜੋ ਸਭ ਨੂੰ ਠੀਕ ਕਹਿੰਦਾ ਹੈ, ਪਰ ਆਪਣੇ ਆਪ ਨੂੰ ਸਭ ਤੋਂ ਠੀਕ ਮੰਨਦਾ ਹੈ। ਇਸ ਵਿਚ ਗੁਰੂ ਸਾਹਿਬ ਕਹਿੰਦੇ ਨਜ਼ਰ ਆ ਰਹੇ ਹਨ ਕਿ ਸਿੱਧ ਜੋ ਗੱਲ ਕਹਿ ਰਹੇ ਹਨ, ਉਹ ਗਲਤ ਨਹੀਂ, ਪਰ ਵਿਚਲੀ ਅਸਲੀਅਤ ਇਹ ਹੈ ਕਿ ਸੰਸਾਰ ਦੀ ਡੋਰ ਅਕਾਲ ਪੁਰਖ ਦੇ ਹੱਥ ਵਿਚ ਹੈ।

ਇਹ ਵਿਆਖਿਆਕਾਰ ਮੰਨਦਾ ਹੈ ਕਿ ਸਿੱਧ-ਪੁਰਖ ਜਾਂ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਲੋਕ ਜੋ ਦੇਵੀ ਦੇਵਤਿਆਂ ਦੇ ਨਿਜ਼ਾਮ ਵਿਚ ਵਿਸ਼ਵਾਸ ਕਰਦੇ ਹਨ, ਸਿਧਾਂਤਕ ਤੌਰ 'ਤੇ ਠੀਕ ਹਨ, ਪਰ ਪੂਰੀ ਅਸਲੀਅਤ ਕੁਝ ਹੋਰ ਹੈ। ਭਾਵ ਦੇਵੀ-ਦੇਵਤੇ ਤਾਂ ਹਨ, ਪਰ ਉਨ੍ਹਾਂ ਦੇ ਹੱਥ ਵਸ ਬਹੁਤਾ ਕੁਝ ਨਹੀਂ ਹੈ। ਅਸਲ ਨਿਯੰਤਰਣ ਉਨ੍ਹਾਂ ਤੋਂ ਵੀ ਉਪਰਲੀ ਸ਼ਕਤੀ ਅਕਾਲ ਪੁਰਖ ਦੇ ਹੱਥ ਵਿਚ ਹੈ, ਜਿਸ ਅਨੁਸਾਰ ਇਹ ਦੇਵੀ-ਦੇਵਤੇ ਆਪਣਾ ਕੰਮ ਕਰਦੇ ਹਨ। ਇਸ ਟੀਕਾਕਾਰ ਵਿਚ ਇਹ ਹੌਸਲਾ ਨਹੀਂ ਕਿ ਉਹ ਗੁਰੂ ਸਾਹਿਬ ਦੀ ਆਲੋਚਨਾ ਨੂੰ ਇਕ-ਟੁੱਕ ਹੋ ਕੇ ਪੇਸ਼ ਕਰੇ ਤੇ ਦੱਸੇ ਕਿ ਉਨ੍ਹਾਂ ਨੇ ਇਸ ਮਿੱਥ-ਕਥਾ ਦਾ ਖੰਡਨ ਕੀਤਾ। ਵਿਚੋਂ ਕਾਰਨ ਇਹ ਹੈ ਕਿ ਉਹ ਆਪ ਵੀ ਇਸ ਤਰ੍ਹਾਂ ਦੇ ਅਧਿਆਤਮਵਾਦ ਨਾਲ ਜੁੜਿਆ ਹੋਇਆ ਹੈ। ਇਕ ਅਧਿਆਤਮਵਾਦੀ ਦੂਜੇ ਅਧਿਆਤਮਵਾਦੀ ਦਾ ਖੰਡਨ ਇਸ ਦਲੀਲ 'ਤੇ ਕਰ ਹੀ ਨਹੀਂ ਸਕਦਾ ਕਿ ਉਹ ਅਧਿਆਤਮਵਾਦੀ ਹੈ। ਇਸ ਲਈ ਇਹ ਟੀਕਾਕਾਰ ਦੱਬਵੀਂ ਜੀਭ ਨਾਲ ਰੱਖ-ਰਖਾਓ ਕਰਕੇ ਅੱਗੇ ਨਿਕਲ ਜਾਂਦਾ ਹੈ। ਇਸੇ ਲਈ ਉਸ ਦੀ ਸਾਰੀ ਵਿਆਖਿਆ ਸ਼ਬਦਾਰਥੀ ਹੈ ਤੇ ਦੇਵੀ-ਦੇਵਤਿਆਂ ਦੇ ਕਾਰਜ ਬਿਆਨ ਕਰਨ ਵਾਲੀ ਹੈ।

ਕਿਉਂਕਿ ਇਸ ਵਿਆਖਿਆਕਾਰ ਦੀ ਬਿਰਤੀ ਅਧਿਆਤਮਵਾਦੀ ਹੈ, ਇਸੇ ਲਈ ਉਹ ਦੂਜੇ ਭਾਗ ਦੇ ਅਰਥ ਕਰਦਾ ਲਿਖਦਾ ਹੈ ਕਿ ਬਹੁਤਾ ਵਿਡਾਣ ਇਹ ਹੈ ਕਿ ਅਕਾਲ ਪੁਰਖ ਸਭ ਨੂੰ ਦੇਖਦਾ ਹੈ, ਪਰ ਦਿਖਦਾ ਕਿਸੇ ਨੂੰ ਨਹੀਂ। ਉਸ ਦੇ ਇਹ ਅਰਥ ਨਿਆਇ-ਸੰਗਤ ਨਹੀਂ, ਕਿਉਂਕਿ ਦਿਖਦੇ ਤਾਂ ਦੇਵਤੇ ਵੀ ਨਹੀਂ। ਇੱਥੇ ਗੱਲ ਨਾ ਅਕਾਲ ਪੁਰਖ ਦੀ ਹੈ ਤੇ ਨਾ ਹੀ ਉਸ ਦੇ ਅਦਿੱਖ ਹੋਣ ਦੇ ਅਸਚਰਜ ਬਾਬਤ ਹੈ। ਇੱਥੇ ਗੁਰੂ ਸਾਹਿਬ ਇਸ ਗੱਲ ਦੀ ਹੈਰਾਨੀ ਪ੍ਰਗਟ ਕਰ ਰਹੇ ਹਨ ਕਿ ਇਸ ਸਿਧਾਂਤ ਦੇ ਸਮਰਥਕ ਦੇਵਤੇ ਤਾਂ ਦੇਖ ਸਕਦੇ ਹਨ, ਉਨ੍ਹਾਂ ਪਿਛਲੀ ਪਰਮ-ਸਤਿ ਦੀ ਸੱਤਾ ਉਨ੍ਹਾਂ ਨੂੰ ਅਨੁਭਵ ਨਹੀਂ ਕਰ ਸਕਦੇ। ਦਿਖਾਈ ਤਾਂ ਨਾ ਦੇਵਤੇ ਦਿੰਦੇ ਹਨ ਤੇ ਨਾ ਅਕਾਲ ਪੁਰਖ, ਫਿਰ ਇਨ੍ਹਾਂ ਅਧਿਆਤਮਵਾਦੀਆਂ ਨੂੰ ਦੇਵਤਿਆਂ ਦਾ ਕਿਵੇਂ ਪਤਾ ਲੱਗ ਜਾਂਦਾ ਹੈ ਤੇ ਪਰਮ-ਸਤਿ ਦਾ ਕਿਉਂ ਨਹੀਂ! ਸੋ ਮੁੱਦਾ ਅਕਾਲ ਪੁਰਖ ਦੇ ਅਧਭੁਤ ਸੁਭਾਅ ਦਾ ਨਹੀਂ, ਸਗੋਂ ਮੁੱਦਾ ਸਿੱਧਾਂ ਦੇ ਪਖੰਡ ਤੋਂ ਪਰਦਾ ਚੁੱਕਣ ਦਾ ਹੈ। ਇਸ ਟੀਕਾਕਾਰ ਦੀ ਵਿਆਖਿਆ ਵਿਚ ਇਹ ਤਵਾਜਨ ਉਖੜਿਆ ਹੋਇਆ ਹੈ।

ਪਰ ਸਭ ਤੋਂ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਇੱਕਲੇ ਪ੍ਰੋ. ਸਾਹਿਬ ਸਿੰਘ ਹੀ ਇਸ ਤਰ੍ਹਾਂ ਦੀ ਵਿਆਖਿਆ ਨਹੀਂ ਕਰਦੇ, ਸਗੋਂ ਹੋਰ ਸਾਰੇ ਟੀਕਾਕਾਰ ਵੀ ਲਗਭਗ ਇਵੇਂ ਦੀ ਗੱਲ ਕਰਦੇ ਹਨ।

# ਬਲਵੰਤ ਗਾਰਗੀ ਦੀ ਕਹਾਣੀ: ਸੌ ਮੀਲ ਦੌੜ

ਪੰਜਾਬੀ ਖੇਡ ਸਾਹਿਤ 5



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਬਲਵੰਤ ਗਾਰਗੀ ਪੂਰਾ ਡਰਾਮੇਬਾਜ਼ ਸੀ। ਉਸ ਨੇ ਆਪਣੇ ਸਵੈਚਿੱਤਰ ਵਿਚ ਲਿਖਿਆ, "ਗਾਰਗੀ ਪਹਿਲਾ ਲੇਖਕ ਹੈ, ਜਿਸ ਉਤੇ ਸੋਹਣੀਆਂ ਕੁੜੀਆਂ ਨੇ ਇਤਬਾਰ ਕੀਤਾ। ਆਮ ਤੌਰ 'ਤੇ ਪੰਜਾਬੀ ਲੇਖਕ ਤੇ ਸੋਹਣੀ ਕੁੜੀ ਦਾ ਘੱਟ ਹੀ ਮੇਲ ਹੁੰਦਾ ਹੈ। ਪ੍ਰੋਫੈਸਰ ਪ੍ਰੀਤਮ ਸਿੰਘ ਦੀ ਪਾਰਸਾਈ ਤੋਂ, ਸਤਿਆਰਥੀ ਦੀ ਦਾੜ੍ਹੀ ਤੋਂ ਤੇ ਸੇਖੋਂ ਦੇ ਖਿਜ਼ਾਬ ਤੋਂ ਡਰ ਲੱਗਦਾ ਹੈ; ਪਰ ਗਾਰਗੀ ਕੋਲ ਨਾ ਦਾੜ੍ਹੀ ਹੈ, ਨਾ ਖਿਜ਼ਾਬ ਤੇ ਨਾ ਪਾਰਸਾਈ! ਉਹ ਜੁੱਤਾ ਗੰਢਾਉਣ ਗਿਆ ਹੁੰਦਾ ਹੈ ਤੇ ਪਿਛੋਂ ਉਸ ਦੀ ਰਸੋਈ ਵਿਚ ਕੁੜੀਆਂ ਚਾਹ ਬਣਾ ਕੇ ਪੀ ਜਾਂਦੀਆਂ ਹਨ...।"

ਮੈਂ ਉਹਦੇ ਰੇਖਾ-ਚਿੱਤਰ ਵਿਚ ਲਿਖਿਆ, "ਉਸ ਨੇ ਸਾਰੀ ਉਮਰ ਡਰਾਮੇ ਕੀਤੇ। ਡਰਾਮਿਆਂ ਦੇ ਸਿਰ 'ਤੇ ਕਰਜ਼ਨ ਰੋਡ ਦਿੱਲੀ ਦੀ 'ਕੋਠੀ' 'ਤੇ ਕਬਜ਼ਾ ਜਮਾਈ ਰੱਖਿਆ, ਸੋਹਣੀਆਂ ਕੁੜੀਆਂ ਦੀ ਸੰਗਤ ਕੀਤੀ, ਦੇਸ਼-ਵਿਦੇਸ਼ ਡਰਾਮਿਆਂ ਦੇ ਸ਼ੋਅ ਕੀਤੇ, ਸੈਰਾਂ ਕੀਤੀਆਂ, ਅਮਰੀਕਨ ਯੂਨੀਵਰਸਿਟੀ ਦਾ ਵਿਜ਼ਟਿੰਗ ਪ੍ਰੋਫੈਸਰ ਰਿਹਾ, ਅਕੈਡਮੀਆਂ ਦੇ ਅਵਾਰਡ ਲਏ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਥੀਏਟਰ ਵਿਭਾਗ ਦਾ ਮੋਢੀ ਪ੍ਰੋਫੈਸਰ ਬਣਿਆ, ਫਿਲਮੀ ਪਟਕਥਾਵਾਂ ਤੇ ਸੀਰੀਅਲਾਂ ਦਾ ਲੇਖਕ ਬਣ ਕੇ ਫਿਲਮਾਂ ਬਣਾਈਆਂ, ਪੰਜਾਬੀ ਯੂਨੀਵਰਸਿਟੀ ਪਟਿਆਲੇ 'ਚ ਪ੍ਰੋਫੈਸਰ ਆਫ ਐਮੀਨੈਂਸ ਦੀ ਪਦਵੀ ਹਾਸਲ ਕੀਤੀ ਅਤੇ ਆਪਣੇ ਨਾਲੋਂ ਅੱਧੀ ਉਮਰ ਤੇ ਸਵਾਏ ਕੱਦ ਦੀ ਅਮਰੀਕਨ ਕੁੜੀ ਜੀਨੀ ਨਾਲ ਵਿਆਹ ਰਚਾਇਆ। ਜਿਹੜੇ ਉਹਨੂੰ ਪੰਜਾਬੀ ਸਾਹਿਤ ਦਾ ਸਫਲ ਸੇਲਜ਼ਮੈਨ ਕਹਿੰਦੇ ਹਨ, ਉਹ ਵੀ ਸੱਚੇ ਹਨ, ਪਰ ਸੀ ਉਹ ਸਫਲ ਡਰਾਮੇਬਾਜ਼। ਡਰਾਮੇਬਾਜ਼ ਵੀ ਐਸਾ ਕਿ ਛੇਤੀ ਕੀਤਿਆਂ ਪਤਾ ਨਹੀਂ ਸੀ ਲੱਗਣ ਦਿੰਦਾ ਬਈ ਉਹ ਡਰਾਮੇਬਾਜ਼ ਐ!"

ਡਰਾਮੇ ਕਰਦਾ-ਕਰਦਾ ਉਹ ਪੰਜਾਬੀ ਖੇਡ ਸਾਹਿਤ ਵਿਚ ਵੀ ਗਲਪੀ ਰੰਗ ਭਰ ਗਿਆ। ਪੇਸ਼ ਹੈ, 1950ਵਿਆਂ 'ਚ ਲਿਖੀ ਉਹਦੀ ਕਲਾਸਿਕ ਕਹਾਣੀ, 'ਸੌ ਮੀਲ ਦੌੜ':

ਸਾਨੂੰ ਪਤਾ ਨਹੀਂ ਸੀ ਲੱਗਦਾ ਕਿ ਇਕ ਦਿਨ ਵਿਚ ਹੀ ਸਾਰੇ ਪਿੰਡਾਂ ਨੂੰ ਕਿਵੇਂ ਖਬਰ ਕੀਤੀ ਜਾਵੇ ਜੁ ਕੱਲ੍ਹ ਤਰਕਾਲੀਂ ਜਿਲਾ ਕਿਸਾਨ ਕਮੇਟੀ ਦੀ ਮੀਟਿੰਗ ਹੈ। ਨਾ ਕੋਈ ਤਾਰ, ਨਾ ਟੈਲੀਫੋਨ; ਨਾ ਕੋਈ ਮੋਟਰ, ਨਾ ਲਾਰੀ। ਨੇੜੇ ਤੇੜੇ ਦੇ ਪਿੰਡਾਂ ਨੂੰ ਕੋਈ ਸੜਕ ਵੀ ਤੇ ਨਹੀਂ ਸੀ ਜਾਂਦੀ-ਬਸ ਚੁਫੇਰੀ ਰੋਹੀ, ਕੱਕਾ ਰਤਾ ਤੇ ਟਿੱਬੇ ਸਨ।

ਅਸੀਂ ਪ੍ਰੇਸ਼ਾਨ ਸਾਂ ਕਿ ਇਸ ਤੁਰਤ ਮੀਟਿੰਗ ਦੀ ਖਬਰ ਸਾਰੇ ਪਿੰਡਾਂ ਵਿਚ ਕਿਵੇਂ ਘੱਲੀ ਜਾਏ?

ਮੇਰੇ ਆਲੇ-ਦੁਆਲੇ ਸੰਘਣੀਆਂ ਖਰ੍ਹਵੀਆਂ ਦਾੜ੍ਹੀਆਂ ਵਾਲੇ ਜੱਟ ਰੰਗ-ਬਰੰਗੇ ਮੰਡਾਸੇ ਬੰਨ੍ਹੀ ਉੱਚੀ-ਉੱਚੀ ਗੱਲਾਂ ਕਰੀ ਜਾਂਦੇ ਸਨ। ਵੱਖ-ਵੱਖ ਰਾਵਾਂ ਦਾ ਰੌਲਾ ਸੀ।

ਅਚਾਨਕ ਇਕ ਅਵਾਜ਼ ਨੇ ਸਾਨੂੰ ਚੌਂਕਾ ਦਿੱਤਾ, "ਜੀ ਮੈਨੂੰ ਦਿਉ ਇਹ ਪਰਚੀਆਂ, ਮੈਂ ਫੜਾ ਆਉਨੈਂ ਮਿੰਟਾਂ 'ਚ।"

ਵੀਹਾਂ-ਬਾਈਆਂ ਸਾਲਾਂ ਦਾ ਇਕ ਮਸ-ਫੁਟਾ ਗੱਭਰੂ ਸਾਹਮਣੇ ਖੜ੍ਹਾ ਸੀ-ਗਲ ਧੁੱਪਾਂ ਤੇ ਮੀਂਹਾਂ ਨਾਲ ਝੰਮਿਆ ਹੋਇਆ ਝੱਗਾ ਤੇ ਤੇੜ ਟਾਕੀਆਂ ਵਾਲਾ ਗਾਜਰ-ਰੰਗ ਕਛਹਿਰਾ।

"ਤੂੰ ਕਿਹੜੇ ਪਿੰਡ ਫੜਾ ਆਵੇਂਗਾ?" ਮੈਂ ਪੁੱਛਿਆ।

"ਜੀ ਸਾਰੇ ਪਿੰਡਾਂ ਵਿਚ ਈ ਦੇ ਆਵਾਂਗਾ।"

"ਸਾਰੇ ਪਿੰਡਾਂ 'ਚ? ਤੈਨੂੰ ਪਤਾ ਏ ਸਾਡੀ ਮੀਟਿੰਗ ਕੱਲ੍ਹ ਤਰਕਾਲੀਂ ਐ।"

"ਹਾਂ, ਮੈਨੂੰ ਪਤਾ ਐ।" ਉਸ ਆਖਿਆ। "ਰਾਤੋ ਰਾਤ ਮਾਰ ਆਊਂਗਾ ਗੇੜਾ, ਕਿਹੜਾ ਚਿਰ ਲੱਗਦੈ, ਮਸਾਂ ਦਸ-ਬਾਰਾਂ ਤਾਂ ਸਾਰੇ ਪਿੰਡ ਨੇ, ਸੱਠਾਂ ਕੋਹਾਂ ਤੋਂ ਉਤੇ ਵਾਟ ਤਾਂ ਨਹੀਂ ਹੋਣੀ।"

ਮੈਂ ਇਸ ਗੱਭਰੂ ਦੀ ਗੱਲ ਸੁਣ ਕੇ ਹੈਰਾਨ ਹੋਇਆ। ਇਹ ਮਸ਼ਕਰੀ ਤਾਂ ਨਹੀਂ ਕਰ ਰਿਹਾ ਮੇਰੇ ਨਾਲ?

ਮੈਂ ਉਸ ਵੱਲ ਫਿਰ ਤੱਕਿਆ। ਉਸ ਦੇ ਬੁੱਲ੍ਹ ਮੋਟੇ ਸਨ, ਸਿਆੜਾਂ ਵਰਗੇ, ਤੇ ਉਨ੍ਹਾਂ ਬੁੱਲ੍ਹਾਂ ਉਤੇ ਸੁਰਮਈ ਰੰਗ ਦੀਆਂ ਮਸਾਂ ਫੁਟ ਰਹੀਆਂ ਸਨ, ਜੋ ਉਸ ਦੀ ਦਾੜ੍ਹੀ ਦੀ ਨਿੱਕੀ-ਨਿੱਕੀ ਲੂੰ ਵਿਚ ਗੁਆਚ ਗਈਆਂ ਸਨ। ਘੋੜੇ ਦੀਆਂ ਅੱਖਾਂ ਜਿਹੀਆਂ ਤਿਰਛੀਆਂ ਅੱਖਾਂ, ਤੇ ਜੰਗਾਲੇ ਲੋਹੇ ਵਰਗਾ ਰੰਗ। ਪੱਟਾਂ ਉਤੇ ਮੋਰਨੀਆਂ ਖੁਣੀਆਂ ਹੋਈਆਂ। ਸੱਠਾਂ ਕੋਹਾਂ ਦੀ ਵਾਟ ਇਹ ਕੁਝ ਕੁ ਘੰਟਿਆਂ ਵਿਚ ਕਿਵੇਂ ਤੈਅ ਕਰ ਲਵੇਗਾ? ਖੌਰੇ ਇਸ ਨੂੰ ਪਤਾ ਵੀ ਹੈ ਕਿ ਨਹੀਂ ਕਿ ਇਹ ਕੀ ਆਖ ਰਿਹਾ ਹੈ?"

ਇੰਨੇ ਵਿਚ ਬੁੱਢਾ ਇੰਦਰ ਸਿੰਘ ਬੋਲਿਆ, "ਇਹ ਤਾਂ ਆਪਣਾ ਬੂਟਾ ਸਿਹੁੰ ਐ। ਤੁਹਾਨੂੰ ਨਹੀਂ ਪਤਾ? ਸੌ ਮੀਲ ਦੌੜ ਲੈਂਦਾ ਐ ਇਹ ਤਾਂ।"

"ਸੌ ਮੀਲ...!"

ਹਾਂ, ਸੌ ਮੀਲ। ਦੌੜਦਾ ਕਾਹਦਾ ਏ ਬਸ ਹਵਾ ਨੂੰ ਫੱਕਦਾ ਏ।"

ਮੈਨੂੰ ਥੋੜ੍ਹਾ 'ਚਰਜ ਲੱਗਾ।

ਇੰਦਰ ਸਿੰਘ ਨੇ ਮੈਨੂੰ ਪੁੱਛਿਆ, "ਤੂੰ ਇਸ ਤੋਂ ਪਹਿਲਾਂ ਕਦੀ ਨਹੀਂ ਸੁਣਿਆ ਬੂਟਾ ਸਿਹੁੰ ਦਾ ਨਾਂ?"

"ਨਾ, ਕਦੇ ਨਹੀਂ।"

"ਲਓ ਬੂਟਾ ਸਿਹੁੰ ਦੀ ਇਹ ਗੱਲ ਤਾਂ ਸਾਰੇ ਮਸ਼ਹੂਰ ਐ।" ਇੰਦਰ ਸਿੰਘ ਨੇ ਆਖਣਾ ਸ਼ੁਰੂ ਕੀਤਾ, "ਇਹ ਮੇਰੇ ਪਿੰਡੋਂ ਐ, ਸੰਤੇ ਦਾ ਪੁੱਤ। ਇਸ ਦਾ ਪਿਉ ਚੰਬਾ, ਬਿਸਵੇਦਾਰ ਦੇ ਖੇਤ ਦਾ ਰਾਖਾ ਸੀ। ਬੂਟਾ ਏਸੇ ਖੇਤ ਵਿਚ ਜੰਮਿਆ। ਖੇਤ ਦੀ ਨੁੱਕਰੇ ਫੂਸ ਦੀ ਇਕ ਨਿੱਕੀ ਜਿਹੀ ਝੁੱਗੀ ਵਿਚ ਹੀ ਸਾਰਾ ਟੱਬਰ ਰਹਿੰਦਾ ਸੀ। ਚੰਬਾ ਫਸਲ ਨੂੰ ਸੈਹਿਆ ਤੇ ਜੰਗਲੀ ਜਨੌਰਾਂ ਤੋਂ ਬਚਾਉਣ ਲਈ ਰਾਤ ਨੂੰ ਖੱਤੇ ਦੀ ਰਾਖੀ ਕਰਦਾ। ਪੋਹ ਦੀ ਇਕ ਰਾਤ ਨੂੰ ਜਦ ਕੱਕਰ ਜੰਮ ਰਿਹਾ ਸੀ, ਉਸ ਨੂੰ ਠੰਢ ਲੱਗ ਗਈ ਤੇ ਤਿੰਨ ਚਾਰ ਦਿਨਾਂ ਦੇ ਤਾਪ ਚੜ੍ਹਨ ਪਿੱਛੋਂ ਉਹ ਮਰ ਗਿਆ...। ਇਸ ਪਿੱਛੋਂ ਸੰਤੋ ਆਪਣੇ ਪੁੱਤ ਨਾਲ ਖੇਤ ਵਿਚ ਹੀ ਰਹੀ। ਉਸ ਓਡਾਂ ਤੋਂ ਇਕ ਨਿੱਕਾ ਜਿਹਾ ਕਤੂਰਾ ਲੈ ਕੇ ਪਾਲ ਲਿਆ। ਥੋੜ੍ਹੇ ਦਿਨਾਂ ਵਿਚ ਹੀ ਇਹ ਕਤੂਰਾ ਵੱਡੇ ਮੂੰਹ ਵਾਲਾ ਤਕੜਾ ਡੱਬੂ ਕੁੱਤਾ ਨਿਕਲ ਆਇਆ। ਬੂਟਾ ਡੱਬੂ ਨਾਲ ਖੇਡ-ਖੇਡ ਕੇ ਹੀ ਵੱਡਾ ਹੋਇਆ। ਉਹ ਡੱਬੂ ਦੀ ਪੂਛ ਮਰੋੜਦਾ, ਡੱਬੂ ਲੋਟਣੀ ਖਾਂਦਾ ਹੋਇਆ ਚਿਆਊਂ-ਚਿਆਊਂ ਕਰਦਾ ਮਸਤੀ ਵਿਚ ਆ ਕੇ ਛਾਲਾਂ ਮਾਰਦਾ, ਘਚਾਉਣੀਆਂ ਦਿੰਦਾ, ਭੌਂਕਦਾ ਤੇ ਬੂਟੇ ਨਾਲ ਵੱਡੇ ਭਰਾ ਵਾਂਗ ਖੇਡਦਾ। ਦੂਰੋਂ ਗਿੱਦੜਾਂ ਨੂੰ ਦੇਖ ਕੇ ਡੱਬੂ ਦੌੜਦਾ ਤੇ ਮਗਰੇ ਬੂਟਾ। ਕੁਝ ਚਿਰ ਪਿੱਛੋਂ ਬੂਟੇ ਨੂੰ ਇੰਨੀ ਤੱਕ ਹੋ ਗਈ ਕਿ ਉਹ ਸਹੇ ਮਗਰ ਦੌੜ ਕੇ ਉਸ ਨੂੰ ਝਾੜੀਆਂ ਤੇ ਮਲ੍ਹਿਆਂ ਵਿਚੋਂ ਕੱਢ ਲੈਂਦਾ, ਉਸ ਨੂੰ ਘੇਰ ਲੈਂਦਾ, ਛੱਡ ਦਿੰਦਾ ਤੇ ਫਿਰ ਫੜ ਲੈਂਦਾ। ਉਸ ਦੀ ਬਾਲ ਅਵਸਥਾ ਸੈਹਿਆਂ, ਗਿੱਦੜਾਂ ਤੇ ਜੰਗਲੀ ਜਨੌਰਾਂ ਮਗਰ ਨੱਸ-ਨੱਸ ਕੇ ਲੰਘੀ। ਉਹ ਬਿਸਵੇਦਾਰ ਦੇ ਵਛੇਰਿਆਂ ਤੇ ਬਤਾਰੂਆਂ ਮਗਰ ਦੌੜਦਾ ਤੇ ਉਨ੍ਹਾਂ ਤੋਂ ਵੀ ਅੱਗੇ ਨਿਕਲ ਜਾਂਦਾ। ਘੋੜਿਆਂ ਤੇ ਊਠਾਂ ਮਗਰ ਦੌੜਦਾ-ਦੌੜਦਾ ਬੂਟਾ ਜੁਆਨ ਹੋਇਆ। ਸੈਹਾ ਵੱਧ ਤੋਂ ਵੱਧ ਚਾਰ ਕੋਹ ਦੌੜ ਸਕਦਾ ਐ, ਗਿੱਦੜ ਅੱਠ ਕੋਹ, ਘੋੜਾ ਚਾਲੀ ਕੋਹ ਤੇ ਤਿੱਖੀ ਤੋਂ ਤਿੱਖੀ ਊਠਣੀ ਪੰਜਾਹ ਕੋਹ ਤੋਂ ਵੱਧ ਨਹੀਂ ਟੱਪਦੀ; ਪਰ ਬੂਟਾ ਸੌ ਮੀਲ ਦੌੜ ਸਕਦਾ ਐ, ਇਕੋ ਸਾਹ।"

"ਕਿੰਨੇ ਚਿਰ ਵਿਚ?"

"ਬਸ ਬਾਰਾਂ ਘੰਟਿਆਂ 'ਚ।" ਉਸ ਆਖਿਆ, "ਊਠ ਤੇ ਘੋੜਾ ਇਸ ਤੋਂ ਤਿੱਖੇ ਭਾਵੇਂ ਦੌੜ ਲੈਣ, ਪਰ ਬੂਟੇ ਵਾਂਗ ਇਕੋ ਸਾਹ ਸੌ ਮੀਲ ਨਹੀਂ ਦੌੜ ਸਕਦੇ।"

ਮੈਂ ਬੂਟੇ ਵੱਲ ਗਹੁ ਨਾਲ ਤੱਕਿਆ। ਇਸ ਅਜੀਬ ਇਨਸਾਨ ਵੱਲ, ਜਿਸ ਦੀਆਂ ਅੱਖਾਂ ਘੋੜੇ ਜਿਹੀਆਂ ਸਨ ਤੇ ਮੂੰਹ ਉਤੇ ਜਨੌਰਾਂ ਜਿਹੀ ਅੱਲ੍ਹੜ ਖੁਸ਼ੀ ਦਾ ਝੌਲਾ ਸੀ। ਉਸ ਦੇ ਸਿਆੜਾਂ ਵਰਗੇ ਬੁੱਲ੍ਹ ਲਿਸ਼ਕ ਰਹੇ ਸਨ। ਉਸ ਦੇ ਪੱਟਾਂ ਦੀਆਂ ਮੱਛੀਆਂ ਤੇ ਪਿੰਜਣੀਆਂ ਵਿਚਕਾਰ ਉਸ ਦੇ ਢਾਲ ਵਰਗੇ ਗੋਡੇ ਜੜੇ ਹੋਏ ਸਨ। ਉਸ ਦੇ ਢਾਲ ਵਰਗੇ ਇਹ ਗੋਡੇ ਮੈਨੂੰ ਬੜੇ ਅਜੀਬ-ਅਜੀਬ ਲੱਗੇ।


ਇੰਦਰ ਸਿੰਘ ਨੇ ਮੈਨੂੰ ਸੋਚੀਂ ਪਏ ਨੂੰ ਤੱਕ ਕੇ ਆਖਿਆ, "ਜੇ ਤੁਹਾਨੂੰ ਮੇਰੀ ਗੱਲ 'ਤੇ ਇਤਬਾਰ ਨਹੀਂ ਤਾਂ ਭਾਵੇਂ ਪਰਤਿਆ ਲਓ। ਤੁਸੀਂ ਇਹ ਸਾਰੀਆਂ ਪਰਚੀਆਂ ਏਸ ਨੂੰ ਫੜਾਓ, ਕੱਲ੍ਹ ਤੀਕ ਸਾਰੇ ਪਿੰਡਾਂ ਵਿਚ ਵੰਡ ਆਊ।"

ਉਸ ਸਾਰੀਆਂ ਚਿੱਠੀਆਂ ਬੂਟੇ ਨੂੰ ਫੜਾਈਆਂ ਤੇ ਸਾਰੇ ਪਿੰਡਾਂ ਦੇ ਨਾਂ-ਪਤੇ ਤੇ ਥਹੁ-ਟਿਕਾਣੇ ਦੱਸ ਕੇ ਉਸ ਨੂੰ ਆਖਿਆ, "ਬੂਟਿਆ, ਇਹ ਪਰਚੀਆਂ ਸਾਰੇ ਪਿੰਡੀਂ ਵੰਡ ਆਵੀਂ। ਜਾ ਮੇਰਾ ਬੱਗਾ ਸ਼ੇਰ, ਖੁਰੀ ਕਰ ਜਾ।"

ਦੂਜੇ ਦਿਨ ਬਾਰਾਂ ਦੇ ਬਾਰਾਂ ਪਿੰਡਾਂ ਦੇ ਸਕੱਤਰ ਤਰਕਾਲੀਂ ਐਨ ਵੇਲੇ ਸਿਰ ਮੀਟਿੰਗ ਲਈ ਪੁੱਜ ਗਏ। ਮੈਂ ਸਭਨਾਂ ਨੂੰ ਵਾਰੀ-ਵਾਰੀ ਪੁੱਛਿਆ, "ਤੁਹਾਡੇ ਕੋਲ ਸੱਦਾ ਲੈ ਕੇ ਕੌਣ ਗਿਆ ਸੀ?"

ਸਭਨਾਂ ਨੇ ਇਕੋ ਉੱਤਰ ਦਿੱਤਾ, "ਬੂਟਾ ਸਿਹੁੰ।"

ਮੀਟਿੰਗ ਪਿੱਛੋਂ ਮੈਂ ਬੂਟੇ ਨੂੰ ਮਿਲਿਆ। ਲਾਲ ਚੰਦ ਵਕੀਲ, ਜਿਸ ਨੇ ਮੁਜਾਰਿਆਂ ਦੇ ਕਈ ਮੁਕੱਦਮੇ ਬਿਨਾ ਫੀਸ ਲੜੇ ਸਨ; ਹੈਡ ਮਾਸਟਰ ਨੱਥੂ ਰਾਮ, ਜੋ ਆਪਣੇ ਜ਼ਮਾਨੇ ਵਿਚ ਕ੍ਰਿਕਟ ਦਾ ਬਹੁਤ ਚੰਗਾ ਖਿਲਾੜੀ ਸੀ; ਅਜਮੇਰ ਸਿੰਘ ਰੀਟਾਇਰਡ ਜੱਜ ਅਤੇ ਕਸਬੇ ਦੇ ਦੋ ਤਿੰਨ ਹੋਰ ਮੋਹਤਬਰ ਆਦਮੀ ਇਕੱਠੇ ਹੋ ਗਏ ਤੇ ਬੂਟਾ ਸਿਹੁੰ ਨਾਲ ਗੱਲਾਂ ਕਰਨ ਲੱਗੇ। ਅਸੀਂ ਉਸ ਦੀ ਫੁਰਤੀ ਤੇ ਸ਼ਕਤੀ ਉਤੇ ਹੈਰਾਨ ਖੜ੍ਹੇ ਸਾਂ ਤੇ ਸਾਨੂੰ ਇਸ ਗੱਲ ਦਾ ਦੁੱਖ ਹੋ ਰਿਹਾ ਸੀ ਕਿ ਇੰਨੇ ਅਚੰਭੇ ਭਰੇ ਤੇ ਵਚਿੱਤਰ ਦੌੜਨ ਵਾਲੇ ਨੂੰ ਉਸ ਦੇ ਪਿੰਡ ਤੋਂ ਬਾਹਰ ਕੋਈ ਨਹੀਂ ਸੀ ਜਾਣਦਾ।



ਇਕ ਚਿੱਤਰਕਾਰ ਦੀਆਂ ਨਜ਼ਰਾਂ ਵਿਚ ਬਲਵੰਤ ਗਾਰਗੀ

ਬੁੱਢੇ ਹੈਡਮਾਸਟਰ ਨੇ ਹੌਕਾ ਭਰ ਕੇ ਆਖਿਆ, "ਦੁਨੀਆਂ ਵਿਚ ਸਭ ਤੋਂ ਲੰਬੀ ਦੌੜ ਅੱਜਕੱਲ੍ਹ ਵੱਧ ਤੋਂ ਵੱਧ ਪੱਚੀ ਮੀਲ ਹੈ ਤੇ ਏਥੇ ਸਾਡੇ ਕੋਲ ਬੂਟਾ ਸਿੰਘ ਖੜ੍ਹਾ ਹੈ, ਜੋ ਸੌ ਮੀਲ ਦੌੜ ਲੈਂਦਾ ਹੈ।"

ਜੱਜ ਨੇ ਆਖਿਆ, "ਜੇ ਬੂਟੇ ਨੂੰ ਕਦੇ ਲੰਡਨ ਜਾਣ ਦਾ ਮੌਕਾ ਮਿਲੇ ਤਾਂ ਇਸ ਦਾ ਨਿੱਕਾ ਜਿਹਾ ਪਿੰਡ ਦੁਨੀਆਂ ਦੇ ਨਕਸ਼ੇ ਉਤੇ ਲਿਸ਼ਕਣ ਲੱਗ ਪਏ।"

ਲਾਲ ਚੰਦ ਵਕੀਲ ਨੇ ਆਖਿਆ, "ਸਾਡੇ ਦੇਸ਼ ਵਿਚ ਬੜੇ-ਬੜੇ ਤਾਰੂ, ਦੌੜਾਂ ਵਾਲੇ, ਘੁਲਣ ਵਾਲੇ ਤੇ ਸ਼ਿਕਾਰ ਖੇਡਣ ਵਾਲੇ ਬਹਾਦਰ ਪਏ ਹਨ, ਪਰ ਸੱਭੇ ਅਣਪੜ੍ਹ ਤੇ ਗਰੀਬ ਹੋਣ ਕਰਕੇ ਏਥੇ ਹੀ ਰਹਿ ਜਾਂਦੇ ਹਨ।"

ਜੱਜ ਨੇ ਸੋਚ ਕੇ ਆਖਿਆ, "ਜੇ ਬੂਟਾ ਸੌ ਮੀਲ ਦੌੜ ਸਕਦਾ ਹੈ ਤਾਂ ਦੁਨੀਆਂ ਭਰ ਦੀ ਸ਼ੋਹਰਤ ਹਾਸਲ ਕਰਨ ਤੋਂ ਇਸ ਨੂੰ ਕੋਈ ਤਾਕਤ ਰੋਕ ਨਹੀਂ ਸਕਦੀ।"

ਇਕ ਬੁੱਢੇ ਹਵਾਲਦਾਰ ਨੇ ਆਖਿਆ, "ਮਹਾਰਾਜਾ ਪਟਿਆਲਾ ਕ੍ਰਿਕਟ ਤੇ ਖੇਡਾਂ ਦੇ ਬਹੁਤ ਸ਼ੁਕੀਨ ਹਨ। ਉਨ੍ਹਾਂ ਦੀ ਫੌਜ ਵਿਚ ਮਾਮੂਲੀ-ਮਾਮੂਲੀ ਆਦਮੀ, ਜੋ ਰਤਾ ਚੰਗੇ ਖਿਡਾਰੀ ਸਨ, ਹੁਣ ਕਪਤਾਨ ਤੇ ਮੇਜਰ ਬਣੇ ਬੈਠੇ ਹਨ। ਜੇ ਅਸੀਂ ਕਿਸੇ ਤਰ੍ਹਾਂ ਬੂਟਾ ਸਿਹੁੰ ਦੀ ਗੱਲ ਉਨ੍ਹਾਂ ਦੇ ਕੰਨੀਂ ਪਹੁੰਚਾ ਦੇਈਏ ਤਾਂ ਉਹ ਜ਼ਰੂਰੀ ਬੂਟਾ ਸਿਹੁੰ ਨੂੰ ਵਲੈਤ ਘੱਲ ਦੇਣ।"

ਇਕ ਚਲਾਕ ਅਰਜ਼ੀ-ਨਵੀਸ ਬੋਲਿਆ, "ਕਿਸੇ ਵੇਖਿਆ ਵੀ ਐ ਬੂਟੇ ਨੂੰ ਸੌ ਮੀਲ ਦੌੜਦਿਆਂ ਕਿ ਸਭੇ ਸੁਣੀ-ਸੁਣਾਈ ਉਤੇ ਸਲਾਹਾਂ ਪਕਾਈ ਜਾਂਦੇ ਹੋ।"

ਇਕ ਗੰਜੇ ਬਾਣੀਏ ਨੇ ਬੂਟੇ ਵੱਲ ਗਹੁ ਨਾਲ ਵੇਖਿਆ ਤੇ ਸਿਰ ਹਿਲਾ ਕੇ ਆਖਿਆ, "ਜੱਟਾਂ ਨੂੰ ਥਾਂ ਤੇ ਵਿੱਥ ਦਾ ਹਿਸਾਬ ਰਤਾ ਘੱਟ ਹੀ ਆਉਂਦਾ ਹੈ। ਜੇ ਇਹ ਪੱਚੀ-ਤੀਹ ਮੀਲ ਦੌੜ ਲਵੇ ਤਾਂ ਜੱਟਾਂ ਨੇ ਤਾਂ ਏਸੇ ਨੂੰ ਸੌ ਕੋਹ ਦੱਸਣਾ ਏ।"

ਹੈਡਮਾਸਟਰ ਨੇ ਸਿਆਣਪ ਨਾਲ ਸਲਾਹ ਦਿੱਤੀ, "ਜੇ ਤੁਸੀਂ ਇਸੇ ਦੁਬਿਧਾ ਵਿਚ ਪਏ ਹੋ ਤਾਂ ਕਿਉਂ ਨਾ ਪਹਿਲਾਂ ਏਥੇ ਈ ਏਸ ਦੀ ਦੌੜ ਕਰਾ ਦੇਈਏ? ਏਸ ਨਾਲ ਸ਼ੈਤ ਕੁਝ ਰੁਪਈਆ ਵੀ ਇਕੱਠਾ ਹੋ ਜਾਏ। ਵੱਡੀ ਚਰਾਂਦ ਦਾ ਘੇਰਾ ਪੂਰੇ ਚਾਰ ਸੌ ਚਾਲੀ ਗਜ਼ ਹੈ। ਜੇ ਬੂਟਾ ਸਿਹੁੰ ਇਸ ਦੇ ਚਾਰ ਸੌ ਚੱਕਰ ਕੱਢ ਲਵੇ ਤਾਂ ਸੌ ਮੀਲ ਹੋ ਜਾਵੇਗਾ। ਨਾਲੇ ਅਸੀਂ ਸਾਰੇ ਤੱਕ ਵੀ ਸਕਾਂਗੇ। ਇਸ ਪਿੱਛੋਂ ਫਿਰ ਉਸ ਦੀ ਅੱਗੇ ਤਰੱਕੀ ਬਾਰੇ ਵੀ ਸੋਚ ਸਕਦੇ ਹਾਂ।"

ਇਹ ਰਾਏ ਸਭਨਾਂ ਨੂੰ ਪਸੰਦ ਆਈ।

ਮੈਂ ਬੂਟੇ ਨੂੰ ਵੱਡੀ ਚਰਾਂਦ ਵਿਚ ਦੌੜਨ ਬਾਰੇ ਪੁੱਛਿਆ। ਉਸ ਆਪਣੀਆਂ ਅੱਖਾਂ ਝਪਕੀਆਂ ਤੇ ਸਿਰਫ ਇਹੋ ਕਿਹਾ, "ਜਿਵੇਂ ਆਖੋ।"

ਮਾੜੂ ਨੇ ਸਾਰੇ ਪਿੰਡ ਵਿਚ ਡੌਂਡੀ ਪਿੱਟੀ ਤੇ ਆਖਿਆ, "ਐਤਵਾਰ ਨੂੰ ਸਵੇਰੇ ਸੱਤ ਵਜੇ ਬੂਟਾ ਸਿਹੁੰ ਦੀ ਸੌ ਮੀਲ ਦੌੜ ਹੋਵੇਗੀ। ਪਿੰਡ ਦੇ ਸਾਰੇ ਲੋਕ ਵੱਡੀ ਚਰਾਂਦ ਵਿਚ ਇਹ ਦੌੜ ਵੇਖਣ ਲਈ ਆਉਣ-ਡਮ! ਡਮ! ਡਮ!

ਐਤਵਾਰ ਨੂੰ ਤੜਕੇ ਹੀ ਵੱਡੀ ਚਰਾਂਦ ਵਿਚ ਬੂਟਾ ਸਿਹੁੰ ਦੀ ਦੌੜ ਵੇਖਣ ਲਈ ਤਹਿਸੀਲ ਦੇ ਚਪੜਾਸੀ ਨੇ ਕਲੀ ਧੂੜ ਕੇ ਦੌੜਨ ਵਾਲੀ ਥਾਂ ਨਿਸ਼ਾਨ ਲਾ ਦਿੱਤੇ। ਚੁੰਗੀ ਦਾ ਦਾਰੋਗਾ ਇਕ ਪਾਸੇ ਬੂਟਾ ਸਿਹੁੰ ਦੇ ਚੱਕਰ ਗਿਣਨ ਉਤੇ ਬੈਠਾ ਸੀ। ਬੂਟੇ ਦੇ ਤੇੜ ਕਛਹਿਰਾ ਤੇ ਘਸਮੈਲੇ ਰੰਗ ਦਾ ਝੱਗਾ ਸੀ। ਸਿਰ ਉਤੇ ਲੰਬੇ ਕਾਲੇ ਵਾਲਾਂ ਦਾ ਜੂੜਾ ਕਰ ਕੇ ਇਸ ਦੁਆਲੇ ਉਸ ਨੇ ਕੇਸਰੀ ਰੁਮਾਲ ਬੰਨ੍ਹਿਆ ਹੋਇਆ ਸੀ।

ਸੱਤ ਵਜੇ ਹੈਡਮਾਸਟਰ ਨੱਥੂ ਰਾਮ ਨੇ, ਜੋ ਰੈਫਰੀ ਬਣਿਆ ਖੜ੍ਹਾ ਸੀ, ਸੀਟੀ ਵਜਾਈ ਤੇ ਬੂਟੇ ਨੇ ਦੌੜਨਾ ਸ਼ੁਰੂ ਕੀਤਾ।

ਲੋਕ ਅੱਠ ਵਜੇ ਤਕ ਆਉਂਦੇ ਰਹੇ। ਨੱਥੂ ਰਾਮ ਹੈਡਮਾਸਟਰ ਬੈਠਾ ਬੂਟੇ ਨੂੰ ਦੌੜਦਾ ਤੱਕਦਾ ਰਿਹਾ। ਬੂਟਾ ਇਕੋ ਸਾਹ, ਇਕੋ ਰਫਤਾਰ ਨਾਲ ਮੂੰਹ ਮੀਚੀ ਮਸ਼ੀਨ ਵਾਂਗ ਚਰਾਂਦ ਦੇ ਆਲੇ-ਦੁਆਲੇ ਦੌੜ ਰਿਹਾ ਸੀ। ਤੀਵੀਂਆਂ ਘੱਗਰੀਆਂ ਫੜਕਾਉਂਦੀਆਂ ਹੋਈਆਂ ਆਈਆਂ ਤੇ ਚਰਾਂਦ ਦੀ ਵੱਟ ਉਤੇ ਬੈਠ ਗਈਆਂ। ਉਹ ਸੰਗ-ਸਿਆਪੇ, ਵਿਆਹ-ਸ਼ਾਦੀਆਂ ਤੇ ਸਾਕ-ਸਕੀਰੀਆਂ ਦੀਆਂ ਚੁਗਲੀਆਂ ਵੀ ਕਰਦੀਆਂ ਰਹੀਆਂ ਤੇ ਬੂਟਾ ਸਿੰਘ ਨੂੰ ਲਾਟੂ ਵਾਂਗ ਘੁੰਮਦਾ ਵੀ ਤੱਕਦੀਆਂ ਰਹੀਆਂ।

ਦੁਪਹਿਰੇ ਬੂਟੇ ਨੇ ਅੱਧੇ ਘੰਟੇ ਲਈ ਸਾਹ ਲੀਤਾ। ਉਸ ਨੇ ਸੇਰ ਪੱਕਾ ਦੁੱਧ ਪੀਤਾ, ਆਪਣਾ ਝੱਗਾ ਤੇ ਕਛਹਿਰਾ, ਜੋ ਮੁੜ੍ਹਕੇ ਨਾਲ ਭਿੱਜ ਕੇ ਉਸ ਦੇ ਸਰੀਰ ਨਾਲ ਚੰਬੜ ਗਏ ਸਨ, ਬਦਲੇ, ਵਾਲਾਂ ਨੂੰ ਕੰਘਾ ਕਰ ਕੇ ਮੁੜ ਜੂੜਾ ਕੀਤਾ ਤੇ ਰੁਮਾਲ ਬੰਨ੍ਹ ਕੇ ਫਿਰ ਦੌੜਨ ਲੱਗਾ।

ਤਰਕਾਲਾਂ ਤੀਕ ਉਹ ਏਸੇ ਤਰ੍ਹਾਂ ਦੌੜਦਾ ਰਿਹਾ। ਸਾਢੇ ਛੇ ਵਜੇ ਨਿਯਤ ਵੇਲੇ ਤੋਂ ਅੱਧਾ ਘੰਟਾ ਪਹਿਲਾਂ ਹੀ, ਉਸ ਚਰਾਂਦ ਦੇ ਚਾਰ ਸੌ ਗੇੜੇ ਪੂਰੇ ਕਰ ਦਿੱਤੇ। ਉਸ ਵੇਲੇ ਸੂਰਜ ਡੁੱਬ ਰਿਹਾ ਸੀ। ਸੂਰਜ ਦੀ ਨਿਘਰਦੀ ਲਾਲੀ ਵਿਚ ਬੂਟੇ ਦੇ ਖਿਲਰੇ ਵਾਲਾਂ ਦੀਆਂ ਜਟੂਰੀਆਂ ਸੂਹੇ ਖੰਭਾਂ ਵਾਂਗ ਜਾਪਦੀਆਂ ਸਨ। ਉਸ ਦੀ ਛਾਤੀ ਧੌਂਕਣੀ ਵਾਂਗ ਚੱਲ ਰਹੀ ਸੀ ਤੇ ਉਸ ਦੇ ਕੈਂਹ ਵਰਗੇ ਸਰੀਰ ਉਤੇ ਮੁੜ੍ਹਕੇ ਦੀਆਂ ਤਤ੍ਹੀਰੀਆਂ ਵਗ ਰਹੀਆਂ ਸਨ।

ਜਦ ਉਸ ਦੌੜ ਖਤਮ ਕੀਤੀ ਤਾਂ ਲੋਕਾਂ ਨੇ ਨਾਅਰਿਆਂ ਨਾਲ ਉਸ ਦਾ ਸਵਾਗਤ ਕੀਤਾ ਤੇ ਉਸ ਨੂੰ ਮੋਢਿਆਂ ਉਤੇ ਚੁੱਕ ਕੇ ਸਾਰੇ ਪਿੰਡ ਵਿਚ ਉਸ ਦਾ ਜਲੂਸ ਕੱਢਿਆ। ਬੂਟੇ ਨੇ ਸਭ ਲੋਕਾਂ ਅੱਗੇ ਮੱਥਾ ਨਿਵਾ ਕੇ ਆਖਿਆ, "ਇਹ ਸਭ ਵਾਹਿਗੁਰੂ ਦੀ ਕਿਰਪਾ ਐ। ਉਸੇ ਦੀ ਮਿਹਰ ਮੇਰੀਆਂ ਹੱਡੀਆਂ ਵਿਚ ਦੌੜਦੀ ਐ। ਏਸੇ ਕਰਕੇ ਮੈਂ ਸੌ ਮੀਲ ਦੌੜ ਸਕਿਐਂ। ਜੇ ਕਿਤੇ ਇਕ ਵਾਰੀ ਮੈਨੂੰ ਕੋਈ ਲੰਡਨ ਭੇਜ ਦੇਵੇ ਤਾਂ ਦੌੜ ਵਾਲੀ ਤਾਂ 'ਕੇਰਾਂ ਠਿੱਪੀ ਲਾ ਆਵਾਂ।"

ਅਸੀਂ ਬੂਟੇ ਦੀ ਖਬਰ ਉਰਦੂ ਤੇ ਪੰਜਾਬੀ ਦੇ ਅਖਬਾਰਾਂ ਵਿਚ ਘੱਲ ਦਿੱਤੀ ਤੇ ਮਹਾਰਾਜੇ ਪਟਿਆਲੇ ਨਾਲ ਉਸ ਦੀ ਮੁਲਕਾਤ ਕਰਾਉਣ ਦੇ ਹੀਲੇ ਸੋਚਣ ਲੱਗੇ।

ਤੀਜੇ ਦਿਨ ਪਿੰਡੋਂ ਬੂਟੇ ਦੀ ਮਾਂ ਆ ਗਈ। ਉਹ ਸੱਠਾਂ ਵਰ੍ਹਿਆਂ ਦੀ ਤਗੜੀ ਚੌੜੀ ਚੱਘੀ ਜੱਟੀ ਸੀ। ਉਸ ਦੇ ਬੁੱਲ੍ਹ ਬੂਟੇ ਦੇ ਬੁੱਲ੍ਹਾਂ ਵਰਗੇ ਰਤਾ ਮੋਟੇ ਸਨ ਤੇ ਅੱਖਾਂ ਅੱਗੇ ਗਿਜ-ਗਿਜ ਕਰਦੀ ਇਕ ਝਿੱਲੀ ਜਿਹੀ ਹਿੱਲ ਰਹੀ ਸੀ। ਉਹ ਬੂਟੇ ਨੂੰ ਲੈਣ ਆਈ ਸੀ। ਅਸੀਂ ਉਸ ਨੂੰ ਇਸ ਗੱਲ ਦਾ ਬੜਾ ਯਕੀਨ ਦਿਵਾਇਆ ਕਿ ਉਹ ਬੜੀ ਭਾਗਾਂ ਵਾਲੀ ਹੈ ਤੇ ਬੂਟਾ ਛੇਤੀ ਹੀ ਸਾਰੀ ਦੁਨੀਆਂ ਵਿਚ ਮਸ਼ਹੂਰ ਹੋ ਜਾਵੇਗਾ; ਪਰ ਉਸ ਨੂੰ ਸਾਡੀਆਂ ਗੱਲਾਂ ਉਤੇ ਯਕੀਨ ਨਾ ਆਇਆ। ਉਸ ਆਖਿਆ, "ਮੈਂ ਹੁਣ ਬੁੱਢੇ ਵਾਰੇ ਖੇਤ ਦੀ ਰਾਖੀ ਕਿਵੇਂ ਕਰਾਂ, ਮੈਥੋਂ ਗਿੱਦੜ ਤੇ ਸਹੇ ਨਹੀਂ ਹਟਾ ਹੁੰਦਾ। ਡੱਬੂ, ਚਿਰ ਹੋਇਆ, ਮਰ ਗਿਆ। ਬਸ ਮੇਰੇ ਕੋਲ ਮੇਰੇ ਪੁੱਤ ਬਾਝੋਂ ਹੋਰ ਕੋਈ ਨਹੀਂ। ਮੈਂ ਬੂਟੇ ਬਿਨਾ ਨਹੀਂ ਰਹਿ ਸਕਦੀ। ਮੈਂ ਜ਼ਰੂਰ ਉਸ ਨੂੰ ਆਪਣੇ ਨਾਲ ਲੈ ਕੇ ਜਾਊਂਗੀ।"

ਅਸੀਂ ਉਸ ਨੂੰ ਆਖਿਆ, "ਬੇਬੇ, ਧੰਨ ਭਾਗ ਤੇਰੀ ਕੁੱਖ ਦੇ ਜਿਸ ਬੂਟੇ ਜਿਹਾ ਪੁੱਤ ਜੰਮਿਆ। ਬੂਟਾ ਤਾਂ ਦੁਨੀਆਂ ਵਿਚ ਤੇਰੇ ਨਾਂ ਦੀ ਧੁੰਮ ਪਾ ਦੇਵੇਗਾ। ਤੂੰ ਉਸ ਨੂੰ ਪਿੰਡ ਵਿਚ ਇਕ ਝੁੱਗੀ ਵਿਚ ਲੁਕੋਈ ਬੈਠੀ ਏਂ। ਉਸ ਦੀ ਥਾਂ ਪਿੰਡ ਵਿਚ ਨਹੀਂ, ਸਗੋਂ ਸ਼ਹਿਰ ਹੈ। ਦੁਨੀਆਂ ਨੂੰ ਛੇਕੜ ਉਸ ਦਾ ਪਤਾ ਲੱਗਣਾ ਚਾਹੀਦਾ ਹੈ। ਤੇਰੀ ਕੁੱਛੜ ਬੈਠਾ ਰਿਹਾ ਤਾਂ ਕਿਸੇ ਨੂੰ ਕੀ ਪਤਾ ਲੱਗੇਗਾ ਕਿ ਇੰਨਾ ਸੂਰਬੀਰ ਤੇ ਬਹਾਦਰ ਦੌੜਨ ਵਾਲਾ ਐ ਤੇਰਾ ਪੁੱਤ। ਤੂੰ ਐਵੇਂ ਰੱਟਾ ਪਾ ਕੇ ਉਸ ਨੂੰ ਨਾਲ ਨਾ ਲੈ ਜਾਵੀਂ। ਐਵੇਂ ਮੂਰਖਪੁਣਾ ਨਾ ਕਰ। ਬੂਟੇ ਨੂੰ ਸਾਡੇ ਕੋਲ ਛੱਡ ਜਾਹ।"

ਉਸ ਨੇ ਸਾਡੀਆਂ ਗੱਲਾਂ ਸੁਣੀਆਂ ਅਣਸੁਣੀਆਂ ਕਰ ਕੇ ਆਖਿਆ, "ਮੈਂ ਆਪਣੇ ਪੁੱਤ ਬਾਝੋਂ ਨਹੀਂ ਰਹਿ ਸਕਦੀ। ਮੈਨੂੰ ਨਹੀਂ ਲੋੜ ਹੋਰ ਚੀਜ਼ਾਂ ਦੀ। ਸੁੱਖ ਨਾਲ ਮੇਰਾ ਬੱਗਾ ਸ਼ੇਰ ਜਿਉਂਦਾ ਰਹੇ। ਮੈਂ ਤਾਂ ਇਸ ਨੂੰ ਆਪਣੇ ਨਾਲ ਈ ਲੈ ਕੇ ਜਾਊਂਗੀ।"

ਪਰ ਜਦੋਂ ਜੱਜ ਨੇ ਉਸ ਨੂੰ ਸਮਝਾਇਆ ਕਿ ਮਹਾਰਾਜਾ ਪਟਿਆਲਾ ਨਾਲ ਬੂਟੇ ਦੀ ਮੁਲਾਕਾਤ ਦਾ ਪ੍ਰਬੰਧ ਹੋ ਰਿਹਾ ਹੈ ਤੇ ਬੂਟਾ ਸੱਚ-ਮੁੱਚ ਹੀ ਦੁਨੀਆਂ ਵਿਚ ਨਾਂ ਖੱਟੇਗਾ ਤਾਂ ਬੁੱਢੀ ਬੂਟੇ ਨੂੰ ਪਿੱਛੇ ਛੱਡ ਜਾਣ ਉਤੇ ਰਾਜ਼ੀ ਹੋ ਗਈ।

ਬੂਟੇ ਨੇ ਆਖਿਆ, "ਬੇਬੇ, ਤੂੰ ਸੰਸਾ ਨਾ ਲਾ। ਛੇਤੀ ਈ ਮੈਂ ਸਮੁੰਦਰ ਪਾਰ ਜਾਊਂਗਾ ਤੇ ਲੰਡਨ 'ਚ ਜਾ ਕੇ ਸੌ ਮੀਲ ਦੌੜੂੰਗਾ, ਫਿਰ ਸਾਰੀ ਦੁਨੀਆਂ ਤੇਰੇ ਪੁੱਤ ਨੂੰ ਮੰਨੇਗੀ। ਫਿਰ ਆਪਣੇ ਕੋਲ ਰੁਪਈਏ ਹੀ ਰੁਪਈਏ ਹੋ ਜਾਣਗੇ। ਤੂੰ ਫਿਕਰ ਨਾ ਕਰ, ਤੇਰੇ ਵਾਲੇ ਸਾਰੇ ਦੁੱਖ ਤੋੜ ਦਿਊਂਗਾ। ਇਕ ਵਾਰੀ ਤੂੰ ਮੈਨੂੰ ਲੰਡਨ ਜਾ ਲੈਣ ਦੇਹ।"

ਦੂਜੇ ਦਿਨ ਉਹ ਆਪਣੇ ਪੁੱਤ ਨੂੰ ਛੱਡ ਕੇ ਪਿੰਡ ਚਲੀ ਗਈ।


ਅਸੀਂ ਬੂਟੇ ਲਈ ਥੋੜ੍ਹੇ ਜਿਹੇ ਪੈਸੇ 'ਕੱਠੇ ਕੀਤੇ ਤਾਂ ਜੋ ਉਹ ਕੁਝ ਦਿਨ ਸਾਡੇ ਕੋਲ ਰਹਿ ਕੇ ਪਟਿਆਲੇ ਜਾਣ-ਆਉਣ ਦਾ ਪ੍ਰਬੰਧ ਕਰ ਸਕੇ। ਉਹ ਕੁਝ ਦਿਨ ਜੱਜ ਦੇ ਘਰ ਰਿਹਾ। ਜੱਜ ਦਾ ਬੰਗਲਾ ਆਬਾਦੀ ਤੋਂ ਬਾਹਰ ਬਾਜਰੇ ਦੇ ਖੇਤਾਂ ਦੀ ਜੂਹ ਨਾਲ ਲੱਗਦਾ ਸੀ। ਜੱਜ ਤੇ ਉਸ ਦੇ ਮਿੱਤਰ ਦੁਪਹਿਰਾਂ ਪਿੱਛੋਂ ਅੰਦਰ ਕਮਰੇ ਵਿਚ ਬੈਠ ਕੇ ਤਾਸ਼ ਖੇਡਦੇ ਤੇ ਬੂਟਾ ਬਾਹਰ ਬਰਾਂਡੇ ਵਿਚ ਆਪਣੇ ਖਿਆਲਾਂ ਵਿਚ ਡੁੱਬਿਆ ਇਕੱਲਾ ਬੈਠਾ ਰਹਿੰਦਾ। ਅਸੀਂ ਦੋ ਚਿੱਠੀਆਂ ਘੱਲੀਆਂ ਸਨ, ਇਕ ਪਟਿਆਲੇ ਵਿਚ ਖੇਡਾਂ ਦੇ ਵੱਡੇ ਅਫਸਰ ਨੂੰ ਤੇ ਦੂਜੀ ਮਹਾਰਾਜੇ ਨੂੰ। ਇਨ੍ਹਾਂ ਚਿੱਠੀਆਂ ਦੀ ਉਡੀਕ ਵਿਚ ਬੈਠੇ ਅਸੀਂ ਬੂਟੇ ਲਈ ਹੋਰ ਕੋਈ ਪ੍ਰੋਗਰਾਮ ਨਹੀਂ ਸਾਂ ਬਣਾ ਸਕਦੇ।

ਸਵੇਰੇ-ਸਵੇਰੇ ਬੂਟਾ ਲੰਮੀਆਂ-ਲੰਮੀਆਂ ਤੇ ਤਿਰਛੀਆਂ ਪੁਲਾਂਘਾ ਭਰਦਾ ਹੋਇਆ ਡਾਕਖਾਨੇ ਜਾ ਕੇ ਜੱਜ ਦੀ ਚਿੱਠੀ-ਪੱਤਰੀ ਲੈ ਕੇ ਆਉਂਦਾ। ਫਿਰ ਦੁਪਹਿਰਾ ਢਲਣ ਉਤੇ ਮੰਡੀ ਵੱਲ ਉਡ ਲੈਂਦਾ ਤੇ ਤਾਸ਼ ਖੇਡਦੇ ਹੋਏ ਜੱਜ ਤੇ ਉਸ ਦੇ ਮਿੱਤਰਾਂ ਲਈ ਪਾਨ, ਬਰਫ, ਨਿੰਬੂ, ਸ਼ਕੰਜਵੀ ਆਦਿ ਲੈ ਆਉਂਦਾ। ਲੋਕਾਂ ਦੀ ਭੀੜ, ਜੋ ਬੂਟੇ ਨੂੰ ਤੱਕਣ ਲਈ ਜੱਜ ਦੇ ਬੰਗਲੇ ਆਉਂਦੀ ਸੀ, ਜਿਵੇਂ ਉਹ ਕੋਈ ਵਚਿੱਤਰ ਜੀਵ ਹੋਵੇ, ਘਟਦੀ ਗਈ। ਹੌਲੀ-ਹੌਲੀ ਬੂਟੇ ਦੇ ਆਲੇ-ਦੁਆਲੇ ਅਦਭੁਤ ਤੇ ਚਰਚਾ-ਭਰੀ ਛੋਹ ਦਾ ਬੂਰ ਉਡ ਗਿਆ ਤੇ ਉਹ ਨੜੇ ਵਾਂਗ ਖਾਲੀ-ਖਾਲੀ ਰਹਿ ਗਿਆ, ਜਿਸ ਦੁਆਲੇ ਰੂੰ ਦੀ

(ਬਾਕੀ ਅਗਲੇ ਸਫੇ 'ਤੇ)

# ਹਰਿਭਜਨ ਸਿੰਘ ਤੇ ਪ੍ਰਣਬ ਮੁਖਰਜੀ ਨੂੰ ਚੇਤੇ ਕਰਦਿਆਂ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਲੰਘੀ 18 ਅਗਸਤ ਨੂੰ ਪੰਜਾਬੀ ਕਵੀ, ਵਿਦਵਾਨ ਤੇ ਚਿੰਤਕ ਡਾ. ਹਰਿਭਜਨ ਸਿੰਘ ਨੇ ਸੌ ਵਰ੍ਹੇ ਦਾ ਹੋ ਜਾਣਾ ਸੀ। ਉਸ ਦੀ ਬਹੁਪੱਖੀ ਸ਼ਖਸੀਅਤ ਤੋਂ ਪੰਜਾਬੀ ਜਗਤ ਹੀ ਨਹੀਂ ਉਰਦੂ, ਫਾਰਸੀ ਤੇ ਹਿੰਦੀ ਦੇ ਮਾਹਿਰ ਵੀ ਪ੍ਰਭਾਵਿਤ ਸਨ। ਮੈਨੂੰ ਦਿੱਲੀ ਰਹਿੰਦਿਆਂ ਤਿੰਨ ਦਹਾਕੇ ਉਸ ਦੀ ਸੰਗਤ ਮਾਣਨ ਦਾ ਮੌਕਾ ਮਿਲਿਆ। ਮੈਂ 1980 ਵਿਚ ਬਰਤਾਨੀਆਂ ਵਿਚ ਹੋਈ ਇੱਕ ਘਟਨਾ ਦਾ ਜ਼ਿਕਰ ਕਰਕੇ ਹੋਰ ਗੱਲਾਂ ਕਰਾਂਗਾ। ਉਸ ਵਰ੍ਹੇ ਦੇ ਜੂਨ ਮਹੀਨੇ ਰਣਜੀਤ ਧੀਰ ਤੇ ਉਸ ਦੇ ਸਾਥੀਆਂ ਨੇ ਬਰਤਾਨੀਆ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਦਾ ਪ੍ਰਬੰਧ ਕੀਤਾ ਸੀ। ਹਰਿਭਜਨ ਸਿੰਘ ਭਾਰਤ ਤੋਂ ਜਾਣ ਵਾਲੇ ਉਸ ਟੋਲੇ ਦਾ ਮੈਂਬਰ ਸੀ, ਜਿਸ ਵਿਚ ਹੋਰਨਾਂ ਤੋਂ ਬਿਨਾ ਸੋਹਣ ਸਿੰਘ ਜੋਸ਼, ਜਸਵੰਤ ਸਿੰਘ ਕੰਵਲ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਦਲੀਪ ਕੌਰ ਟਿਵਾਣਾ ਤੇ ਸੋਹਣ ਸਿੰਘ ਮੀਸ਼ਾ ਵੀ ਸ਼ਾਮਲ ਸਨ। ਮੈਂ ਆਪਣੀ ਅਮਰੀਕਾ ਫੇਰੀ ਤੋਂ ਵਾਪਸੀ ਸਮੇਂ ਉਨ੍ਹਾਂ ਵਿਚ ਆ ਰਲਿਆ ਸਾਂ। ਉਦੋਂ ਅਸੀਂ ਸਾਰੇ ਹੀ ਪਹਿਲੀ ਵਾਰ ਬਰਤਾਨੀਆ ਗਏ ਸਾਂ।

ਉਹ ਕਾਨਫਰੰਸ ਪੂਰੇ ਦੋ ਹਫਤੇ ਚੱਲੀ। ਉਨ੍ਹਾਂ ਨੇ ਸਾਨੂੰ ਉਥੋਂ ਦੇ ਸ਼ਹਿਰ ਤੇ ਕਸਬੇ ਹੀ ਨਹੀਂ ਵਿਖਾਏ, ਅੰਗਰੇਜ਼ੀ ਸਾਹਿਤਕਾਰਾਂ ਤੇ ਸ਼ੇਕਸਪੀਅਰ, ਚਾਰਲਸ ਡਿਕਨਜ, ਬਰਾਇਨ, ਕੀਟਸ ਤੇ ਥਾਮਸ ਹਾਰਡੀ ਦੇ ਘਰ ਘਾਟ ਤੇ ਟਿਕਾਣੇ ਵੀ ਦਿਖਾਏ, ਜਿੱਥੇ ਉਹ ਵਿਚਰਦੇ ਰਹੇ ਸਨ।

ਪ੍ਰਬੰਧਕਾਂ ਨੇ ਸਾਡੇ ਲਈ ਇੱਕ ਬੱਸ ਕਿਰਾਏ ਉਤੇ ਲੈ ਰੱਖੀ ਸੀ ਤੇ ਖੁਦ ਆਪੋ ਆਪਣੀਆਂ ਗੱਡੀਆਂ ਵਿਚ ਮਿਥੇ ਸਥਾਨ ਉਤੇ ਪਹੁੰਚ ਜਾਂਦੇ ਸਨ। ਇੱਕ ਸ਼ਹਿਰ ਵਿਚ ਦੋ ਦਿਨ ਰਹਿ ਕੇ ਤੀਜੇ ਦਿਨ ਅਗਲੇ ਸ਼ਹਿਰ ਨੂੰ ਤੁਰਨਾ ਆਮ ਸੀ। ਰਹਿਣ ਦਾ ਪ੍ਰਬੰਧ ਨਿਜੀ ਘਰਾਂ ਤੇ ਹੋਟਲਾਂ ਤੋਂ ਬਿਨਾ ਗੁਰਦੁਆਰਿਆਂ ਵਿਚ ਕੀਤਾ ਹੋਇਆ ਸੀ-ਰਾਮਗੜ੍ਹੀਆ, ਨਾਮਧਾਰੀ ਤੇ ਸਿੰਘ ਸਭਾ ਗੁਰਦੁਆਰਿਆਂ ਸਮੇਤ। ਦਿਨ ਵੇਲੇ ਸਾਹਿਤਕ ਗੋਸ਼ਟੀਆਂ ਹੁੰਦੀਆਂ ਤੇ ਰਾਤ ਨੂੰ ਕਵੀ ਦਰਬਾਰ ਜਾਂ ਗੀਤ ਸੰਗੀਤ।

ਇੱਕ ਦਿਨ ਸੂਫੀ ਕਵੀਆਂ ਦੀ ਦੇਣ ਉਤੇ



ਡਾ. ਹਰਿਭਜਨ ਸਿੰਘ

ਚਰਚਾ ਹੋਈ। ਇਸ ਦਾ ਪ੍ਰਬੰਧ ਮਾਨਚੈਸਟਰ ਸ਼ਹਿਰ ਦੀ ਵੱਡੀ ਮਸਜਿਦ ਵਿਚ ਉਥੋਂ ਦੀ ਮੁਸਲਿਮ ਵਸੋਂ ਵੱਲੋਂ ਕੀਤਾ ਗਿਆ ਸੀ। ਨਿਸ਼ਚੇ ਹੀ ਸ਼ਿਰਕਤ ਕਰਨ ਵਾਲਿਆਂ ਵਿਚ ਉਰਦੂ ਫਾਰਸੀ ਦੇ ਮੁਸਲਿਮ ਆਲਮ ਫਾਜ਼ਲ ਵੀ ਸ਼ਾਮਲ ਸਨ।

ਉਨ੍ਹਾਂ ਨੇ ਸੂਫੀ ਕਵੀਆਂ ਤੇ ਸੂਫੀ ਮੱਤ ਬਾਰੇ ਆਪੋ ਆਪਣੇ ਵਿਚਾਰ ਪੇਸ਼ ਕਰਨ ਤੋਂ ਪਿੱਛੋਂ ਸਾਡੇ ਕੋਲੋਂ ਮੰਗ ਕੀਤੀ, ਅਸੀਂ ਵੀ ਕੁਝ ਕਹੀਏ। ਸੰਤ ਸਿੰਘ ਸੇਖੋਂ ਨੇ ਮੌਕਾ ਸੰਭਾਲਦਿਆਂ ਹਰਿਭਜਨ ਸਿੰਘ ਨੂੰ ਬੋਲਣ ਲਈ ਕਿਹਾ। ਮੈਨੂੰ ਕੱਲ ਵਾਂਗ ਚੇਤੇ ਹੈ ਕਿ ਹਰਿਭਜਨ ਸਿੰਘ ਨੇ ਸੰਸਾਰ ਸੂਫੀ ਮੱਤ ਦੀਆਂ ਮੁੱਖ ਧਾਰਨਾਵਾਂ ਦਾ ਜ਼ਿਕਰ ਕਰਕੇ ਉਨ੍ਹਾਂ ਨੂੰ ਬਾਬਾ ਫਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਤੇ ਸੁਲਤਾਨ ਬਾਹੂ ਦੇ ਕਲਾਮ ਦੀਆਂ ਟੂਕਾਂ ਨਾਲ ਸ਼ਿੰਗਾਰ ਕੇ ਏਦਾਂ ਪੇਸ਼ ਕੀਤਾ ਕਿ ਮੁਸਲਿਮ ਬੁਲਾਰੇ ਤੇ ਵਿਦਵਾਨ ਵੀ ਵਾਹ ਵਾਹ ਕਰਨੋਂ ਨਾ ਰਹਿ ਸਕੇ।

ਹਰਿਭਜਨ ਸਿੰਘ ਦਾ ਉਰਦੂ ਉਚਾਰਨ ਤੇ ਪੇਸ਼ਕਾਰੀ ਏਨੀ ਪ੍ਰਭਾਵੀ ਸੀ ਕਿ ਸੰਤ ਸਿੰਘ ਸੇਖੋਂ ਦੇ ਮੂੰਹੋਂ ਸੁੱਤੇ ਸਿੱਧ ਹੀ 'ਦੇਖਿਆ ਸਾਡਾ ਹਰਿਭਜਨ ਸਿੰਘ' ਨਿਕਲ ਗਿਆ ਸੀ ਅਤੇ ਸਾਰੇ ਦਾ ਸਾਰਾ ਮਾਹੌਲ ਤਾਲੀਆਂ ਨਾਲ ਗੂੰਜ ਉਠਿਆ, ਮਸਜਿਦ ਦੇ ਗੁੰਬਦਾਂ ਸਮੇਤ।

ਅੱਜ ਇਹ ਸਤਰਾਂ ਲਿਖਦੇ ਸਮੇਂ ਮੇਰੇ ਸਾਹਮਣੇ ਹਰਿਭਜਨ ਸਿੰਘ ਦੀ ਪੰਜਾਬੀ ਸਾਹਿਤ ਤੇ ਭਾਸ਼ਾ ਨੂੰ ਦੇਣ ਬਾਰੇ ਲਿਖੀ 'ਅਲਵਿਦਾ ਤੋਂ ਬਾਅਦ' ਰਵੀ ਸਾਹਿਤ ਪ੍ਰਕਾਸ਼ਨ, ਪੰਨੇ 280, ਮੁੱਲ 400 ਰੁਪਏ ਨਾਂ ਦੀ ਪੁਸਤਕ ਪਈ ਹੈ। ਇਸ ਦੇ ਲੇਖਕ ਜਗਤਾਰਜੀਤ ਸਿੰਘ ਨੇ ਹਰਿਭਜਨ ਸਿੰਘ ਨਾਲ ਹੋਈਆਂ ਰਸਮੀ ਤੇ ਗੈਰ-ਰਸਮੀ ਮੁਲਾਕਾਤਾਂ, ਗੱਲਾਂ ਤੇ ਘਟਨਾਵਾਂ ਨੂੰ ਪੰਜਾਬੀ ਪਾਠਕਾਂ ਦੇ ਸਨਮੁਖ ਕੀਤਾ ਹੈ। ਹਾਲ ਹੀ ਵਿਚ ਛਪੀ ਇਸ ਪੁਸਤਕ ਵਿਚ ਹਰਿਭਜਨ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ ਦੇ 70 ਪੰਨਿਆਂ ਤੋਂ ਬਿਨਾ 'ਮੋਹਨ ਤੇਰੇ ਉਚੇ ਮੰਦਰ ਮਹਲ ਅਪਾਰਾ', 'ਓਮੀ ਸਾਧੁ ਨਾ ਮਾਰੀਐ', 'ਹਰਿ ਜੀਓ ਅਹੰਕਾਰ ਨਾ ਭਾਵਈ', 'ਰਾਜ ਦਾ ਸਿੱਖ ਸੰਕਲਪ' ਅਤੇ 'ਨਮੋ ਵੇਦ ਵੇ ਦੇ ਨਾਂ' ਲੇਖ ਵੀ ਹਨ ਤੇ ਹਰਿਭਜਨ ਸਿੰਘ ਦੀ ਮੁਢਲੀ ਸਾਹਿਤਕ ਯਾਤਰਾ, ਵਿਦਿਆਰਥੀ ਕਾਲ, ਖੋਜ ਕਾਰਜ, ਸਾਹਿਤ ਅਕਾਦਮੀ ਦੀ ਫੈਲੋਸ਼ਿਪ ਸਮੇਤ ਰਾਜ ਸਭਾ ਦੀ ਮੈਂਬਰਸ਼ਿਪ ਵਾਲੇ ਨਾਲ ਸਬੰਧਤ ਉਹ ਲੇਖ ਤੇ ਟਿੱਪਣੀਆਂ ਵੀ, ਜਿਨ੍ਹਾਂ ਨੂੰ ਪੜ੍ਹ ਕੇ ਹੀ ਮਾਣਿਆ ਜਾ ਸਕਦਾ ਹੈ। ਇਨ੍ਹਾਂ ਵਿਚ ਗਿਆਨ ਵਿਗਿਆਨ ਵੀ ਹੈ, ਹਰਿਭਜਨ ਸਿੰਘ ਦੇ ਜੀਵਨ ਦਾ ਘਟਨਾਕ੍ਰਮ ਵੀ ਅਤੇ ਉਸ ਦੇ ਧੁਰ ਅੰਦਰ ਵਸੀ ਹੋਈ ਵਿਦਵਤਾ ਤੇ ਚਿੰਤਨ ਦਾ ਅਕਸ ਵੀ।

ਜਗਤਾਰਜੀਤ ਆਪਣਾ ਖਿਰਾਜ-ਏ-ਅਕੀਦਤ ਹਰਿਭਜਨ ਸਿੰਘ ਨਾਲ ਹੋਈ ਉਸ ਮੁਲਾਕਾਤ ਨਾਲ ਖਤਮ ਕਰਦਾ ਹੈ, ਜੋ ਉਸ ਨੇ ਹਰਿਭਜਨ ਸਿੰਘ ਦੇ ਅਕਾਲ ਚਲਾਣੇ ਤੋਂ ਇਕ ਦਿਨ ਪਹਿਲਾਂ ਕੀਤਾ ਸੀ। ਉਦੋਂ ਜਦ ਹਰਿਭਜਨ ਸਿੰਘ ਕੋਲ ਕੁਝ ਕਹਿਣ ਦੀ ਹਿੰਮਤ ਨਹੀਂ ਸੀ।

ਜਗਤਾਰਜੀਤ ਸਿੰਘ ਲਿਖਦਾ ਹੈ ਕਿ ਜਿਹੜੇ ਪੰਦਰਾਂ ਕੁ ਮਿੰਟ ਉਹ ਆਪਣੇ ਗੁਰੂ ਕੋਲ ਬੈਠਿਆ, ਮਾਹੌਲ ਦੀ ਸ਼ਾਂਤੀ ਤੇ ਚੁੱਪ ਦੀ ਖਾਨਾਪੂਰਤੀ ਸਿਰਫ ਘੜੀ ਦੀ ਟਿਕ ਟਿਕ ਨੇ ਹੀ ਕੀਤੀ। ਜਦੋਂ ਹਰਿਭਜਨ ਸਿੰਘ ਨੇ ਪਾਸਾ ਪਰਤ ਕੇ ਅੱਖਾਂ ਖੋਲ੍ਹੀਆਂ ਤਾਂ ਜਗਤਾਰਜੀਤ ਨੇ ਵਿਦਾ ਮੰਗਣ ਦਾ ਇਸ਼ਾਰਾ ਕੀਤਾ। ਹਰਿਭਜਨ ਸਿੰਘ ਨੇ ਸਿਰਹਾਣੇ ਟਿਕੇ ਸਿਰ ਨੂੰ ਕੂਹਣੀ ਦਾ ਸਹਾਰਾ ਦੇ ਕੇ ਹਾਂ ਦੀ ਮੁਦਰਾ ਬਣਾਈ ਤੇ ਆਪਣਾ ਹੱਥ ਵੀ ਏਸ ਹੀ ਮੁਦਰਾ ਵਿਚ ਹਲਕਾ ਜਿਹਾ ਹਿਲਾਇਆ। ਜਗਤਾਰਜੀਤ ਹਿਲਦੇ ਹੱਥ ਦੀ ਮੁਦਰਾ ਦੇਖਦੇ ਦੇਖਦੇ ਘਰੋਂ ਬਾਹਰ ਹੋ ਗਿਆ। 'ਅਲਵਿਦਾ ਤੋਂ ਬਾਅਦ' ਉਹਦੇ ਵਲੋਂ ਆਪਣੇ ਗੁਰੂ ਨੂੰ ਸ਼ਰਧਾਂਜਲੀ ਹੈ। ਵਧੀਆ!

**ਮਿੱਤਰਾਂ ਦਾ ਮਿੱਤਰ ਪ੍ਰਣਬ ਮੁਖਰਜੀ:**



ਪ੍ਰਣਬ ਮੁਖਰਜੀ

ਤਿੰਨ ਦਹਾਕੇ ਤੋਂ ਵੱਧ ਦਿੱਲੀ ਰਿਹਾ ਹੋਣ ਸਦਕਾ ਮੇਰੀ ਗਿਆਨੀ ਜੈਲ ਸਿੰਘ, ਇੰਦਰ ਕੁਮਾਰ ਗੁਜਰਾਲ, ਡਾ. ਮਨਮੋਹਨ ਸਿੰਘ ਜਿਹੀਆਂ ਹਸਤੀਆਂ ਨਾਲ ਥੋੜ੍ਹੀ-ਬਹੁਤ ਨੇੜਤਾ ਰਹੀ ਹੈ। ਜਿਨ੍ਹਾਂ ਦੋ ਨੇਤਾਵਾਂ ਨੂੰ ਸਭ ਤੋਂ ਵੱਧ ਦੇਖਿਆ, ਪਰ ਸਾਬ੍ਹ-ਸਲਾਮ ਤੋਂ ਅੱਗੇ ਨਹੀਂ ਰਮਿਆ, ਉਹ ਚੌਧਰੀ ਚਰਨ ਸਿੰਘ ਤੇ ਪ੍ਰਣਬ ਮੁਖਰਜੀ ਸਨ। ਚੌਧਰੀ ਸਾਹਿਬ ਲੋਧੀ ਗਾਰਡਨ ਵਿਚ ਸੈਰ ਕਰਦਿਆਂ ਹਥਲੀ ਖੂੰਡੀ ਵਾਲਾ ਹੱਥ ਉਚਾ ਕਰਕੇ ਨਿਵਾਜਦੇ ਸਨ ਤੇ ਪ੍ਰਣਬ ਮੁਖਰਜੀ ਭਾਰਤੀ ਨਗਰ ਵਿਚ ਰਹਿੰਦੇ ਭਾਸਕਰ ਘੋਸ਼ ਆਈ. ਏ. ਐਸ. ਨੂੰ ਮਿਲਣ ਆਇਆਂ ਮੁਸਕਰਾ ਕੇ ਸਲਾਮ ਕਬੂਲ ਕਰਦੇ ਸਨ। ਭਾਸਕਰ ਤੇ ਉਨ੍ਹਾਂ ਦੀ ਪਤਨੀ ਚਿਤਰਾ ਦੇ ਘਰ ਦਾ ਪ੍ਰਮੁੱਖ ਦਰਵਾਜਾ ਸਾਡੇ ਦਰਵਾਜੇ ਦੇ ਸਾਹਮਣੇ ਵਾਲਾ ਸੀ। ਹੁਣ 35 ਵਰ੍ਹਿਆਂ ਪਿੱਛੋਂ ਪ੍ਰਣਬ ਮੁਖਰਜੀ ਦੀ ਸਿਹਤ ਨੇ ਸਾਨੂੰ ਮੁੜ ਭਾਸਕਰ ਪਰਿਵਾਰ ਨਾਲ ਮਿਲਾ ਦਿੱਤਾ ਹੈ। ਪ੍ਰਣਬ ਮੁਖਰਜੀ ਦੇ ਚਲਾਣੇ 'ਤੇ ਬੇਹਦ ਅਫਸੋਸ ਹੈ।

**ਅੰਤਿਕਾ: ਹਰਿਭਜਨ ਸਿੰਘ**

ਆਪਣੇ ਘਰ ਵਿਚ ਬੇਘਰ ਹੋ ਕੇ ਰਹਿਣਾ ਹੈ
ਦੇਸ਼ਾਂ ਵਿਚ ਪਰਦੇਸਾਂ ਦਾ ਦੁੱਖ ਸਹਿਣਾ ਹੈ।
ਆਪਣੇ ਮੂੰਹ 'ਤੇ ਆਪੇ ਤਾਲਾ ਜੜ'ਲਾਂਗੇ
ਕੀ ਕਰੀਏ ਜੇ ਖਾਮੋਸ਼ੀ ਕੁਝ ਕਹਿਣਾ ਹੈ।
ਕੱਖ ਕਾਣ ਰੁੜ੍ਹ ਜਾਣਾ ਹੈ, ਰੁੜ੍ਹ ਜਾਵੇਗਾ
ਦਰਿਆ ਨੇ ਤਾਂ ਦਰਿਆ ਵਾਂਗੂ ਵਹਿਣਾ ਹੈ।

---

# ਗਾਰਗੀ ਦੀ ਕਹਾਣੀ: ਸੌ ਮੀਲ ਦੌੜ

*(ਪਿਛਲੇ ਸਫੇ ਦੀ ਬਾਕੀ)*

ਇਕ ਤੰਦ ਵੀ ਨਾ ਹੋਵੇ।

ਤਿੰਨ ਹਫਤੇ ਲੰਘ ਗਏ। ਬੂਟੇ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਕਈ ਸਾਲ ਲੰਘ ਗਏ ਹੋਣ।

ਇਕ ਦਿਨ ਉਸ ਨੇ ਮੈਨੂੰ ਆਖਿਆ, "ਮੈਂ ਇਕ ਸਰਦਾਰ ਨੂੰ ਜਾਣਦਾ ਹਾਂ, ਜੋ ਅੱਜ ਕੱਲ੍ਹ ਫਰੀਦਕੋਟ ਰਹਿੰਦਾ ਹੈ। ਕਿਸੇ ਵੇਲੇ ਉਹ ਮਹਾਰਾਜੇ ਪਟਿਆਲੇ ਦਾ ਡਿਉਢੀ ਅਫਸਰ ਹੁੰਦਾ ਸੀ। ਉਸ ਦੀ ਮਹਾਰਾਜੇ ਤਕ ਬਹੁਤ ਪਹੁੰਚ ਐ। ਜੇ ਮੈਂ ਉਸ ਕੋਲ ਜਾਵਾਂ ਤਾਂ ਉਹ ਮੈਨੂੰ ਜ਼ਰੂਰ ਮਹਾਰਾਜਾ ਸਾਹਿਬ ਨਾਲ ਮਿਲਾ ਦੇਵੇਗਾ। ਫੇਰ ਸ਼ੈਂਤ ਕੋਈ ਰਾਹ ਖੁੱਲ੍ਹ ਜਾਵੇ।"

ਇਕ ਹਫਤੇ ਪਿੱਛੋਂ ਬੂਟਾ ਫਰੀਦਕੋਟ ਉਸ ਆਦਮੀ ਨੂੰ ਮਿਲਣ ਚਲਾ ਗਿਆ।

ਇਸ ਪਿੱਛੋਂ ਮੈਨੂੰ ਪਤਾ ਲੱਗਾ ਕਿ ਬੂਟਾ ਪਟਿਆਲੇ ਚਲਾ ਗਿਆ ਹੈ। ਕਈ ਲੋਕਾਂ ਦੀਆਂ ਚਿੱਠੀਆਂ ਲੈ ਕੇ ਤੇ ਕਈਆਂ ਨੂੰ ਮਿਲਦੇ ਮਿਲਾਉਂਦੇ ਛੇਕੜ ਉਹ ਮਹਾਰਾਜਾ ਸਾਹਿਬ ਦੇ ਏ. ਡੀ. ਕਾਂਗ ਤੀਕ ਪੁੱਜ ਗਿਆ, ਜਿਸ ਨੇ ਬੂਟੇ ਦੀ ਮਹਾਰਾਜਾ ਸਾਹਿਬ ਨਾਲ ਛੇਤੀ ਤੋਂ ਛੇਤੀ ਮੁਲਾਕਾਤ ਕਰਵਾਉਣ ਦਾ ਵਾਇਦਾ ਕੀਤਾ।

ਇਸ ਪਿੱਛੋਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ। ਮੈਂ ਲਾਹੌਰ ਆਪਣੇ ਕੰਮ ਵਿਚ ਰੁੱਝਾ ਹੋਇਆ ਸਾਂ, ਇਸ ਲਈ ਬਹੁਤ ਚਿਰ ਪਿੰਡ ਨਾ ਆ ਸਕਿਆ। ਫਿਰ ਫਸਾਦ ਫੁਟ ਪਏ, ਦੇਸ਼ ਦੀ ਵੰਡ ਹੋ ਗਈ ਤੇ ਮੈਂ ਦਿੱਲੀ ਆ ਗਿਆ। ਇਸ ਪਿੱਛੋਂ ਮੈਨੂੰ ਬੂਟਾ ਸਿੰਘ ਦੀ ਬਹੁਤ ਚਿਰ ਤੀਕ ਕੋਈ ਖਬਰ ਨਾ ਮਿਲੀ।

1948 ਦੀ ਗੱਲ ਹੈ। ਸਰਦਾਰ ਪਟੇਲ ਰਿਆਸਤਾਂ ਦੇ ਮਹਾਰਾਜਿਆਂ ਨੂੰ ਭਾਰਤ ਯੂਨੀਅਨ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਨੂੰ ਪ੍ਰੇਰਨ ਲਈ ਦੇਸ਼ ਦਾ ਦੌਰਾ ਕਰ ਰਹੇ ਸਨ। ਮੈਂ ਉਸ ਦਿਨ ਪਟਿਆਲੇ ਸਾਂ। ਬਹੁਤ ਵੱਡਾ ਜਲੂਸ ਸੀ। ਸਰਦਾਰ ਪਟੇਲ ਤੇ ਮਹਾਰਾਜਾ ਚਾਂਦੀ ਦੀ ਬੱਘੀ ਵਿਚ ਨਾਲ-ਨਾਲ ਬੈਠੇ ਸਨ। ਬਾਜ਼ਾਰਾਂ, ਗਲੀਆਂ ਵਿਚ ਲੋਕ ਝੰਡੀਆਂ ਲਈ ਸਰਦਾਰ ਪਟੇਲ ਦੇ ਸੁਆਗਤ ਲਈ ਖੜ੍ਹੇ ਸਨ। ਬਾਰੀਆਂ-ਖਿੜਕੀਆਂ ਤੇ ਛੱਤਾਂ ਉੱਤੇ ਆਦਮੀ-ਤੀਵੀਆਂ ਜੁੜੇ ਖੜ੍ਹੇ ਸਨ। ਭੀੜ ਵਿਚ ਇਕ ਥਾਂ ਮੈਂ ਬੂਟਾ ਸਿੰਘ ਨੂੰ ਵੀ ਖੜ੍ਹੇ ਤੱਕਿਆ, ਜੋ ਚਾਂਦੀ ਦੀ ਬੱਘੀ ਨੂੰ ਹੌਲੀ-ਹੌਲੀ ਤੁਰਦੇ ਤੱਕ ਰਿਹਾ ਸੀ, ਜਿਸ ਨੂੰ ਛੇ ਦੂਧੀਆ ਘੋੜੇ ਖਿੱਚ ਰਹੇ ਸਨ ਤੇ ਜਿਸ ਦੇ ਅੱਗੇ ਲਿਸ਼-ਲਿਸ਼ ਕਰਦੀਆਂ ਜ਼ਰਕ-ਬਰਕ ਵਰਦੀਆਂ ਪਾਈ ਫੌਜੀ ਬੈਂਡ ਜਾ ਰਿਹਾ ਸੀ।

ਜਦ ਸਰਦਾਰ ਪਟੇਲ ਦੀ ਸਵਾਰੀ ਲੰਘੀ ਤਾਂ ਮੈਂ ਬੂਟੇ ਨੂੰ ਮਿਲਿਆ ਤੇ ਉਸ ਨੂੰ ਪੁੱਛਿਆ ਜੁ ਉਸ ਦੀ ਮਹਾਰਾਜੇ ਨਾਲ ਮੁਲਾਕਾਤ ਦਾ ਕੀ ਸਿੱਟਾ ਨਿਕਲਿਆ?

ਉਸ ਉੱਤਰ ਦਿੱਤਾ, "ਹੁਣ ਤਾਂ ਸਰਦਾਰ ਪਟੇਲ ਦਿੱਲੀ ਤੋਂ ਆਏ ਹੋਏ ਹਨ। ਮਹਾਰਾਜਾ ਤੇ ਬਾਕੀ ਸਾਰੇ ਅਹਿਲਕਾਰ ਰੁੱਝੇ ਹੋਏ ਹਨ। ਜਦ ਮਹਾਰਾਜਾ ਸਾਹਿਬ ਨੂੰ ਵਿਹਲ ਲੱਗੀ ਤਾਂ ਉਹ ਮੈਨੂੰ ਮਿਲ ਸਕਣਗੇ।"

ਮੈਂ ਦਿੱਲੀ ਮੁੜ ਆਇਆ। ਇਸ ਪਿੱਛੋਂ ਦੋ ਸਾਲ ਤੀਕ ਮੈਂ ਬੂਟੇ ਨੂੰ ਨਾ ਮਿਲ ਸਕਿਆ, ਪਰ ਕਦੇ-ਕਦੇ ਮੈਨੂੰ ਉਸ ਬਾਰੇ ਉਡਦੀ-ਉਡਦੀ ਖਬਰ ਜ਼ਰੂਰ ਮਿਲ ਜਾਂਦੀ। ਉਸ ਨੂੰ ਪਟਿਆਲੇ ਬਹੁਤ ਚਿਰ ਉਡੀਕਣਾ ਪਿਆ। ਹਰ ਵੇਲੇ ਕੋਈ ਨਾ ਕੋਈ ਜ਼ਰੂਰੀ ਕੰਮ ਮਹਾਰਾਜਾ ਸਾਹਿਬ ਨੂੰ ਘੇਰੀ ਰੱਖਦਾ। ਮਹਾਰਾਜੇ ਦੇ ਏ. ਡੀ. ਕਾਂਗ ਨੇ ਬੂਟੇ ਨੂੰ ਆਖਿਆ ਕਿ ਇਸ ਤਰ੍ਹਾਂ ਘੜੀ-ਮੁੜੀ ਪਿੰਡੋਂ ਆਉਣ ਜਾਣ ਨਾਲ ਵਕਤ ਤੇ ਰੁਪਈਏ ਪੈਸੇ ਦੇ ਫਾਲਤੂ ਖਰਚ ਨਾਲੋਂ ਇਹੋ ਚੰਗਾ ਹੈ ਕਿ ਉਹ ਪਟਿਆਲੇ ਕੋਈ ਨਿੱਕੀ-ਮੋਟੀ ਨੌਕਰੀ ਕਰ ਲਏ। ਪਹਿਲੀ ਫੁਰਸਤ ਵਿਚ ਹੀ ਉਸ ਦੀ ਮਹਾਰਾਜਾ ਸਾਹਿਬ ਨਾਲ ਮੁਲਾਕਾਤ ਕਰਵਾ ਦਿੱਤੀ ਜਾਵੇਗੀ। ਤੇ ਫੇਰ ਉਸ ਨੂੰ ਕੌਮਾਂਤਰੀ ਦੇਸ਼ਾਂ ਦੀਆਂ ਖੇਡਾਂ ਤੇ ਦੌੜਾਂ ਵਿਚ ਘੱਲ ਦਿੱਤਾ ਜਾਏਗਾ।

ਇਹ ਗੱਲ ਬੂਟੇ ਨੂੰ ਜਚ ਗਈ ਤੇ ਉਹ ਮੋਤੀ ਮਹੱਲ ਸਰਕਾਰ ਦੇ ਲੱਸੀਖਾਨੇ ਵਿਚ ਦਰਬਾਨ ਦੇ ਤੌਰ 'ਤੇ ਨੌਕਰ ਹੋ ਗਿਆ। ਉਸ ਦੀ ਤਨਖਾਹ ਤਾਂ ਉਸ ਦਾ ਇਕ ਤਰ੍ਹਾਂ ਵਜ਼ੀਫਾ ਹੀ ਸੀ, ਕਿਉਂ ਜੋ ਸਾਰਾ ਦਿਨ ਬਸ ਇਕ ਸਟੂਲ 'ਤੇ ਬੈਠੇ ਰਹਿਣ, ਲੰਮੇ ਪਏ ਰਹਿਣ ਤੇ ਬਾਗ ਵਿਚ ਘੁੰਮਣ-ਫਿਰਨ ਤੋਂ ਛੁੱਟ ਉਸ ਨੂੰ ਹੋਰ ਕੋਈ ਕੰਮ ਨਹੀਂ ਸੀ ਹੁੰਦਾ।

ਇਕ ਵਾਰੀ ਉਸ ਦੀ ਮਾਂ ਉਸ ਨੂੰ ਮੁੜ ਪਿੰਡ ਆਪਣੇ ਨਾਲ ਲੈ ਜਾਣ ਲਈ ਆਈ। ਉਹ ਬੂਟਾ, ਜੋ ਨਿੱਤ ਦੀ ਉਡੀਕ ਤੇ ਸਰਕਾਰੀ ਕੰਮਾਂ ਵਿਚ ਢਿੱਲ ਤੋਂ ਹੁਣ ਚੰਗੀ ਤਰ੍ਹਾਂ ਜਾਣੂੰ ਹੋ ਗਿਆ ਸੀ, ਆਪਣੀ ਮਾਂ ਨੂੰ ਸਾਰੀਆਂ ਗੱਲਾਂ ਸਮਝਾ ਕੇ ਆਖਣ ਲੱਗਾ, "ਬੇਬੇ, ਇਕ ਵਾਰੀ ਮੈਂ ਲੰਡਨ ਹੋ ਆਵਾਂ, ਫਿਰ ਤੇਰੀਆਂ ਸਾਰੀਆਂ ਕਸਰਾਂ ਪੂਰੀਆਂ ਕਰ ਦਿਊਂਗਾ। ਫਿਰ ਸਾਨੂੰ ਕਿਸੇ ਗੱਲ ਦੀ ਤੋਟ ਨਹੀਂ ਰਹਿਣੀ। ਬਸ ਹੁਣ ਤਾਂ ਦਿਨਾਂ ਦੀ ਹੀ ਗੱਲ ਹੈ। ਰਤਾ ਕੁ ਸਬਰ ਦਾ ਘੁੱਟ ਭਰ।"

ਇਹ ਆਖ ਕੇ ਉਸ ਨੇ ਬੁੱਢੀ ਮਾਂ ਨੂੰ ਪਿਛਲੇ ਤਿੰਨ ਮਹੀਨਿਆਂ ਦੀ ਤਨਖਾਹ ਦਿੱਤੀ, ਜੋ ਬੁੱਢੀ ਨੇ



ਆਪਣੀ ਸਲਾਰੀ ਦੇ ਲੜ ਬੰਨ੍ਹ ਲਈ ਤੇ ਪਿੰਡ ਮੁੜ ਗਈ।

ਬੂਟਾ ਆਪਣੀ ਨੌਕਰੀ ਉਤੇ ਜੰਮਿਆ ਰਿਹਾ। ਕਈ ਵਾਰ ਉਹ ਬੈਠਾ-ਬੈਠਾ ਅੱਕ ਜਾਂਦਾ ਤਾਂ ਬਾਜ਼ਾਰ ਜਾਂ ਨੇੜੇ ਦੀ ਮੰਡੀ ਦਾ ਚੱਕਰ ਲਾਉਣ ਲਈ ਟਿੱਭ ਜਾਂਦਾ ਤੇ ਕਈ-ਕਈ ਘੰਟੇ ਘੁੰਮਣ-ਫਿਰਨ ਪਿੱਛੋਂ ਮੁੜਦਾ। ਸਾਰਾ ਦਿਨ ਡਿਊਟੀ ਤੋਂ ਗੈਰਹਾਜ਼ਰ ਰਹਿਣ ਕਰਕੇ ਲੱਸੀ-ਖਾਨੇ ਦੇ ਅਫਸਰ ਤੀਕ ਉਸ ਦੀ ਸ਼ਿਕਾਇਤ ਪੁੱਜੀ ਤੇ ਇਸ ਪਿੱਛੋਂ ਉੱਚੇ ਅਫਸਰ ਤੀਕ ਵੀ ਗੱਲ ਪਹੁੰਚ ਗਈ। ਬੂਟੇ ਦੀ ਪੇਸ਼ੀ ਹੋਈ। ਉਸ ਨੂੰ ਬਹੁਤ ਝਿੜਕਿਆ ਗਿਆ ਤੇ ਇਸ ਝਾੜ-ਝੰਬ ਪਿੱਛੋਂ ਉਸ ਨੂੰ ਮੁਆਫ ਕਰ ਦਿੱਤਾ ਗਿਆ ਕਿ ਜੇ ਅੱਗੇ ਤੋਂ ਬਿਨਾ ਦੱਸੇ ਆਪਣੀ ਡਿਊਟੀ ਛੱਡ ਕੇ ਕਿਤੇ ਗਿਆ ਤਾਂ ਉਸ ਨੂੰ ਨੌਕਰੀ ਤੋਂ ਜਵਾਬ ਮਿਲ ਜਾਏਗਾ। ਜੇ ਇਸ ਤਰ੍ਹਾਂ ਉਹ ਨੌਕਰੀ 'ਚੋਂ ਕੱਢ ਦਿੱਤਾ ਗਿਆ ਤਾਂ ਉਸ ਦੇ ਨਾਂ ਨੂੰ ਟਿੱਕਾ ਲੱਗ ਜਾਏਗਾ ਤੇ ਉਸ ਨੂੰ ਕਦੀ ਵੀ ਕੌਮਾਂਤਰੀ ਦੇਸ਼ਾਂ ਦੀਆਂ ਦੌੜਾਂ ਦੇ ਮੁਕਾਬਲੇ ਵਿਚ ਨਹੀਂ ਘੱਲਿਆ ਜਾਏਗਾ।

ਇਸ ਵਾਕੇ ਨਾਲ ਬੂਟਾ ਸਹਿਮ ਗਿਆ। ਇਸ ਪਿੱਛੋਂ ਉਹ ਡਿਊਟੀ ਉਤੇ ਚੇਤੰਨ ਤੇ ਹੁਸ਼ਿਆਰੀ ਨਾਲ ਹਾਜ਼ਰ ਰਹਿਣ ਲੱਗਾ।

ਇਕ ਸਾਲ ਪਿੱਛੋਂ ਮੈਨੂੰ ਇਕ ਮੁਕੱਦਮੇ ਵਿਚ ਗੁਆਹੀ ਦੇਣ ਲਈ ਪਟਿਆਲੇ ਜਾਣਾ ਪਿਆ। ਸਾਰਾ ਦਿਨ ਕਚਹਿਰੀ ਭੁਗਤ ਕੇ ਥੱਕਿਆ-ਟੁੱਟਿਆ ਮੈਂ ਕਿਸੇ ਤਾਂਗੇ ਜਾਂ ਰਿਕਸ਼ੇ ਦੀ ਉਡੀਕ ਵਿਚ ਖੜ੍ਹਾ ਸਾਂ। ਕੁਝ ਚਿਰ ਪਿੱਛੋਂ ਮੈਂ ਦੂਰੋਂ ਹੌਲੀ-ਹੌਲੀ ਇਕ ਸਾਈਕਲ ਰਿਕਸ਼ਾ ਆਉਂਦੀ ਤੱਕੀ। ਉਸ ਦੇ ਨਾਲ-ਨਾਲ ਇਕ ਬੁੱਢੀ ਸੋਟੀ ਟੇਕਦੀ ਤੁਰੀ ਆ ਰਹੀ ਸੀ। ਜਦ ਰਿਕਸ਼ਾ ਨੇੜੇ ਆਈ ਤਾਂ ਮੈਂ ਇਸ ਵਿਚ ਬੈਠੇ ਬੂਟਾ ਸਿੰਘ ਨੂੰ ਪਛਾਣ ਲਿਆ। ਉਹ ਨਵੀਂ ਖਾਕੀ ਨਿੱਕਰ ਤੇ ਪੈਰੀਂ ਲਿਸ਼ਕਦੇ ਹੋਏ ਕਾਲੇ ਬੂਟ ਪਾਈ, ਸਿਰ ਉਤੇ ਮੂੰਗੀਆ ਰੰਗ ਦੀ ਪੱਗ ਬੰਨ੍ਹੀ ਬੈਠਾ ਸੀ। ਉਸ ਨੇ ਮੈਨੂੰ ਵੇਖ ਕੇ ਫਤਿਹ ਬੁਲਾਈ। ਰਿਕਸ਼ਾ ਖੜੋ ਗਈ।

"ਸੁਣਾ ਬਈ ਬੂਟਾ ਸਿਆਂ, ਕੀ ਹਾਲ ਐ ਤੇਰਾ?" ਮੈਂ ਪੁੱਛਿਆ।

"ਬਸ ਜੀ, ਵਾਹਿਗੁਰੂ ਦੀ ਕਿਰਪਾ ਐ। ਥੋਡੀ ਮਿਹਰਬਾਨੀ ਐ-ਠੀਕ ਆਂ। ਮਹਾਰਾਜਾ ਸਾਹਿਬ ਹੁਣ ਕੁਝ ਦਿਨਾਂ ਲਈ ਗਰਮੀ ਕਰਕੇ ਚੈਲ ਗਏ ਹੋਏ ਨੇ। ਜਦ ਮੁੜੇ ਤਾਂ ਉਨ੍ਹਾਂ ਨਾਲ ਮੇਰੀ ਮੁਲਾਕਾਤ ਹੋ ਜਾਊ। ਮੇਰਾ ਨਾਂ ਸਭਨਾਂ ਤੋਂ ਉਪਰ ਐ, ਬਸ ਪਹਿਲਾ ਨਾਂ ਮੇਰਾ ਈ ਐ...ਮੈਨੂੰ ਪਤਾ ਲੱਗਿਆ ਐ, ਅੱਸੂ 'ਚ ਦੌੜਨ ਵਾਲਿਆਂ ਦੀ ਇਕ ਟੀਮ ਲੰਡਨ ਜਾ ਰਹੀ ਐ। ਪੱਕੀ ਆਸ ਐ, ਮਹਾਰਾਜਾ ਸਾਹਿਬ ਮੈਨੂੰ ਜ਼ਰੂਰ ਚੁਣ ਲੈਣਗੇ ਤੇ ਭੇਜ ਦੇਣਗੇ।" ਮੈਂ ਉਸ ਵੱਲ ਤੱਕਿਆ ਤੇ ਉਸ ਨੂੰ ਪੁੱਛਿਆ ਕਿ ਉਹ ਰਿਕਸ਼ੇ ਵਿਚ ਕਿਉਂ ਬੈਠਾ ਹੈ?

ਬੁੱਢੀ ਨੇ ਵੱਡਾ ਸਾਰਾ ਹੌਕਾ ਭਰਿਆ ਤੇ ਆਖਣ ਲੱਗੀ, "ਵੇ ਪੁੱਤਰਾ! ਮੇਰਾ ਬੂਟਾ ਤਾਂ ਸੁੱਖ ਨਾਲ ਉਡਾਰੂ ਪੰਛੀ ਸੀ। ਇਸ ਨੂੰ ਇਨ੍ਹਾਂ ਜਾਏ-ਖਾਣੀਆਂ ਨੌਕਰੀਆਂ ਦਾ ਕੀ ਪਤਾ ਸੀ। ਬਸ ਏਥੇ ਉਸ ਨੂੰ ਲੱਕੜ ਦੇ ਟੂਲ 'ਤੇ ਬੰਨ੍ਹ ਕੇ ਬਿਠਾਲ ਦਿੱਤਾ। ਏਸ ਦੀਆਂ ਲੱਤਾਂ 'ਚ ਤਾਂ ਬਿਜਲੀ ਸੀ ਬਿਜਲੀ! ਬਸ ਏਸ ਤਰ੍ਹਾਂ ਬੈਠੇ-ਬੈਠੇ ਇਸ ਦੇ ਪੱਟਾਂ ਤੇ ਪਿੰਜਣੀਆਂ ਦਾ ਲਹੂ ਗੋਡਿਆਂ 'ਚ 'ਕੱਠਾ ਹੋ ਗਿਆ ਐ। ਦੇਖੀਂ ਰਤਾ ਏਸ ਦੇ ਗੋਡੇ ਕਿਵੇਂ ਸੁੱਜੇ ਪਏ ਨੇ। ਹਾਏ ਨੀ ਅੰਮੜੀਏ!"

ਇਹ ਆਖ ਕੇ ਬੁੱਢੀ ਨੇ ਆਪਣੀਆਂ ਛਾਤੀਆਂ ਉਤੇ ਜ਼ੋਰ-ਜ਼ੋਰ ਦੀ ਮੁੱਕੀਆਂ ਮਾਰੀਆਂ। ਉਸ ਦੀਆਂ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਹੰਝੂ ਡਿੱਗਣ ਲੱਗੇ ਤੇ ਉਸ ਨੇ ਆਖਿਆ, "ਹਾਏ ਨੀ! ਹੁਣ ਮੈਂ ਇਸ ਨੂੰ ਹਸਪਤਾਲ ਲੈ ਜਾਨੀ ਆਂ। ਉਥੇ ਡਾਕਦਾਰ ਏਸ ਨੂੰ ਸੂਏ ਲਾਊਗਾ।"

ਮੈਂ ਬੂਟੇ ਵੱਲ ਤੱਕਿਆ। ਉਸ ਦੇ ਢਾਲ ਵਰਗੇ ਗੋਡੇ ਹੁਣ ਪਾਥੀਆਂ ਵਾਂਗ ਫੁੱਲੇ-ਫੁੱਲੇ ਸਨ। ਉਸ ਨੂੰ ਇਸ ਤਰ੍ਹਾਂ ਰਿਕਸ਼ੇ ਵਿਚ ਅਪਾਹਜ ਵਾਂਗ ਬੈਠਿਆਂ ਦੇਖ ਕੇ ਮੇਰੇ ਕਾਲਜੇ ਵਿਚ ਇਕ ਚੀਸ ਜਿਹੀ ਉਠੀ।

ਉਸ ਨੇ ਮੇਰੇ ਵੱਲ ਆਪਣੀਆਂ ਜਨੌਰਾਂ ਜਿਹੀਆਂ ਅੱਖਾਂ ਨਾਲ ਤੱਕਿਆ, ਜਿਨ੍ਹਾਂ ਵਿਚ ਗੇਰੂ ਰੰਗੇ ਡੋਰੇ ਫੁਟਕੀਆਂ ਵਾਂਗ ਤਰ ਰਹੇ ਸਨ। ਚਾਣਚੱਕ ਉਨ੍ਹਾਂ ਵਿਚ ਆਸ ਦੀ ਇਕ ਕਿਰਨ ਮਘ ਉਠੀ ਤੇ ਉਸ ਦੇ ਬੁੱਲ੍ਹ ਸੱਜਰੀ ਵਾਹੀ ਸਿਆੜ ਵਾਂਗ ਖੁੱਲ੍ਹ ਗਏ ਤੇ ਉਸ ਆਖਿਆ, "ਡਾਕਟਰ ਬਿਜਲੀ ਦੇ ਸੂਇਆਂ ਨਾਲ ਮੇਰਾ ਇਲਾਜ ਕਰ ਰਿਹਾ ਐ। ਅੱਠ-ਦਸ ਦਿਨਾਂ ਵਿਚ ਮੈਂ ਰਾਜ਼ੀ-ਬਾਜ਼ੀ ਹੋ ਜਾਵਾਂਗਾ ਤੇ ਫਿਰ ਪਹਿਲਾਂ ਵਾਂਗ ਦੌੜਨ ਲੱਗਾਂਗਾ। ਇਸ ਪਿੱਛੋਂ ਜੀ ਮੈਂ ਲੰਡਨ ਜਾਊਂਗਾ ਤੇ ਸੌ ਮੀਲ ਦੌੜ ਦੌੜੂੰਗਾ...।"

ਮੈਂ ਉਸ ਵੱਲ ਤੱਕਿਆ। ਉਸ ਦਾ ਮੂੰਹ ਆਸ ਦੀ ਕਿਰਨ ਨਾਲ ਚਮਕ ਰਿਹਾ ਸੀ, ਉਹੀ ਆਸ ਜੋ ਮ੍ਰਿਗਤ੍ਰਿਸ਼ਨਾ ਵਾਂਗ ਉਸ ਨੂੰ ਜੀਵਨ ਦੇ ਇਕ ਮਾਰੂਥਲ ਤੋਂ ਦੂਜੇ ਥਲ ਤੀਕ ਭਟਕਾਉਂਦੀ ਹੋਈ ਲਈ ਫਿਰਦੀ ਸੀ। ਛੇਕੜ ਹੁਣ ਉਹ ਇਕ ਥੱਕੇ-ਟੁੱਟੇ ਹਿਰਨ ਵਾਂਗ ਡਿੱਗ ਪਿਆ ਸੀ, ਪਰ ਜਿਸ ਨੂੰ ਹੁਣ ਵੀ ਦੁਮੇਲ ਉਤੇ ਲਿਸ਼ਕਦੇ ਪਾਣੀ ਦਾ ਝੌਲਾ ਭਰਮਾਉਂਦਾ ਸੀ।

ਰਿਕਸ਼ਾ ਹੌਲੀ-ਹੌਲੀ ਤੁਰਦੀ ਹੋਈ ਚਲੀ ਗਈ। ਮੈਂ ਉਦੋਂ ਤੀਕ ਉਥੇ ਖੜ੍ਹਾ ਮਾਂ-ਪੁੱਤ ਨੂੰ ਵੇਖਦਾ ਰਿਹਾ, ਜਦ ਤੀਕ ਉਹ ਦੋਵੇਂ ਦੂਰ ਸੜਕ ਦੇ ਮੋੜ ਤੋਂ ਭੌਂ ਕੇ ਮੇਰੀਆਂ ਅੱਖਾਂ ਤੋਂ ਓਹਲੇ ਨਾ ਹੋ ਗਏ।

## ਰਾਜਸਥਾਨੀ ਲੋਕ ਕਹਾਣੀਆਂ-10



**ਵਿਜੇਦਾਨ ਦੇਥਾ**
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454



# ਆਸ ਅਮਰ-ਧਨ

*ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਆਸ ਅਮਰ-ਧਨ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ, ਜੋ ਭਾਵੁਕਤਾ ਦੀ ਸਿਖਰ ਸਿਰਜਦੀ ਹੈ। -ਸੰਪਾਦਕ*

ਸਮੁੰਦਰ ਡੂੰਘਾ ਕਿ ਆਸ ਡੂੰਘੀ? ਧਰਤੀ ਭਾਰੀ ਕਿ ਆਸ ਭਾਰੀ? ਪਹਾੜ ਥਿਰ ਕਿ ਆਸ? ਫੁੱਲ ਹਲਕਾ ਕਿ ਆਸ? ਹਵਾ ਸੱਚੀ ਕਿ ਆਸ ਸੱਚੀ? ਸੂਰਜ ਰੌਸ਼ਨ ਕਿ ਆਸ ਰੌਸ਼ਨ? ਪਰਮੇਸ਼ਰ ਅਮਰ ਕਿ ਆਸ ਅਮਰ? ਇਨ੍ਹਾਂ ਸਵਾਲਾਂ ਦਾ ਨਿਰਣਾ ਸਿਆਣੇ ਕਰੀ ਜਾਣਗੇ, ਆਪਾਂ ਨੂੰ ਤਾਂ ਏਨਾ ਪਤੈ ਕਿ ਪਿੰਡ ਬਾਹਰ ਪੁਰਾਣੇ ਖੱਡੇ ਕਿਨਾਰੇ ਕਿਸਾਨ ਦੀ ਝੌਂਪੜੀ ਸੀ। ਸੱਠ ਪੈਂਹਟ ਵਿੱਘੇ ਪਥਰੀਲੀ ਜ਼ਮੀਨ। ਮਾਰਵਾੜ ਦੇ ਬੱਦਲਾਂ ਦਾ ਕੀ ਭਰੋਸਾ, ਦੂਜੇ ਨਹੀਂ ਤਾਂ ਤੀਜੇ ਸਾਲ ਕਾਲ ਪੈਂਦਾ ਰਹਿੰਦਾ। ਖਤਰੇ ਤੋਂ ਬਚਣ ਲਈ ਇਸ ਨਾਸਮਝ ਕਿਸਾਨ ਨੇ ਖੂਹ ਖੋਦਣ ਵਾਸਤੇ ਬਾਣੀਏ ਤੋਂ ਵਿਆਜ 'ਤੇ ਪੈਸੇ ਲੈ ਲਏ। ਕਸਾਈ ਦੇ ਗੋਡੇ ਹੇਠ ਦਬਿਆ ਬੱਕਰਾ ਬਚੇ ਤਾਂ ਮਾਰਵਾੜ ਦਾ ਕਿਸਾਨ, ਬਾਣੀਏ ਦੇ ਕੰਨ ਉਪਰ ਟੰਗੀ ਕਲਮ ਦੀ ਮਾਰ ਤੋਂ ਬਚੇ। ਖੂਹ ਵਿਚ ਸੰਜਮ ਦਾ ਪਾਣੀ, ਬਾਣੀਏ ਦਾ ਕਰਜ਼, ਪੈਰਾਂ ਹੇਠ ਪਥਰੀਲੀ ਜ਼ਮੀਨ, ਉਪਰ ਆਕਾਸ਼ ਵਿਚ ਬੇਇਤਬਾਰੇ ਬੱਦਲ, ਘਰ ਬੀਵੀ, ਅੱਠੇ ਪਹਿਰ ਡੰਗ ਮਾਰਦਾ ਠਾਕੁਰ, ਇਨ੍ਹਾਂ ਦੇ ਦੁਸ਼ਮਣਾਂ ਦੇ ਫੰਧੇ ਵਿਚ ਭਗਵਾਨ ਖੁਦ ਫਸ ਜਾਏ ਤਾਂ ਮੂੰਹ ਵਿਚ ਤਿਣਕਾ ਲੈ ਕੇ ਵਾਰ-ਵਾਰ ਹਾਰ ਮੰਨੇ। ਮਾਰਵਾੜ ਦੇ ਜਨਮੇ ਦੁਖਿਆਰੇ ਕਿਸਾਨ ਦੀ ਫਿਰ ਕੀ ਔਕਾਤ?

ਪੀੜ੍ਹੀਆਂ ਦੀਆਂ ਅਮੁੱਕ ਮੁਸੀਬਤਾਂ ਵਿਚਕਾਰ ਘਿਰੇ ਕਿਸਾਨ ਉਤੇ ਇੱਕ ਹੋਰ ਬਿਪਤਾ ਆ ਪਈ। ਦੋ ਰੋਂਦੇ ਕੁਰਲਾਉਂਦੇ ਬੱਚਿਆਂ ਨੂੰ ਪਿੱਛੇ ਛੱਡ ਕੇ ਘਰਵਾਲੀ ਨਰਕੀ ਜ਼ਿੰਦਗੀ ਤੋਂ ਹਮੇਸ਼ ਲਈ ਛੁਟਕਾਰਾ ਪਾ ਗਈ। ਖੂਨ ਦੇ ਰਿਸ਼ਤੇ ਵਾਲੇ ਸਕੇ ਸਬੰਧੀਆਂ ਨੇ ਉਸ ਦੀ ਭਲਾਈ ਕਰਨ ਵਾਸਤੇ ਹੋਰ ਰਿਸ਼ਤਾ ਕਰਵਾ ਦਿੱਤਾ।

ਮਤਰੇਈ ਮਾਂ ਦੇ ਚਰਨ ਪੈਣੇ ਮੌਤ ਮੁਕਾਬਲੇ ਵਧੀਕ ਖਤਰਨਾਕ ਹੋਇਆ ਕਰਦੇ ਨੇ! ਮਾਸੂਮ ਬੱਚਿਆਂ ਨੂੰ ਆਪਣੀ ਮਾਂ ਅਤੇ ਦੂਜੀ ਮਾਂ ਵਿਚ ਮਮਤਾ ਦੇ ਫਰਕ ਦਾ ਕੀ ਪਤਾ? ਪਰ ਹੈਰਾਨੀ ਦੀ ਗੱਲ ਇਹ ਕਿ ਬਾਪ ਦੇ ਬਦਲਦੇ ਸੁਭਾਅ ਅਤੇ ਨਿਗ੍ਹਾ ਨੂੰ ਆਪੇ ਸਮਝ ਗਏ। ਦੋ ਸਾਲ ਦੀ ਭੈਣ ਮਾਰ ਖਾਂਦੀ ਖਾਂਦੀ ਆਖਰ ਇੱਕ ਸਾਲ ਦੇ ਵੀਰ ਨੂੰ ਖਿਡਾਉਣਾ ਦੁਲਾਰਨਾ ਸਿੱਖ ਗਈ।

ਢਲਕਦੇ ਹੰਝੂਆਂ, ਮਤਰੇਈ ਮਾਂ ਦੀ ਖਿਝ, ਮਾਰਕੁੱਟ ਦੌਰਾਨ ਪਤਾ ਨਾ ਲੱਗਾ ਕਿ ਸਾਲ ਬੀਤ ਗਿਆ। ਭੈਣ ਤਿੰਨ ਸਾਲ ਦੀ ਹੋ ਗਈ, ਭਾਈ ਦੋ ਸਾਲ ਦਾ। ਭੈਣ ਭਾਈ ਦੀਆਂ ਦਿਨ ਰਾਤ ਬਰਸਦੀਆਂ ਅੱਖਾਂ ਦੇਖ ਕੇ ਬਰਸਾਤ ਬਰਸਣੋਂ ਡਰ ਗਈ। ਕਿਸਾਨਾਂ ਦੀਆਂ ਭੁੱਖੀਆਂ ਪਿਆਸੀਆਂ ਅੱਖਾਂ ਹਰ ਵਕਤ ਖਾਲੀ ਅਸਮਾਨ ਵੱਲ ਦੇਖਦੀਆਂ ਰਹੀਆਂ ਪਰ ਬੱਦਲਾਂ ਦੇ ਦਰਸ਼ਨ ਨਹੀਂ ਹੋਏ ਤਾਂ ਨਹੀਂ ਹੋਏ। ਖੂਹ ਵਿਚਲਾ ਪਾਣੀ ਵੀ ਤਾਂ ਬੱਦਲਾਂ ਦੇ ਸਹਾਰੇ ਟਿਕਦਾ ਹੈ।

ਖੂਹ ਦਾ ਪਾਣੀ ਮੁਕ ਗਿਆ ਪਰ ਬਾਣੀਏ ਦਾ ਵਿਆਜ ਚਾਲੂ ਰਿਹਾ। ਕਿਸਾਨ ਦੀਆਂ ਅੱਖਾਂ ਬਰਸਣ ਲੱਗ ਪਈਆਂ। ਅੱਖਾਂ ਦਾ ਪਾਣੀ ਮੁੱਕ ਜਾਂਦਾ, ਫਿਰ ਕਿਸਾਨ ਮੁਸੀਬਤਾਂ ਦੀ ਅੱਗ ਵਿਚ ਝੁਲਸਣੋਂ ਕਿਵੇਂ ਬਚਦਾ?

ਮਾਂ ਬਾਪ ਨੇ ਆਪਸ ਵਿਚ ਸਲਾਹ ਮਸ਼ਵਰਾ ਕਰ ਕੇ ਮਾਲਵੇ ਵੱਲ ਜਾਣ ਦਾ ਮਨ ਬਣਾਇਆ। ਸਾਊ ਵਿਹਾਰ, ਸ਼ਿਸ਼ਟਾਚਾਰ ਜਾਂ ਦਿਖਾਵੇ ਵਰਗੀਆਂ ਫਾਲਤੂ ਗੱਲਾਂ ਵਾਸਤੇ ਮਾਂ ਕੋਲ ਵਿਹਲ ਨਹੀਂ ਸੀ। ਕੌੜੇ ਬੋਲਾਂ ਵਿਚ ਆਪਣੇ ਦਿਲ ਦੀ ਗੱਲ ਪਤੀ ਨੂੰ ਕਹਿ ਦਿੱਤੀ-ਇਨ੍ਹਾਂ ਜਮਦੂਤਾਂ ਨੂੰ ਨਾਲ ਲੈ ਗਏ ਤਾਂ ਮਾਲਵੇ ਵਿਚ ਵੀ ਚੈਨ ਨਹੀਂ ਮਿਲੇਗਾ! ਇੱਥੇ ਹੀ ਇਨ੍ਹਾਂ ਨੂੰ ਮਾਰ ਮੂਰ ਕੇ ਖਿਸਕੀਏ ਤਾਂ ਠੀਕ ਰਹੇ।

ਘਰਵਾਲੀ ਦੇ ਲੱਛਣ ਜਾਣਦੇ ਹੋਏ ਵੀ ਉਸ ਦੇ ਮੂੰਹ ਵਿਚੋਂ ਇਹੋ ਜਿਹੀ ਅਣਹੋਣੀ ਗੱਲ ਸੁਣ ਕੇ ਇੱਕ ਵਾਰ ਤਾਂ ਕਿਸਾਨ ਸੁੰਨ ਹੋ ਗਿਆ। ਇਹ ਕੋਈ ਡਰਾਉਣਾ ਸੁਫਨਾ ਹੈ ਕਿ ਆਲ ਜੰਜਾਲ ਦਾ ਭੁਲੇਖਾ? ਨਹੀਂ, ਸਾਹਮਣੇ ਦਿਸਦੀ ਸੱਚਾਈ ਹੈ। ਫਿਰ ਅਣਸੁਣੀ ਜਾਂ ਅਣਦੇਖੀ ਕਿਵੇਂ ਕਰੇ? ਨਾ ਚਾਹੁੰਦਾ ਹੋਇਆ ਵੀ ਸਿਰ ਤੋਂ ਪੈਰਾਂ ਤੱਕ ਕੰਬ ਗਿਆ। ਕੀ ਪਤਾ ਇਹੋ ਜਿਹੀ ਬਿਜਲੀ ਕਿਸੇ ਉਤੇ ਕਦੋਂ ਕੜਕ ਪਏ! ਸਹਿਜ ਮਤੇ ਦਾ ਦਿਖਾਵਾ ਕਰਦਿਆਂ ਅਟਕ ਅਟਕ ਕੇ ਬੋਲਿਆ-ਕੀ ਕਹਿ ਰਹੀ ਹੈਂ ਤੂੰ? ਗੁੱਸਾ ਆ ਜਾਵੇ ਤਾਂ ਮੈਨੂੰ ਸੁਣੀ ਹੋਈ ਗੱਲ ਦੀ ਸਮਝ ਨਹੀਂ ਪੈਂਦੀ। ਆਪਣੇ ਜੰਮੇ ਜਾਏ ਬੱਚਿਆਂ ਉਪਰ ਇਹ ਕਹਿਰ ਕਿਵੇਂ ਢਾਹਵਾਂ?

ਪਰ ਮਤਰੇਈ ਤਾਂ ਪੂਰੇ ਹੋਸ਼ ਹਵਾਸ ਵਿਚ ਸੀ। ਸੋਚ ਵਿਚਾਰ ਮਗਰੋਂ ਹੀ ਇਸ ਨਤੀਜੇ ਉਪਰ ਪਹੁੰਚੀ ਸੀ। ਆਪਣੇ ਸੁੱਖ ਤੋਂ ਬਿਨਾ ਹੋਰ ਕਿਸੇ ਦੀ ਲੋੜ ਨਹੀਂ। ਮਾਨਵੀ ਸੰਸਕਾਰ ਅਕਸਰ ਬੇਰਹਿਮ ਹੁੰਦੇ ਹੀ ਹਨ, ਫਿਰ ਵਿਚਾਰੀ ਕੀ ਕਰਦੀ, ਕੀ ਕਹਿੰਦੀ? ਉਸ ਨੂੰ ਕੋਈ ਅਣਹੋਣੀ ਨਹੀਂ ਦਿਸੀ। ਉਸ ਨੇ ਸਲਾਹ ਦਿੱਤੀ-ਤੈਨੂੰ ਤਾਂ ਹੱਥ ਲਾਉਣ ਦੀ ਵੀ ਲੋੜ ਨਹੀਂ। ਮੈਂ ਆਪਣੀ ਅਕਲਮੰਦੀ ਨਾਲ ਸਭ ਕੰਮ ਨਿਬੇੜ ਦਿਊਂਗੀ।

ਅਸਮਾਨ ਉਪਰ ਕੋਈ ਅਸਰ ਨਹੀਂ, ਧੁੱਪ ਬੇਚੈਨ ਨਹੀਂ ਹੋਈ, ਹਵਾ ਆਪਣੀ ਮਸਤੀ ਵਿਚ ਵਗਦੀ ਰਹੀ। ਬਾਪ ਦੇ ਸਾਹਾਂ ਨੂੰ ਕੁਝ ਤਕਲੀਫ ਜ਼ਰੂਰ ਹੋਈ, ਜਿਵੇਂ ਗਲੇ ਵਿਚ ਕੁਝ ਫਸ ਜਾਏ! ਸਹਿਮਤ ਹੁੰਦਿਆਂ ਕਿਹਾ-ਇਸ ਕਰੂਰਤਾ ਵਾਸਤੇ ਮੈਥੋਂ ਤਾਂ ਹਾਂ ਵੀ ਨਹੀਂ ਕੀਤੀ ਜਾਂਦੀ। ਕਮਜ਼ੋਰ ਹੈ ਮੇਰਾ ਦਿਲ। ਤੇਰੇ ਜਿੰਨੀ ਹਿੰਮਤ ਨਹੀਂ!

-ਫਿਰ ਸਿਰ ਉਪਰ ਸੋਲਾਂ ਹੱਥ ਦੇ ਸੂਤ ਦਾ ਭਾਰ ਕਿਉਂ ਚੁੱਕੀ ਫਿਰਦੈਂ? ਹੱਥਾਂ ਵਿਚ ਚੂੜੀਆਂ ਪਹਿਨ, ਲਹਿੰਗਾ, ਓੜ੍ਹਨੀ ਓੜ੍ਹ! ਗਲਤੀ ਮੇਰੀ ਹੈ ਜੋ ਪੁੱਛ ਬੈਠੀ। ਲੱਗ ਗਿਆ ਪਤਾ ਬਹਾਦਰੀ ਦਾ।

ਇਹ ਬੋਲ ਸੁਣਾ ਕੇ ਘਰਵਾਲੀ ਪੂਰੇ ਰੋਅਬ ਨਾਲ ਝੌਂਪੜੀ ਵੱਲ ਤੁਰੀ। ਪਤੀ ਨੇ ਹੌਂਸਲਾ ਕਰ ਕੇ ਉਸ ਦਾ ਹੱਥ ਫੜਿਆ। ਕੰਬਦੀ ਆਵਾਜ਼ ਵਿਚ ਬੋਲਿਆ-ਭਲੀਮਾਣਸ, ਇਨ੍ਹਾਂ ਬੱਚਿਆਂ 'ਤੇ ਨਾ ਸਹੀ, ਮੇਰੇ ਉਪਰ ਥੋੜ੍ਹਾ ਰਹਿਮ ਕਰ। ਇਹ ਬਾਲ ਹੱਤਿਆਵਾਂ ਦਾ ਕਲੰਕ ਆਪਣੇ ਮੱਥੇ ਉਪਰ ਕਿਉਂ ਮੜ੍ਹ ਰਹੀ ਹੈਂ? ਮੇਰਾ ਕਹਿਣਾ ਮੰਨ। ਇੱਕ ਜੁਗਤ ਦਸਦਾਂ।



ਘਰਵਾਲੀ ਨੇ ਲਿਪਾ ਪੋਚੀ, ਨਰਮੀ, ਲਿਹਾਜ਼ ਵਰਗੀਆਂ ਫਜ਼ੂਲ ਗੱਲਾਂ ਸਿੱਖੀਆਂ ਹੀ ਨਹੀਂ ਸਨ। ਮੁੜ ਕੇ ਕਿਹਾ-ਆਪਣੀ ਜੁਗਤ ਆਪਣੇ ਕੋਲ ਰੱਖ। ਇਨ੍ਹਾਂ ਸਪੋਲੀਆਂ ਨੂੰ ਮੈਂ ਨਹੀਂ ਲਿਜਾਂਦੀ ਨਾਲ। ਪਤੀ ਨੇ ਸਫਾਈ ਦਿੰਦਿਆਂ ਕਿਹਾ-ਨਾਲ ਲਿਜਾਣ ਦੀ ਗੱਲ ਮੈਂ ਕਦ ਕਰਦਾਂ? ਇਨ੍ਹਾਂ ਬੇਭਾਗਿਆਂ ਤੋਂ ਖਹਿੜਾ ਵੀ ਛੁਟੇ, ਹੱਤਿਆ ਦਾ ਪਾਪ ਵੀ ਨਾ ਲੱਗੇ। ਇਹ ਉਪਾਅ ਦੱਸਾਂ ਤਾਂ ਮੰਨੇਗੀ?

ਇੱਧਰ ਉਧਰ ਝਾਕਦੀ ਹੋਈ ਬੋਲੀ-ਕੁਝ ਕਹੇਂ ਤਾਂ ਪਤਾ ਲੱਗੇ। ਮੰਨਣ ਵਾਲੀ ਗੱਲ ਹੋਈ, ਮੰਨੂੰਗੀ। ਦੱਸ ਤੇਰਾ ਆਖਾ ਕਦੀ ਮੋੜਿਆ ਮੈਂ?

-ਤੇਰੀ ਕਰਨੀ ਤਾਂ ਤੂੰ ਹੀ ਕਰੇਂ, ਮੇਰੇ ਘਰ ਦੀ ਲੱਛਮੀ ਜੋ ਹੋਈ। ਸਾਡਾ ਸਭ ਦਾ ਭਲਾ ਤੂੰ ਨਹੀਂ ਸੋਚੇਂਗੀ, ਹੋਰ ਕੌਣ ਸੋਚੇਗਾ? ਅੱਠ ਦਸ ਰੋਟੀਆਂ, ਗੁੜ ਨਾਲ ਸਾਰਾ ਕੰਮ ਠੀਕ ਸਧ ਜਾਏਗਾ। ਆਪਾਂ ਅੱਜ ਹੀ ਮਾਲਵੇ ਜਾ ਸਕਦੇ ਹਾਂ। ਕੋਈ ਮੁਸ਼ਕਿਲ ਨਹੀਂ। ਅੰਦਰ ਗੁੜ ਤੇ ਰੋਟੀਆਂ ਰੱਖ ਕੇ ਬਾਹਰੋਂ ਇਨ੍ਹਾਂ ਨੂੰ ਕੂੰਡਾ ਲਾ ਕੇ ਅਦਿੱਖ ਬਿਧਮਾਤਾ ਹਵਾਲੇ ਕਰ ਜਾਨੇ ਆਂ। ਮਾੜਾ ਮੋਟਾ ਲਾਡ ਪਿਆਰ ਕਰਦਿਆਂ ਤੂੰ ਇਨ੍ਹਾਂ ਨੂੰ ਕਹਿ ਦੇਈਂ ਕਿ ਦਿਹਾੜੀ ਕਰਨ ਚੱਲੇ ਆਂ, ਸ਼ਾਮੀ ਵਾਪਸ ਆ ਜਾਵਾਂਗੇ। ਕੁਝ ਦਿਨ ਉਡੀਕਣਗੇ, ਸਾਡਾ ਰਸਤਾ ਦੇਖੀ ਜਾਣਗੇ। ਭੁੱਖੇ ਪਿਆਸੇ ਸੁੱਕ ਕੇ ਆਪੇ ਪਿੰਜਰ ਹੋ ਜਾਣਗੇ। ਪੁਚਕਾਰ ਕੇ ਜਾਏਂ ਤਾਂ ਰੋਣਗੇ ਵਿਲਕਣਗੇ ਨਹੀਂ। ਦਸ ਕਿਵੇਂ ਲੱਗੀ ਵਿਉਂਤ?

ਸਵੇਰੇ ਦੀ ਕੱਚੇ ਦੁੱਧ ਵਰਗੀ ਧੁੱਪ ਪਹਿਲਾਂ ਵਾਂਗ ਮੁਸਕਾਂਦੀ ਰਹੀ। ਹਵਾ ਅਠਖੇਲੀਆਂ ਕਰਦੀ ਰਹੀ। ਗੁਲਾਬੀ ਆਸਮਾਨ ਉਵੇਂ ਹੀ ਸ਼ਾਂਤ ਰਿਹਾ। ਘਰਵਾਲੀ ਨੇ ਖੁਸ਼ ਹੋ ਕੇ ਫੈਸਲਾ ਦਿੱਤਾ-ਪਹਿਲੀ ਵਾਰੀ ਤੇਰੇ ਮੂੰਹੋਂ ਅਕਲ ਦੀ ਕੋਈ ਗੱਲ ਸੁਣ ਰਹੀ ਆਂ। ਪਤੀ ਨੇ ਕਿਹਾ-ਤੇਰੇ ਨਾਲ ਰਹਿਣ ਕਰ ਕੇ ਥੋੜ੍ਹੀ ਬਹੁਤ ਸਮਝ ਆਈ ਹੈ।

ਗਿੱਦੜ ਵੀ ਪ੍ਰਸ਼ੰਸਾ ਕਰੇ, ਸ਼ੇਰ ਖੁਸ਼ ਹੋ ਜਾਂਦਾ ਹੈ, ਉਹ ਤਾਂ ਫਿਰ ਵੀ ਔਰਤ ਜਾਤ ਸੀ। ਬੁਝੀ ਬੁਝੀ ਚਾਲ ਨਾਲ ਝੌਂਪੜੀ ਅੰਦਰ ਜਾ ਕੇ ਸਕੀ ਮਾਂ ਵਾਂਗ ਮਤਰੇਏ ਬੱਚਿਆਂ ਨਾਲ ਲਾਡ ਪਿਆਰ ਕੀਤਾ। ਚੁੰਨੀ ਦੇ ਪੱਲੇ ਨਾਲ ਉਨ੍ਹਾਂ ਦੀਆਂ ਅੱਖਾਂ ਪੂੰਝੀਆਂ। ਮਹਿੰਦੀ ਰੰਗੇ ਹੱਥਾਂ ਨਾਲ ਮੂੰਹ ਧੋਏ। ਅੱਖਾਂ ਵਿਚ ਸੁਰਮਾ ਪਾਇਆ। ਗੁੜ ਵਰਗੇ ਮਿੱਠੇ ਬੋਲ ਬੋਲੇ। ਇੰਨਾ ਕੁ ਕਰਨ ਨਾਲ ਜੇ ਇਨ੍ਹਾਂ ਦੁਸ਼ਟਾਂ ਤੋਂ ਖਹਿੜਾ ਛੁਟੇ ਤਾਂ ਮਾੜਾ ਕੀ? ਜਿਸ ਨੇ ਆਪਣੇ ਸਕੇ ਬੱਚਿਆਂ ਨਾਲੋਂ ਨਾਤਾ ਤੋੜ ਲਿਆ, ਉਸ ਨੂੰ ਸਿੱਧਾ ਕਰਨ ਵਿਚ ਕੀ ਔਖ ਹੋਵੇਗੀ? ਔਰਤ ਨੂੰ ਇਹੋ ਜਿਹਾ ਤਾਬੇਦਾਰ ਸਿੱਧਾ ਸਾਦਾ ਪਤੀ ਬੜੀ ਮੁਸ਼ਕਿਲ ਨਾਲ ਮਿਲਦਾ। ਪੰਜ ਸਤ ਰੋਟੀਆਂ, ਗੁੜ ਛਾਬੇ ਵਿਚ, ਇੱਕ ਕਸੋਰਾ ਪਾਣੀ ਦਾ ਓਪਰੇ ਦਿਲ ਨਾਲ ਰੱਖ ਦਿੱਤਾ।

ਪਿਤਾ ਦਾ ਦਿਲ ਥੋੜ੍ਹਾ ਬੇਚੈਨ ਹੋਇਆ, ਕਹਿੰਦਾ-ਪੰਜ ਚਾਰ ਰੋਟੀਆਂ ਤੇ ਥੋੜ੍ਹਾ ਕੁ ਗੁੜ ਹੋਰ ਰੱਖ ਦਿੰਦੀ ਤਾਂ ਠੀਕ ਨਾ ਹੁੰਦਾ?

-ਕੀ ਭੋਲੀਆਂ ਗੱਲਾਂ ਕਰ ਰਿਹੈਂ। ਜਿੰਨਾ ਕੁਝ ਰੱਖ ਦਿੱਤਾ, ਸਾਲ ਭਰ ਨਹੀਂ ਮੁੱਕਣਾ। ਇਹ ਸਪੋਲੀਏ ਪੰਜ ਦਿਨ ਵਿਚ ਟਿਕਾਣੇ ਲੱਗਣ ਤਾਂ ਉਹੀ ਗੱਲ, ਦਸ ਦਿਨ ਵਿਚ ਟਿਕਾਣੇ ਲੱਗਣ ਤਾਂ ਉਹੀ ਗੱਲ। ਇੱਕ ਦਿਨ ਮਰਨਾ ਈ ਮਰਨੈ। ਫੇਰ ਫਾਲਤੂ ਰਾਸ਼ਨ ਬਰਬਾਦ ਕਰਨ ਵਿਚ ਕੀ ਅਕਲਮੰਦੀ? ਦਿਮਾਗ ਤਾਂ ਵਰਤ ਰਤਾ।

ਪਤੀ ਨੇ ਭੁੱਲ ਮਨਜ਼ੂਰ ਕੀਤੀ। ਸੋਚਿਆ, ਇਹ ਆਫਤ ਜੇ ਗੁੱਸੇ ਵਿਚ ਆ ਗਈ, ਫਿਰ ਬੱਚਿਆਂ ਨੂੰ ਜੁਦਾਈ ਵੇਲੇ ਕੁੱਟ ਦਏਗੀ। ਦੁਬਕਿਆ ਹੋਇਆ ਬਾਪ ਉਨ੍ਹਾਂ ਨੂੰ ਹਸਦੇ ਖੇਡਦੇ ਛੱਡ ਕੇ ਜਾਣਾ ਚਾਹੁੰਦਾ ਸੀ। ਪਿੱਛੋਂ ਚੀਕ ਚਿਹਾੜਾ ਕਰਦਿਆਂ ਮਰ ਜਾਣ ਤਾਂ ਕੌਣ ਦੇਖਦੈ? ਮੌਤ ਕਿਸੇ ਤਰ੍ਹਾਂ ਟਲਣ ਵਾਲੀ ਤਾਂ ਹੈ ਨਹੀਂ। ਇਨ੍ਹਾਂ ਨੂੰ ਲਾਡ ਪਿਆਰ ਨਾਲ ਪੁਚਕਾਰਦੇ ਚਲੇ ਜਾਈਏ, ਦਿਲ ਨੂੰ ਕੁਝ ਚੈਨ ਮਿਲੇ।

ਘਰਵਾਲੀ ਪਤੀ ਦੀ ਗੱਲ ਸਮਝ ਗਈ, ਉਸ ਦਾ ਦਿਲ ਰੱਖਣ ਲਈ ਦੋਵੇਂ ਬੱਚਿਆਂ ਦਾ ਮੱਥਾ ਚੁੰਮਿਆ, ਗੱਲ੍ਹਾਂ 'ਤੇ ਮਿੱਠੀਆਂ ਲਈਆਂ, ਚਾਸ਼ਣੀ ਵਰਗੇ ਮਿੱਠੇ ਬੋਲ ਬੋਲੇ-ਮੇਰੇ ਸਿਆਣੇ ਬੱਚਿਉ, ਆਪਸ ਵਿਚ ਲੜਨਾ ਨਹੀਂ, ਰੁੱਸਣਾ ਨਹੀਂ। ਪ੍ਰੇਮ ਨਾਲ ਰਹਿਓ। ਦਿਹਾੜੀ ਕਰ ਕੇ ਅਸੀਂ ਸ਼ਾਮ ਨੂੰ ਆ ਜਾਂਗੇ। ਦੋ ਛਣਕਣੇ ਲਿਆਵਾਂਗੇ। ਖੂਬ ਖੇਡਿਓ ਕੁੱਦਿਓ। ਛਿਕੂ ਵਿਚ ਗੁੜ ਰੋਟੀਆਂ ਪਈਆਂ ਨੇ, ਭੁੱਖ ਲੱਗੇ ਖਾ ਲਿਓ। ਪਾਣੀ ਦਾ ਕਸੋਰਾ ਭਰਿਆ ਪਿਐ, ਪਿਆਸ ਲੱਗੇ ਪੀ ਲਿਓ। ਮੇਰੇ ਰਾਜ ਦੁਲਾਰਿਓ, ਅਸੀਂ ਬਸ ਆਏ। ਹੁਣ ਜਾਈਏ?

ਸਿਰ ਹਿਲਾ ਕੇ ਬੱਚਿਆਂ ਨੇ ਹਾਮੀ ਭਰੀ। ਥੋੜ੍ਹਾ ਕੁ ਮੁਸਕਰਾਏ ਵੀ।

ਛਿਕੂ ਅਤੇ ਕਸੋਰਾ ਇਨੇ ਉਚੇ ਟੰਗੇ ਹੋਏ ਕਿ ਹੱਥ ਨਹੀਂ ਪਹੁੰਚਦਾ ਸੀ। ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦੀ ਸੂਝ-ਬੂਝ ਵੀ ਨਹੀਂ ਸੀ। ਜਿਹੜੀ ਚੀਜ਼ ਅੱਖਾਂ ਸਾਹਮਣੇ ਹੈ, ਉਹ ਲੈਣ ਵਿਚ ਕੀ ਰੋਕ? ਮਾਸੂਮ ਬੱਚਾ ਤਾਂ ਚੰਦ ਫੜਨ ਲਈ ਮਚਲ ਪੈਂਦੈ ਪਰ ਮਾਸੂਮ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੂੰ ਅੱਜ ਮਾਂ ਦਾ ਵਰਤਾਰਾ ਬਹੁਤ ਚੰਗਾ ਲੱਗਾ। ਝਿੜਕਾਂ ਦੀ ਥਾਂ ਲਾਡ ਦੁਲਾਰ! ਏਨੀ ਮਿੱਠੀ ਬੋਲੀ! ਥੱਪੜਾਂ ਦੀ ਥਾਂ ਮਿੱਠੀਆਂ, ਚੁੰਮੀਆਂ। ਪੂਰੇ ਖੁਸ਼। ਮਾਂ ਨੇ ਕੁੜੀ ਵੱਲ ਦੇਖ ਕੇ ਕਿਹਾ-ਤੂੰ ਵੱਡੀ ਹੈਂ, ਭਾਈ ਦਾ ਖਿਆਲ ਰੱਖੀਂ। ਝਿੜਕੀਂ ਨਾ। ਬਾਹਰੋਂ ਕੁੰਡਾ ਲਾ ਕੇ ਅਸੀਂ ਚੱਲੇ ਆਂ। ਸ਼ਾਮ ਪਈ ਤੋਂ ਆਵਾਂਗੇ। ਮਿਲ ਜੁਲ ਕੇ ਰਹਿਓ ਚੰਗੀ ਤਰ੍ਹਾਂ। ਠੀਕ ਹੈ?

ਇਸ ਪਿੱਛੋਂ ਪੱਥਰ ਦਿਲ ਪਿਤਾ ਨੇ ਗੋਦ ਵਿਚ ਲੈ ਕੇ ਦੋਵਾਂ ਨੂੰ ਪਿਆਰ ਕੀਤਾ। ਵਾਰ ਵਾਰ ਚੁੰਮਿਆ। ਮੁਸਕਾਣ ਦੀ ਕੋਸ਼ਿਸ਼ ਕੀਤੀ, ਅੱਖਾਂ ਭਰ ਆਈਆਂ, ਗਲਾ ਰੁਕ ਗਿਆ। ਬਾਪ ਦੇ ਚਿਹਰੇ ਦੀ ਇਹ ਰੰਗਤ ਦੇਖ ਕੇ ਕੁੜੀ ਨੇ ਤੋਤਲੇ ਬੋਲ ਨਾਲ ਕਿਹਾ-ਮਾਂ ਥੋੜ੍ਹਾ ਇਧਰ ਦੇਖ। ਬਾਪੂ ਰੋ ਰਿਹੈ। ਸਾਡੀ ਚਿੰਤਾ ਕਰਨ ਦੀ ਕੀ ਲੋੜ? ਸ਼ਾਮ ਤੱਕ ਅਸੀਂ ਤਾਂ ਇਸੇ ਤਰ੍ਹਾਂ ਖੇਡਦੇ ਕੁੱਦਦੇ ਰਹਾਂਗੇ। ਮੈਂ ਭਾਈ ਨੂੰ ਖੂਬ ਖਿਡਾਊਂਗੀ।

ਪਿਤਾ ਦੀ ਦਾੜ੍ਹੀ ਨਾਲ ਮਾਸੂਮ ਬੱਚਾ ਖੇਡਣ ਲੱਗਾ ਤਾਂ ਘਰਵਾਲੀ ਖਿਝ ਗਈ, ਬੋਲੀ-ਹੁਣ ਸਮਾਂ ਫਜ਼ੂਲ ਨਾ ਗੁਆਓ। ਹੋਰ ਦੇਰ ਕਰਨੀ ਠੀਕ ਨਹੀਂ। ਝਿੜਕ ਸੁਣ ਕੇ ਕਿਸਾਨ ਨੂੰ ਹੋਸ਼ ਆਈ। ਬੱਚਿਆਂ ਨੂੰ ਗੋਦੀਓਂ ਉਤਾਰਿਆ। ਫਿਰ ਜ਼ਿੱਲਤ ਭਰੀ ਆਵਾਜ਼ ਨਾਲ ਪਤਨੀ ਨੂੰ ਕਿਹਾ-ਤੇਰੇ ਅੱਗੇ ਹੱਥ ਜੋੜਦਾਂ। ਭਲੀਏ ਪੰਜ ਚਾਰ ਰੋਟੀਆਂ ਛਿਕੂ ਵਿਚ ਹੋਰ ਰੱਖ ਦੇ। ਗੁੜ ਵੀ ਥੋੜ੍ਹਾ ਲਗਦੈ ਮੈਨੂੰ ਤਾਂ।

ਪਤੀ ਦੀ ਫਜ਼ੂਲ ਭਾਵੁਕਤਾ ਤੋਂ ਐਤਕਾਂ ਨਾਰਾਜ਼ ਹੋ ਗਈ। ਅੱਖਾਂ ਅੱਡ ਕੇ ਬੋਲੀ-ਇਨ੍ਹਾਂ ਬੇਹੂਦੀਆਂ ਗੱਲਾਂ ਵਿਚ ਕੁਝ ਨਹੀਂ ਧਰਿਆ ਪਿਆ। ਆਪਣੇ ਕੋਲ ਵਾਧੂ ਅੰਨ ਰਹੇ ਤਾਂ ਕੰਮ ਵੀ ਆਵੇ। ਇੱਥੇ ਫਾਲਤੂ ਗੁਆਣ ਦਾ ਕੀ ਫਾਇਦਾ? ਇਹੋ ਜਿਹੇ ਪਖੰਡ ਮੈਨੂੰ ਚੰਗੇ ਨਹੀਂ ਲਗਦੇ।

ਇੱਛਾ ਨਾ ਹੁੰਦੇ ਹੋਏ ਵੀ ਪਿਤਾ ਦੇ ਮੂੰਹੋਂ ਇਹ ਬੋਲ ਫੁੱਟ ਪਏ-ਤੈਨੂੰ ਇਹ ਝੂਠਾ ਦਿਖਾਵਾ ਲਗਦੈ? ਇਹ ਦੱਸ, ਤੂੰ ਆਪਣੇ ਜੰਮੇ ਜਾਇਆਂ ਨੂੰ ਇਸ ਤਰ੍ਹਾਂ ਛੱਡ ਸਕਦੀ ਐਂ? ਇਸ ਸਵਾਲ ਦਾ ਜਵਾਬ ਦੇਣ ਵਿਚ ਪਤਨੀ ਨੂੰ ਰਤਾ ਦੇਰ ਨਾ ਲੱਗੀ। ਆਮ ਵਾਂਗ ਕਿਹਾ-ਝੂਠਾ ਦਿਖਾਵਾ ਨਹੀਂ ਤਾਂ ਹੋਰ ਕੀ ਹੈ ਇਹ? ਤੂੰ ਆਪਣੇ ਜੰਮੇ ਜਾਇਆਂ ਨੂੰ ਛੱਡ ਕੇ ਜਾ ਈ ਰਿਹੈਂ? ਇਹ ਤਾਂ ਸਮੇਂ ਸਮੇਂ ਦੀਆਂ ਗੱਲਾਂ ਨੇ। ਜਿਹੀ ਹਵਾ ਚੱਲੇ, ਤਿਹੀ ਓਟ ਲੈ ਲਈਏ। ਵਡੇਰਿਆਂ ਨੇ ਇਹੋ ਸਿੱਖਿਆ ਦਿੱਤੀ ਹੈ, ਇਸ ਵਿਚ ਬੁਰਾ ਕੀ ਹੈ?

ਪੁਰਖਿਆਂ ਦੀ ਸਿੱਖਿਆ ਦਾ ਕਿੰਨਾ ਕੁ ਅਸਰ ਸੀ, ਇਹ ਤਾਂ ਉਹੀ ਜਾਣੇ ਪਰ ਘਰਵਾਲੀ ਦੀ ਗੱਲ ਟੋਕਣੀ ਵਸ ਦੀ ਗੱਲ ਨਹੀਂ ਸੀ।

ਬਾਹਰੋਂ ਕੁੰਡਾ ਲੱਗਣ ਦੀ ਆਵਾਜ਼ ਸੁਣੀ ਤਾਂ ਧੀ ਨੇ ਯਾਦ ਕਰਾਉਣ ਲਈ ਜ਼ੋਰ ਦੇਣੀ ਕਿਹਾ-ਬਾਪੂ ਜਲਦੀ ਆਇਓ ਸ਼ਾਮ ਨੂੰ। ਨਾਲੇ ਛਣਕਣੇ ਲਿਆਉਣੇ!

ਗਲ ਵਿਚੋਂ ਸ਼ਬਦ ਬਾਹਰ ਲਿਆਉਣੇ ਕਦੇ ਕਦੇ ਪਹਾੜ ਧੱਕਣ ਜਿੰਨਾ ਔਖਾ ਕੰਮ ਹੁੰਦੈ ਪਰ ਪਿਤਾ ਨੇ ਕਿਹਾ-ਹਾਂ...ਹਾਂ...ਲਿਆਊਂਗਾ।

ਪਿੱਪਲ ਦੇ ਪੱਤੇ ਖੜਖੜਾਉਂਦੇ ਰਹੇ। ਪੰਛੀ ਇਧਰ ਉਧਰ ਉਡਦੇ ਰਹੇ, ਧੁੱਪ ਚਿਲਕਦੀ ਰਹੀ, ਹਵਾ ਘੁੰਮਦੀ ਰਹੀ, ਕੁਦਰਤ ਦੇ ਨਿੱਤਨੇਮ ਵਿਚ ਕੋਈ ਵਿਘਨ ਨਹੀਂ ਪਿਆ। ਸੂਰਜ ਦੀਆਂ ਕਿਰਨਾਂ ਇੱਕ ਦੂਜੀ ਵਿਚ ਉਲਝਦੀਆਂ ਰਹੀਆਂ। ਪਤੀ-ਪਤਨੀ ਆਪਣੇ ਰਸਤੇ ਚਲਦੇ ਰਹੇ।

ਘਰਵਾਲੀ ਦੇ ਸਿਰ ਉਪਰ ਰਸੋਈ ਦੇ ਨਿਕਸੁਕ ਦਾ ਟੋਕਰਾ ਸੀ। ਇੱਕ ਅੱਧ ਖੇਸ ਕੰਬਲੀ ਵੀ ਸੀ। ਮਣ ਸਵਾ ਮਣ ਬੋਝ ਹੋਵੇਗਾ ਆਰਾਮ ਨਾਲ। ਖੂਹ ਕੋਲੋਂ ਦੀ ਜਾਂਦਿਆਂ ਪਿੱਛੇ ਮੁੜ ਕੇ ਪਤੀ ਨੂੰ ਕਿਹਾ-ਬੋਝ ਸਾਰਾ ਤਾਂ ਮੇਰੇ ਮੱਥੇ ਉਪਰ ਹੈ ਪਰ ਤੇਰੇ ਪੈਰ ਜ਼ਮੀਨ ਵਿਚ ਕਿਉਂ ਗਡਦੇ ਜਾਂਦੇ ਨੇ?

ਜਵਾਬ ਦੇਣ ਦੀ ਕੋਸ਼ਿਸ਼ ਤਾਂ ਕੀਤੀ ਪਰ ਬੋਲਿਆ ਨਹੀਂ। ਕੋਈ ਲਾਵਾ ਅੰਦਰੋਂ ਬਾਹਰ ਆਉਣਾ ਚਾਹੁੰਦਾ ਸੀ, ਵਿਆਕੁਲ ਸੀ ਪਰ ਨਤੀਜੇ ਤੋਂ ਡਰ ਕੇ ਕੰਬ ਗਿਆ। ਤੁਰੰਤ ਮਨ 'ਤੇ ਕਾਬੂ ਪਾਉਂਦਿਆਂ ਕਿਹਾ-ਕਿੰਨੀ ਮਿਹਨਤ ਨਾਲ ਖੋਦਿਆ ਸੀ ਇਹ ਖੂਹ! ਛੱਡਣ ਲੱਗਿਆਂ ਦੁੱਖ ਤਾਂ ਹੁੰਦੈ।

ਪਤਨੀ ਨੇ ਸੁੱਖ ਦਾ ਸਾਹ ਲਿਆ। ਠੰਢੇ ਬੋਲ ਨਾਲ ਕਿਹਾ-ਮੈਂ ਸੋਚਿਆ, ਕੋਈ ਹੋਰ ਗੱਲ ਐ। ਖੂਹ ਵਿਚ ਪਾਣੀਓ ਨਾ ਰਿਹਾ, ਫਿਰ ਆਪਾਂ ਕੀ ਕਰਦੇ ਹੋਰ? ਖਾਲੀ ਖੂਹ ਨੂੰ ਜਿਊਂਦੇ ਜੀਅ ਨਾ ਛੱਡਦੇ ਫਿਰ ਮਰ ਕੇ ਛਡਦੇ? ਲਾਚਾਰੀ ਕੀ ਕੀ ਨਹੀਂ ਕਰਵਾਉਂਦੀ? ਖੂਹ ਵਿਚ ਪਾਣੀ ਨਾ ਹੋਵੇ, ਫਿਰ ਤਾਂ ਉਸ ਵਿਚ ਛਾਲ ਵੀ ਨਹੀਂ ਮਾਰੀ ਜਾਂਦੀ!

ਜਾਣੇ ਅਣਜਾਣੇ ਪਿਤਾ ਦੀ ਦੁਖਦੀ ਰਗ ਛਿੜ ਗਈ। ਕਹਿਣ ਲੱਗਾ-ਹਾਂ, ਇਹ ਤੇਰੀ ਗੱਲ ਬਿਲਕੁਲ ਠੀਕ ਐ। ਸਾਰੀ ਮਾਇਆ ਪਾਣੀ ਦੀ ਹੈ। ਪਾਣੀ ਨੂੰ ਤਾਂ ਬਸ ਪਾਣੀ ਦੀ ਮਾਂ ਨੇ ਜੰਮਿਆ। ਮਰਨਾ ਚੰਗਾ, ਭਗਵਾਨ ਕਿਸੇ ਦਾ ਪਾਣੀ ਨਾ ਖੋਹੇ!

ਗੱਲ ਦਾ ਸਹੀ ਮਾਇਨਾ ਸਮਝੀ ਨਹੀਂ। ਹਾਂ ਵਿਚ ਹਾਂ ਮਿਲਾਉਂਦਿਆਂ ਬੋਲੀ-ਹੋਰ ਕੀ? ਪਾਣੀ ਨਾ ਰਿਹਾ, ਤਾਂ ਹੀ ਮੁਸੀਬਤ ਝੱਲ ਰਹੇ ਆਂ। ਬੱਦਲਾਂ ਨੇ ਵੀ ਜਦੋਂ ਮੂੰਹ ਮੋੜ ਲਿਆ, ਫਿਰ ਮਾਮੂਲੀ ਖੂਹ ਕੀ ਕਰੇਗਾ? ਅਗਲੇ ਸਾਲ ਠੀਕ ਹੋ ਜਾਏਗਾ ਸਭ ਕੁਝ। ਬੱਦਲ ਰੁੱਸ ਤਾਂ ਜਾਂਦੇ ਨੇ, ਸਦਾ ਲਈ ਨਹੀਂ ਵਿਛੜਦੇ। ਇਸ ਸੁੱਕੇ ਖੂਹ ਵਿਚ ਦੇਖੀਂ ਅਗਲੇ ਚੁਮਾਸੇ ਖੂਬ ਪਾਣੀ ਭਰੇਗਾ। ਅਸੀਂ ਇਨ੍ਹਾਂ ਕਮਜ਼ੋਰ ਹੱਥਾਂ ਨਾਲ ਜ਼ਮੀਨ ਸਿੰਜਾਂਗੇ, ਹਰੀਆਂ ਭਰੀਆਂ ਫਸਲਾਂ ਹੋਣਗੀਆਂ, ਫਸਲਾਂ ਵਿਚ ਦਾਣਿਆਂ ਵਾਂਗ ਮੇਰੀ ਕੁੱਖ ਹਰੀ ਹੋਵੇਗੀ। ਕਿਲਕਾਰੀਆਂ ਮਾਰਦੇ ਬੱਚੇ ਤੇਰੀ ਗੋਦ ਵਿਚ ਖੇਡਣਗੇ! ਤੈਨੂੰ ਬਾਪੂ ਬਾਪੂ ਕਹਿ ਕੇ ਵਾਜਾਂ ਮਾਰਨਗੇ, ਚਾਂਭਲਣਗੇ!

ਖਿੜੀ ਖਿੜੀ ਧੁੱਪ ਦੀ ਮੁਸਕਾਨ। ਬੇਪ੍ਰਵਾਹ ਵਗਦੀ ਹਵਾ। ਉਡਦੀ ਉਡਦੀ ਗਾਉਂਦੀ ਹੋਈ ਪੰਛੀਆਂ ਦੀ ਟੋਲੀ। ਹਿਰਨਾਂ ਦਾ ਝੁੰਡ ਇੱਕ ਪਾਸਿਓਂ ਨਿਕਲਿਆ, ਦੂਜੇ ਪਾਸੇ ਚਲਾ ਗਿਆ।

ਰੁਕ ਰੁਕ ਕੇ ਕਿਸਾਨ ਬੋਲਿਆ-ਹਾਂ ਇਹ ਤਾਂ ਹੋਇਗਾ ਹੀ। ਦੁਨੀਆ ਵਿਚੋਂ ਸਭ ਕੁਝ ਮੁੱਕ ਜਾਂਦੈ ਇੱਕ ਦਿਨ, ਆਸ ਨਹੀਂ ਮੁਕਦੀ। ਆਸ ਦੇ ਸਹਾਰੇ ਹੀ ਤਾਂ ਸਿਰ ਉਪਰ ਆਸਮਾਨ ਅਟਕਿਆ ਹੋਇਐ! ਪਤਨੀ ਦੇ ਨੇੜੇ ਜਾ ਕੇ ਬੋਲਿਆ-ਥੱਕ ਗਈ ਹੋਵੇਂਗੀ, ਇਹ ਟੋਕਰਾ ਮੈਨੂੰ ਚੁਕਾ ਦੇ।

-ਇਸ ਭਾਰ ਦਾ ਤੂੰ ਫਿਕਰ ਨਾ ਕਰ। ਪਤੀ ਨੂੰ ਤਕੜਾ ਕਰਦਿਆਂ ਬੋਲੀ-ਤੂੰ ਤੇਜ਼ ਕਦਮੀਂ ਮੇਰੇ ਪਿੱਛੇ ਪਿੱਛੇ ਤੁਰੀ ਚੱਲ। ਮੈਂ ਇੰਨੀ ਛੇਤੀ ਥੱਕਣ ਵਾਲੀ ਨਹੀਂ!

ਤਿੰਨ ਚਾਰ ਨੇਜ਼ਿਆਂ ਦੀ ਉਚਾਈ 'ਤੇ ਜੰਗਲੀ ਕਾਵਾਂ ਦੀ ਉਡਦੀ ਕਤਾਰ ਨੇ ਕਾਂ ਕਾਂ ਕਰ ਕੇ ਉਨ੍ਹਾਂ ਦੀ ਗੱਲ ਦਾ ਹੁੰਗਾਰਾ ਭਰਿਆ। ਕਿਸਾਨ ਨੇ

(ਬਾਕੀ ਅਗਲੇ ਸਫੇ 'ਤੇ)

ਹਿੰਦੀ ਕਹਾਣੀ

# ਭੱਪੋ ਭੂਆ

*'ਭੱਪੋ ਭੂਆ' ਦੀ ਕਹਾਣੀ ਅਸਲ ਵਿਚ ਘਰ-ਘਰ ਦੀ ਕਹਾਣੀ ਹੈ। ਇਸ ਕਹਾਣੀ ਵਿਚ ਸਮਾਜਕ ਵਿਹਾਰ ਦੀਆਂ ਉਹ ਰਮਜ਼ਾਂ ਗੁੰਦੀਆਂ ਹੋਈਆਂ ਹਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਅੱਖਾਂ ਅਕਸਰ ਨਮ ਹੋ ਜਾਂਦੀਆਂ ਹਨ। ਵਿਹਾਰ ਦੇ ਮਾਮਲੇ ਵਿਚ ਅਸੀਂ 21ਵੀਂ ਸਦੀ ਵਿਚ ਪਹੁੰਚ ਕੇ ਵੀ ਸਦੀਆਂ ਪੁਰਾਣੀਆਂ ਰੀਤਾਂ ਨਾਲ ਜੁੜੇ ਹੋਏ ਹਾਂ ਅਤੇ ਦੁਖਿਆਰਿਆਂ ਦੇ ਪੱਲੇ ਹੋਰ ਦੁੱਖ ਪਾਉਂਦੇ ਰਹਿੰਦੇ ਹਾਂ। -ਸੰਪਾਦਕ*


**ਰਵੀ ਗਰੋਵਰ, ਨਵੀਂ ਦਿੱਲੀ**
ਫੋਨ: 91-93126-35219
---
**ਅਨੁਵਾਦ:ਤਰਲੋਚਨ ਸਿੰਘ ਗੁਲਾਟੀ**
ਫੋਨ: 91-99103-73277


ਉਹ ਮੇਰੀ ਛੋਟੀ ਭੂਆ ਦੀ ਸਭ ਤੋਂ ਪੱਕੀ ਸਹੇਲੀ ਸੀ। ਬਿਲਕੁਲ ਇਕ ਜਾਨ। ਹਰ ਵੇਲੇ ਸਿਰ ਜੋੜੀਂ ਦੋਨੋਂ ਖੁਸਰ-ਫੁਸਰ ਵਿਚ ਮਸ਼ਗੂਲ। ਹਮੇਸ਼ਾ ਹਸਦੀਆਂ-ਸ਼ਰਾਰਤਾਂ ਕਰਦੀਆਂ ਰਹਿੰਦੀਆਂ। ਮੈਨੂੰ ਵੀ ਦੋਹਾਂ ਦਾ ਬੇਸ਼ੁਮਾਰ ਪਿਆਰ ਮਿਲਿਆ ਏ। ਖਾਸ ਤੌਰ 'ਤੇ ਉਨ੍ਹਾਂ ਦਾ ਵਾਰ-ਵਾਰ ਮੇਰੀਆਂ ਗੱਲ੍ਹਾਂ ਪੁੱਟਣਾ, ਮੈਨੂੰ ਅੱਜ ਤਕ ਯਾਦ ਏ।

ਪਿਆਰ ਨਾਲ ਮੈਂ ਉਨ੍ਹਾਂ ਨੂੰ ਵੀ ਭੂਆ ਬੁਲਾਉਂਦਾ ਸਾਂ। ਮੇਰੀ ਕਮਲੇਸ਼ ਭੂਆ ਸੁਭਾਅ ਦੀ ਥੋੜ੍ਹੀ ਗੁੱਸੇ ਵਾਲੀ ਸੀ। ਕਈ ਵਾਰ ਮੈਂ ਉਸ ਨੂੰ ਭੱਪੋ ਭੂਆ ਨਾਲ ਲੜਦਿਆਂ, ਡਾਂਟ-ਫਟਕਾਰਦਿਆਂ ਵੀ ਵੇਖਿਆ; ਪਰ ਧਰਤੀ ਮਾਤਾ ਵਾਂਗ ਸ਼ਾਂਤ ਅਤੇ ਸਹਿਣਸ਼ੀਲ ਭੱਪੋ ਭੂਆ ਹਮੇਸ਼ਾ ਅੱਗੋਂ ਚੁਪ ਕਰ ਜਾਂਦੀ ਅਤੇ ਥੋੜ੍ਹੀ ਦੇਰ ਮਗਰੋਂ ਦੰਦੀਆਂ ਕੱਢਣ ਲਗਦੀ। ਫਿਰ ਗੱਲ ਖਤਮ!

ਸ਼ਾਇਦ ਉਨ੍ਹਾਂ ਦੀ ਕਿਸਮਤ ਵਿਚ ਇਹੀ ਬਚਿਆ ਸੀ। ਬਚਪਨ 'ਚ ਹੀ ਮਾਂ ਮਰ ਗਈ। ਪਰਿਵਾਰ ਦੇ ਨਾਂ 'ਤੇ ਕਾਫੀ ਬੁੱਢੇ ਹੋ ਚੁਕੇ ਪਿਤਾ ਅਤੇ ਉਮਰ ਤੋਂ ਕਾਫੀ ਵੱਡਾ, ਮੋਟਾ ਜਿਹਾ ਭਰਾ ਕੇਵਲ। ਉਸ ਦੀ ਹਮੇਸ਼ਾ ਬਿਮਾਰ ਰਹਿਣ ਵਾਲੀ ਮਰੀਅਲ ਜਿਹੀ ਚਿੜਚਿੜੀ ਵਹੁਟੀ ਆਪਣੇ ਪੰਜ-ਪੰਜ ਬੱਚਿਆਂ ਦੇ ਨਾਲ। ਸਾਰੇ ਹਮੇਸ਼ਾ ਕਿਸੇ ਨਾ ਕਿਸੇ ਕੰਮ ਲਈ ਉਸ ਨੂੰ ਆਵਾਜ਼ਾਂ ਮਾਰਦੇ ਰਹਿੰਦੇ। ਕੰਮ ਵੀ ਲੈਂਦੇ ਅਤੇ ਡਾਂਟਦੇ ਵੀ, ਉਹ ਅਲੱਗ। ਸਾਰਾ ਦਿਨ ਘਰ ਦੇ ਕੰਮਾਂ ਵਿਚ ਲੱਗੀ ਰਹਿੰਦੀ ਭੱਪੋ ਆਪਣੇ ਹੀ ਪਰਿਵਾਰ ਦੀ ਇਕ ਕੰਮ ਵਾਲੀ ਮਾਈ ਤੋਂ ਵੱਧ ਕੁਝ ਵੀ ਨਹੀਂ ਸੀ। ਆਪਣੀ ਨਾਸ਼ੁਕਰੀ ਭਰਜਾਈ ਲਈ ਤਾਂ ਉਹ ਇਕ ਬੋਝ, ਇਕ ਮੁਸੀਬਤ ਅਤੇ ਦਿਲ ਦੀ ਭੜਾਸ ਕੱਢਣ ਦਾ ਕੋਈ ਬਰਤਨ ਹੀ ਤਾਂ ਸੀ! ਇਸ ਲਈ ਸ਼ਾਇਦ ਭੱਪੋ ਭੂਆ ਨੇ ਸਭ ਕੁਝ ਚੁਪ-ਚਾਪ ਸੁਣਨਾ ਅਤੇ ਸਹਿਣਾ ਸਿੱਖ ਲਿਆ। ਸਭ ਤੋਂ ਕਮਾਲ ਦੀ ਗੱਲ ਤਾਂ ਇਹ ਕਿ ਸਭ ਦਾ ਜੂਠਾ ਖਾ ਕੇ, ਉਤਰਿਆ ਪਾ ਕੇ ਬਿਨਾ ਕਿਸੇ ਪ੍ਰਸ਼ੰਸਾ ਜਾਂ ਪਿਆਰ ਦੇ ਬਾਵਜੂਦ ਉਹ ਹਮੇਸ਼ਾ ਹੱਸਦੀ ਰਹਿਣ ਵਾਲੀ ਉਚੀ ਤਗੜੀ ਅਸਲ ਪੰਜਾਬਣ ਵੀਰਾਂਗਣਾ ਜਿਹੀ ਹੀ ਸੀ।

ਮੈਂ ਦਿਲ ਤੋਂ ਉਨ੍ਹਾਂ ਨੂੰ ਬਹੁਤ ਮਾਣ ਦਿੰਦਾ ਸਾਂ। ਕੋਈ ਉਨ੍ਹਾਂ ਨੂੰ ਡਾਂਟੇ ਤਾਂ ਮੈਨੂੰ ਚੰਗਾ ਨਹੀਂ ਸੀ ਲੱਗਦਾ। ਬਟਵਾਰੇ ਤੋਂ ਲੁਟ ਕੇ ਆਇਆ ਇਹ ਪਰਿਵਾਰ ਦੋ ਬਹੁਤ ਹੀ ਛੋਟੇ ਕੋਠੜੀ ਜਿਹੇ ਕਮਰਿਆਂ ਵਿਚ ਇਕ ਤਰ੍ਹਾਂ ਗੁਜ਼ਰ-ਬਸਰ ਹੀ ਕਰ ਰਿਹਾ ਸੀ। ਇੱਕੋ ਭਰਾ ਕਮਾਉਣ ਵਾਲਾ ਅਤੇ ਅੱਠ ਜੀਅ ਖਾਣ ਵਾਲੇ। ਬੜੀ ਹੀ ਮੁਸ਼ਕਿਲ ਸੀ। ਇਸ ਕਰ ਕੇ ਭੱਪੋ ਅਕਸਰ ਰਾਤ-ਰਾਤ ਜਾਗ ਕੇ ਗੁਆਂਢੀ ਦੁਕਾਨਦਾਰ ਵਲੋਂ ਲਿਆ ਕੇ ਦਿੱਤੀਆਂ ਗਈਆਂ ਖਾਲੀ ਲੂਣ ਦੀਆਂ ਥੈਲੀਆਂ ਦੀ ਹੱਥ ਨਾਲ ਸਿਲਾਈ ਦਾ ਕੰਮ ਵੀ ਕਰਦੀ ਰਹਿੰਦੀ ਸੀ। ਇਕ ਗੁਰਸ ਯਾਨਿ 144 ਥੈਲੀਆਂ ਹੱਥ ਨਾਲ ਸਿਲਦੀ ਸੀ। 6-8 ਘੰਟਿਆਂ ਦੀ ਕਮਰਤੋੜ ਮਿਹਨਤ ਤੋਂ ਬਾਅਦ ਮਿਲਦਾ ਇੱਕ ਰੁਪਿਆ, ਜੋ ਉਹ ਚੁਪ-ਚਾਪ ਕਦੀ ਨਾ ਖੁਸ਼ ਰਹਿਣ ਵਾਲੀ ਕੁਕਰਸ਼ਾ ਭਾਬੀ ਦੀ ਹਥੇਲੀ ਉਤੇ ਰੱਖ ਦਿੰਦੀ ਸੀ। ਕਦੇ-ਕਦੇ ਅੱਖ ਬਚਾ ਕੇ ਕਮਲੇਸ਼ ਭੂਆ ਚੋਰੀ-ਚੋਰੀ ਉਸ ਨੂੰ ਕੁਝ ਮਿੱਠਾ, ਕੁਝ ਨਮਕੀਨ ਖੁਆਉਂਦੀ ਰਹਿੰਦੀ ਸੀ। ਚਾਲੀ ਵਾਟ ਦੇ ਬੱਲਬ ਦੀ ਪੀਲੀ ਜਿਹੀ ਬਿਮਾਰ ਰੋਸ਼ਨੀ ਵਿਚ ਦੋਨੋਂ ਸਿਰ ਝੁਕਾਈ ਸਕੂਲ ਦਾ ਕੰਮ ਕਰਦੀਆਂ ਰਹਿੰਦੀਆਂ ਅਤੇ ਫਿਰ ਕਦੀ ਥੱਕ ਕੇ ਉਥੇ ਹੀ ਫਰਸ਼ 'ਤੇ ਸੌਂ ਜਾਂਦੀਆਂ। ਇੰਨੇ ਵਿਚ ਗਾਲ੍ਹਾਂ ਭਰੀ ਆਵਾਜ਼ ਅਤੇ ਫਿਰ ਪਹਾੜ ਜਿੰਨੇ ਕੱਪੜਿਆਂ ਦਾ ਢੇਰ ਤੇ ਇੰਨੇ ਸਾਰੇ ਹੀ ਜੂਠੇ ਭਾਂਡੇ।

ਚੰਗੇ ਡੀਲ-ਡੌਲ ਵਾਲੀ ਭੱਪੋ ਭੂਆ 16 ਸਾਲ ਦੀ ਹੁੰਦਿਆਂ ਹੀ ਵਿਆਹ ਦੇ ਲਾਇਕ ਨਜ਼ਰ ਆਉਣ ਲੱਗੀ। ਇਕ ਦਿਨ ਮੈਂ ਵੇਖਿਆ ਕਿ ਪੰਜਾਬ ਤੋਂ ਚੰਦ ਲੋਕ ਉਹਨੂੰ ਦੇਖਣ ਆਏ। ਕਾਫੀ ਉਮਰ ਦਾ, ਦੇਖਣ ਵਿਚ ਬਿਲਕੁਲ ਨਾ ਅੱਛਾ ਉਹ ਆਦਮੀ, ਮੇਰੀ ਭੱਪੋ ਭੂਆ ਨੂੰ ਵਿਆਹ ਕੇ ਲੈ ਗਿਆ। ਨਾ ਕੋਈ ਟੈਂਟ ਲੱਗੇ ਤੇ ਨਾ ਕੋਈ ਦਾਅਵਤ ਹੋਈ, ਬੱਸ ਸਫੈਦਪੋਸ਼ ਗਰੀਬੀ ਦੀ ਚਾਦਰ ਵਿਚ ਲਿਪਟਾ ਕੇ ਚੁਪ-ਚਾਪ ਉਸ ਨੂੰ ਵਿਦਾ ਕਰ ਦਿੱਤਾ ਗਿਆ।

ਕੁਝ ਮਹੀਨਿਆਂ ਬਾਅਦ ਉਹ ਵਾਪਸ ਆਈ। ਕਮਲੇਸ਼ ਭੂਆ ਨਾਲ ਲਿਪਟ ਕੇ ਉਹ ਕਿਉਂ ਬਹੁਤ ਦੇਰ ਤੱਕ ਰੋਂਦੀ ਰਹੀ, ਮੈਨੂੰ ਵੇਖ ਕੇ ਵੀ ਕੁਝ ਸਮਝ ਨਾ ਆਇਆ। ਫਿਰ ਮੈਂ ਸੁਣਿਆ ਕਿ ਸਹੁਰਿਆਂ ਦੀ ਹਾਲਤ ਚੰਗੀ ਨਹੀਂ। ਨਿਕੰਮਾ ਪਤੀ ਅਤੇ ਡਰਾਉਣੀ ਜਿਹੀ ਸੱਸ। ਔਰਤ ਨੂੰ ਪੈਰ ਦੀ ਜੁੱਤੀ ਸਮਝਣ ਵਾਲਾ ਉਹ ਪੰਜਾਬੀ ਪਿੰਡ ਵਾਲਾ ਮਾਹੌਲ। ਭੱਪੋ ਦੀ ਕਿਸਮਤ ਵਿਚ ਸ਼ਾਇਦ ਸੁਖ ਹੈ ਹੀ ਨਹੀਂ ਸੀ! ਦੋ ਸਾਲ ਬੀਤੇ, ਖਬਰ ਮਿਲੀ ਕਿ



ਕੱਚੀ ਸ਼ਰਾਬ ਪੀ ਕੇ ਭੱਪੋ ਭੂਆ ਦਾ ਘਰ ਵਾਲਾ ਚੱਲ ਵਸਿਆ। ਚੰਦ ਦਿਨਾਂ ਮਗਰੋਂ ਸਹੁਰਿਆਂ ਨੇ ਭੱਪੋ ਭੂਆ ਨੂੰ ਬਾਹਰ ਕੱਢ ਦਿੱਤਾ। ਲੁੱਟੀ-ਪੁੱਟੀ ਅਭਾਗਣ ਅਬਲਾ ਜਿਹੀ ਨਜ਼ਰ ਆਉਂਦੀ ਉਹ ਮੇਰੀ ਪਿਆਰੀ ਭੂਆ ਵਿਧਵਾ ਹੋ ਕੇ ਵਾਪਸ ਉਸੇ ਘਰ ਵਿਚ ਮੁੜ ਆਉਣ 'ਤੇ ਮਜਬੂਰ ਹੋ ਗਈ, ਜਿੱਥੇ ਪਹਿਲਾਂ ਹੀ ਉਸ ਲਈ ਕੋਈ ਥਾਂ ਨਹੀਂ ਸੀ।

"ਮਨਹੂਸ ਜਿੱਥੇ ਜਾਂਦੀ ਹੈ, ਉਥੇ ਸਾਰੀ ਤਬਾਹੀ ਹੋ ਜਾਂਦੀ ਹੈ। ਡਾਇਣ! ਬਚਪਨ ਵਿਚ ਮਾਂ ਨੂੰ ਖਾ ਗਈ, ਹੁਣ ਪਤੀ ਨੂੰ। ਪਤਾ ਨ੍ਹੀਂ ਹੁਣ ਇੱਥੇ ਕੀ ਕਰੇਗੀ?" ਉਸ ਦੀ ਭਾਬੀ ਨੂੰ ਇਹੋ ਜਿਹੀਆਂ ਬੋਲੀਆਂ ਮਾਰਦਿਆਂ ਮੈਂ ਆਪ ਕੰਨੀਂ ਸੁਣਿਆ।

ਪਹਿਲੀ ਵਾਰ ਮੈਂ ਉਨ੍ਹਾਂ ਨੂੰ ਰੋਂਦਿਆ ਵੇਖਿਆ, ਪਰ ਬੁੱਲ ਸਿਲੇ ਹੀ ਰਹੇ। ਕਮਲੇਸ਼ ਭੂਆ ਅਤੇ ਮੈਂ ਵੀ ਉਨ੍ਹਾਂ ਦੇ ਨਾਲ ਰੁਆਂਸੂ ਹੋ ਗਏ। ਪਤਾ ਨਹੀਂ ਕਿਉਂ?

ਪੇਕੇ ਘਰ ਦੇ ਹਾਲਾਤ ਬਦ ਤੋਂ ਬਦਤਰ ਹੋ ਗਏ। ਭਾਬੀ ਦੇ ਜ਼ੁਲਮ, ਗਾਲ੍ਹਾਂ, ਦੁਨੀਆਂ ਭਰ ਦੀਆਂ ਤੋਹਮਤਾਂ ਪਰ ਉਹ ਹਮੇਸ਼ਾ ਵਾਂਗ ਚੁੱਪ, ਸਿਰ ਝੁਕਾਈ ਕਦੇ ਨਾ ਖਤਮ ਹੋਣ ਵਾਲੇ ਘਰ ਦੇ ਕੰਮਾਂ ਵਿਚ ਲੱਗੀ ਰਹਿੰਦੀ।

ਹਰ ਐਤਵਾਰ ਦੋਵੇਂ ਭੂਆ ਮੈਨੂੰ ਲੈ ਕੇ ਬੰਗਲਾ ਸਾਹਿਬ ਗੁਰਦੁਆਰੇ ਮੱਥਾ ਟੇਕਣ ਜਾਣ ਲੱਗੀਆਂ। ਉਥੋਂ ਦਾ ਸੁਆਦਲਾ ਖਾਲਸ ਘੀ ਦਾ ਕੜਾਹ ਪ੍ਰਸ਼ਾਦਿ ਅਤੇ ਲੰਗਰ ਮੈਨੂੰ ਬਹੁਤ ਹੀ ਭਾਉਂਦਾ ਸੀ ਅਤੇ ਨਾਲ ਹੀ ਵਾਹਿਗੁਰੂ ਜੀ ਨੂੰ ਮੱਥਾ ਟੇਕਣ ਵੇਲੇ ਮੈਂ ਚੁਪ-ਚਾਪ ਅਰਦਾਸ ਵੀ ਕਰਦਾ ਕਿ ਮੇਰੀ ਭੱਪੋ ਭੂਆ ਨੂੰ ਸੁਖ ਦੇ ਦਿਉ, ਹੇ ਸੱਚੇ ਪਾਤਸ਼ਾਹ ਜੀ!

ਉਸ ਰਾਤ ਬਹੁਤ ਠੰਢ ਸੀ। ਅਸੀਂ ਸਾਰੇ ਰਜ਼ਾਈਆਂ ਵਿਚ ਵੜੇ ਹੋਏ ਸਾਂ ਪਰ ਉਹ ਬਦਨਸੀਬ ਪੂਰੀ ਰਾਤ ਲੂਣ ਦੀਆਂ ਥੈਲੀਆਂ ਸੀਂਦੀ ਰਹੀ। ਜ਼ਰੂਰੀ ਆਰਡਰ ਸੀ। ਰਾਤ ਭਰ ਪਲਕ ਤਕ ਨਾ ਝਪਕਾ ਸਕੀ। ਤੜਕੇ ਸਵੇਰੇ ਉਹ ਦੁਕਾਨਦਾਰ ਆਇਆ, ਹਥੇਲੀ 'ਤੇ ਇਕ ਰੁਪਿਆ ਰਖਿਆ ਅਤੇ ਤਿਆਰ ਮਾਲ ਲੈ ਕੇ ਚਲਾ ਗਿਆ। ਘਰ ਵਿਚ ਅਜੇ ਕੋਈ ਜਾਗਿਆ ਵੀ ਨਹੀਂ ਸੀ। ਬਾਹਰ ਦਰਵਾਜ਼ੇ 'ਤੇ ਹੀ ਉਹ ਅਜੇ ਖੜ੍ਹੀ ਸੀ।

ਰੱਬ ਦੀ ਕਰਨੀ, ਬੜੇ ਭੈੜੇ ਹਾਲ ਕੋਈ ਮੰਗਤਾ ਉਸ ਦੇ ਸਾਹਮਣੇ ਆਣ ਖਲੋਤਾ। "ਪੁੱਤਰ ਤਿੰਨ ਦਿਨਾਂ ਤੋਂ ਭੁੱਖਾ ਹਾਂ, ਕੁਝ ਰਹਿਮ ਕਰ।" ਆਖਦਿਆਂ ਉਸ ਨੇ ਭੱਪੋ ਅੱਗੇ ਹਥੇਲੀ ਫੈਲਾ ਦਿੱਤੀ।

ਉਸ ਖੁਦ ਫਕੀਰਨੀ ਨੇ ਉਸ ਬੇਹਾਲ ਨੂੰ ਇਕ ਪਲ ਦੇਖਿਆ; ਫਿਰ ਪਤਾ ਨਹੀਂ ਦਿਲ ਵਿਚ ਕੀ ਆਇਆ, ਆਪਣੇ ਹੱਥ ਵਾਲਾ ਰੁਪਿਆ ਉਸ ਨੇ ਮੰਗਤੇ ਦੀ ਫੈਲੀ ਹੋਈ ਹਥੇਲੀ 'ਤੇ ਰੱਖ ਦਿੱਤਾ। ਫਿਰ ਸਿਰ ਝੁਕਾ ਕੇ ਚੁਪ-ਚਾਪ ਅੰਦਰ ਚਲੀ ਗਈ।

ਹਮੇਸ਼ਾ ਖੂਨ ਦੀ ਪਿਆਸੀ ਭਾਬੀ ਨੇ ਸਿਰ ਪਿਟ ਲਿਆ। ਇੰਨੀਆਂ ਗਾਲ੍ਹਾਂ ਪਈਆਂ ਕਿ ਪੂਰਾ ਮੁਹੱਲਾ ਇਕੱਠਾ ਹੋ ਗਿਆ। ਸਾਰੇ ਭੱਪੋ ਨੂੰ ਘੂਰ ਰਹੇ ਸਨ। ਮਾਨੋ ਪੁੱਛ ਰਹੇ ਹੋਣ, ਤੇਰੇ ਤੋਂ ਵੱਡੀ ਪਾਗਲ ਕੌਣ? ਸਾਰੀ ਰਾਤ ਕਾਲੀ ਕਰ ਕੇ, ਕਮਰ ਤੁੜਵਾ ਕੇ ਤੂੰ ਇੱਕ ਰੁਪਿਆ ਕਮਾਇਆ, ਉਹ ਵੀ ਮੁਫਤ ਵਿਚ ਗੁਆ ਦਿੱਤਾ।

"ਹਾਏ ਵਿਚਾਰੇ ਦਾ ਬੁਰਾ ਹਾਲ ਸੀ, ਤਿੰਨ ਦਿਨਾਂ ਦਾ ਭੁੱਖਾ ਸੀ। ਸੋ ਮੇਰੇ ਦਿਲ ਵਿਚ ਆਈ, ਮੈਂ ਦੇ ਦਿੱਤਾ।" ਸਭ ਨੂੰ ਇਹੀ ਜਵਾਬ ਸੁਣਨ ਨੂੰ ਮਿਲਿਆ। ਸਾਹਮਣੇ ਕੱਲ੍ਹ ਰਾਤ ਦੇ ਜੂਠੇ ਭਾਂਡਿਆਂ ਦਾ ਢੇਰ ਪਿਆ ਸੀ। ਉਹ ਸਿਰ ਝੁਕਾ ਕੇ ਆਪਣੇ ਕੰਮ ਵਿਚ ਲੱਗ ਗਈ।

ਬਹੁਤ ਦਿਨਾਂ ਤਕ ਸਾਰੇ ਭੱਪੋ ਦੀ ਇਸ ਮਹਾ ਬੇਵਕੂਫੀ ਦਾ ਕਿੱਸਾ ਇਕ ਦੂਜੇ ਨੂੰ ਸੁਣਾਉਂਦੇ ਰਹੇ। ਉਨ੍ਹਾਂ ਦਿਨਾਂ ਵਿਚ ਇਕ ਰੁਪਿਆ ਬਹੁਤ ਵੱਡੀ ਚੀਜ਼ ਹੁੰਦੀ ਸੀ।

ਰੱਬ ਦੀ ਖੇਡ! ਅਜੇ ਕੁਝ ਹੀ ਦਿਨ ਬੀਤੇ, ਸਿਲੀਗੁੜੀ ਦੇ ਇਕ ਵਿਧੁਰ ਸਰਦਾਰ ਜੀ ਭੱਪੋ ਭੂਆ ਨੂੰ ਵਿਆਹ ਕੇ ਲੈ ਗਏ। ਪਰਿਵਾਰ ਨੇ ਉਨ੍ਹਾਂ ਨੂੰ ਗਲੋਂ ਜੋ ਲਾਹੁਣਾ ਸੀ, ਸੋ ਨਾ ਜ਼ਿਆਦਾ ਸੋਚ, ਨਾ ਖਿਆਲ- ਬਸ ਅੱਖਾਂ ਬੰਦ ਕਰ ਕੇ ਉਨ੍ਹਾਂ ਨੂੰ ਭੇਜ ਦਿੱਤਾ ਗਿਆ। "ਮੁਸੀਬਤ ਟਲੀ!" ਭਰਜਾਈ ਸਭ ਤੋਂ ਵੱਧ ਖੁਸ਼।

ਡੇਢ ਸਾਲ ਪਿਛੋਂ ਬੇਹਦ ਕੀਮਤੀ ਸੂਟ ਪਾਈ, ਜ਼ੇਵਰਾਂ ਨਾਲ ਲੱਦੀ, ਖੂਬ ਗਾੜ੍ਹਾ ਮੇਕਅਪ ਕੀਤਾ ਹੋਇਆ, ਬੜੀ ਹੀ ਖੁਸ਼ ਨਜ਼ਰ ਆਉਂਦੀ ਮੋਟੀ-ਤਗੜੀ, ਮੇਰੀ ਪਿਆਰੀ ਭੱਪੋ ਭੂਆ ਆਪਣੇ ਲਸ਼ਕਰ ਨਾਲ ਪੇਕੇ ਪਧਾਰੀ। ਬਾਊ ਜੀ, ਭਰਾ ਜੀ, ਭਰਜਾਈ ਅਤੇ ਉਨ੍ਹਾਂ ਦੇ ਅੱਧੀ ਦਰਜਨ ਬੱਚਿਆਂ ਲਈ ਢੇਰ ਸਾਰੀ ਮਠਿਆਈ, ਕੱਪੜੇ ਅਤੇ ਰੁਪਈਏ ਤੋਹਫੇ ਵਿਚ ਲੈ ਕੇ। ਮੇਰੇ ਲਈ ਵੀ ਵੱਡੀ ਟਾਮੀਗਨ ਲੈ ਕੇ ਆਈ। ਪੂਰੇ ਮੁਹੱਲੇ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ।

ਸਿਲੀਗੁੜੀ ਵਾਲੇ ਸਰਦਾਰ ਜੀ ਬੜੇ ਭਲੇਮਾਣਸ ਨਿਕਲੇ ਅਤੇ ਉਹ ਬਹੁਤ ਪੈਸੇ ਵਾਲੇ ਵੀ ਸਨ। ਪੂਰੇ ਆਸਾਮ ਤੇ ਨਾਰਥ-ਈਸਟ ਵਿਚ ਉਨ੍ਹਾਂ ਦਾ ਟਰਾਂਸਪੋਰਟ ਦਾ ਕਾਰੋਬਾਰ ਫੈਲਿਆ ਹੋਇਆ ਹੈ। ਮੇਰੀ ਭੱਪੋ ਭੂਆ ਉਥੇ ਸਾਰਿਆਂ ਦੀ ਚਹੇਤੀ ਹੋ ਗਈ। ਅੱਜ ਉਥੇ ਉਹ ਰਾਜ ਕਰ ਰਹੀ ਹੈ। ਰੱਬ ਦੀ ਮਿਹਰ, ਚਾਰੇ ਤਰਫ ਅਰਖਾ-ਬਰਖਾ ਹੈ। ਅਗਲੇ ਕੁਝ ਸਾਲਾਂ ਬਾਅਦ ਉਸ ਨੇ ਹਮੇਸ਼ਾ ਤੰਗਹਾਲੀ ਵਿਚ ਰਹਿੰਦੇ, ਇਕ ਛੋਟੀ ਜਿਹੀ ਪ੍ਰਾਈਵੇਟ ਨੌਕਰੀ ਵਿਚ ਫਸੇ ਭਰਾ ਜੀ ਅਤੇ ਉਨ੍ਹਾਂ ਦੇ ਦੋਨੋਂ ਵੱਡੇ ਪੁੱਤਰਾਂ ਨੂੰ ਆਪਣੇ ਕੋਲ ਸਿਲੀਗੁੜੀ ਬੁਲਾ ਕੇ ਫਰਨੀਚਰ ਦਾ ਬਿਜ਼ਨਸ ਸ਼ੁਰੂ ਕਰਵਾ ਦਿੱਤਾ।

ਅੱਜ ਪੂਰਾ ਪਰਿਵਾਰ ਬੇਹੱਦ ਖੁਸ਼ਹਾਲ ਹੈ। ਖੁੱਲ੍ਹ ਕੇ ਲੋਟਪੋਟ ਹੱਸਦਾ ਉਹ ਚਿਹਰਾ ਅੱਜ ਵੀ ਮੇਰੀਆਂ ਅੱਖਾਂ ਦੇ ਸਾਹਮਣੇ ਹੈ।

---

# ਆਸ ਅਮਰ-ਧਨ

*(ਪਿਛਲੇ ਸਫੇ ਦੀ ਬਾਕੀ)*

ਉਨ੍ਹਾਂ ਵੱਲ ਦੇਖਿਆ ਪਰ ਉਹ ਕਿਹੜਾ ਰੁਕਣ ਵਾਲੇ ਸਨ? ਚਲਦੇ ਚਲਦੇ ਆਕਾਸ਼ ਨੂੰ ਸ਼ਾਮ ਨੇ ਘੇਰ ਲਿਆ। ਦੋਵੇਂ ਬਰੋਟੇ ਦੇ ਰੁੱਖ ਹੇਠ ਆਰਾਮ ਕਰਨ ਲਈ ਬੈਠ ਗਏ। ਪੱਛਮ ਵੱਲ ਸੰਧੂਰੀ ਲਾਲੀ ਫੈਲਣ ਲੱਗੀ। ਉਪਰਲੇ ਜਿਹੇ ਦਿਲ ਨਾਲ ਕਿਸਾਨ ਬੋਲਿਆ-ਬੱਚੇ ਉਡੀਕਦੇ ਹੋਣੇ। ਰਾਤ ਦੇ ਨ੍ਹੇਰੇ ਵਿਚ ਰੋਣਗੇ, ਚੀਕਣਗੇ। ਕੋਈ ਦਿਆਲੂ ਉਨ੍ਹਾਂ ਦੀ ਪੁਕਾਰ ਸੁਣ ਕੇ ਆਪਣੇ ਘਰ ਲੈ ਜਾਏ, ਕਿੰਨਾ ਚੰਗਾ ਹੋਵੇ...!

ਪਤਨੀ ਨੂੰ ਹਲਕਾ ਜਿਹਾ ਝਟਕਾ ਲੱਗਿਆ, ਜਿਵੇਂ ਕਿਸੇ ਢੀਠ ਤੰਦਈਏ ਨੇ ਮੱਥੇ ਉਤੇ ਡੰਗ ਮਾਰਿਆ ਹੋਵੇ। ਪਲ ਭਰ ਲਈ ਬੇਚੈਨ ਹੋ ਗਈ। ਫਿਰ ਤਿੱਖੇ ਸੁਰ ਵਿਚ ਬੋਲੀ-ਇੰਨੀ ਦੂਰ ਆ ਕੇ ਵੀ ਤੇਰੇ ਦਿਲ ਵਿਚ ਉਹੀ ਤਕਲੀਫ ਬੈਠੀ ਐ। ਏਨਾ ਲਾਡ ਉਮੜ ਰਿਹੈ, ਫਿਰ ਚਲਾ ਜਾ ਵਾਪਸ? ਅਜੇ ਕੀ ਵਿਗੜਿਐ?

ਗਰਦਨ ਹਿਲਾਉਂਦਿਆਂ ਕਿਸਾਨ ਨੇ ਸਫਾਈ ਦਿੱਤੀ-ਪਿੱਛੇ ਮੁੜਨ ਦੀ ਗੱਲ ਮੈਂ ਕਦ ਕੀਤੀ ਹੈ? ਮਨ ਵਿਚ ਬੱਚਿਆਂ ਦਾ ਵਿਛੋੜਾ ਸੱਲ ਤਾਂ ਰਿਹਾ ਈ ਐ। ਹਿੰਮਤ ਕਰਨ ਦੀ ਕੋਸ਼ਿਸ਼ ਕਰਦਾਂ ਪਰ ਯਾਦ ਉਪਰ ਕਿਸ ਦਾ ਕਾਬੂ?

-ਇਹ ਤੇਰੇ ਦਿਲ ਦੀ ਕਮਜ਼ੋਰੀ ਐ, ਉਂਗਲੀਆਂ ਵਿਚੋਂ ਪਟਾਕੇ ਕੱਢਦੀ ਹੋਈ ਪਤਨੀ ਬੋਲੀ-ਏਨਾ ਕਮਜ਼ੋਰ ਤਾਂ ਕਬੂਤਰ ਦਾ ਦਿਲ ਨਹੀਂ ਹੁੰਦਾ!

ਟਟੀਹਰੀਆਂ ਦਾ ਜੋੜਾ ਲੰਮੀ ਉਡਾਣ ਭਰਦਾ ਉਨ੍ਹਾਂ ਦੇ ਸਿਰਾਂ ਉਪਰੋਂ ਦੀ ਲੰਘਿਆ। ਇਨ੍ਹਾਂ ਪੰਛੀਆਂ ਦੇ ਦਿਲ ਵਿਚ ਬੱਚਿਆਂ ਨੂੰ ਮਿਲਣ ਦੀ ਤਾਂਘ ਸੀ। ਆਵਾਜ਼ਾਂ ਕੰਨਾਂ ਨੂੰ ਵਿੰਨ੍ਹਦੀਆਂ ਲੰਘੀਆਂ। ਧੁੰਦਲੀਆਂ ਅੱਖਾਂ ਨਾਲ ਕਿਹਾ-ਬੱਚਿਆਂ ਖਾਤਰ ਵਾਪਸ ਪਰਤ ਰਹੇ ਨੇ!

ਪਤਨੀ ਨੇ ਉਪਰ ਦੇਖਣ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਪਤੀ ਦੇ ਦਿਲ ਵਿਚ ਕੀ ਹੈ, ਪਤਾ ਹੀ ਸੀ। ਬੋਲੀ-ਪਸ਼ੂ ਪੰਛੀਆਂ ਨੂੰ ਆਦਮੀਆਂ ਦੀਆਂ ਚਿੰਤਾਵਾਂ ਜ਼ਰੂਰਤਾਂ ਦਾ ਕੀ ਪਤਾ? ਦੂਰ ਦੀ ਸੋਚਣ, ਇਨ੍ਹਾਂ ਵਿਚ ਅਕਲ ਨਹੀਂ। ਇਨ੍ਹਾਂ ਨੂੰ ਕੀ ਪਤਾ ਅਗਲਾ ਸਮਾਂ ਕਿਵੇਂ ਸੰਭਾਲਣਾ ਹੈ। ਪਾਣੀ ਭਰ ਕੇ ਰੱਖ ਨਹੀਂ ਸਕਦੇ! ਪਿਆਸ ਲੱਗਣ 'ਤੇ ਪਾਣੀ ਲੱਭਣ ਤੁਰ ਪੈਂਦੇ ਨੇ। ਆਦਮੀ ਕਸੋਰਿਆਂ ਘੜਿਆਂ ਵਿਚ ਪਾਣੀ ਭਰ ਕੇ ਰਖਦੈ। ਖੂਹ ਖੁਦਵਾਂਦੈ। ਊਠ, ਹਾਥੀ, ਘੋੜੇ ਆਪਣੇ ਵਾਸਤੇ ਨਹੀਂ, ਆਦਮੀ ਦੀ ਜ਼ਰੂਰਤ ਲਈ ਭਾਰ ਢੋਂਦੇ ਨੇ। ਆਪਣੇ ਸੰਘ ਹੇਠ ਬੁਰਕੀ ਉਤਰੇਗੀ ਤਾਂ ਹੀ ਭੁੱਖ ਮਿਟੇਗੀ। ਆਦਮੀ ਦਾ ਦਿਮਾਗ ਮਿਲਿਐ ਤਾਂ ਆਦਮੀ ਵਾਂਗ ਸੋਚੋ, ਸਮਝੋ!

ਪਤੀ ਨੂੰ ਮਨ ਹੀ ਮਨ ਆਪਣੀ ਭੁੱਲ ਦਾ ਅਹਿਸਾਸ ਹੋਇਆ। ਸ਼ਾਮ ਦਾ ਮਿਟਿਆਲਾ ਨ੍ਹੇਰਾ ਸੰਘਣਾ ਹੋਣ ਲੱਗਿਆ। ਉਧਰ ਬੱਚਿਆਂ ਨੇ ਨ੍ਹੇਰਾ ਹੁੰਦਾ ਦੇਖਿਆ ਤਾਂ ਭਰਾ ਬੋਲਿਆ-ਸ਼ਾਮ ਪੈਣ ਵਿਚ ਕਿੰਨੀ ਦੇਰ ਹੈ ਅਜੇ? ਮਾਂ ਤੇ ਬਾਪੂ ਕਦ ਆਉਣਗੇ? ਪੁਚਕਾਰ ਕੇ ਭੈਣ ਨੇ ਕਿਹਾ-ਸ਼ਾਮ ਤਾਂ ਉਦੋਂ ਹੋਊਗੀ ਜਦੋਂ ਉਹ ਆਉਣਗੇ? ਉਨ੍ਹਾਂ ਦੇ ਆਏ ਬਗੈਰ ਸ਼ਾਮ ਕਿਵੇਂ ਪੈ ਸਕਦੀ ਹੈ ਭਲਾ?

ਅੱਧੀ ਰਾਤ ਢਲ ਗਈ, ਫਿਰ ਪੁੱਛਿਆ-ਸ਼ਾਮ ਹੋ ਗਈ?

ਥਪ-ਥਪਾ ਕੇ ਭੈਣ ਬੋਲੀ-ਸ਼ਾਮ ਪੈਂਦੀ ਮਾਂ ਬਾਪੂ ਆ ਨਾ ਜਾਂਦੇ? ਸ਼ਾਮ ਪੈਣ ਵਿਚ ਅਜੇ ਤਾਂ ਬੜੀ ਦੇਰ ਹੈ।

ਇਸ ਝੋਂਪੜੀ ਵਿਚ ਪੂਰਾ ਇੱਕ ਸਾਲ ਸ਼ਾਮ ਪਈ ਹੀ ਨਹੀਂ! ਉਨ੍ਹਾਂ ਦੋਵੇਂ ਬੱਚਿਆਂ ਦਾ ਵਿਸ਼ਵਾਸ ਸੀ, ਜੇ ਸ਼ਾਮ ਪੈ ਜਾਂਦੀ ਤਾਂ ਉਨ੍ਹਾਂ ਦੇ ਮਾਪੇ ਜ਼ਰੂਰ ਆਉਂਦੇ। ਛਿੱਕੂ ਵਿਚ ਰੋਟੀਆਂ ਤੇ ਗੁੜ, ਕਸੋਰੇ ਵਿਚ ਪਾਣੀ ਪਰ ਬਾਰਾਂ ਮਹੀਨੇ ਕਿਸੇ ਨੂੰ ਨਾ ਭੁੱਖ ਲੱਗੀ ਨਾ ਪਿਆਸ! ਭੈਣ ਵਾਰ ਵਾਰ ਕਹਿੰਦੀ-ਭੁੱਖ ਲੱਗੇ ਤਾਂ ਮੇਰੇ ਬੀਰ ਤੂੰ ਰੋਈਂ ਨਾ। ਛਿੱਕੂ ਵਿਚ ਖਾਣਾ ਪਿਐ। ਪਿਆਸ ਲੱਗੇ ਤਰਸਣਾ ਨਾ। ਕਸੋਰੇ ਵਿਚ ਪਾਣੀ ਪਿਐ। ਭੈਣ ਦੇ ਲਾਡਲੇ ਵੀਰ ਨੂੰ ਨਾ ਭੁੱਖ ਲੱਗੀ ਨਾ ਪਿਆਸ। ਨਾ ਉਹ ਕਦੇ ਰੋਇਆ। ਹਾਂ ਵਾਰ ਵਾਰ ਭੈਣ ਨੂੰ ਪੁੱਛ ਲੈਂਦਾ-ਅਜੇ ਸਾਮ ਹੋਈ ਨਹੀਂ?

ਭੈਣ ਦਾ ਇੱਕੋ ਜਵਾਬ-ਕਿੱਥੇ ਹੋਈ? ਸ਼ਾਮ ਹੋ ਜਾਂਦੀ ਤਾਂ ਮਾਂ ਬਾਪੂ ਘਰੇ ਆ ਨਾ ਜਾਂਦੇ?

ਬਾਕੀ ਦੁਨੀਆਂ ਵਿਚ ਤਾਂ ਖੈਰ ਵਕਤ ਸਿਰ ਦਿਨ ਚੜ੍ਹਦਾ, ਸਮੇਂ ਸਿਰ ਸ਼ਾਮ ਪੈ ਜਾਂਦੀ ਪਰ ਇਨ੍ਹਾਂ ਅਨਾਥ ਬੱਚਿਆਂ ਦੀ ਝੋਂਪੜੀ ਵਿਚ ਬਾਰਾਂ ਮਹੀਨਿਆਂ ਤੱਕ ਦਿਨ ਲੰਮਾ ਹੀ ਲੰਮਾ ਹੁੰਦਾ ਗਿਆ।

ਪੂਰੇ ਇੱਕ ਸਾਲ ਵਿਚ ਰੁੱਤਾਂ ਬਦਲੀਆਂ। ਸਾਉਣ ਭਾਦੋਂ ਦੇ ਕਾਲੇ ਬੱਦਲ ਇੰਨੇ ਬਰਸੇ ਕਿ ਪੁੱਛੋ ਨਾ, ਜਿਵੇਂ ਸਮੁੰਦਰ ਇਧਰ ਹੀ ਉਲਟ ਗਿਆ ਹੋਵੇ! ਦੋਵੇਂ ਪਤੀ ਪਤਨੀ ਛਲਕਦੇ ਮਨ ਨਾਲ ਆਪਣੇ ਪਿੰਡ ਵਲ ਮੁੜੇ।

ਬੱਦਲਾਂ ਦੇ ਪਾਣੀ ਨੂੰ ਛੂਹਣ ਸਾਰ ਧਰਤੀ ਤਾਂ ਜਿਵੇਂ ਮੂੰਹੋਂ ਗੱਲਾਂ ਕਰਨ ਲੱਗੀ। ਪਤਨੀ ਦੀ ਗੋਦ ਵਿਚ ਨਿਕਾ ਜਿਹਾ ਬਾਲ ਗੋਪਾਲ। ਬੱਦਲਾਂ ਵਿਚ ਮਿੱਠਾ ਪਾਣੀ, ਮਾਂ ਦੀ ਛਾਤੀ ਵਿਚ ਮਿੱਠਾ ਦੁੱਧ। ਧਰਤੀ ਨੂੰ ਠੋਕਰਾਂ ਮਾਰਦੀ, ਪੱਲੇ ਨੂੰ ਹੁਲਾਰਦੀ ਔਰਤ ਮਸਤਾਨੀ ਚਾਲ ਚੱਲਦੀ ਰਹੀ।

ਆਪਣੇ ਖੂਹ ਦੀ ਵਾੜ ਕੋਲੋਂ ਲੰਘਦਿਆਂ ਊਂਘਦਾ ਬੱਚਾ ਮਾਂ ਦੀ ਗੋਦ ਵਿਚ ਰੋਇਆ ਤਾਂ ਬਾਪ ਦੀਆਂ ਅੱਖਾਂ ਵਿਚ ਹੰਝੂ ਆਏ। ਭਰੇ ਗਲ ਨਾਲ ਬੋਲਿਆ-ਤੇਰਾ ਦਿਲ ਮੈਥੋਂ ਮਜ਼ਬੂਤ ਐ। ਮੈਂ ਬੜਾ ਡਰਪੋਕ ਆਂ। ਦੋਵਾਂ ਦੇ ਪਿੰਜਰ ਹੁਣ ਤੱਕ ਤਾਂ ਸੁੱਕ ਗਏ ਹੋਣੇ। ਮੈਂ ਇੱਥੇ ਰੁਕਦਾਂ। ਤੂੰ ਪਹਿਲਾਂ ਜਾ ਕੇ ਪਿੰਜਰ ਬਾਹਰ ਸੁੱਟ ਆ। ਮੈਥੋਂ ਸੁੱਟੇ ਨਹੀਂ ਜਾਣੇ। ਇੰਨਾ ਕੁ ਰਹਿਮ ਕਰ। ਤੇਰਾ ਅਹਿਸਾਨ ਸਾਰੀ ਉਮਰ।

ਇਸ ਵਿਚ ਰਹਿਮ ਅਤੇ ਅਹਿਸਾਨ ਦੀ ਕੀ ਗੱਲ? ਪਤੀਵ੍ਰਤਾ ਔਰਤ ਨਿਮਰਤਾ ਨਾਲ ਬੋਲੀ-ਪਤੀ ਦਾ ਆਖਾ ਮੰਨਣਾ ਔਰਤ ਦਾ ਕਰਮ ਹੈ। ਵੈਸੇ ਵੀ ਕੂੜਾ ਕਚਰਾ ਤਾਂ ਸਾਫ ਕਰਨਾ ਪਏਗਾ ਹੀ। ਹਿੰਮਤ ਵਾਲੀ ਕੀ ਗੱਲ ਹੋਈ? ਤੂੰ ਕਨ੍ਹਈਆ ਨੂੰ ਥੋੜ੍ਹੀ ਦੇਰ ਚੁਕੀ ਰੱਖ, ਮੈਂ ਸਾਰੀ ਸਫਾਈ ਕਰ ਦਿੰਨੀ ਆਂ।

ਬੱਦਲਾਂ ਵਿਚ ਛਿਪੇ ਸੂਰਜ ਦੀ ਧੁੱਪ ਲੁਕਣ-ਮੀਟੀ ਖੇਡ ਰਹੀ ਸੀ। ਕਦੇ ਕਦੇ ਬਿਜਲੀ ਕੜਕਦੀ। ਅਲਸਾਈ ਹਵਾ ਠੰਢੀ ਠੰਢੀ ਵਗ ਰਹੀ ਸੀ। ਕਿੱਕਰ ਦੇ ਰੁੱਖ ਹੇਠ ਛਤਰੀ ਤਾਣੀ ਮੋਰ ਨੱਚ ਰਿਹਾ!

ਪਤਨੀ ਤੇਜ਼ ਕਦਮੀ, ਕਿਸਾਨ ਧੀਮੇ ਕਦਮੀ ਝੋਂਪੜੀ ਦੇ ਬੂਹੇ ਨੇੜੇ ਪੁੱਜੇ ਤਾਂ ਉਨ੍ਹਾਂ ਨੇ ਅੰਦਰੋਂ ਕੁਝ ਆਵਾਜ਼ਾਂ ਸੁਣੀਆਂ। ਇੱਕ ਵਾਰ ਤਾਂ ਕੰਨਾਂ ਉਪਰ ਇਤਬਾਰ ਨਾ ਆਇਆ! ਬਾਹਰਲਾ ਕੁੰਡਾ ਉਵੇਂ ਦਾ ਉਵੇਂ ਬੰਦ ਦਾ ਬੰਦ। ਅੱਖਾਂ ਉਪਰ ਬੇਇਤਬਾਰੀ ਵੀ ਕਿਵੇਂ ਕਰਨ? ਭੂਤ ਪ੍ਰੇਤਾਂ ਦੀ ਕੋਈ ਲੀਲਾ ਤਾਂ ਨਹੀਂ?

ਕੱਚੀ ਕੰਧ ਨਾਲ ਕੰਨ ਲਾ ਕੇ ਮਾਂ ਸੁਣਨ ਲੱਗੀ। ਇਹ ਤਾਂ ਅੰਦਰੋਂ ਕਿਸੇ ਬੱਚੇ ਦੀ ਆਵਾਜ਼ ਸੀ? ਮਾਂ ਤੇ ਬਾਪੂ ਕਿਉਂ ਨਹੀਂ ਆਏ ਭੈਣ? ਸ਼ਾਮ ਹੋਈ ਨਹੀਂ ਅਜੇ? ਲਾਡ ਲਡਾਉਂਦਿਆਂ ਬੱਚੀ ਬੋਲੀ-ਮੇਰੇ ਲਾਡਲੇ ਵੀਰ, ਅਜੇ ਸ਼ਾਮ ਕਿੱਥੇ ਹੋਈ? ਸ਼ਾਮ ਹੁੰਦੀ, ਮਾਂ ਬਾਪੂ ਆ ਨਾ ਜਾਂਦੇ ਭਲਾ? ਤੂੰ ਥੋੜ੍ਹਾ ਕੁ ਸਬਰ ਕਰ। ਆਪਣੇ ਵਾਸਤੇ ਛਣਕਣੇ ਲਿਆਉਣਗੇ!

ਬੱਚੇ ਨੇ ਹਠ ਕੀਤਾ-ਦੋਵੇਂ ਛਣਕਣੇ ਮੈਂ ਲਊਂਗਾ।

-ਹਾਂ...ਹਾਂ...ਦੋਵੇਂ ਤੇਰੇ। ਤੇਰੇ ਨਾਲੋਂ ਛਣਕਣੇ ਕੋਈ ਚੰਗੇ ਨੇ? ਭੁੱਖ ਲੱਗੇ ਮੈਨੂੰ ਦੱਸ ਦੇਈਂ...ਪਿਆਸ ਲੱਗੇ ਦੱਸ ਦੇਈਂ। ਛਿੱਕੂ ਵਿਚ ਰੋਟੀਆਂ, ਗੁੜ ਪਿਐ। ਕਸੋਰੇ ਵਿਚ ਪਾਣੀ ਪਿਐ!

ਮਾਂ ਦੇ ਕੰਨਾਂ ਵਿਚ ਜਿਵੇਂ ਉਬਲਦਾ ਤੇਲ ਪੈ ਗਿਆ ਹੋਵੇ। ਉਸ ਦੇ ਨੇੜੇ ਗੁੰਮ ਸੁੰਮ ਖਲੋਤਾ ਬਾਪ...ਬੋਲਾਂ ਤੋਂ ਸੱਖਣਾ। ਖੁਸ਼ੀ ਵੱਧ ਹੋਈ, ਦੁੱਖ ਵੱਧ ਹੋਇਆ ਕਿ ਹੈਰਾਨੀ ਵੱਧ ਹੋਈ, ਕੋਈ ਪਤਾ ਨਹੀਂ। ਉਤਾਵਲੀ ਹੋ ਕੇ ਮਾਂ ਨੇ ਕੁੰਡਾ ਖੋਲ੍ਹਿਆ, ਖੜਕਾ ਸੁਣ ਕੇ ਦੋਵੇਂ ਭੈਣ ਭਾਈ ਖੁਸ਼ੀ ਵਿਚ ਤਾੜੀਆਂ ਵਜਾਉਂਦੇ ਨੱਚਣ ਲੱਗੇ...ਸ਼ਾਮ ਹੋ ਗਈ, ਸ਼ਾਮ ਹੋ ਗਈ। ਮਾਂ ਬਾਪੂ ਆ ਗਏ... ਛਣਕਣੇ ਲੈ ਆਏ...!

ਛਣਕਣਿਆਂ ਦੀ ਥਾਂ ਮਾਂ ਵੱਲੋਂ ਦੋ ਦੋ ਥੱਪੜ ਇਨਾਮ ਵਿਚ ਮਿਲੇ। ਗੁੱਸੇ ਵਿਚ ਦੰਦ ਪੀਂਹਦੀ ਕਹਿੰਦੀ-ਦੁਸ਼ਟੋ, ਹਰਾਮਜ਼ਾਦਿਓ, ਤੁਸੀਂ ਜਿਊਂਦੇ ਓ ਅਜੇ ਤੱਕ? ਮਰੇ ਨਹੀਂ? ਤੁਹਾਥੋਂ ਸ਼ੈਤਾਨਾਂ ਤੋਂ ਤਾਂ ਮੌਤ ਵੀ ਬਿਦਕਦੀ ਐ!

ਮਾਂ ਦਾ ਇੰਨਾ ਕਹਿਣਾ ਸੀ ਕਿ ਚੱਕਰ ਖਾ ਕੇ ਦੋਵੇਂ ਬੱਚੇ ਜ਼ਮੀਨ 'ਤੇ ਡਿੱਗ ਪਏ। ਮਾਂ ਦਾ ਵਿਕਰਾਲ ਰੂਪ ਦੇਖ ਕੇ ਮੌਤ ਨੇ ਉਨ੍ਹਾਂ ਨੂੰ ਛਾਤੀ ਨਾਲ ਲਾ ਲਿਆ। ਬਾਪ ਨੇ ਪਾਗਲਾਂ ਵਾਂਗ ਉਨ੍ਹਾਂ ਨੂੰ ਬੜਾ ਝੰਜੋੜਿਆ ਪਰ ਅੱਖਾਂ ਨਾ ਖੁੱਲ੍ਹੀਆਂ। ਇਉਂ ਲਗਦਾ ਸੀ, ਬੰਦ ਅੱਖਾਂ ਨਾਲ ਉਹ ਪੂਰਾ ਬ੍ਰਹਿਮੰਡ ਦੇਖ ਰਹੇ ਹੋਣ!

ਕੁਦਰਤ ਨਾ ਕਿਸੇ ਦੇ ਸੱਟ ਮਾਰੇ, ਨਾ ਜ਼ਖਮੀ ਕਰੇ। ਉਹ ਤਾਂ ਆਪਣੀ ਮੌਜ ਮਸਤੀ ਵਿਚ ਸੁਗਲ ਮੇਲੇ ਕਰਦੀ ਰਹਿੰਦੀ ਹੈ। ਮੌਜ ਹੋਵੇ ਤਾਂ ਬਰਸੇ, ਬਰਸਣ ਨੂੰ ਦਿਲ ਨਾ ਕਰੇ ਤਾਂ ਕਾਲ ਪਏ ਪਰ ਉਸ ਦਿਨ ਉਹ ਆਪਣੀ ਮੌਜ ਵਿਚ ਛਮਛਮ ਬਰਸੀ। ਬੱਦਲ ਗੱਜਣ ਅਤੇ ਲਿਸ਼ਕਣ ਵਿਚ ਪੂਰੇ ਮਗਨ। ਧਰਤੀ ਵਿਚੋਂ ਪਹਿਲੀ ਬਾਰਸ਼ ਦੀ ਖੁਸ਼ਬੂ! ਛਿੱਕੂ ਵੱਲ ਕੀੜੀਆਂ ਆ ਜਾ ਰਹੀਆਂ ਸਨ। ਮਟਕੀ ਦਾ ਪਾਣੀ ਮਟਕੀ ਵਿਚੋਂ ਖਤਮ ਹੋ ਗਿਆ। ਪਈਆਂ ਪਈਆਂ ਮਟਕੀਆਂ ਆਪਣਾ ਪਾਣੀ ਆਪੇ ਪੀਣ ਲੱਗ ਪੈਣ, ਫਿਰ ਪਿਆਸੇ ਮੂੰਹਾਂ ਦਾ ਕੀ ਹਾਲ ਹੋਏਗਾ?

ਜੁਗਾਂ ਜੁਗਾਂਤਰਾਂ ਤੋਂ ਇਸ ਮਾਮੂਲੀ ਜਿਹੇ ਸਵਾਲ ਦਾ ਉਤਰ ਨਹੀਂ ਮਿਲਿਆ ਕਿਉਂਕਿ ਸਮੁੰਦਰਾਂ ਦੇ ਹੋਂਠ ਸਿਉਂਤੇ ਹੋਏ ਨੇ, ਬੱਦਲਾਂ ਨੇ ਗਲੇ ਰੁੰਨ੍ਹੇ ਹੋਏ ਨੇ।

***(ਛਪ ਰਹੀ ਕਿਤਾਬ 'ਰਾਜਸਥਾਨੀ ਕਥਾ ਸਾਗਰ' ਵਿਚੋਂ)***

# ਜੰਗ-ਏ-ਆਜ਼ਾਦੀ ਹਿੰਦੋਸਤਾਨ: ਸਤੰਬਰ ਮਹੀਨੇ ਦੇ ਸੰਗਰਾਮੀ ਤੇ ਸ਼ਹੀਦ ਯੋਧੇ

***ਮਨੁੱਖ ਨੂੰ ਜਦੋਂ ਸਮਾਜ ਵਿਚ ਹੋ ਰਹੇ ਵਿਤਕਰੇ, ਅਣਮਨੁੱਖੀ ਵਿਹਾਰ ਅਤੇ ਬੇਇਨਸਾਫੀਆਂ ਦੀ ਸਮਝ ਆਉਂਦੀ ਹੈ ਤਾਂ ਫਿਰ ਉਹ ਮੁਕਾਬਲਾ ਕਰਨ ਲਈ ਮਨੋਬਲ ਨੂੰ ਉੱਚਾ ਕਰਦਾ ਹੈ ਤੇ ਤੰਗੀਆਂ-ਤੁਰਸ਼ੀਆਂ ਸਾਹਮਣੇ ਗੋਡੇ ਟੇਕਣ ਦੀ ਥਾਂ ਸੰਘਰਸ਼ ਨੂੰ ਪਹਿਲ ਦਿੰਦਾ ਹੈ, ਫੌਲਾਦੀ ਜੁੱਸਾ ਤੇ ਸੋਚ ਪੈਦਾ ਕਰਦਾ ਹੈ। ਇਸ ਸਮਝ ਨੂੰ ਪ੍ਰਣਾਉਂਦੇ ਹੋਏ ਹੀ ਗਦਰ ਲਹਿਰ ਦਾ ਜਨਮ ਹੋਇਆ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਰ ਜੋਖਮ ਮੁੱਲ ਲੈਣ ਦਾ ਪ੍ਰਣ ਕੀਤਾ।***

***"ਦੇਸ ਪੈਣ ਧੱਕੇ, ਬਾਹਰ ਮਿਲੇ ਢੋਈ ਨਾ, ਸਾਡਾ ਪਰਦੇਸੀਆਂ ਦੇਸ ਕੋਈ ਨਾ।"***

***"ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਬਚਨ ਤੇ ਫੁਰਮਾਨ ਹੋ ਗਏ।"***

***ਅੰਗਰੇਜ਼ ਰਾਜ ਤੋਂ ਆਜ਼ਾਦੀ ਪ੍ਰਾਪਤ ਕਰਨ ਦੀ ਘਾਲਣਾ ਦਾ ਵਿਵਰਣ ਕਦੀ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਆਜ਼ਾਦੀ ਪ੍ਰਾਪਤ ਕਰਨ ਦੀ ਖਾਹਿਸ਼ ਨੇ ਅਣਗਿਣਤ ਸੰਗਰਾਮੀ ਪੈਦਾ ਕੀਤੇ, ਜਿਨ੍ਹਾਂ ਵਿਚੋਂ ਸੈਂਕੜੇ ਯੋਧੇ ਫਾਂਸੀ ਦੇ ਤਖਤੇ 'ਤੇ ਚੜ੍ਹੇ, ਹਜ਼ਾਰਾਂ ਨੂੰ ਲੰਬੀਆਂ ਜੇਲ੍ਹਾਂ ਕੱਟਣੀਆਂ ਪਈਆਂ ਅਤੇ ਆਪਣੀਆਂ ਜ਼ਾਇਦਾਦਾਂ ਦੀਆਂ ਕੁਰਕੀਆਂ ਕਰਵਾ ਕੇ ਦੇਸ਼ ਨਿਕਾਲੇ ਦੀਆਂ ਸਜ਼ਾਵਾਂ ਤਨ 'ਤੇ ਹੰਢਾਈਆਂ। ਅੰਗਰੇਜ਼ ਹਕੂਮਤ ਕੋਲੋਂ ਬੜੇ ਹੀ ਲੰਬੇ ਸੰਗਰਾਮ ਪਿਛੋਂ ਆਜ਼ਾਦੀ ਮਿਲੀ। ਆਜ਼ਾਦੀ ਦੇ ਪਰਵਾਨਿਆਂ ਦੀ ਸਮਝ ਸੀ ਕਿ ਅੰਗਰੇਜ਼ ਰਾਜ ਖਤਮ ਹੋ ਜਾਣ ਤੋਂ ਬਾਅਦ ਹਰੇਕ ਹਿੰਦੋਸਤਾਨੀ ਨੂੰ ਜੀਵਨ ਨਿਰਵਾਹ ਦੀਆਂ ਸੁੱਖ ਸਹੂਲਤਾਂ ਮਿਲਣਗੀਆਂ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋ ਜਾਵੇਗੀ।***

***ਗਦਰੀ ਬਾਬਿਆਂ ਦੀ ਸੋਚ ਸੀ ਕਿ ਆਜ਼ਾਦੀ ਦੀ ਲੜਾਈ 'ਇੱਕ' ਹੋ ਕੇ ਹੀ ਲੜੀ ਜਾ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਵਿਚ ਮਜ਼ਹਬੀ ਵਾਦ-ਵਿਵਾਦ ਦੀ ਕੋਈ ਥਾਂ ਨਹੀਂ ਹੈ, ਧਰਮ ਹਰ ਇੱਕ ਦਾ ਨਿੱਜੀ ਮਾਮਲਾ ਹੈ।***

***ਭਾਈ ਮਹਾਰਾਜ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਖਾਤਮੇ ਤੋਂ ਤੁਰੰਤ ਬਾਅਦ ਹੀ ਅੰਗਰੇਜ਼ ਰਾਜ ਵਿਰੁੱਧ ਆਜ਼ਾਦੀ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ, 1857 ਦਾ ਗਦਰ, ਜਿਸ ਵਿਚ ਬਹਾਦਰ ਸ਼ਾਹ ਜਫਰ ਨੇ ਵੀ ਹਿੱਸਾ ਪਾਇਆ; ਕੂਕਾ ਲਹਿਰ, ਜਿਸ ਨੇ ਸਭ ਤੋਂ ਪਹਿਲਾਂ ਅੰਗਰੇਜ਼ ਰਾਜ ਦਾ ਬਾਈਕਾਟ ਕੀਤਾ ਤੇ 1870 ਵਿਆਂ ਵਿਚ ਨਾ-ਮਿਲਵਰਤਣ ਲਹਿਰ ਚਲਾਈ, ਜੋ 45-50 ਸਾਲ ਬਾਅਦ ਮਹਾਤਮਾ ਗਾਂਧੀ ਨੇ 1920 ਵਿਚ ਕਾਪੀ ਕੀਤੀ; ਰੇਸ਼ਮੀ ਰੁਮਾਲ ਲਹਿਰ, ਵਿਦਿਆਰਥੀ ਜਥੇਬੰਦੀਆਂ, ਨੌਜਵਾਨ ਭਾਰਤ ਸਭਾ, ਗੁਰਦੁਆਰਾ ਸੁਧਾਰ ਲਹਿਰ, ਬੰਗਾਲ ਦੀ ਮਹਾਨ ਖੁਫੀਆ ਸਭਾ ਅਨੁਸ਼ੀਲਨ ਸੰਪਤੀ, ਪਰਜਾ ਮੰਡਲ ਲਹਿਰ, ਹੋਰ ਸੰਸਥਾਵਾਂ ਤੇ ਮੋਰਚਿਆਂ ਆਦਿ ਅਤੇ ਹਿੰਦੋਸਤਾਨ ਦੀ ਜਨਤਾ ਨੇ ਬਿਨਾ ਕਿਸੇ ਰੰਗ-ਭੇਦ, ਜਾਤ-ਪਾਤ ਜਾਂ ਉਚ-ਨੀਚ ਦੇ ਵਿਤਕਰਿਆਂ ਤੋਂ ਉੱਪਰ ਉਠ ਕੇ ਅੰਗਰੇਜ਼ ਰਾਜ ਵਿਰੁੱਧ ਲੜਾਈ 'ਚ ਹਿੱਸਾ ਪਾਇਆ।***

***ਆਜ਼ਾਦੀ ਦੇ ਸ਼ਹੀਦ ਅਤੇ ਸੰਗਰਾਮੀ ਯੋਧਿਆਂ ਦੇ ਅਣਖੀ ਵਿਰਸੇ ਨੂੰ ਯਾਦਾਂ ਦਾ ਹਿੱਸਾ ਬਣਾ ਕੇ ਰੱਖਣ ਲਈ ਸ਼ਰਧਾਂਜਲੀ ਵਜੋਂ ਜਾਣਕਾਰੀ ਪੇਸ਼ ਹੈ।***



ਹਰਨਾਮ ਸਿੰਘ ਟੁੰਡੀਲਾਟ



ਬੱਬਰ ਕਰਮ ਸਿੰਘ ਦੌਲਤਪੁਰ



ਜਤਿੰਦਰ ਨਾਥ ਦਾਸ

ਪਹਿਲੀ ਸਤੰਬਰ 1940 ਨੂੰ ਬੱਬਰ ਕਰਮ ਸਿੰਘ (ਦੌਲਤਪੁਰ, ਜਿਲਾ ਨਵਾਂਸ਼ਹਿਰ) ਬਬੇਲੀ ਪਿੰਡ ਦੇ ਪੁਲਿਸ ਮੁਕਾਬਲੇ 'ਚ ਸ਼ਹੀਦੀ ਜਾਮ ਪੀ ਗਏ। ਉਹ ਗਦਰ ਪਾਰਟੀ ਦੇ ਮੈਂਬਰ ਸਨ ਤੇ ਕੈਨੇਡਾ ਦੀਆਂ ਸਭ ਸੁੱਖ ਸਹੂਲਤਾਂ ਛੱਡ ਕੇ ਦੇਸ਼ ਆਜ਼ਾਦ ਕਰਵਾਉਣ ਲਈ ਦੇਸ ਵਾਪਿਸ ਪਰਤੇ ਸਨ। ਇਸ ਪੁਲਿਸ ਮੁਕਾਬਲੇ ਵਿਚ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ (ਹੁਸ਼ਿਆਰਪੁਰ), ਬੱਬਰ ਬਿਸ਼ਨ ਸਿੰਘ ਮਾਂਗਟ (ਜਲੰਧਰ), ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਹੁਸ਼ਿਆਰਪੁਰ ਸ਼ਹੀਦ ਹੋਏ। ਪਹਿਲੀ ਸਤੰਬਰ 1956 ਨੂੰ ਰਾਮ ਨਰਾਇਣ ਪੁੱਤਰ ਲਾਲ ਜੀ, ਮੱਲ ਜੀ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਨਾਨੂੰ ਕਲਾਂ, ਸਬ ਤਹਿਸੀਲ ਪਟੌਦੀ (ਗੁੜਗਾਓਂ) 1946 ਵਿਚ ਪਟੌਦੀ ਸਟੇਟ ਵਿਰੁੱਧ ਸਤਿਆਗ੍ਰਹਿ 'ਚ ਬਹੁਤ ਬੁਰੀ ਹਾਲਤ 'ਚ ਜਖਮੀ ਹੋ ਗਏ ਸਨ।

2 ਸਤੰਬਰ 1925 ਨੂੰ ਸਮੁੰਦ ਸਿੰਘ ਪੁੱਤਰ ਬੂਟਾ ਸਿੰਘ ਮਾਤਾ ਲਛਮਣ ਕੌਰ ਪਿੰਡ ਫੇਰੂਮਾਨ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-14 ਦੇ ਮੈਂਬਰ ਸਨ।

3 ਸਤੰਬਰ 1915 ਨੂੰ ਬੁੱਧ ਸਿੰਘ ਪੁੱਤਰ ਹੀਰਾ ਸਿੰਘ ਤੇ ਮਾਤਾ ਜੀਵਨ, ਪਿੰਡ ਢੋਟੀਆਂ (ਅੰਮ੍ਰਿਤਸਰ) ਵਹਾਵੱਲਪੁਰ ਬੰਬ ਕਾਂਡ 'ਚ ਫਾਂਸੀ ਲੱਗੇ।

3 ਸਤੰਬਰ 1915 ਨੂੰ ਭਾਈ ਲਛਮਣ ਸਿੰਘ ਦਫੇਦਾਰ ਪੁੱਤਰ ਕੱਥਾ ਸਿੰਘ, ਮਾਤਾ ਬੀਬੀ ਈਸ਼ਰ ਕੌਰ, ਪਿੰਡ ਚੁਸਲੇਵਾਲ, ਤਰਨਤਾਰਨ (ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਪਿੰਡ ਤਹਿਸੀਲ ਕਸੂਰ ਵਿਚ ਸੀ); ਅਬਦੁੱਲਾ ਨਾਹਲ ਚੰਦ ਪੁੱਤਰ ਅੱਲਾਹ ਦੀਨ ਪਿੰਡ ਟਪਰਾਲ ਗੁਜਰਾਂਵਾਲਾ; ਸਵਾਰ ਬੂਟਾ ਸਿੰਘ ਪੁੱਤਰ ਚੈਂਚਲ ਸਿੰਘ, ਮਾਤਾ ਬੀਬੀ ਨੰਦ ਕੌਰ ਪਿੰਡ ਕਸੇਲ; ਇੰਦਰ ਸਿੰਘ ਪੁੱਤਰ ਭਗਤ ਸਿੰਘ, ਮਾਤਾ ਬੀਬੀ ਭਾਗਣ, ਉਮਰ 24 ਸਾਲ ਤੇ ਪਿੰਡ ਸ਼ਾਹਬਾਜ਼ਪੁਰ; ਗੁੱਜਰ ਸਿੰਘ ਪੁੱਤਰ ਨਿਹਾਲ ਸਿੰਘ ਪਿੰਡ ਲਹੁਕੇ; ਜੇਠਾ ਸਿੰਘ ਪੁੱਤਰ ਬਹਾਦਰ ਸਿੰਘ ਪਿੰਡ ਲਹੁਕੇ; ਤਾਰਾ ਸਿੰਘ ਪੁੱਤਰ ਸ਼ਾਮ ਸਿੰਘ ਪਿੰਡ ਰੂੜੀਵਾਲ; ਭਾਗ ਸਿੰਘ ਪੁੱਤਰ ਬੂੜ ਸਿੰਘ ਪਿੰਡ ਰੂੜੀਵਾਲ; ਮੋਤਾ ਸਿੰਘ ਪੁੱਤਰ ਈਸ਼ਰ ਸਿੰਘ ਪਿੰਡ ਰੂੜੀਵਾਲ; ਦਫੇਦਾਰ ਵਧਾਵਾ ਸਿੰਘ ਪੁੱਤਰ ਸੁਰੈਣ ਸਿੰਘ ਪਿੰਡ ਰੂੜੀਵਾਲ; ਇੰਦਰ ਸਿੰਘ ਪੁੱਤਰ ਦਫੇਦਾਰ ਜਵੰਦ ਸਿੰਘ, ਮਾਤਾ ਖੇਮੀ ਪਿੰਡ ਜੀਉਵਾਲਾ ਅਤੇ ਸਵਾਰ ਬੁੱਧ ਸਿੰਘ ਪੁੱਤਰ ਹੀਰਾ ਸਿੰਘ, ਮਾਤਾ ਜੀਵਨ ਕੌਰ ਪਿੰਡ ਢੋਟੀਆਂ (ਸਾਰੇ ਜਿਲਾ ਅੰਮ੍ਰਿਤਸਰ ਤੋਂ) 23 ਨੰਬਰ ਰਸਾਲਾ ਡਸ਼ਗਈ (ਹਿਮਾਚਲ) ਦੇ ਬਾਗੀ ਫੌਜੀ ਸਨ। ਅੰਬਾਲਾ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕੀਤਾ।




3 ਸਤੰਬਰ 1922 ਨੂੰ ਤਾਰਾ ਸਿੰਘ ਪੁੱਤਰ ਭਗਤ ਸਿੰਘ ਪਿੰਡ ਤਰਦਾ ਖੁਰਦ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਗੁਰੂ ਕੇ ਬਾਗ ਮੋਰਚੇ 'ਚ ਸ਼ਮੂਲੀਅਤ ਕੀਤੀ।

3 ਸਤੰਬਰ 1957 ਨੂੰ ਸੰਤ ਸਿੰਘ ਪੁੱਤਰ ਗੁਰਮੁੱਖ ਸਿੰਘ ਪਿੰਡ ਮਾਨਾ ਸਿੰਘ, ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਉਹ ਭਾਈ ਫੇਰੂ ਮੋਰਚੇ ਦੇ ਮੈਂਬਰ ਸਨ ਤੇ ਦੋ ਸਾਲ ਕੁਆਲਾਲੰਪਰ 'ਚ ਜੇਲ੍ਹ ਕੱਟੀ।

4 ਸਤੰਬਰ 1922 ਨੂੰ ਭਗਤ ਸਿੰਘ ਪਿੰਡ ਤਾਰਾ (ਅੰਮ੍ਰਿਤਸਰ) ਪੁਲਿਸ ਦੀ ਕੁੱਟ ਦੀ ਤਾਬ ਨਾ ਝੱਲਦੇ ਹੋਏ ਸਦੀਵੀ ਵਿਛੋੜਾ ਦੇ ਗਏ। ਉਹ ਗੁਰੂ ਕੇ ਬਾਗ ਮੋਰਚੇ 'ਚ ਸ਼ਾਮਲ ਸਨ।

4 ਸਤੰਬਰ 1924 ਨੂੰ ਸੋਭਾ ਸਿੰਘ ਪਿੰਡ ਰਾਣੀਆਂ, ਤਹਿਸੀਲ ਮੋਗਾ (ਫਿਰੋਜ਼ਪੁਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ ਅਤੇ ਨਾਭਾ ਜੇਲ੍ਹ ਯਾਤਰਾ ਕੀਤੀ।

5 ਸਤੰਬਰ 1924 ਨੂੰ ਗੋਪਾਲ ਸਿੰਘ ਪੁੱਤਰ ਬਹਾਦਰ ਸਿੰਘ, ਮਾਤਾ ਬੀਬੀ ਇੰਦਰ ਕੌਰ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਫੁਲਰਵਾਂ ਲਾਗੇ ਚੂਹੜ ਕਲਾਂ (ਲਾਇਲਪੁਰ) ਤੋਂ ਸਨ ਤੇ ਗੁਰੂ ਕੇ ਬਾਗ ਮੋਰਚੇ 'ਚ ਸ਼ਮੂਲੀਅਤ ਕੀਤੀ।

5 ਸਤੰਬਰ 1947 ਨੂੰ ਫਤਿਹ ਚੰਦ ਪੁੱਤਰ ਸੁਖਦਿਆਲ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਕਲੇਰ ਕੋਟ, ਤਹਿਸੀਲ ਭਾਕਰ ਮੀਆਂਵਾਲੀ, ਸਿਵਲ ਨਾ-ਫੁਰਮਾਨੀ ਲਹਿਰ ਦੇ ਮੈਂਬਰ ਸਨ। ਸਰਕਾਰ ਵਿਰੁੱਧ ਸਪੀਚ ਕਰਨ ਦੇ ਦੋਸ਼ ਕਾਰਨ ਡੀ. ਆਈ. ਆਰ. ਕਾਨੂੰਨ ਤਹਿਤ ਸਾਢੇ ਤਿੰਨ ਸਾਲ ਜੇਲ੍ਹ ਯਾਤਰਾ ਕੀਤੀ।

5 ਸਤੰਬਰ 1950 ਨੂੰ ਨੰਦ ਸਿੰਘ ਕੈਲਾ (ਪੁੱਤਰ ਰਾਮ ਸਿੰਘ ਤੇ ਬੀਬੀ ਫੱਤੋ) ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਕਾਇਲਾ ਜਿਲਾ ਲੁਧਿਆਣਾ ਤੋਂ ਸਨ। 1907 'ਚ ਘਰ ਦੀ ਸੁਰੱਗੀ ਲਈ ਕੈਨੇਡਾ ਗਏ ਭਾਈ ਭਗਵਾਨ ਸਿੰਘ ਪ੍ਰੀਤਮ ਨਾਲ ਮੇਲ ਹੋਇਆ, ਗਦਰ ਪਾਰਟੀ ਦੇ ਮੈਂਬਰ ਬਣੇ। ਦੇਸ਼ ਆਜ਼ਾਦ ਕਰਾਉਣ ਲਈ ਵਾਪਿਸੀ, ਆਖਰੀ ਸਾਹ ਵੀ ਦੇਸ਼-ਹਿੱਤ ਲਈ ਲਿਆ ਤੇ 70 ਸਾਲ ਦੀ ਉਮਰ ਵਿਚ ਵੀ ਜੇਲ੍ਹ ਵਿਚ ਭੁੱਖ ਹੜਤਾਲ ਕੀਤੀ।

5 ਸਤੰਬਰ 1957 ਨੂੰ ਰਾਮ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਦਸੌਰ, ਮੋਗਾ (ਫਿਰੋਜ਼ਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਆਈ. ਐਨ. ਏ. ਦੀ ਆਜ਼ਾਦ ਬ੍ਰਿਗੇਡ 'ਚ ਸਨ।

6 ਸਤੰਬਰ 1940 ਨੂੰ ਬਿਸ਼ਨ ਸਿੰਘ ਬੁੱਟਰ, ਅਜੈਬ ਸਿੰਘ (ਨੰਦਪੁਰ, ਅੰਮ੍ਰਿਤਸਰ), ਸਾਧੂ ਸਿੰਘ (ਦਦੇਹਰ, ਅੰਮ੍ਰਿਤਸਰ) ਅਤੇ ਗੁਰਚਰਨ ਸਿੰਘ (ਚੁਗਾਵਾਂ, ਸਾਧਪੁਰ (ਅੰਮ੍ਰਿਤਸਰ) ਨੂੰ ਸਿਕੰਦਰਾਬਾਦ ਜੇਲ੍ਹ 'ਚ ਫਾਂਸੀ ਹੋਈ। ਇਹ ਸਾਰੇ 21 ਨੰਬਰ ਰਸਾਲੇ ਦੇ ਬਾਗੀ ਫੌਜੀ ਸਨ।

6 ਸਤੰਬਰ 1946 ਨੂੰ ਬਚਨ ਸਿੰਘ (ਪੁੱਤਰ ਕੇਸਰ ਸਿੰਘ ਤੇ ਮਾਤਾ ਦਲੀਪ ਕੌਰ) ਸਦੀਵੀ ਵਿਛੋੜਾ ਦੇ ਗਏ। ਪਿੰਡ ਤੇਰਾ ਖੁਰਦ, ਅਜਨਾਲਾ ਜ਼ਿਲਾ ਅੰਮ੍ਰਿਤਸਰ ਤੋਂ ਸਨ ਤੇ ਗੁਰੂ ਕੇ ਮੋਰਚੇ 'ਚ ਹਿੱਸਾ ਲਿਆ।

6 ਸਤੰਬਰ 1914 ਨੂੰ ਭਾਈ ਬਦਨ ਸਿੰਘ ਦਲੇਲਵਾਲਾ (ਮਾਨਸਾ) ਅਤੇ ਭਾਗ ਸਿੰਘ ਭਿੱਖੀ ਪਿੰਡ (ਅੰਮ੍ਰਿਤਸਰ) ਨੂੰ ਵੈਨਕੂਵਰ ਗੁਰਦੁਆਰੇ ਵਿਚ ਗੋਰੀ ਸਰਕਾਰ ਦੇ ਝੋਲੀ ਚੁੱਕ ਗੱਦਾਰ ਬੇਲਾ ਸਿੰਘ ਨੇ ਗੋਲੀਆਂ ਮਾਰੀਆਂ, ਦੋਵੇਂ ਹਸਪਤਾਲ ਜਾ ਕੇ ਦਮ ਤੋੜ ਗਏ।

6 ਸਤੰਬਰ 1947 ਨੂੰ ਰਣਜੀਤ ਸਿੰਘ ਪੁੱਤਰ ਜਸਵੰਤ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਪਟਵਾਰ, ਹਾਂਸੀ (ਹਿਸਾਰ) ਤੋਂ ਸਨ। ਗੋਰੀ ਸਰਕਾਰ ਦੀ ਨੌਕਰੀ ਕਰਦੇ ਸਨ। ਆਪਣੇ ਅੰਗਰੇਜ਼ ਅਫਸਰ ਦਾ ਕਹਿਣਾ ਮੰਨਣ ਤੋਂ ਇਨਕਾਰੀ ਦੇ ਦੋਸ਼ ਵਿਚ ਇੱਕ ਸਾਲ ਨੌਂ ਮਹੀਨੇ ਕੈਦ, 7900 ਰੁਪਿਆ ਜੁਰਮਾਨਾ ਅਤੇ ਡੀ. ਆਈ. ਆਰ. ਕਾਨੂੰਨ ਤਹਿਤ ਹਿਸਾਰ, ਅਟਕ ਅਤੇ ਹਿਸਾਰ ਜੇਲ੍ਹ ਯਾਤਰਾ।

7 ਸਤੰਬਰ 1950 ਨੂੰ ਦਰਿਆ ਸਿੰਘ ਪੁੱਤਰ ਚੰਦਗੀ ਰਾਮ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਚਰਖੀ (ਮਹਿੰਦਰਗੜ੍ਹ) ਤੋਂ ਆਈ. ਏ. ਅਤੇ ਆਈ. ਐਨ. ਏ. ਦੇ ਲੜਾਕੂ ਫੌਜੀ ਸਨ। ਚਿੱਟਾਗੌਂਗ, ਜਿੰਗਰ ਕੱਚਾ ਕੈਂਪ ਅਤੇ ਕਲਕੱਤਾ ਜੇਲ੍ਹ ਦੇ ਕੈਦੀ ਰਹੇ।

8 ਸਤੰਬਰ 1957 ਨੂੰ ਮਨਫੂੱਲ ਸਿੰਘ ਪੁੱਤਰ ਮੋਹਨ ਸਿੰਘ, ਪਿੰਡ ਜਸੌਰ (ਰੋਹਤਕ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਭਾਰਤ ਛੱਡੋ ਅੰਦੋਲਨ 'ਚ ਹਿੱਸਾ ਲਿਆ ਤੇ ਇੱਕ ਸਾਲ ਜੇਲ੍ਹ ਯਾਤਰਾ ਕੀਤੀ। ਰੋਹਤਕ, ਅੰਬਾਲਾ, ਮੁਲਤਾਨ ਅਤੇ ਲਾਇਲਪੁਰ ਜੇਲ੍ਹਾਂ 'ਚ ਕੈਦ ਭੁਗਤੀ।

8 ਸਤੰਬਰ 1962 ਨੂੰ ਭਾਈ ਭਗਵਾਨ ਸਿੰਘ ਪ੍ਰੀਤਮ (ਪੁੱਤਰ ਸਰਮੁੱਖ ਸਿੰਘ ਤੇ ਮਾਤਾ ਹਰ ਕੌਰ) ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਸਰਹਾਲੀ ਨੇੜੇ ਵੜਿੰਗ (ਤਰਨ ਤਾਰਨ) ਤੋਂ ਸਨ। ਕੈਨੇਡਾ ਅਤੇ ਅਮਰੀਕਾ ਦੀ ਧਰਤੀ ਉੱਪਰ ਅੰਗਰੇਜ਼ ਵਿਰੁੱਧ ਗਦਰ ਪਾਰਟੀ ਬਣਾਈ ਤੇ ਬਤੌਰ ਪ੍ਰਧਾਨ ਦੀ ਜਿੰਮੇਵਾਰੀ ਨਿਭਾਈ। ਉਹ ਅਗਾਂਹਵਧੂ ਕਵਿਤਾਵਾਂ ਲਿਖਣ ਦੀ ਮੁਹਾਰਤ ਰੱਖਦੇ ਸਨ। ਇੱਕ ਤੋਂ ਵੱਧ ਅਗਾਂਹਵਧੂ ਕਿਤਾਬਾਂ ਦੇ ਰਚੈਤਾ ਸਨ। ਗਦਰ ਦੀ ਗੂੰਜ ਅੰਗਰੇਜ਼ ਦੇ ਕੰਨਾਂ ਤੱਕ ਪਹੁੰਚਾਉਣ ਲਈ ਆਗੂ ਰੋਲ ਕੀਤਾ।

8 ਸਤੰਬਰ 1975 ਨੂੰ ਗੁੱਜਰ ਸਿੰਘ ਪੁੱਤਰ ਸ਼ਾਮ ਸਿੰਘ, ਪਿੰਡ ਭਕਨਾ ਕਲਾਂ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਹ ਗਦਰ ਲਹਿਰ 'ਚ ਹਿੱਸਾ ਲੈਣ ਲਈ 1914 ਨੂੰ ਸ਼ੰਘਾਈ (ਚੀਨ) ਪੁਲਿਸ ਦੀ ਨੌਕਰੀ ਛੱਡ ਕੇ ਦੇਸ ਪਰਤੇ, ਖੱਬੀਆਂ ਪਾਰਟੀਆਂ 'ਚ ਦੇਸ਼ ਆਜ਼ਾਦੀ ਲਈ ਕੰਮ ਕੀਤਾ, ਕਈ ਵਾਰ ਜੇਲ੍ਹ ਗਏ ਅਤੇ ਲੁੱਟ ਰਹਿਤ ਸਮਾਜ ਲਈ ਆਖਰੀ ਸਾਹ ਤੱਕ ਜੂਝੇ।

9 ਸਤੰਬਰ 1917 ਨੂੰ ਰੂਲੀਆ ਸਿੰਘ ਪੁੱਤਰ ਜਗਤ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਸਰਾਭਾ (ਲੁਧਿਆਣਾ) ਤੋਂ ਸਨ। ਅਮਰੀਕਾ 'ਚ ਸ਼ਹੀਦ ਕਰਤਾਰ ਸਰਾਭਾ ਇਨ੍ਹਾਂ ਨੂੰ ਮਿਲੇ, ਗਦਰ ਪਾਰਟੀ 'ਚ ਸ਼ਮੂਲੀਅਤ ਵਾਪਿਸ ਦੇਸ਼ ਪਰਤੇ ਲਾਹੌਰ ਸਾਜ਼ਿਸ਼ ਕੇਸ 'ਚ ਫਾਂਸੀ ਦੀ ਸਜ਼ਾ ਹੋਈ, ਜੋ ਟੁੱਟ ਕੇ ਕਾਲੇ ਪਾਣੀ ਦੀ ਕੈਦ ਤਬਦੀਲ ਹੋਈ; ਜੇਲ੍ਹ ਦੇ ਤਸੀਹੇ ਨਾ ਝੱਲਦੇ ਹੋਏ ਦਮ ਤੋੜ ਗਏ।

9 ਸਤੰਬਰ 1924 ਨੂੰ ਹਰਨਾਮ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਚੱਕ ਨੰਬਰ 42, ਜਿਲਾ ਸ਼ੇਖੂਪੁਰਾ ਤੋਂ ਸਨ ਅਤੇ ਜੈਤੋਂ ਦੇ ਅੱਠਵੇਂ ਮੋਰਚੇ 'ਚ ਸ਼ਾਮਲ ਹੋਏ। ਇਸੇ ਦਿਨ ਉੱਤਮ ਸਿੰਘ ਪੁੱਤਰ ਦੇਵਾ ਸਿੰਘ, ਮਾਤਾ ਰਾਜ ਕੌਰ, ਪਿੰਡ ਕੋਹਾਰ (ਗੁਰਦਾਸਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-2 ਦੇ ਮੈਂਬਰ ਸਨ ਤੇ ਨਾਭਾ ਬੀੜ ਜੇਲ੍ਹ ਯਾਤਰਾ ਕੀਤੀ।

9 ਸਤੰਬਰ 1933 ਨੂੰ ਚੂਹੜ ਸਿੰਘ ਪੁੱਤਰ ਬੂਟਾ ਸਿੰਘ, ਪਿੰਡ ਲੀਲ (ਲੁਧਿਆਣਾ) ਸਿਹਤ ਦੀ ਖਰਾਬੀ ਕਰਕੇ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਅੰਗਰੇਜ਼ ਦੀ ਫੌਜ ਦੀ ਨੌਕਰੀ ਛੱਡੀ, ਅਮਰੀਕਾ ਗਏ ਤੇ ਗਦਰ ਪਾਰਟੀ 'ਚ ਸ਼ਮੂਲੀਅਤ ਕੀਤੀ। 15 ਸਾਲ ਵੱਖ ਵੱਖ ਜੇਲ੍ਹਾਂ ਦੀ ਯਾਤਰਾ ਕੀਤੀ ਅਤੇ ਬਾਬਾ ਜਵਾਲਾ ਸਿੰਘ ਨਾਲ ਮਦਰਾਸ ਮੀਟਿੰਗ 'ਚ ਹਿੱਸਾ ਲਿਆ।

9 ਸਤੰਬਰ 1963 ਨੂੰ ਭਾਈ ਹਰਦਿੱਤ ਸਿੰਘ ਲੰਮੇ (ਪੁੱਤਰ ਭਗਵਾਨ ਸਿੰਘ ਟਾਟਲਾ, ਮਾਤਾ ਪ੍ਰਤਾਪ ਕੌਰ) ਪਿੰਡ ਲੰਮੇ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਹ ਹਾਂਗ ਕਾਂਗ ਵਿਚ ਪੁਲਿਸ ਦੀ ਨੌਕਰੀ ਕਰਦੇ ਸਨ, ਗਦਰ ਲਹਿਰ 'ਚ ਸ਼ਾਮਲ ਹੋ ਗਏ।

10 ਸਤੰਬਰ 1925 ਨੂੰ ਗੰਡਾ ਸਿੰਘ ਸਿਹਤ ਦੀ ਖਰਾਬੀ ਕਰਕੇ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਜੈਤੋਂ ਮੋਰਚੇ ਦੇ ਬਤੌਰ ਮੈਂਬਰ ਰਾਵਲ ਪਿੰਡੀ ਜੇਲ੍ਹ ਯਾਤਰਾ ਕੀਤੀ। 10 ਸਤੰਬਰ 1947 ਨੂੰ ਨਰਸਿੰਗ ਦਾਸ (ਪੁੱਤਰ ਕ੍ਰਿਪਾ ਰਾਮ, ਮਾਤਾ ਧੰਨ ਦੇਵੀ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ 1907 'ਚ ਰਾਵਲ ਪਿੰਡੀ ਦੇ ਦੰਗਿਆ 'ਚ ਸ਼ਮੂਲੀਅਤ ਦੇ ਦੋਸ਼ ਕਰਕੇ ਛੇ ਮਹੀਨੇ ਰਾਵਲ ਪਿੰਡੀ ਜੇਲ੍ਹ ਕੱਟੀ।

12 ਸਤੰਬਰ 1949 ਨੂੰ ਸਾਮਾ ਸਿੰਘ ਪੁੱਤਰ ਬੁੱਧ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਨੌਸ਼ਿਹਰਾ ਢੱਲਾ, ਤਰਨ ਤਾਰਨ (ਅੰਮ੍ਰਿਤਸਰ) ਤੋਂ ਸਨ। ਗੁਰੂ ਕੇ ਮੋਰਚੇ 'ਚ ਸ਼ਮੂਲੀਅਤ ਕਰਕੇ ਇੱਕ ਸਾਲ ਮੁਲਤਾਨ ਅਤੇ ਅੱਟਕ ਜੇਲ੍ਹ ਦੀ ਯਾਤਰਾ ਕੀਤੀ।

13 ਸਤੰਬਰ 1924 ਨੂੰ ਪ੍ਰੀਤਮ ਸਿੰਘ (ਪੁੱਤਰ ਤਖਤ ਸਿੰਘ, ਮਾਤਾ ਹਰਨਾਮ ਕੌਰ) ਜੇਲ੍ਹ 'ਚ ਹੀ ਸਦੀਵੀ ਵਿਛੋੜਾ ਦੇ ਗਏ। ਉਹ ਜਿਲਾ ਫਿਰੋਜ਼ਪੁਰ ਤੋਂ ਸਨ ਅਤੇ ਜੈਤੋਂ ਦੇ ਮੋਰਚੇ ਤੇ ਗੁਰੂ ਕੇ ਬਾਗ ਮੋਰਚੇ 'ਚ ਸ਼ਾਮਲ ਹੋਏ।

13 ਸਤੰਬਰ 1929 ਨੂੰ ਜਤਿੰਦਰ ਨਾਥ ਦਾਸ ਪੁੱਤਰ ਬੰਕਿਮ ਬਿਹਾਰੀ ਦਾਸ 63 ਦਿਨ ਦੀ ਜੇਲ੍ਹ ਵਿਚ ਭੁੱਖ ਹੜਤਾਲ ਤੋਂ ਬਾਅਦ ਸ਼ਹਾਦਤ ਦਾ ਜਾਮ ਪੀ ਗਏ। ਉਹ ਸ਼ਹੀਦ ਭਗਤ ਸਿੰਘ ਦੇ ਯੁੱਧ ਸਾਥੀ ਸਨ। 13 ਸਤੰਬਰ 1960 ਨੂੰ ਲਿੱਧੀ ਰਾਮ

**(ਬਾਕੀ ਅਗਲੇ ਸਫੇ 'ਤੇ)**

# ਜੰਗ-ਏ-ਆਜ਼ਾਦੀ ਹਿੰਦੋਸਤਾਨ....

*(ਪਿਛਲੇ ਸਫੇ ਦੀ ਬਾਕੀ)*

ਪੁੱਤਰ ਊਦੀ ਪਿੰਡ ਨਰਵਾਣਾ (ਕਾਂਗੜਾ) ਹਿਮਾਚਲ ਸਦੀਵੀ ਵਿਛੋੜਾ ਦੇ ਗਏ। ਉਹ ਆਈ. ਏ. ਅਤੇ ਆਈ. ਐਨ. ਏ. 'ਚ ਬਤੌਰ ਸਿਪਾਹੀ ਦੇਸ਼ ਹਿੱਤ ਲਈ ਲੜੇ।

14 ਸਤੰਬਰ 1944 ਨੂੰ ਭਗਤ ਸਿੰਘ ਪੁੱਤਰ ਪਿਆਰਾ ਸਿੰਘ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਆਈ. ਐਨ. ਏ. ਦੇ ਬਰਮਾ ਫਰੰਟ 'ਚ ਲੜੇ। ਜਿੱਗਰ ਕੱਚਾ ਕੈਂਪ ਦੀ ਜੇਲ੍ਹ ਕੱਟੀ।

15 ਸਤੰਬਰ 1871 ਨੂੰ ਸੰਤ ਲਹਿਣਾ ਸਿੰਘ, ਸੰਤ ਫਤਿਹ ਸਿੰਘ, ਸੰਤ ਹਾਕਮ ਸਿੰਘ ਪਟਵਾਰੀ ਅਤੇ ਸੰਤ ਬੀਹਲਾ ਸਿੰਘ ਬੇਰਹਿਮ ਫਰੰਗੀ ਅੰਗਰੇਜ਼ ਸਰਕਾਰ ਨੇ ਸ਼ੱਰੇਆਮ ਅੰਮ੍ਰਿਤਸਰ ਵਿਖੇ ਫਾਹੇ ਲਾਏ। ਇਹ ਚਾਰੇ ਨਾਮਧਾਰੀ ਕੂਕੇ ਸਿੰਘ ਸਨ। ਦੋਸ਼, ਦਰਬਾਰ ਸਾਹਿਬ ਲਾਗੇ ਬੁੱਚੜਾਂ ਦੀਆਂ ਦੁਕਾਨਾਂ ਬੰਦ ਕਰਾਉਣ ਲਈ ਬੁੱਚੜਾਂ ਦੇ ਕਤਲ ਕੀਤੇ, ਸਤੰਬਰ ਮਹੀਨੇ ਦੇ ਦੂਜੇ ਹਫਤੇ 'ਚ ਕੂਕਾ ਸੰਤ ਬਿਸ਼ਨ ਸਿੰਘ ਸਰਾਫ ਨੂੰ ਵੀ ਝੂਠੇ ਮੁਕੱਦਮੇ ਤਹਿਤ ਲਾਹੌਰ ਵਿਚ ਫਾਂਸੀ ਦਿੱਤੀ। ਅਸਲ ਕਸੂਰ ਇਹ ਹੀ ਸੀ ਕਿ ਉਨ੍ਹਾਂ ਮਲਕਾਂ ਦਾ ਤਾਜ ਬਣਾਉਣ ਤੋਂ ਨਾਂਹ ਕੀਤੀ ਸੀ।

17 ਸਤੰਬਰ 1924 ਨੂੰ ਭਾਈ ਗਿਆਨ ਸਿੰਘ ਪੁੱਤਰ ਦੇਵਾ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਦੇ ਮੋਰਚੇ ਦੇ ਸਿਰੜੀ ਯੋਧੇ ਸਨ।

17 ਸਤੰਬਰ 1949 ਨੂੰ ਧਨੀ ਸਿੰਘ ਪੁੱਤਰ ਨਿਹਾਲਾ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਧਰਮਸਾਲਾ ਹਮੀਰਪੁਰ (ਕਾਂਗੜਾ) ਤੋਂ ਆਈ. ਏ. ਅਤੇ ਆਈ. ਐਨ. ਏ. ਦੇ ਸਿਪਾਹੀ ਸਨ; ਦੇਸ਼ ਹਿੱਤ ਲਈ ਲੜੇ।

18 ਸਤੰਬਰ 1951 ਨੂੰ ਦਲੀਪ ਸਿੰਘ (ਪੁੱਤਰ ਅਨੋਖ ਸਿੰਘ, ਬੀਬੀ ਰਾਜ ਕੌਰ) ਪਿੰਡ ਸਿੱਧਵਾਂ ਕਲਾਂ, ਜਗਰਾਉਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਹ ਆਈ. ਏ. ਅਤੇ ਆਈ. ਐਨ. ਏ. ਦੇ ਦੇਸ਼ ਹਿਤੈਸ਼ੀ ਸਿਪਾਹੀ ਸਨ। 18 ਸਤੰਬਰ 1962 ਨੂੰ ਹਰਨਾਮ ਸਿੰਘ ਟੁੰਡੀਲਾਟ ਪੁੱਤਰ ਗੁਰਦਿੱਤ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਤੋਂ ਸਨ ਤੇ 1906 ਵਿਚ ਕੈਨੇਡਾ ਪਹੁੰਚੇ। ਬਾਅਦ 'ਚ ਅਮਰੀਕਾ ਗਏ। ਉਹ ਗਦਰ ਪਾਰਟੀ ਦੇ ਫਾਊਂਡਰ ਆਗੂ ਸਨ। ਲਿਖਾਰੀ ਅਤੇ ਕਵੀ ਸਨ। ਹਿੰਦੋਸਤਾਨ ਦੀ ਆਜ਼ਾਦੀ ਲਈ ਸਭ ਸੁੱਖ ਸਹੂਲਤਾਂ ਛੱਡ ਕੇ 1914 ਨੂੰ ਦੇਸ਼ ਪਰਤੇ ਤੇ ਆਖਰੀ ਸਾਹ ਤੱਕ ਦੇਸ਼ ਹਿੱਤ ਲਈ ਤਤਪਰ ਰਹੇ।

18 ਸਤੰਬਰ 1971 ਨੂੰ ਪਿਆਰਾ ਸਿੰਘ ਲੰਗੇਰੀ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਉਹ 1906 'ਚ ਅਮਰੀਕਾ ਪਹੁੰਚੇ, ਹਾਲਾਤ ਅਨੁਕੂਲ ਨਾ ਹੋਣ ਕਾਰਨ ਕੈਨੇਡਾ ਚਲੇ ਗਏ। ਵਿਕਟੋਰੀਆ ਗੁਰਦੁਆਰੇ ਦੇ ਗ੍ਰੰਥੀ ਰਹੇ ਤੇ ਗਦਰ ਪਾਰਟੀ ਦੇ ਮੈਂਬਰ ਵੀ। 1915 'ਚ ਦੇਸ਼ ਵਾਪਸੀ, ਆਜ਼ਾਦੀ ਦੀ ਜੰਗ 'ਚ ਗੁਰਦੁਆਰਾ ਸੁਧਾਰ ਲਹਿਰ ਜੈਤੋਂ ਦੇ ਮੋਰਚੇ 'ਚ ਦੋ ਸਾਲ ਜੇਲ੍ਹ ਯਾਤਰਾ ਕੀਤੀ ਅਤੇ 1921 ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ।

19 ਸਤੰਬਰ 1924 ਨੂੰ ਜੀਵਨ ਸਿੰਘ ਪਿੰਡ ਭੱਠਲ ਭਾਈਕੇ ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਦੇ ਮੋਰਚੇ 'ਚ ਗ੍ਰਿਫਤਾਰ ਹੋਏ ਸਨ।

20 ਸਤੰਬਰ 1924 ਨੂੰ ਰਣਯੋਧ ਸਿੰਘ ਪਿੰਡ ਭਾਗਲੇਵਾਲਾ, ਮੋਗਾ (ਫਿਰੋਜ਼ਪੁਰ) ਨਾਭਾ ਬੀੜ 'ਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਦੇ ਮੋਰਚੇ ਦੀ ਸ਼ਾਮਲ ਹੋਏ ਸਨ।

20 ਸਤੰਬਰ 1928 ਨੂੰ ਨਰਾਇਣਾ ਗੁਰੂ ਪਿੰਡ ਚਿੰਪਾ ਝਾਂਤੀ, ਤ੍ਰਿਵੇਂਦ੍ਰਮ (ਕੇਰਲ) ਸਦੀਵੀ ਵਿਛੋੜਾ ਦੇ ਗਏ। ਉਹ ਸਮਾਜ ਦੀਆਂ ਅਣਮਨੁੱਖੀ ਧਾਰਨਾਵਾਂ ਦੇ ਵਿਰੋਧ 'ਚ ਲੜੇ। ਉਨ੍ਹਾਂ ਦਾ ਨਾਹਰਾ ਸੀ, 'ਸੰਗਠਨ ਦੁਆਰਾ ਸ਼ਕਤੀ, ਸਿੱਖਿਆ ਦੁਆਰਾ ਸੁਤੰਤਰਤਾ।' ਜੋ ਅੰਗਰੇਜ਼ ਵਿਰੁੱਧ ਚੁਣੌਤੀ ਸੀ।

20 ਸਤੰਬਰ 1942 ਨੂੰ ਭੈਣ ਕਾਂਤਾ ਲਤਾ ਬਰੂਆ 'ਭਾਰਤ ਛੱਡੋ ਅੰਦੋਲਨ' ਦੌਰਾਨ ਪੁਲਿਸ ਸਟੇਸ਼ਨ 'ਤੇ ਤਿਰੰਗਾ ਝੰਡਾ ਲਹਿਰਾਉਂਦੇ ਸਮੇਂ ਪੁਲਿਸ ਫਾਇਰਿੰਗ ਨਾਲ ਸ਼ਹੀਦ ਹੋ ਗਏ।

20 ਸਤੰਬਰ 1946 ਨੂੰ ਭਗਤ ਸਿੰਘ ਪੁੱਤਰ ਸੁਰਜਨ ਸਿੰਘ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ ਅਤੇ ਗੁਰੂ ਕੇ ਬਾਗ ਮੋਰਚੇ 'ਚ ਤਿੰਨ ਸਾਲ ਅੱਟਕ, ਨਾਭਾ ਬੀੜ ਅਤੇ ਹੁਸ਼ਿਆਰਪੁਰ ਸਖਤ ਜੇਲ੍ਹ ਕੱਟੀ।

21 ਸਤੰਬਰ 1924 ਨੂੰ ਪਿੰਡ ਯਮਨ (ਲਾਹੌਰ) ਦੇ ਮਿਲਖਾ ਸਿੰਘ (ਪੁੱਤਰ ਰਤਨ ਸਿੰਘ, ਮਾਤਾ ਬਿਸ਼ਨ ਕੌਰ) ਅਤੇ ਸੁੱਖਾ ਸਿੰਘ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਮੋਰਚੇ 'ਚ ਹਿਸਾ ਲਿਆ ਅਤੇ ਨਾਭਾ ਬੀੜ ਜੇਲ੍ਹ ਦੀ ਯਾਤਰਾ ਕੀਤੀ। ਸੁੱਖਾ ਸਿੰਘ ਜੈਤੋਂ ਦੇ ਮੋਰਚੇ-8 ਵਿਚ ਸ਼ਾਮਲ ਹੋਏ ਤੇ ਨਾਭਾ ਬੀੜ ਜੇਲ੍ਹ 'ਚ ਆਖਰੀ ਸਾਹ ਲਿਆ। 21 ਸਤੰਬਰ 1954 ਨੂੰ ਭਾਗ ਸਿੰਘ ਵਕੀਲ ਪੁੱਤਰ ਸੁੰਦਰ ਸਿੰਘ ਰਾਮਗੜ੍ਹੀਆ ਸਦੀਵੀ ਵਿਛੋੜਾ ਦੇ ਗਏ। ਸਿੱਖ ਹਿਤੈਸ਼ੀ ਤੇ ਅੰਗਰੇਜ਼ ਰਾਜ ਵਿਰੁੱਧ ਸਨ, ਗੁਰਦੁਆਰਾ ਸੁਧਾਰ ਲਹਿਰ ਦੇ ਸੰਘਰਸ਼ 'ਚ ਜੇਲ੍ਹ ਯਾਤਰਾ ਕੀਤੀ।

22 ਸਤੰਬਰ 1916 ਨੂੰ ਨਰੰਜਣ ਸਿੰਘ ਪੁੱਤਰ ਜਵਾਲਾ ਸਿੰਘ ਨੂੰ ਪਹਿਲੇ ਮਾਂਡਲੇ ਕੇਸ ਵਿਚ ਫਾਂਸੀ ਹੋਈ। ਉਹ ਪਿੰਡ ਸੰਗਤਪੁਰ, ਜਗਰਾਉਂ (ਲੁਧਿਆਣਾ) ਤੋਂ ਸਨ ਅਤੇ ਸਿਆਮ (ਮਾਂਡਲੇ) 'ਚ ਗਦਰ ਮੂਵਮੈਂਟ ਦੇ ਆਗੂ ਸਨ।

22 ਸਤੰਬਰ 1947 ਨੂੰ ਨੰਦ ਸਿੰਘ (ਪੁੱਤਰ ਹਰਦਿੱਤ ਸਿੰਘ, ਮਾਤਾ ਕਾਹਨ ਕੌਰ) ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਸਤੌਰ (ਹੁਸ਼ਿਆਰਪੁਰ) ਤੋਂ ਸਨ, ਗੁਰੂ ਕੇ ਬਾਗ ਮੋਰਚੇ 'ਚ ਹਿੱਸਾ ਲਿਆ ਤੇ ਇੱਕ ਸਾਲ ਅੱਟਕ ਜੇਲ੍ਹ ਯਾਤਰਾ।

24 ਸਤੰਬਰ 1924 ਨੂੰ ਮੰਗਲ ਸਿੰਘ (ਪੁੱਤਰ ਬਿਸ਼ਨ ਸਿੰਘ, ਮਾਤਾ ਜਵਾਲਾ ਦੇਵੀ) ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਬਾਲਕਸਰ, ਜਿਲਾ ਜੇਹਲਮ ਤੋਂ ਸਨ ਅਤੇ ਜੈਤੋਂ ਦੇ ਮੋਰਚੇ-5 ਦੇ ਮੈਂਬਰ ਸਨ ਤੇ ਨਾਭਾ ਬੀੜ ਜੇਲ੍ਹ ਯਾਤਰਾ ਕੀਤੀ।

25 ਸਤੰਬਰ 1958 ਨੂੰ ਤਾਰਾ ਚੰਦ ਪੁੱਤਰ ਰਾਮ ਰੱਖਾ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਥਾਨਾ, ਜਿਲਾ ਕਾਂਗੜਾ ਤੋਂ ਆਈ. ਏ. ਅਤੇ ਆਈ. ਐਨ. ਓ. ਦੇ ਫੌਜੀ ਸਨ।

25 ਸਤੰਬਰ 1986 ਨੂੰ ਦਰਸ਼ਨ ਸਿੰਘ ਕੈਨੇਡੀਅਨ ਪੁੱਤਰ ਦੇਵਾ ਸਿੰਘ ਸੰਘਾ ਮਾਤਾ ਰਾਓ ਸਦੀਵੀ ਵਿਛੋੜਾ ਦੇ ਗਏ।ਆਪ ਪਿੰਡ ਲੰਗੇਰੀ ਲਾਗੇ ਮਾਹਿਲਪੁਰ (ਹੁਸ਼ਿਆਰਪੁਰ) ਤੋਂ ਸਨ। ਆਪ ਕੈਨੇਡਾ ਤੋਂ ਵਾਪਿਸ ਦੇਸ਼ ਆਜ਼ਾਦ ਕਰਾਉਣ ਆਏ, ਕਿਸਾਨਾਂ ਮਜਦੂਰਾਂ ਦੇ ਮੁਜੱਸਮੇ ਸਨ। ਸਮਾਜ ਦੀ ਖੁਸ਼ਹਾਲੀ ਦੇ ਵਿਰੁੱਧ ਸਿਰ ਫਿਰਿਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।

27 ਸਤੰਬਰ 1956 ਨੂੰ ਫੱਤਣ ਸਿੰਘ (ਪੁੱਤਰ ਚੈਨ ਸਿੰਘ ਸੁੱਖ, ਮਾਤਾ ਰਾਮ ਬਾਈ) ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਦਰਬਾਰੀਪੁਰ (ਗੁੜਗਾਉਂ) ਤੋਂ ਆਈ. ਏ. ਅਤੇ ਆਈ. ਐਨ. ਏ. 'ਚ ਕੈਪਟਨ ਰੈਂਕ ਦੇ ਅਤੇ ਆਜ਼ਾਦ ਬ੍ਰਿਗੇਡ ਅਫਸਰ ਸਨ। ਬੈਂਕਾਕ ਤੇ ਜਿਗਰ ਕੈਂਪ ਜੇਲ੍ਹ ਕੱਟੀ। 27 ਸਤੰਬਰ 1955 ਨੂੰ ਵਸਾਵਾ ਸਿੰਘ ਉਰਫ ਕਿਸ਼ਨ ਸਿੰਘ ਪੁੱਤਰ ਭਾਮਾ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਭੋਰਸ਼ੀ ਬ੍ਰਾਹਮਣਾ (ਅੰਮ੍ਰਿਤਸਰ) ਤੋਂ ਸਨ। ਜੈਤੋਂ ਦੇ ਮੋਰਚੇ-6 'ਚ ਸ਼ਮੂਲੀਅਤ ਕੀਤੀ ਤੇ ਨਾਭਾ ਬੀੜ ਦੀ ਜੇਲ੍ਹ ਕੱਟੀ।

28 ਸਤੰਬਰ 1924 ਨੂੰ ਇੰਦਰ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਲੋਹਕੇ, ਜਿਲਾ ਲਾਇਲਪੁਰ ਤੋਂ ਸਨ। ਜੈਤੋਂ ਦੇ ਮੋਰਚੇ-5 'ਚ ਸ਼ਮੂਲੀਅਤ ਕੀਤੀ।




***ਕਾਮਾਗਾਟਾ ਮਾਰੂ ਦੁਖਾਂਤ ਦੀ ਯਾਦ 'ਚ ਕੈਨੇਡਾ ਸਰਕਾਰ ਵਲੋਂ ਜਾਰੀ ਕੀਤੀ ਗਈ ਡਾਕ ਟਿਕਟ***

29 ਸਤੰਬਰ 1914 ਨੂੰ ਕਾਮਾਗਾਟਾ ਮਾਰੂ ਜਹਾਜ ਕੈਨੇਡਾ ਤੋਂ ਵਾਪਿਸ ਆ ਕੇ ਕਲਕੱਤੇ ਦੀ ਬੰਦਰਗਾਹ ਤੋਂ ਦੂਰ ਬੱਜਬੱਜ ਘਾਟ 'ਤੇ ਰੋਕ ਲਿਆ। ਫਰੰਗੀਆਂ ਨੇ 19 ਬੇਦੋਸ਼ ਨਿਹੱਥੇ ਯਾਤਰੀਆਂ ਨੂੰ ਗੋਲੀਆਂ ਨਾਲ ਮਾਰ ਕੇ ਸ਼ਹੀਦ ਕਰ ਦਿੱਤਾ, ਜਿਨ੍ਹਾਂ 'ਚ 13 ਪੰਜਾਬੀ, ਇੱਕ ਬੰਗਾਲੀ ਦੁਕਾਨਦਾਰ ਤੇ ਇੱਕ ਉੜੀਆ ਮਜ਼ਦੂਰ ਵੀ ਸੀ। ਸ਼ੀਹਾਂ ਸਿੰਘ, ਬੂੜ ਸਿੰਘ, ਸ਼ਿਵ ਸਿੰਘ, ਇੰਦਰ ਸਿੰਘ, ਅਰਜਨ ਸਿੰਘ, ਲਛਮਣ ਸਿੰਘ, ਨਰਾਇਣ ਸਿੰਘ, ਰੂੜ ਸਿੰਘ, ਭਜਨ ਸਿੰਘ, ਚੰਨਣ ਸਿੰਘ, ਪੰਡਿਤ ਗੋਧੀ ਰਾਮ, ਮਸਤਾਨ ਸਿੰਘ, ਕੇਹਰ ਸਿੰਘ, ਰਤਨ ਸਿੰਘ, ਟਹਿਲ ਸਿੰਘ, ਈਸ਼ਵਰ ਸਿੰਘ, ਕਾਕਡ ਸਿੰਘ, ਇੰਦਰ ਸਿੰਘ, ਭਗਤ ਸਿੰਘ, ਭੈਣ ਰੁਕਮਨੀ ਕਾਂਤਾ ਮਜ਼ੂਮਦਾਰ ਅਤੇ ਦੀਨ ਬੰਧੂ ਸ਼ਹੀਦ ਹੋਏ।

29 ਸਤੰਬਰ 1932 ਨੂੰ ਪ੍ਰੀਤੀ ਲਤਾ ਵਾਡੇਕਰ ਪੁੱਤਰੀ ਪ੍ਰਾਤੀ ਦਾਮੀਦ ਵਾਡੇਕਰ ਸ਼ਹੀਦੀ ਪਾ ਗਏ। ਜਗਬਧ, ਢਾਕਾ (ਬੰਗਾਲ) 'ਚ ਜਨਮ ਹੋਇਆ। ਜਲ੍ਹਿਆਂ ਵਾਲੇ ਖੂਨੀ ਸਾਕੇ ਨੇ ਉਸ ਦਾ ਮਨ ਵਲੂੰਧਰ ਕੇ ਰੱਖ ਦਿੱਤਾ। ਉਸ ਨੇ ਪਹਾੜ ਤਲੀ ਅੰਗਰੇਜ਼ ਡਾਂਸ ਕਲੱਬ ਉੱਪਰ ਬੰਬ ਸੁੱਟਿਆ। ਆਪ ਵੀ ਜਖਮੀ ਹੋਏ ਅਤੇ ਚਿਟਾਗਾਂਗ ਪੁਲਿਸ ਮੁਕਾਬਲੇ 'ਚ ਦਮ ਤੋੜ ਗਏ।

29 ਸਤੰਬਰ 1949 ਨੂੰ ਪ੍ਰੇਮ ਸਿੰਘ ਪ੍ਰੇਮ, ਜੋ ਪਿੰਡ ਸਰਾਭਾ (ਲੁਧਿਆਣਾ) ਤੋਂ ਸਨ, ਪੁਲਿਸ ਦੇ ਤਸ਼ੱਦਦ ਕਾਰਨ ਸਦੀਵੀ ਵਿਛੋੜਾ ਦੇ ਗਏ। ਕਲਕੱਤੇ ਦੀ ਅੰਗਰੇਜ਼ ਵਿਰੋਧੀ ਨੌਜਵਾਨ ਭਾਰਤ ਸਭਾ 'ਚ ਸਰਗਰਮ ਸਨ, ਅਗਾਂਹ-ਵਧੂ ਕਵੀ ਸਨ, ਕਵੀ ਕੁਟੀਆ ਦੇ ਮੈਂਬਰ ਅਤੇ ਕਵੀ ਪ੍ਰੈਸ ਦੇ ਆਪਾ ਵਾਰਨ ਵਾਲੇ ਮੈਂਬਰ ਸਨ।

## ਸਤੰਬਰ ਮਹੀਨੇ ਦੇ ਹੋਰ ਸੰਗਰਾਮੀ ਤੇ ਸ਼ਹੀਦ ਯੋਧੇ

ਸਤੰਬਰ 1924 ਨੂੰ ਜੁਝਾਰ ਸਿੰਘ (ਪੁੱਤਰ ਲਹਿਣਾ ਸਿੰਘ, ਮਾਤਾ ਹੁਕਮੀ) ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਗੇਰਾ ਹਾਜੀਪੁਰ, ਹੁਸ਼ਿਆਰਪੁਰ ਤੋਂ ਜੈਤੋਂ ਦੇ ਮੋਰਚੇ-7 'ਚ ਸ਼ਾਮਲ ਹੋਏ। ਸਤੰਬਰ 1924 ਨੂੰ ਉਜਾਗਰ ਸਿੰਘ (ਪੁੱਤਰ ਝੰਡਾ ਸਿੰਘ, ਮਾਤਾ ਜੁਆਲੀ) ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਭਾਗੋਵਾਲ, ਜਿਲਾ ਗੁਰਦਾਸਪੁਰ ਤੋਂ ਜੈਤੋਂ ਅਤੇ ਗੁਰੂ ਕੇ ਬਾਗ ਮੋਰਚੇ 'ਚ ਸ਼ਾਮਲ ਹੋਏ। ਨਾਭਾ ਬੀੜ ਦੀ ਜੇਲ੍ਹ ਯਾਤਰਾ ਕੀਤੀ।

ਸਤੰਬਰ 1930 ਨੂੰ ਬਖਤਾਬਰ ਸਿੰਘ (ਗਾਬਰ ਸਿੰਘ) ਪੁੱਤਰ ਇੰਦਰ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਗੁੱਜਰਵਾਲ (ਲੁਧਿਆਣਾ) ਤੋਂ ਸਨ। 1914 'ਚ ਅਮਰੀਕਾ ਤੋਂ ਗਦਰ ਕਰਨ ਲਈ ਹਿੰਦੋਸਤਾਨ ਪਹੁੰਚੇ, ਡੀ. ਆਈ. ਏ. ਕਾਨੂੰਨ ਤਹਿਤ ਪੰਜ ਸਾਲ ਕੈਦ ਕੱਟੀ ਅਤੇ 1918 'ਚ ਬਾਹਰ ਆ ਕੇ ਅਕਾਲੀ ਮੂਵਮੈਂਟ 'ਚ ਸਰਗਰਮ ਰਹੇ।

ਸਤੰਬਰ 1943 ਨੂੰ ਭਾਈ ਰਤਨ ਸਿੰਘ ਰਾਏਪੁਰ ਡੱਬਾ ਪੁੱਤਰ ਨਿਹਾਲ ਸਿੰਘ ਬਿਲਨ ਇਟਲੀ (ਰੋਮ) 'ਚ ਸਦੀਵੀ ਵਿਛੋੜਾ ਦੇ ਗਏ। 1907 'ਚ ਕੈਨੇਡਾ ਪਹੁੰਚੇ ਸਨ ਅਤੇ ਅੰਗਰੇਜ਼ ਵਿਰੁੱਧ ਵੱਖ ਵੱਖ ਨਾਂਵਾਂ ਹੇਠ ਕੰਮ ਕੀਤਾ।

ਸਤੰਬਰ 1944 ਨੂੰ ਗੁਰਨਾਮ ਸਿੰਘ (ਪੁੱਤਰ ਸਾਹਿਬ ਸਿੰਘ, ਮਾਤਾ ਰਤਨ ਕੌਰ) ਨੂੰ ਝੂਠੇ ਕੇਸ 'ਚ ਫਸਾ ਕੇ ਲੁਧਿਆਣਾ ਜੇਲ੍ਹ 'ਚ ਫਾਂਸੀ ਦਿੱਤੀ। ਉਨ੍ਹਾਂ ਨੇ ਫੇਰੂ ਮੋਰਚੇ, ਸਤਿਆਗ੍ਰਹਿ ਅਤੇ ਕਿਊ. ਆਈ. ਐਮ. ਮੂਵਮੈਂਟ 'ਚ ਹਿੱਸਾ ਲਿਆ। ਦੋ ਸਾਲ ਸੱਤ ਮਹੀਨੇ ਜੇਲ੍ਹ ਕੱਟੀ।

ਸਤੰਬਰ 1944 ਨੂੰ ਹਾਫਿਜ਼ ਉਲ੍ਹਾ ਪਿੰਡ ਗੁਲਮਾਂ ਪੰਡਾ, ਜਿਲਾ ਹਰੀਪੁਰ ਹਜ਼ਾਰਾ ਯੇਨ ਐਕਸ਼ਨ 'ਚ ਸ਼ਹੀਦ ਹੋਏ।

ਸਤੰਬਰ 1944 ਨੂੰ ਹਰੀ ਸਿੰਘ ਪਿੰਡ ਮਿਸਰੀ, ਦਾਲੀਮਾ ਦਦਰੀ (ਮੁਹਿੰਦਰਗੜ੍ਹ) ਆਈ. ਐਨ. ਏ. ਦੇ ਕਲੇਵਾ ਐਕਸ਼ਨ 'ਚ ਸ਼ਹੀਦ ਹੋਏ।

ਸਤੰਬਰ 1947 ਨੂੰ ਡੈਂਗ, ਦੇਵੀ ਦਿਆਲ ਪੁੱਤਰ ਗਣਪੱਤ ਰਾਏ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਅੰਗਰੇਜ਼ ਰਾਜ ਵਿਰੁੱਧ ਆਜ਼ਾਦੀ ਲਈ ਪਰਚੇ ਛਾਪਣ ਦੇ ਦੋਸ਼ ਵਿਚ ਛੇ ਮਹੀਨੇ ਜੇਲ੍ਹ ਗਏ।

ਸਤੰਬਰ 1947 ਨੂੰ ਦਸੋਂਧਾ ਸਿੰਘ (ਪੁੱਤਰ ਮੁਨਸ਼ੀ, ਮਾਤਾ ਹਰ ਕੌਰ) ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਮਹਿੰਗਰੋਵਾਲ (ਹੁਸ਼ਿਆਰਪੁਰ) ਤੋਂ ਸਨ। ਗੁਰੂ ਕੇ ਬਾਗ਼ ਮੋਰਚੇ 'ਚ ਸ਼ਮੂਲੀਅਤ ਤੇ ਢਾਈ ਸਾਲ ਕੈਂਪਵੈਲ ਜੇਲ੍ਹ ਯਾਤਰਾ ਕੀਤੀ।

ਸਤੰਬਰ 1953 ਨੂੰ ਜਗੀਰ ਸਿੰਘ ਪੁੱਤਰ ਮੁਕੰਦ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਖਣੌੜਾ (ਹਿਸਾਰ) ਤੋਂ ਆਈ. ਏ. ਅਤੇ ਆਈ. ਐਨ. ਏ. ਦੀ ਤੀਜੀ ਗੁਰੀਲਾ ਰੈਜੀਮੈਂਟ 'ਚ ਸਨ। ਦਿੱਲੀ ਜੇਲ੍ਹ ਦੀ ਯਾਤਰਾ ਕੀਤੀ।

ਸਤੰਬਰ 1953 ਨੂੰ ਸ਼ਾਨੂੰ ਰਾਮ (ਪੁੱਤਰ ਗੋਕਲ ਰਾਮ, ਮਾਤਾ ਪ੍ਰਭੀ ਦੇਵੀ) ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਗੋਵਾਰੂ, ਤਹਿਸੀਲ ਹਮੀਰਪੁਰ (ਕਾਂਗੜਾ) ਤੋਂ ਆਈ. ਏ. ਅਤੇ ਆਈ. ਐਨ. ਏ. ਦੇ ਫੌਜੀ ਸਨ।

ਸਤੰਬਰ 1955 ਨੂੰ ਵਡਭਾਗ ਸਿੰਘ ਪੁੱਤਰ ਕਿਸ਼ਨ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਚੱਕ#71, ਲਾਇਲਪੁਰ ਤੋਂ ਜੈਤੋਂ ਦੇ ਪਹਿਲੇ ਮੋਰਚੇ 'ਚ ਸ਼ਾਮਲ ਹੋਏ। ਦੋ ਸਾਲ ਲੰਡੀ ਕੋਟਲ ਤੇ ਨਾਭਾ ਬੀੜ ਦੀ ਜੇਲ੍ਹ ਯਾਤਰਾ ਕੀਤੀ।

ਸਤੰਬਰ 1956 ਨੂੰ ਮੰਗਤ ਰਾਮ ਪੁੱਤਰ ਸ਼ਿਵ ਦਿੱਤਾ ਰਾਮ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਘਣੇਟਾ, ਪਾਲਮਪੁਰ (ਕਾਂਗੜਾ) ਤੋਂ ਆਈ. ਐਨ. ਏ. ਦੇ ਸੁਤੰਤਰਤਾ ਸੈਲਾਨੀ ਸਨ। ਇੰਫਾਲ ਦੀ ਲੜਾਈ 'ਚ ਯੋਗਦਾਨ ਤੇ ਮਾਂਡਲੇ ਜੇਲ੍ਹ ਯਾਤਰਾ ਕੀਤੀ।

ਸਤੰਬਰ 1958 ਨੂੰ ਭਾਈ ਭਗਵਾਨ ਸਿੰਘ ਦੁਸਾਂਝ ਪੁੱਤਰ ਦੇਵਾ ਸਿੰਘ ਸਦੀਵੀ ਵਿਛੋੜਾ ਦੇ ਗਏ। 1907 'ਚ ਉਹ ਕੈਨੇਡਾ ਪਹੁੰਚੇ 28 ਸਤੰਬਰ 1924 ਨੂੰ ਅੰਮ੍ਰਿਤਸਰ ਪੁੱਜ ਕੇ ਗੁਰਦੁਆਰਾ ਸੁਧਾਰ ਲਹਿਰ 'ਚ ਸ਼ਮੂਲੀਅਤ ਕੀਤੀ। ਆਖਰੀ ਦਮ ਤੱਕ ਕਿਸਾਨ ਮਜਦੂਰ ਦੇ ਹੱਕਾਂ ਲਈ ਲੜੇ।

ਸਤੰਬਰ 1963 ਨੂੰ ਤਾਰਾ ਸਿੰਘ (ਪੁੱਤਰ ਆਸਾ ਸਿੰਘ, ਮਾਤਾ ਈਸ਼ਰ ਕੌਰ) ਸਦੀਵੀ ਵਿਛੜ ਗਏ। ਉਹ ਪਿੰਡ ਵਲਟੋਹਾ, ਪੱਟੀ (ਅੰਮ੍ਰਿਤਸਰ) ਤੋਂ ਸਨ। ਸਿਵਲ ਨਾ ਫੁਰਮਾਨੀ ਅਤੇ ਜੈਤੋਂ ਮੋਰਚੇ 'ਚ ਸਮੂਲੀਅਤ ਕੀਤੀ। ਨੌ ਮਹੀਨੇ ਮੁਲਤਾਨ ਤੇ ਨਾਭਾ ਬੀੜ ਦੀ ਯਾਤਰਾ ਕੀਤੀ।

—

ਕਿਰਤ ਦੀ ਮੁਕਤੀ ਲਈ,
ਸੰਗਰਾਮ ਸਾਡਾ ਇਸ਼ਕ ਹੈ
ਇਸ ਸਿਰਤਾਜੀ ਲਈ ਮਰ ਜਾਣਾ
ਸਾਡਾ ਇਸ਼ਕ ਹੈ। (ਦਰਸ਼ਨ ਖਟਕੜ)

ਤਗਮਿਆਂ ਦੀ ਥਾਂ 'ਤੇ ਹਿੱਕ ਵਿਚ ਗੋਲੀਆਂ
ਇਹ ਵੀ ਇੱਕ ਸਨਮਾਨ ਦਾ ਅੰਦਾਜ਼ ਹੈ।
(ਸੁਰਜੀਤ ਪਾਤਰ)

---

**ਬੇਨਤੀ:** ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਦੇ ਯਤਨ ਹਨ ਕਿ ਹਿੰਦੋਸਤਾਨ ਦੀ ਆਜ਼ਾਦੀ ਲਈ ਜਿਨ੍ਹਾਂ ਸੰਗਰਾਮੀ ਯੋਧਿਆਂ ਅਤੇ ਸ਼ਹੀਦਾਂ ਨੇ ਯੋਗਦਾਨ ਪਾਇਆ, ਉਨ੍ਹਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਕੇ ਅਣਖੀ ਵਿਰਸਾ ਯਾਦ ਕਰਾਇਆ ਜਾਵੇ। ਜਿਨ੍ਹਾਂ ਦੋਸਤਾਂ, ਮਿੱਤਰਾਂ ਤੇ ਚਿੰਤਕਾਂ ਨੇ ਕੜੀ 'ਚ ਸਤੰਬਰ ਮਹੀਨੇ ਦੀ ਜਾਣਕਾਰੀ ਨੂੰ ਪੂਰਾ ਕਰਨ ਲਈ ਹਿੱਸਾ ਪਾਇਆ, ਅਸੀਂ ਧੰਨਵਾਦ ਕਰਦੇ ਹਾਂ।

ਅਸੀਂ ਹਮੇਸ਼ਾ ਬੇਨਤੀ ਕਰਦੇ ਹਾਂ ਕਿ ਭੁੱਲੇ ਵਿਸਰੇ ਸ਼ਹੀਦਾਂ ਦੀ ਕਿਸੇ ਕੋਲ ਜਾਣਕਾਰੀ ਹੋਵੇ ਤਾਂ ਸਾਡੇ ਨਾਲ ਫੋਨ: 1-347-753-5940 ਰਾਹੀਂ ਸਾਂਝੀ ਕੀਤੀ ਜਾ ਸਕਦੀ ਹੈ ਤਾਂ ਜੋ ਉਨ੍ਹਾਂ ਸੰਗਰਾਮੀ ਤੇ ਸ਼ਹੀਦ ਯੋਧਿਆਂ ਨੂੰ ਇਤਿਹਾਸ ਨਾਲ ਜੋੜ ਕੇ ਕੁਰਬਾਨੀਆਂ ਦਾ ਰਿਣ ਉਤਾਰਿਆ ਜਾ ਸਕੇ। (ਨੋਟ: ਫੋਨ ਨਾ ਚੁੱਕ ਹੋਣ 'ਤੇ ਮੈਸੇਜ ਛੱਡ ਦੇਵੋ)

## ਆਜ਼ਾਦੀ

ਆਜ਼ਾਦੀ ਤੈਨੂੰ ਜੇ ਪਿਆਰੀ ਹੈ, ਆਜ਼ਾਦੀ ਮੈਨੂੰ ਵੀ ਪਿਆਰੀ ਹੈ।
ਕਲਮਾਂ ਨੇ ਜੋ ਬਾਂਹ ਉਲਾਰੀ ਹੈ, ਗੜਬੜ ਕਿਤੇ ਤਾਂ ਭਾਰੀ ਹੈ।

ਜ਼ਿੰਦਗੀ ਤੈਨੂੰ ਜੇ ਪਿਆਰੀ ਹੈ, ਜ਼ਿੰਦਗੀ ਮੈਨੂੰ ਵੀ ਪਿਆਰੀ ਹੈ।
ਵੋਟਾਂ ਪਾ ਹੱਕ ਜੋ ਮੰਗੇ ਨੇ, ਅਵਾਜ਼ ਜੇਲ੍ਹੀਂ ਕਿਉਂ ਤਾੜੀ ਹੈ?

ਦੇਸ਼ ਤੈਨੂੰ ਜੇ ਪਿਆਰਾ ਹੈ, ਦੇਸ਼ ਮੈਨੂੰ ਵੀ ਪਿਆਰਾ ਹੈ।
ਵਿਰੋਧ ਕਰਦਾਂ ਮੈਂ ਝੂਠ ਦਾ, ਇਹ ਦੱਸ ਕੀ ਗੱਦਾਰੀ ਹੈ।
ਧਰਮ ਤੈਨੂੰ ਜੇ ਪਿਆਰਾ ਹੈ, ਧਰਮ ਮੈਨੂੰ ਵੀ ਪਿਆਰਾ ਹੈ।
ਮੰਤਰ ਕੋਈ ਵੀ ਜਪ ਭਾਵੇਂ, ਸਭ 'ਤੇ ਰੱਬ ਦੀ ਸਰਦਾਰੀ ਹੈ।

ਦੇਸ਼ 'ਚ ਏਕਤਾ ਤੂੰ ਜੇ ਚਾਹੁੰਦੈਂ, ਕੁਰਸੀ ਲਈ ਨਫਰਤਾਂ ਕਿਉਂ ਫੈਲਾਉਂਦੈਂ।
'ਸੁਖਵਿੰਦਰਾ' ਏਹ ਰਾਜਾਂ ਦਾ ਸਮੂਹ ਭਾਰਤ, ਕਸ਼ਮੀਰ ਤੋਂ ਕੰਨਿਆ ਕੁਮਾਰੀ ਹੈ।

***-ਸੁਖਵਿੰਦਰ ਸਿੰਘ ਬੋਦਲਾਂ ਵਾਲਾ***

---

ਵਾਰ ਗਏ ਜਾਨਾਂ ਦੇਸ਼ ਕੌਮ ਦੀ ਖਾਤਰ, ਅਣਖਾਂ ਦੇ ਪਰਵਾਨੇ,
ਬਣਦੀ ਇੱਜਤ ਮਿਲੀ ਨਾ ਅੱਜ ਤੱਕ, ਸ਼ਹੀਦਾਂ ਦੇ ਪਰਿਵਾਰਾਂ ਨੂੰ।
ਆਜ਼ਾਦੀ ਖਾਤਰ ਲਾਵਾਰਸ ਰੁਲ'ਗੇ, ਬੇਨਾਮੀ ਮੁੱਲ ਵੱਟਣ ਨੇਤਾ,
ਸ਼ਹੀਦਾਂ ਦੇ ਵਾਰਿਸ ਰੋਟੀਓਂ ਊਣੇ, ਤਗਮੇ ਮਿਲਣ ਗੱਦਾਰਾਂ ਨੂੰ।

ਸ਼ਹੀਦਾਂ ਨੂੰ ਹਥਿਆਉਂਦੇ ਲੀਡਰ, ਧਰਮ ਜਾਤ ਬਰਾਦਰੀ ਦੇ ਨਾਂ,
ਤਰੋੜ ਮਰੋੜ ਆਪਣੇ ਹੱਕ ਵਿਚ, ਉਨ੍ਹਾਂ ਦੇ ਬੋਲ ਵਿਚਾਰਾਂ ਨੂੰ।

ਤਿਹੱਤਰ ਸਾਲ ਦੀ ਹੋਈ ਆਜ਼ਾਦੀ, ਜਨਤਾ ਅਜੇ ਗੁਲਾਮੀ ਝੱਲੇ,
ਬੇਰੁਜ਼ਗਾਰੀ, ਫਿਰਕੇਦਾਰੀ, ਭੁੱਖਮਰੀ-ਲਾਹਨਤ ਹੈ ਸਰਕਾਰਾਂ ਨੂੰ।

ਦੁਸ਼ਮਣ ਅੱਜ ਗਲਵੱਕੜੀ ਪਾਏ, ਅਲੋਕਾਰ ਵਰਤਾਰਾ ਘਟਿਆ,
ਵੋਟਾਂ ਦੇ ਦਿਨ ਦੁਰਲੱਭ ਨੇਤਾ, ਉੱਤਰ ਆਏ ਗਲੀ ਬਾਜ਼ਾਰਾਂ ਨੂੰ।

ਪੀੜਾਂ ਦੇ ਹੰਝੂ ਪੀਂਦਾ ਨਾਗਰਿਕ, ਹਰ ਦਮ ਰਹੇ ਕੁਮਲਾਇਆ,
ਜ਼ਿੰਦਗੀ ਸੁਪਨੇ ਵਾਂਗਰ ਲਗਦੀ, ਲਿਸ਼ਕਦੀ ਵੇਖ ਤਲਵਾਰਾਂ ਨੂੰ।

ਨਸ਼ਿਆਂ ਦੇ ਦਰਿਆ ਨੇ ਵਗਦੇ, ਸੰਚਾਲਕ ਲਾਲ ਬੱਤੀਆਂ ਵਾਲੇ,
ਹੱਕ ਸੱਚ ਨਿਆਂ ਦੇ ਵਾਅਦੇ, ਆਗੂ ਭੁੱਲ'ਗੇ ਕੌਲ ਕਰਾਰਾਂ ਨੂੰ।

ਮਾਸੂਮ ਬੱਚੇ ਗੁੰਮ ਹੋਣ ਤੁਹਾਡੇ, ਘੇਰ ਲਓ ਵੱਡਾ ਬੰਗਲਾ ਜੋ,
ਮਾਣਸ-ਖਾਣੇ ਰਹਿੰਦੇ ਉਥੇ, ਦਿਓ ਖਬਰ ਟੀ. ਵੀ., ਅਖਬਾਰਾਂ ਨੂੰ।

ਮਹਿਬੂਬ ਸਾਹਮਣੇ ਦਿਸਦਾ ਰਹੇ, ਨਾ ਵਾੜਾਂ ਲਾਓ ਬਾਰਡਰ 'ਤੇ,
ਪਿਆਰ ਨਾਲ 'ਪੰਨੂ' ਤੋੜ ਦਊ ਸਾਰੇ, ਗਵਾਂਢੀ ਦੇ ਮੰਦ ਹੰਕਾਰਾਂ ਨੂੰ।

***-ਚਰਨਜੀਤ ਸਿੰਘ ਪੰਨੂ***

## ਆਜ਼ਾਦੀ ਜਾਂ ਉਜਾੜਾ!

ਅੱਜ ਦੇ ਦਿਨ 'ਤੇ ਹੋਇਆ ਉਜਾੜਾ
ਤੂੰ ਵੀ ਰੋਇਆ, ਮੈਂ ਵੀ ਰੋਇਆ।

ਕੱਚੀਆਂ ਕਲੀਆਂ ਟਾਹਣੀਓਂ ਤੋੜੀਆਂ
ਕੁਝ ਤੂੰ ਵੀ ਖੋਇਆ, ਮੈਂ ਵੀ ਖੋਇਆ।

ਧੌਲਰ ਛੱਡ ਆਪਣੇ ਵਤਨ ਹੋਏ ਬਿਗਾਨੇ
ਨੀਰ ਤੇਰੇ ਵੀ ਚੋਇਆ, ਮੇਰੇ ਵੀ ਚੋਇਆ।

ਭੁੱਲਦੀ ਨਹੀਂ ਉਹ ਮਿੱਟੀ ਦੀ ਖੁਸ਼ਬੂ
ਰਾਤ ਨੂੰ ਪੰਧ ਤੂੰ ਵੀ ਢੋਇਆ, ਮੈਂ ਵੀ ਢੋਇਆ।

ਕਤਲੋਗਾਰਤ ਮੱਚੀ ਚਾਰੇ ਪਾਸੇ
ਮੋਢਿਆਂ 'ਤੇ ਲੋਥਾਂ ਦਾ ਭਾਰ ਦੋਹਾਂ ਨੇ ਢੋਇਆ

ਸੰਗਮਰਮਰੀ ਰਾਵੀ ਹੋਈ ਘਸਮੈਲੀ
ਲਹੂ ਤੇਰਾ ਵੀ ਚੋਇਆ, ਮੇਰਾ ਵੀ ਚੋਇਆ

ਮਿੰਨਤਾਂ, ਹਾੜੇ, ਪੈਰੀਂ ਚੁੰਨੀਆਂ-ਪੱਗਾਂ
ਜ਼ਮੀਰ ਤੇਰਾ ਵੀ ਸੋਇਆ, ਮੇਰਾ ਵੀ ਸੋਇਆ।

ਹਮਸਾਏ ਲੱਭਦੇ ਫਿਰਨ ਘਰ ਆਪੋ ਆਪਣਾ
ਬੂਹਾ ਤੂੰ ਵੀ ਢੋਇਆ, ਮੈਂ ਵੀ ਢੋਇਆ।

ਜਸ਼ਨ, ਤਕਦੀਰਾਂ, ਨਾਹਰੇ ਕਿਹੜੇ ਖੀਸੇ ਪਾਵਾਂ
ਬੇਗਾਨਾ ਤੂੰ ਵੀ ਹੋਇਆ, ਮੈਂ ਵੀ ਹੋਇਆ।

ਲੋਥਾਂ ਮਿੱਧ ਕੇ ਵਾਹਘਾ ਪਾਰ ਹੋਏ
ਤੂੰ ਅਜਮੇਰ ਸਰੀਫ ਖੋਹਿਆ, ਮੈਂ ਨਨਕਾਣਾ ਖੋਹਿਆ।

ਜਬਰੀ ਧਾੜਵੀਆਂ ਧੀਆਂ ਨੂੰਹਾਂ ਬਣਾਈਆਂ
ਬੇਵੱਸ ਤੂੰ ਵੀ ਹੋਇਆ, ਬੇਵੱਸ ਮੈਂ ਵੀ ਹੋਇਆ।

ਸੀਨੇ ਖੰਜਰ ਬਣ ਕੇ ਖੁੱਭੀ ਆਜ਼ਾਦੀ
ਬਾਪ ਤੇਰਾ ਮੋਇਆ, ਪੁੱਤ ਮੇਰਾ ਵੀ ਮੋਇਆ।

ਚੀਰ ਹਰਨ ਜਦੋਂ ਹੋਏ ਧੀਆਂ ਦੇ
ਬਿੱਸਮਿੱਲਾ ਵੀ ਰੋਇਆ,
ਭਗਤ ਸਿੰਘ ਵੀ ਰੋਇਆ।

***-ਕੁਲਵਿੰਦਰ ਤਾਰੇਵਾਲਾ (ਮੋਗਾ)***

# ਨਵੀਆਂ ਸੰਭਾਵਨਾਵਾਂ ਦਾ ਫਿਲਮਸਾਜ਼-ਡਾ. ਪਰਮਜੀਤ ਸਿੰਘ ਕੱਟੂ

**ਨਵਜੋਤ ਕੌਰ, ਜਲੰਧਰ**
**ਫੋਨ: 91-79018-23881**

ਡਾ. ਪਰਮਜੀਤ ਸਿੰਘ ਕੱਟੂ ਪੰਜਾਬ ਦਾ ਅਜਿਹਾ ਨੌਜਵਾਨ ਫਿਲਮਸਾਜ਼ ਹੈ, ਜਿਸ ਨੇ ਆਪਣੇ ਵਿਲੱਖਣ ਫਿਲਮੀ ਪ੍ਰਾਜੈਕਟਾਂ ਨਾਲ ਕੌਮਾਂਤਰੀ ਪੱਧਰ ਦੀ ਪਛਾਣ ਵੀ ਬਣਾ ਲਈ ਹੈ ਤੇ ਪ੍ਰਵਾਨਗੀ ਵੀ ਪਾ ਲਈ ਹੈ। ਉਸ ਵਲੋਂ ਪਿਛਲੇ ਸਾਲ ਰਿਲੀਜ਼ ਕੀਤੀ ਸ਼ਾਰਟ ਫਿਲਮ 'ਸਟਰੇਅ ਸਟਾਰ' ਪੰਜਾਬ ਦੇ ਕਿਸੇ ਵੀ ਫਿਲਮਸਾਜ਼ ਵਲੋਂ ਬਣਾਈਆਂ ਗਈਆਂ ਫਿਲਮਾਂ ਵਿਚੋਂ ਪਹਿਲੀ (ਲਘੂ) ਫਿਲਮ ਹੈ, ਜਿਸ ਨੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ 16 ਫਿਲਮ ਮੇਲਿਆਂ ਵਿਚ ਸ਼ਿਰਕਤ ਕੀਤੀ ਹੈ।


ਅੱਜ ਕੱਲ੍ਹ ਉਹ ਦੋ ਵੱਖਰੇ-ਵੱਖਰੇ ਫਿਲਮ ਪ੍ਰਾਜੈਕਟਾਂ ਵਿਚ ਰੁੱਝਾ ਹੋਇਆ ਹੈ। ਦੋਵੇਂ ਫਿਲਮ ਪ੍ਰਾਜੈਕਟ ਆਪਣੇ ਆਪ ਵਿਚ ਵਿਲੱਖਣ ਤੇ ਵਿਸ਼ੇਸ਼ ਹਨ। ਲੌਕਡਾਊਨ ਕਰਕੇ ਬਾਕੀਆਂ ਵਾਂਗ ਉਸ ਦੇ ਫਿਲਮ ਖੇਤਰ ਦੇ ਪ੍ਰਾਜੈਕਟ ਵੀ ਪ੍ਰਭਾਵਿਤ ਹੋਏ। ਉਸ ਵਲੋਂ ਨਿਰਦੇਸ਼ਿਤ ਕੀਤੀ ਜਾ ਰਹੀ ਵੱਡੇ ਬਜਟ ਦੀ ਦਸਤਾਵੇਜ਼ੀ ਫਿਲਮ 'ਦ ਸੇਵੀਅਰ: ਬ੍ਰਿਗੇਡੀਅਰ ਪ੍ਰੀਤਮ ਸਿੰਘ' ਨੂੰ ਅਪਰੈਲ ਵਿਚ ਰਿਲੀਜ਼ ਕਰਨ ਦਾ ਟੀਚਾ ਸੀ, ਪਰ ਕੋਵਿਡ-19 ਕਰਕੇ ਸਾਰਾ ਕੁਝ ਨਵੇਂ ਸਿਰਿਓਂ ਵਿਉਂਤਣਾ ਪੈ ਰਿਹਾ ਹੈ।

ਪਰਮਜੀਤ ਦਾ ਕਹਿਣਾ ਹੈ ਕਿ ਇਨ੍ਹਾਂ ਨਵੀਆਂ ਪ੍ਰਸਥਿਤੀਆਂ ਅੱਗੇ ਗੋਡੇ ਵੀ ਤਾਂ ਨਹੀਂ ਟੇਕੇ ਜਾ ਸਕਦੇ। ਇਸੇ ਕਰਕੇ ਉਸ ਨੇ ਇਨ੍ਹਾਂ ਸੰਕਟਕਾਲ ਪ੍ਰਸਥਿਤੀਆਂ ਵਿਚੋਂ ਨਵੀਆਂ ਸੰਭਾਵਨਾਵਾਂ ਤਲਾਸ਼ ਲਈਆਂ। ਇਸ ਸਮੇਂ ਉਸ ਨੇ ਵਰਚੁਅਲ ਨਿਰਦੇਸ਼ਨ ਦਾ ਕਾਰਜ ਸ਼ੁਰੂ ਕੀਤਾ ਹੈ, ਭਾਵ ਪਰਮਜੀਤ ਪੰਜਾਬ ਦੇ ਜਿਲਾ ਬਰਨਾਲਾ ਦੇ ਪਿੰਡ ਕੱਟੂ 'ਚ ਬਹਿ ਕੇ ਅਰਜਨਟੀਨਾ ਦੀ ਅਦਾਕਾਰਾ ਮਾਗਦਾ ਨੂੰ ਆਨਲਾਈਨ ਨਿਰਦੇਸ਼ਿਤ ਕਰ ਰਿਹਾ ਹੈ।



ਡਾ. ਪਰਮਜੀਤ ਸਿੰਘ ਕੱਟੂ




'ਲਲੂਵਾ' ਨਾਮ ਦੀ ਇਸ ਲਘੂ ਫਿਲਮ ਦੀ ਸ਼ੂਟਿੰਗ ਅਰਜਨਟੀਨਾ ਵਿਚ ਸੰਪੰਨ ਹੋ ਚੁਕੀ ਹੈ। ਅਦਾਕਾਰਾ ਮਾਗਦਾ ਅਰਜਨਟੀਨਾ ਦੀ ਨਾਮੀ ਯੂਨੀਵਰਸਿਟੀ ਵਿਚ ਅਦਾਕਾਰੀ ਦੀ ਵਿਦਿਆਰਥਣ ਹੈ। ਇਹ ਫਿਲਮ ਨਾ ਸਿਰਫ ਕੌਮਾਂਤਰੀ ਕਲਾਕਾਰਾਂ ਨਾਲ ਜੁਗਲਬੰਦੀ ਹੈ, ਸਗੋਂ ਇਸ ਦਾ ਵਿਸ਼ਾ ਵੀ ਕੌਮਾਂਤਾਰੀ ਹੈ। ਫਿਲਮ ਦੋ ਵਿਅਕਤੀਆਂ ਦੀ ਚੈਟ 'ਤੇ ਆਧਾਰਿਤ ਹੈ, ਜੋ ਅੰਗਰੇਜ਼ੀ ਭਾਸ਼ਾ ਵਿਚ ਚੈਟ ਕਰਦੇ ਹਨ। ਕਰੀਬ ਛੇ ਮਿੰਟਾਂ ਦੀ ਇਹ ਫਿਲਮ ਨਸਲਵਾਦ ਅਤੇ ਮਾਨਵਵਾਦ ਵਿਸ਼ੇ ਬਾਰੇ ਦਾਰਸ਼ਨਿਕ ਸੰਵਾਦ ਰਚਾਉਂਦੀ ਹੈ।

ਇਸ ਦੇ ਨਾਲ ਹੀ ਉਸ ਦੀ ਦੂਜੀ ਫਿਲਮ ਆਪਣੇ ਆਪ ਵਿਚ ਇਕ ਵਿਲੱਖਣ ਪ੍ਰਯੋਗ ਹੈ। ਇਸ ਫਿਲਮ ਦਾ ਨਾਂ Teasailure ਹੈ। ਅੰਗਰੇਜ਼ੀ ਦਾ ਇਹ ਸ਼ਬਦ ਵੀ ਉਸ ਨੇ ਖੁਦ ਘੜਿਆ ਹੈ। ਪਰਮਜੀਤ ਸਿੰਘ ਕੱਟੂ ਦਾ ਕਹਿਣਾ ਹੈ ਕਿ ਇਹ ਸ਼ਬਦ ਟੀਜ਼ਰ, ਟਰੇਲਰ ਤੇ ਫੀਚਰ ਦਾ ਮਿਸ਼ਰਣ ਹੈ, ਟੀਜ਼ਰ ਮਾਇਨੇ ਪਹਿਲੀ ਝਲਕ, ਟਰੇਲਰ ਮਾਇਨੇ ਮੁੱਖ ਝਲਕ ਤੇ ਫੀਚਰ ਮਾਇਨੇ ਪੂਰੀ ਫਿਲਮ।

ਡਾ. ਪਰਮਜੀਤ ਸਿੰਘ ਕੱਟੂ ਅਨੁਸਾਰ ਇਹ ਸ਼ਬਦ Teasailure ਤਿੰਨਾਂ ਅਰਥਾਂ ਨੂੰ ਪ੍ਰਗਟ ਕਰਨ ਦਾ ਯਤਨ ਹੈ। ਇਸ ਫਿਲਮ ਬਾਰੇ ਰੌਚਕ ਗੱਲ ਇਹ ਹੈ ਕਿ ਇਹ ਮਹਿਜ ਸੱਠ ਸਕਿੰਟਾਂ ਭਾਵ ਇਕ ਮਿੰਟ ਦੀ ਫਿਲਮ ਹੈ ਅਤੇ ਇਸ ਵਿਚ ਧਰਤ ਦੇ ਬਣਨ ਤੋਂ ਲੈ ਕੇ 2020 ਭਾਵ ਅੱਜ ਤੱਕ ਦੀ ਕੁਦਰਤ ਤੇ ਮਨੁੱਖ ਦੇ ਆਪਸੀ ਸਬੰਧਾਂ ਅਤੇ ਸਟੇਟ ਦੀ ਭੂਮਿਕਾ ਨੂੰ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਸਾਰਾ ਕੁਝ ਫਿਲਮਸਾਜ਼ ਨੇ ਮੁੱਖ ਰੂਪ ਵਿਚ ਸਤਰੰਜ ਦੀ ਖੇਡ ਰਾਹੀਂ ਪੇਸ਼ ਕੀਤਾ ਹੈ।

ਪਰਮਜੀਤ ਅਨੁਸਾਰ ਇਸ ਵੇਲੇ ਦੁਨੀਆਂ ਵਿਚ ਆਪਣੀ ਗੱਲ ਕਹਿਣ ਲਈ ਦ੍ਰਿਸ਼ ਮਾਧਿਅਮ ਹੀ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਇਸ ਲਈ ਸਾਹਿਤ ਦਾ ਵਿਦਿਆਰਥੀ ਹੋਣ ਅਤੇ ਪੀਐਚ.ਡੀ. ਕਰਨ ਦੇ ਬਾਵਜੂਦ ਉਸ ਨੇ ਫਿਲਮ ਲਿਖਣ ਤੇ ਨਿਰਦੇਸ਼ਨ ਦਾ ਖੇਤਰ ਚੁਣਿਆ ਹੈ। ਇਸ ਗੱਲ ਦਾ ਉਸ ਨੂੰ 2012 ਵਿਚ ਹੀ ਅਹਿਸਾਸ ਹੋ ਗਿਆ ਸੀ, ਜਦੋਂ ਉਸ ਦੀ ਬਣਾਈ ਲਘੂ ਫਿਲਮ 'ਅੱਡਾ ਖੱਡਾ' ਨੇ ਬਹੁ-ਗਿਣਤੀ ਵਿਚ ਪ੍ਰਵਾਨਗੀ ਪਾ ਲਈ ਸੀ। ਉਹ ਜਲਦੀ ਹੀ ਹੋਰ ਵੱਡੇ ਪ੍ਰਾਜੈਕਟਾਂ ਦਾ ਐਲਾਨ ਤੇ ਨਿਰਮਾਣ ਕਰਨ ਵਾਲਾ ਹੈ। ਆਮੀਨ!

# ਕਾਵਿ-ਜਗਤ

## ਲੜਾਕਾ ਆਦਮੀ

ਸਦੀਆਂ ਲੰਬੀ ਅਨਲੜੀ ਲੜਾਈ
ਦੀ ਹੁੰਮਸ 'ਚੋਂ ਜੰਮਿਆ,
ਲੜਾਕਾ ਆਦਮੀ
ਲੜਾਈ ਤੋਂ ਭਗੌੜਾ ਹੋਈ
ਪੁਰਖਿਆਂ ਦੀ ਭੀੜ
ਕੋਲੋਂ ਗਿਆ ਨਾ ਥੰਮ੍ਹਿਆ।
ਅਨਲੜੀ ਲੜਾਈ ਦਾ ਤਾਪ
ਸਿਰ ਨੂੰ ਐਸਾ ਚੜ੍ਹਿਆ
ਕਿ ਲੜਾਕਾ ਆਦਮੀ
ਆਪਣੇ ਲਹੂ ਦੀ ਹਰ ਬੂੰਦ 'ਚੋਂ ਲੜਿਆ।

ਜਦ ਜ਼ੁਲਮ ਤਖਤਾਂ ਉੱਪਰ
ਤਾਜ ਬਣ ਕੇ ਮੌਲਿਆ,
ਜਦ ਜ਼ੁਲਮ ਹਕੂਮਤ ਦੀਆਂ
ਰਗਾਂ ਦਾ ਖੂਨ ਬਣ ਕੇ ਖੌਲਿਆ,
ਜਦ ਜ਼ੁਲਮ ਇਨਸਾਫ
ਬਰਾਬਰ ਤੁਲਣ ਲੱਗਿਆ,
ਜਦ ਜ਼ੁਲਮ ਬੰਦੂਕਾਂ ਨਜ਼ਰਾਂ
ਜ਼ੁਬਾਨਾਂ 'ਚੋਂ ਡੁੱਲ੍ਹਣ ਲੱਗਿਆ,
ਜਦ ਜ਼ੁਲਮ ਦੇ ਅੱਗੇ
ਭਗੌੜੇ ਕਾਰਾਂ ਜਹਾਜਾਂ
ਵੀਜ਼ਿਆਂ ਵਿਚ ਵੜ ਕੇ ਵਿਚ ਭੱਜੇ
ਤਾਂ ਲੜਾਕਾ ਆਦਮੀ ਜ਼ੁਲਮ ਵਿਰੁੱਧ
ਹੱਥ ਵਿਚ ਦੇਸੀ ਪਿਸਤੌਲ ਫੜ ਕੇ
ਟੁੱਟੇ ਹੋਏ ਸਾਈਕਲ 'ਤੇ ਚੜ੍ਹਿਆ,
ਜਦ ਜ਼ੁਲਮ ਦੇ ਹਥਿਆਰਾਂ ਅੱਗੇ
ਵਾਹ ਨਾ ਚੱਲੀ
ਤਾਂ ਲੜਾਕਾ ਆਦਮੀ
ਜ਼ਾਲਮ ਵਿਰੁੱਧ ਲੜਿਆ।

ਜਦ ਜ਼ਾਲਮ ਅਖਬਾਰੀ ਖਬਰਾਂ
ਦੀ ਕੰਧੇੜੀ ਚੜ੍ਹ ਕੇ,
ਰੇਡੀਓ ਦੀ ਅਵਾਜ਼ ਵਿਚ ਵੜ ਕੇ,
ਟੈਲੀਵਿਜ਼ਨ ਦੀ ਸਕਰੀਨ 'ਤੇ ਖੜ੍ਹ ਕੇ
ਮੁਲਖ ਦੇ ਵਿਹੜਿਆਂ ਚੁੱਲ੍ਹਿਆਂ ਚੌਂਕਿਆਂ
ਵਿਚ ਆਣ ਢੁੱਕਿਆ,
ਜਦ ਭਗੌੜਾਪਨ ਪਾਗਲਪਨ ਬਣ ਕੇ
ਭਗੌੜਿਆਂ ਦੇ ਸਿਰ ਚੜ੍ਹ ਬੁੱਕਿਆ
ਤਾਂ ਬੇਗਾਨੇ ਹੁੰਦੇ ਜਾ ਰਹੇ ਚੁੱਲ੍ਹਿਆਂ ਚੌਂਕਿਆਂ
ਵਿਚ ਘਿਰਿਆ ਲੜਾਕਾ ਆਦਮੀ
ਬੇਗਾਨਗੀ ਵਿਰੁੱਧ ਐਸਾ ਖੜ੍ਹਿਆ
ਕਿ ਜਦ ਜ਼ਾਲਮ ਦੇ ਹਥਿਆਰਾਂ
ਅੱਗੇ ਵਾਹ ਨਾ ਚੱਲੀ
ਤਾਂ ਲੜਾਕਾ ਆਦਮੀ
ਦੁਸ਼ਮਣ ਵਿਰੁੱਧ ਲੜਿਆ।
ਜ਼ਾਲਮ ਨੇ ਭਰਾਵਾਂ ਦੇ ਸਿਰਾਂ ਵਿਚ
ਭਰਾਵਾਂ ਵਿਰੁੱਧ ਵੈਰ ਭੁੱਕੇ,
ਹਰ ਰਾਹ ਵਿਚ ਹਰ ਮੋੜ 'ਤੇ
ਦੁਸ਼ਮਣੀ ਦੇ ਜਾਲ ਸੁੱਟੇ।
ਸਦੀਆਂ ਤੋਂ ਅਨਲੜੀ ਲੜਾਈ ਦੀ ਹੁੰਮਸ ਨੇ
ਭਗੌੜਿਆਂ ਦੇ ਹਰ ਦੁਖ ਨੂੰ
ਦੁਸ਼ਮਣੀ ਵਿਚ ਵਟਾਇਆ,
ਲੜਾਕੇ ਆਦਮੀ ਨੇ ਜਦ ਲੜਾਈ ਦੀ
ਚੋਟੀ 'ਤੇ ਪੁੱਜਣਾ ਚਾਹਿਆ
ਤਾਂ ਦੁਸ਼ਮਣੀ ਦੇ ਜਾਲ ਵਿਚ ਐਸਾ ਅੜਿਆ
ਕਿ ਜਦ ਦੁਸ਼ਮਣੀ ਦੇ ਹਥਿਆਰਾਂ
ਅੱਗੇ ਵਾਹ ਨਾ ਚੱਲੀ
ਤਾਂ ਲੜਾਕਾ ਆਦਮੀ ਦੋਸਤ ਵਿਰੁੱਧ ਲੜਿਆ।
ਜ਼ੁਲਮ ਨੇ, ਜ਼ਾਲਮ ਨੇ, ਦੁਸ਼ਮਣ ਨੇ,
ਬਹੁਤ ਵੱਡਾ ਜਸ਼ਨ ਕਰਿਆ
ਜਦ ਇਕ ਦਿਨ ਅਚਾਨਕ ਲੜਾਕਾ ਆਦਮੀ
ਆਪਣੇ ਹੀ ਹੱਥੋਂ ਮਰਿਆ।
ਲੜਾਕੇ ਆਦਮੀ ਦੀ ਕਬਰ ਉੱਪਰ
ਕੋਈ ਫੁੱਲ ਚੜ੍ਹਾਉਂਦਾ ਹੈ,
ਲੜਾਕੇ ਆਦਮੀ ਦੇ ਨਾਮ ਉੱਪਰ
ਕੋਈ ਨੁਕਤਾਚੀਨੀ ਡਾਹੁੰਦਾ ਹੈ,
ਹੁਣ ਆਉਂਦੀਆਂ ਪੀੜ੍ਹੀਆਂ ਦੀ ਜ਼ੁਬਾਨ ਬਣ ਕੇ
ਸੁਆਲ ਜੋ ਤਵਾਰੀਖ ਕਰੇਗੀ
ਸੁਆਲ ਉਹ ਕਿਸੇ ਨਾ ਕਰਿਆ,
'ਲੜਾਕਾ ਆਦਮੀ
ਇਸ ਕਦਰ ਕਿਉਂ ਲੜਿਆ?'

*-ਡਾ. ਸੁਖਪਾਲ ਸੰਘੇੜਾ*
*dr.sukhpal.sanghera@gmail.com*

---

## ਗਜ਼ਲ

ਚਾਰ ਕੁ ਮੋਢੇ ਬਚਣ ਦਾ, ਲਾਉਂਦਾ ਰਿਹਾਂ ਹਿਸਾਬ।
ਸੱਚ ਆਖਣ ਦਾ ਹੌਸਲਾ, ਹੋਇਆ ਨਹੀਂ ਜਨਾਬ।

ਕੋਈ ਨਾ ਕੋਈ ਤਾਂ ਪੌਂਦਾ, ਫਿਰ ਵੀ ਬਚ ਜਾਵੇਗਾ,
ਮੌਸਮ ਜਿੰਨਾ ਮਰਜੀ ਭਾਵੇਂ, ਹੋ ਕੇ ਰਹੇ ਖਰਾਬ।

ਹੋਰ ਕਿਤਾਬਾਂ ਪੜ੍ਹਨੀਆਂ, ਬੇਸ਼ੱਕ ਹੈ ਚੰਗੀ ਗੱਲ,
ਕਦੇ ਪਰ ਮਨ ਆਪਣੇ ਦੀ, ਪੜ੍ਹਿਆ ਕਰ ਕਿਤਾਬ।

ਘੋੜਾ ਕਾਬੂ ਕਰਨ ਦਾ, ਦੱਸੋ ਵਲ ਕਿਵੇਂ ਸੀ ਆਉਣਾ,
ਪੈਰ ਅਸੀਂ ਨਹੀਂ ਪਾਇਆ, ਕਦੇ ਵੀ ਵਿਚ ਰਕਾਬ।

ਮੌਕੇ ਭਾਵੇਂ ਬਹੁਤ ਨੇ, ਇਹ ਵੀ ਤਾਂ ਸਮਝਣਾ ਪਉ,
ਸ਼ਬਦ ਕਹਿਣ ਕੀ 'ਬੀਸਲੇ', ਕੀ ਕਹਿ ਰਹੀ ਰਬਾਬ।

*-ਹਰਿੰਦਰ ਸਿੰਘ ਬੀਸਲਾ*
*ਫੋਨ: 562-726-7674*

---

## ਫਾਰਸੀਆਂ ਘਰ ਗਾਲੇ ਨੇ

ਕੰਨਾਂ ਰਸਤੇ ਅੰਦਰ ਵੜਦੀ
ਮੈਲ ਨਹੀਂ ਇੱਕ ਜ਼ਹਿਰ ਹੈ ਉਹ।
ਜਿਹੜੀ ਚੜ੍ਹਦੀ ਚੁੱਪ ਚੁਪੀਤੇ
ਭੂਰੇ ਰੰਗ ਦੀ ਗਹਿਰ ਹੈ ਉਹ।

ਗੱਲਾਂ ਕਰਦੇ ਰਹਿੰਦੇ ਲੋਕੀਂ
ਅੱਜ ਕੱਲ ਸੜੀਆਂ ਸੜੀਆਂ ਵੀ,
ਖਤੋ ਖਤਾਵਤ ਬੰਦ ਕਰ ਦਿੰਦੇ
ਲੋਕਾਂ ਲਈ ਤਾਂ ਕਹਿਰ ਹੈ ਉਹ।

ਮੋਹਰੀ ਬਣ ਕੇ 'ਡੌਨਾਂ ਦੇ'
ਕਈ ਅਕਸਰ ਚੁੱਕ 'ਚ ਆ ਜਾਂਦੇ,
ਵਾਰ ਵਾਰ ਜੋ ਅੱਗੇ ਆਉਂਦੀ
'ਬੇ-ਗੁਰਿਆਂ' ਦੀ ਲਹਿਰ ਹੈ ਉਹ।

ਰੁੱਖ ਵਿਹੂਣੇ ਖੰਡਰ ਛੱਡ ਕੇ
ਆ ਗਏ ਜਿਸ ਹਰਿਆਵਲ ਵਿਚ,
ਪਿੰਡਾਂ ਜਿਹੇ ਸਲੀਕੇ ਵਾਲੀ
ਸ਼ਹਿਰਾਂ ਦੇ ਵਿਚ ਠਹਿਰ ਹੈ ਉਹ।

ਦੇਖਾ ਦੇਖੀ ਸਿੱਖਣ ਲੱਗ ਪਏ
ਗਜ਼ਲਾਂ ਦੇ 'ਗਜਰੇਲੇ' ਨੂੰ,
ਜਿਸ ਉਤੇ ਉਨ੍ਹਾਂ ਕਿੰਤੂ ਕੀਤਾ
ਮਸਾਂ ਲਿਖੀ ਇੱਕ ਬਹਿਰ ਹੈ ਉਹ।

ਕਈਆਂ ਦੇ ਲਈ ਅਮ੍ਰਿਤ ਵੇਲਾ
ਹੁੰਦਾ ਰਿਧੀਆਂ ਸਿਧੀਆਂ ਦਾ,
ਪਹਿਰੇਦਾਰਾਂ ਦੇ ਲਈ ਐਪਰ
ਰਾਤ ਦਾ ਆਖਰ ਪਹਿਰ ਹੈ ਉਹ।

ਆਬ ਆਬ ਕਰ ਮੋਇਓ ਬਚੜਾ
ਫਾਰਸੀਆਂ ਘਰ ਗਾਲੇ ਨੇ,
ਜਿਹਦੇ ਥੱਲੇ ਲਾਸ਼ਾਂ ਦੱਬੀਆਂ,
ਲਿੰਕ ਜਿਹੀ ਇੱਕ ਨਹਿਰ ਹੈ ਉਹ।

*-ਹਰਜਿੰਦਰ ਗੁਲਪੁਰ*

---

## ਗਜ਼ਲ

ਤੇਰੇ ਨਾਲ ਇੱਕ ਹੋ ਜਾਣ ਦੀ
ਦਿਲ 'ਚ ਹੈ ਸਿੱਕ ਜਿਹੀ,
ਹੁੰਦੀ ਹੈ ਕਸ਼ਿਸ਼ ਜਿਵੇਂ
ਕੋਇਲੇ ਤੇ ਅੱਗ ਵਿਚ।

ਜੀਅ ਕਰਦੈ
ਰਿਸ਼ਤਾ ਜੋੜ ਲਵਾਂ ਨਾਲ ਤੇਰੇ,
ਪਰ ਮਨਜ਼ੂਰ ਨਹੀਂ ਹੁੰਦਾ
ਇਸ ਨਾਸਮਝ ਜੱਗ ਵਿਚ।

ਲੋਕੀ ਤਾਂ ਜਾ-ਜਾ ਕੇ
ਨਹਾਉਂਦੇ ਨੇ ਤੀਰਥਾਂ 'ਤੇ,
ਪਰ ਮੈਂ ਮੱਚਣਾ ਚਾਹਵਾਂ
ਤੇਰੇ ਇਸ਼ਕ ਦੀ ਅੱਗ ਵਿਚ।

ਦੁੱਖ, ਗ਼ਮ ਤੇ ਨਾ ਹੀ
ਕੋਈ ਪ੍ਰੇਸ਼ਾਨੀ ਹੋਵੇ,
ਤੇਰੇ ਨਾਲ ਜਿਉਣਾ ਚਾਹਾਂ
ਦੁਨੀਆਂ ਅਲੱਗ ਵਿਚ।

ਮਰਨਾ ਹੈ ਜੇ ਯਾਰ ਦੀ ਖਾਤਰ,
ਹੁਣੇ ਹੀ ਮਰ'ਜਾ,
ਕੀ ਫਰਕ ਐ
ਦਿਲਾ ਕੱਲ੍ਹ ਤੇ ਅੱਜ ਵਿਚ।

ਖੁਦ ਨੂੰ ਹੀ ਪਛਾਣਣ ਤੋਂ
ਬੇਬੱਸ ਸੀ ਜਦਕਿ ਉਹ,
ਤਾਂ ਕਿੱਦਾਂ ਕਮੀ ਪਛਾਣਦੇ
'ਜਗਜੀਤ' ਤੇਰੇ ਹੱਜ ਵਿਚ।

*-ਜਗਜੀਤ ਕਲੇਰ ਗੁੜ੍ਹੱਦੀ*
*ਫੋਨ: 91-98789-17512*

## ਪਾਟੇ ਖਾਂ ਤੇ ਨਾਢੂ ਖਾਂ ਦੀ ਆਕੜ

*-ਐਸ. ਐਸ. ਚਰਨ ਸਿੰਘ ਸ਼ਹੀਦ*

ਪਾਟੇ ਖਾਂ ਸੀ ਤੁਰਿਆ ਜਾਂਦਾ ਗਰਦਨ ਨੂੰ ਅਕੜਾ ਕੇ
ਉਧਰੋਂ ਨਾਢੂ ਖਾਂ ਵੀ ਆਇਆ ਛਾਤੀ ਖੂਬ ਫੁਲਾ ਕੇ।
ਇਕ ਦੀ ਗਰਦਨ ਕੁੱਕੜ ਵਾਂਗੂੰ ਉਚੀ ਸਿੱਧੀ ਅਕੜੀ
ਦੂਜਾ ਸਾਨ੍ਹੇ ਵਾਂਗੂ ਜਾਪੇ, ਸੁੱਕੀ ਮੁੜੇ ਨਾ ਲਕੜੀ।

ਪਹਿਲਾ ਨੱਕੋਂ ਠੂੰਹੇਂ ਡੇਗੇ, ਦੂਜਾ ਕੰਨ ਖਜੂਰੇ
ਮੂੰਹ 'ਚੋਂ ਫੂੰ ਫੂੰ ਕਰੇ ਇਕ ਤੇ ਦੂਜਾ ਗਲੋਂ ਖੰਘੂਰੇ।
ਡੂੰਘੀ ਨਦੀ ਉਤੇ ਪੁਲ ਸੌੜਾ, 'ਕੱਲਾ ਹੀ ਲੰਘ ਸੱਕੇ
ਆਹਮੋ ਸਾਹਵੇਂ ਟੱਕਰੇ ਦੋਵੇਂ, ਲੱਗੇ ਮਾਰਨ ਧੱਕੇ।

ਪਾਟੇ ਖਾਂ ਕਹੇ, 'ਹਟ ਸੁਸਰੇ, ਅੜਾ ਖੜ੍ਹਾ ਕਿਉਂ ਆਗੇ?
ਹਮ ਹੈਂ ਪਾਟੇ ਖਾਨ ਸ਼ੇਰ ਭੀ, ਹਮ ਸੇ ਡਰ ਕਰ ਭਾਗੇ!'

ਨਾਢੂ ਖਾਂ ਨੇ ਮੁੱਛਾਂ ਵੱਟੀਆਂ ਅਤੇ ਕਹਿਕਹਾ ਲਾਇਆ,
'ਵਾਹ ਰੇ ਪੱਠੇ ਚਿੜੀਆ ਘਰ ਸੇ ਨਿਕਲ ਕਿਸ ਤਰ੍ਹਾਂ ਆਇਆ?
ਨਾਕ ਪਕੜ ਕੇ ਰੁਖਸਾਰੇ ਪਰ, ਚੱਪੜ ਏਕ ਜਮਾਊਂ
ਧੀਂਗਾ-ਧੀਂਗੀ ਅਕੜ ਫਕੜ ਸਭ, ਫੌਰਨ ਤੁਝੇ ਭੁਲਾਊਂ!'

ਪਾਟੇ ਖਾਂ ਨੇ ਧੌਲ ਜਮਾਈ, ਨਾਢੂ ਖਾਂ ਨੇ ਮੁੱਕਾ
ਨਾਲੇ ਐਸੀ ਦੰਦੀ ਵੱਢੀ, ਮਾਸ ਨਾ ਛੱਡਿਆ ਉਕਾ।
ਚੀਕ ਮਾਰ ਕੇ ਡਿੱਗਣ ਲੱਗਾ, ਜੱਫੀ ਉਸ ਨੂੰ ਪਾਈ
ਗਿਰੇ ਨਦੀ ਵਿਚ ਗੋਤੇ ਖਾਵਣ, ਫਿਰ ਭੀ ਕਰਨ ਲੜਾਈ।

ਓਵੇਂ ਓਸੇ ਪੁਲ 'ਤੇ ਪਿੱਛੋਂ, ਬੱਕਰੀਆਂ ਦੋ ਆਈਆਂ
ਪ੍ਰੇਮ-ਨਿਮਰਤਾ ਨਾਲ ਮੁਸ਼ਕਿਲਾਂ ਉਨ੍ਹਾਂ ਦੂਰ ਕਰਾਈਆਂ।
ਲੇਟ ਗਈ ਇਕ ਬੱਕਰੀ ਪਹਿਲੇ, ਦੂਜੀ ਉਸ ਤੋਂ ਲੰਘੀ
ਰਾਜੀ ਬਾਜੀ ਘਰ ਨੂੰ ਗਈਆਂ, ਨਾ ਕੋਈ ਘੂਰੀ ਖੰਘੀ।

ਪਾਟੇ ਖਾਂ ਨੇ ਵੇਖ ਤਮਾਸ਼ਾ, ਕਿਹਾ, 'ਅਬੇ ਓ ਉਲੂ!
ਤੁਮ ਸੇ ਬੱਕਰੀ ਭੀ ਹੈ ਅੱਛੀ, ਡੂਬ ਮਰੋ ਭਰ ਚੁੱਲੂ!
ਜਾਤੇ ਲੇਟ ਅਗਰ ਤੁਮ ਪਹਿਲੇ, ਹੋਤੀ ਕਾਹੇ ਲੜਾਈ?'
ਨਾਢੂ ਕਿਹਾ, 'ਗਧੇ ਯੇਹ ਹਿਕਮਤ, ਤੁਮ ਕੋ ਕਿਉਂ ਨਾ ਆਈ?'
'ਤੁਮ ਤੁਮ' ਕਹਿ ਇਕ ਦੂਜੇ ਨੂੰ ਕੋਸਣ, ਗੋਤੇ ਐਨੇ ਆਏ।

ਪਾਟੇ ਖਾਂ ਤੇ ਨਾਢੂ ਖਾਂ ਦੀ ਆਕੜ ਦਾ ਹਸ਼ਰ ਦੇਖ ਲਓ!
ਪਾਟੇ ਖਾਂ ਤੇ ਨਾਢੂ ਖਾਂ ਜੀ, ਦੋਵੇਂ ਨਰਕ ਸਿਧਾਏ!

*ਪੇਸ਼ਕਸ਼: ਤਰਲੋਚਨ ਸਿੰਘ ਦੁਪਾਲਪੁਰ*
*ਫੋਨ: 408-915-1268*

# ਗਰੀਬੀ ਨਾਲ ਵਿੰਨ੍ਹੀਆਂ ਰੂਹਾਂ 'ਬਿਔਂਡ ਦਿ ਕਲਾਊਡਜ਼'

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸਰਕਰਦਾ ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਬਿਔਂਡ ਦਿ ਕਲਾਊਡਜ਼' ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ***






*ਫਿਲਮ 'ਬਿਔਂਡ ਦੀ ਕਲਾਊਡਜ਼' ਦਾ ਪੋਸਟਰ ਅਤੇ ਫਿਲਮ ਦੇ ਇਕ ਦ੍ਰਿਸ਼ ਵਿਚ ਮਾਲਵਿਕਾ ਮੋਹਨਨ।*

ਇਰਾਨੀ ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਬਿਔਂਡ ਦਿ ਕਲਾਊਂਡਜ਼' ਦੇਖਦਿਆਂ ਮੁੰਬਈ ਦੀਆਂ ਸਾਰੀਆਂ ਰਮਜ਼ਾਂ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ। ਜਦੋਂ ਉਸ ਦੇ ਕਿਰਦਾਰ ਮੁੰਬਈ ਦੀਆਂ ਗੰਦੀਆਂ ਬਸਤੀਆਂ ਦੇ ਢੱਠੇ ਮਕਾਨਾਂ ਅਤੇ ਝੁੱਗੀਆਂ ਵਿਚਲੀਆਂ ਵਿਰਲਾਂ ਵਿਚੋਂ ਪੁਲਿਸ ਅਤੇ ਗੁੰਡਿਆਂ ਤੋਂ ਬਚਣ ਲਈ ਭੱਜਦੇ ਹਨ ਤਾਂ ਭਾਰਤ ਦੇ ਗਰੀਬ ਤਬਕਿਆਂ ਨਾਲ ਵਾਬਸਤਾ ਕੋਈ ਵੀ ਇਨਸਾਨ ਭਾਰਤ ਵਿਚ ਗਰੀਬ ਹੋਣ ਦੀਆਂ ਤਰਾਸਦੀਆਂ ਵਾਪਰਦੀਆਂ ਮਹਿਸੂਸ ਕਰ ਸਕਦਾ ਹੈ। ਇਹ ਫਿਲਮ ਬਣਾਉਣ ਦੀ ਜ਼ਰੂਰਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਵਧੀਆ ਕਥਾਨਿਕ ਅਤੇ ਵਿਸ਼ਾ-ਵਸਤੂ ਹੋਣ ਦੇ ਬਾਵਜੂਦ ਇਹ ਫਿਲਮ ਭਾਰਤੀ ਬਾਕਸ ਆਫਿਸ 'ਤੇ ਬੁਰੀ ਤਰ੍ਹਾਂ ਅਸਫਲ ਹੋ ਜਾਂਦੀ ਹੈ। ਬਾਅਦ ਵਿਚ ਇਸ ਫਿਲਮ ਬਾਰੇ ਗੱਲ ਕਰਦਿਆਂ ਇੱਕ ਇੰਟਰਵਿਊ ਵਿਚ ਮਾਜਿਦ ਮਾਜੀਦੀ ਪੁੱਛਦਾ ਹੈ ਕਿ ਭਾਰਤੀ ਫਿਲਮਸਾਜ਼ ਉਨ੍ਹਾਂ ਦੇ ਸਾਹਮਣੇ ਵਾਪਰ ਰਹੇ ਵਰਤਾਰਿਆਂ ਅਤੇ ਤਰਾਸਦੀਆਂ ਨੂੰ ਦਰਕਿਨਾਰ ਕਰ ਕੇ ਹਾਲੀਵੁੱਡ ਦੀਆਂ ਬਿਨਾ ਸਿਰ-ਪੈਰ ਵਾਲੀਆਂ ਕਹਾਣੀਆਂ 'ਤੇ ਕਿਉਂ ਯਕੀਨ ਕਰਦੇ ਹਨ? ਉਹ ਅਜਿਹੀਆਂ ਫਿਲਮਾਂ ਦੀਆਂ ਨਕਲਾਂ ਬਣਾਉਣ ਦੀ ਜਗ੍ਹਾ ਇੱਥੋਂ ਦੀ ਤਰਜ਼-ਏ-ਜ਼ਿੰਦਗੀ ਨਾਲ ਜੁੜੀਆਂ ਕਹਾਣੀਆਂ 'ਤੇ ਫਿਲਮਾਂ ਕਿਉਂ ਨਹੀਂ ਬਣਾਉਂਦੇ?

ਇਸ ਫਿਲਮ ਦੇ ਰਿਲੀਜ਼ ਹੁੰਦੇ ਸਾਰ ਹੀ ਇਸ ਦੀ ਤੁਲਨਾ ਮਾਜਿਦ ਮਾਜੀਦੀ ਦੀਆਂ ਪਹਿਲੀਆਂ ਫਿਲਮਾਂ ਜਿਵੇਂ 'ਚਿਲਡਰਨ ਆਫ ਹੈਵਨ' ਅਤੇ 'ਸੌਂਗ ਆਫ ਸਪੈਰੋਜ਼' ਨਾਲ ਹੋਣੀ ਸ਼ੁਰੂ ਹੋ ਗਈ। ਬਹੁਤ ਸਾਰੇ ਆਲੋਚਕਾਂ ਨੇ ਇਸ ਫਿਲਮ ਨੂੰ ਮਾਜਿਦ ਮਾਜੀਦੀ ਦੀ ਬਾਲੀਵੁਡ ਵਿਚ 'ਆਊਟ-ਸਾਈਡਰ' ਵਜੋਂ ਬਣਾਈ ਹੋਈ ਫਿਲਮ ਮੰਨਿਆ। ਇਸ ਫਿਲਮ ਦੀ ਕਹਾਣੀ ਦਾ ਮੁੱਖ ਧੁਰਾ ਗਰੀਬੀ ਦਾ ਅੰਨ੍ਹਾ ਖੂਹ ਹੈ ਜਿਹੜਾ ਗਰੀਬਾਂ ਦੇ ਸਰੀਰਾਂ ਵਿਚੋਂ ਲਹੂ ਦਾ ਆਖਰੀ ਤੁਪਕਾ ਤੱਕ ਚੂਸ ਲੈਂਦਾ ਹੈ ਅਤੇ ਉਨ੍ਹਾਂ ਦੀਆਂ ਹੱਡੀਆਂ ਦੀ ਮਿੱਝ ਪੀੜ੍ਹੀ ਦਰ ਪੀੜ੍ਹੀ ਸ਼ਹਿਰਾਂ, ਕਸਬਿਆਂ, ਫੈਕਟਰੀਆਂ ਤੇ ਕਾਰਖਨਿਆਂ ਵਿਚ ਧੁਖਦੇ ਕੋਲੇ ਵਾਂਗ ਬਲਦੀ ਹੈ। ਫਿਲਮਸਾਜ਼ ਮੀਰਾ ਨਾਇਰ ਦੀ ਫਿਲਮ 'ਸਲਾਮ ਬੰਬੇ' ਤੋਂ ਬਾਅਦ ਇਹ ਦੂਜੀ ਫਿਲਮ ਹੈ ਜਿਹੜੀ ਮਹਾਂਨਗਰਾਂ ਦੀ ਬੇਕਿਰਕ ਅਤੇ ਹਮਦਰਦੀ ਤੋਂ ਸੱਖਣੀ ਬੇਰੰਗ ਦੁਨੀਆ ਵਿਚ ਪਲ ਰਹੇ ਬੱਚਿਆਂ ਦੀਆਂ ਜ਼ਿੰਦਗੀਆਂ ਨੂੰ ਇੰਨੀ ਬਾਰੀਕੀ ਨਾਲ ਫਿਲਮਾਉਂਦੀ ਹੈ।



*ਫਿਲਮ 'ਬਿਔਂਡ ਦੀ ਕਲਾਊਡਜ਼'ਦਾ ਇਕ ਦ੍ਰਿਸ਼।*

ਇਸ ਫਿਲਮ ਦੀ ਕਹਾਣੀ ਅਨੁਸਾਰ ਅਲੀ ਦਾ ਪਾਲਣ-ਪੋਸ਼ਣ ਉਸ ਦੀ ਭੈਣ ਤਾਰਾ ਨੇ ਕੀਤਾ ਹੈ। ਅਲੀ ਗਰੀਬੀ ਦੇ ਇਸ ਦਮ-ਘੋਟੂ ਮਾਹੌਲ ਵਿਚੋਂ ਨਿਕਲ ਕੇ 'ਵੱਡਾ ਆਦਮੀ' ਬਣਨਾ ਚਾਹੁੰਦਾ ਹੈ ਅਤੇ ਇਹੀ ਲਾਲਚ ਉਸ ਨੂੰ ਹੌਲੀ-ਹੌਲੀ ਜੁਰਮ ਅਤੇ ਦਹਿਸ਼ਤ ਦੀ ਅੰਨ੍ਹੀ ਸੁਰੰਗ ਵਿਚ ਧੱਕ ਦਿੰਦਾ ਹੈ। ਅਲੀ ਦੀਆਂ ਗਲਤੀਆਂ ਦਾ ਖਮਿਆਜ਼ਾ ਤਾਰਾ ਨੂੰ ਭੁਗਤਣਾ ਪੈਂਦਾ ਹੈ ਜਿਸ ਨੂੰ ਨਾ ਸਿਰਫ ਬਿਨਾ ਕਿਸੇ ਕਸੂਰ ਤੋਂ ਪੁਲਿਸ ਦੀਆਂ ਵਧੀਕੀਆਂ ਸਹਿਣੀਆਂ ਪੈਂਦੀਆਂ ਹਨ ਸਗੋਂ ਸਮਾਜਿਕ ਤੌਰ 'ਤੇ ਵੀ ਲਗਾਤਾਰ ਜ਼ਿਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਾਰੇ ਘਟਨਾਕ੍ਰਮ ਵਿਚ ਉਨ੍ਹਾਂ ਢਾਂਚਿਆਂ ਅਤੇ ਸੰਸਥਾਵਾਂ ਜਿਨ੍ਹਾਂ ਦਾ ਕੰਮ ਅਜਿਹੇ ਮੌਕਿਆਂ 'ਤੇ ਪੀੜਤ ਧਿਰ ਦੇ ਨਾਲ ਖੜ੍ਹੇ ਹੋਣਾ ਹੁੰਦਾ ਹੈ, ਉਹ ਸਾਰਾ ਸਵਾਲਾਂ ਦੇ ਘੇਰੇ ਵਿਚ ਆ ਜਾਂਦਾ ਹੈ। ਪੁਲਿਸ ਅਤੇ ਕਾਨੂੰਨ ਪੀੜਤ ਦੀ ਮਦਦ ਕਰਨ ਅਤੇ ਉਸ ਨੂੰ ਇਨਸਾਫ ਦਿਵਾਉਣ ਦੀ ਥਾਂ ਉਲਟਾ ਉਸ ਉਪਰ ਹੀ ਆਪਣੇ ਆਪ ਨੂੰ ਬੇਗੁਨਾਹ ਸਾਬਤ ਕਰਨ ਅਤੇ ਦੋਸ਼ੀਆਂ ਨੂੰ ਲੱਭਣ ਦੀ ਜ਼ਿੰਮੇਵਾਰੀ ਸੁੱਟ ਕੇ ਸੁਰਖਰੂ ਹੋ ਜਾਂਦੇ ਹਨ। ਤਾਰਾ ਦੇ ਜੇਲ੍ਹ ਵਿਚੋਂ ਬਾਹਰ ਆਉਣ ਲਈ ਅਲੀ ਨੂੰ ਗੁੰਗੇ-ਬੋਲੇ ਬਲਾਤਕਾਰੀ ਨੂੰ ਸੱਚ ਬੋਲਣ ਲਈ ਮਜਬੂਰ ਕਰਨਾ ਪੈਣਾ ਹੈ। ਇਸ ਸਾਰੀ ਪ੍ਰਕਿਰਿਆ ਦੌਰਾਨ ਮਾਜਿਦ ਮਾਜੀਦੀ ਦੀ ਆਪਣੀ ਕਲਾ ਲਈ ਵੀ ਪਰਖ ਦੀ ਘੜੀ ਹੈ। ਭਾਰਤ ਵਰਗੇ ਮੁਲਕਾਂ ਵਿਚ ਗਰੀਬੀ ਸਿਰਫ ਸਾਧਨਾਂ ਦੀ ਗਰੀਬੀ ਨਹੀਂ; ਇਨ੍ਹਾਂ ਮੁਲਕਾਂ ਵਿਚ ਗਰੀਬ ਹੋਣਾ ਗੁਨਾਹਗਾਰ ਹੋਣ ਵਾਂਗ ਸੰਗੀਨ ਤੇ ਜ਼ਿਲਤ ਨਾਲ ਭਰਿਆ ਹੋਇਆ ਹੈ। ਗਰੀਬ ਦਾ ਸੱਚ ਵੀ ਮੂੰਹ ਲੁਕਾਉਂਦਾ ਫਿਰਦਾ ਹੈ। ਮਾਜਿਦ ਅਨੁਸਾਰ ਮੁੰਬਈ ਵਿਚ ਗਰੀਬ ਹੋਣਾ ਅਜਿਹੇ ਬੰਦ ਦਾਇਰੇ ਵਾਂਗ ਹੈ ਜਿਸ ਵਿਚ ਆਪਣੇ ਹੱਕ ਤੇ ਇਨਸਾਫ ਦੀ ਗੱਲ ਕਰਨ ਵਾਲਾ ਗਰੀਬ ਪਾਗਲਪਣ ਦੀਆਂ ਅਣਕਿਆਸੀਆਂ ਖੁੰਦਕਾਂ ਵਿਚ ਧੱਕ ਦਿੱਤਾ ਜਾਂਦਾ ਹੈ। ਉਸ ਦੀ ਪਛਾਣ, ਉਸ ਦੀ ਹੋਂਦ, ਉਸ ਦੇ ਮਸਲੇ ਸਮਾਜਿਕ ਤੌਰ 'ਤੇ ਮਜ਼ਾਕ ਅਤੇ ਘ੍ਰਿਣਾ ਦਾ ਪਾਤਰ ਬਣ ਜਾਂਦੇ ਹਨ। ਗਰੀਬ ਹੋਣ ਦੀ ਪਛਾਣ ਉਸ ਤੋਂ ਮਨੁੱਖ ਹੋਣ ਦੇ ਮੁੱਢਲੇ ਅਧਿਕਾਰ ਤੱਕ ਖੋਹ ਲੈਂਦੀ ਹੈ। ਇਸ ਫਿਲਮ ਰਾਹੀਂ ਸਮਾਜਿਕ ਤੌਰ 'ਤੇ ਗਰੀਬਾਂ ਖਿਲਾਫ ਸਦੀਆਂ ਤੋਂ ਲਾਗੂ ਅਣਲਿਖਤ ਕਾਨੂੰਨਾਂ ਦੀ ਲੰਮੀ ਕੜੀ ਦੇ ਦਰਸ਼ਨ ਹੁੰਦੇ ਹਨ। ਇਹ ਅਣ-ਲਿਖਤ ਕਾਨੂੰਨ ਅਲੀ ਅਤੇ ਤਾਰਾ ਖਿਲਾਫ ਕੋਈ ਜੁਰਮ ਸਾਬਿਤ ਹੋਣ ਦੀ ਉਡੀਕ ਨਹੀਂ ਕਰਦੇ। ਅਲੀ ਗਰੀਬ ਅਤੇ ਗੰਦੀ ਬਸਤੀ ਵਿਚ ਪਲਿਆ ਮੁੰਡਾ ਹੈ ਅਤੇ ਤਾਰਾ ਗਰੀਬ ਕੁੜੀ ਹੈ। ਸਮਾਜ ਅਤੇ ਇਨਸਾਫ ਦੇ ਸਾਰੇ ਕਾਇਦੇ-ਕਾਨੂੰਨ ਉਨ੍ਹਾਂ ਦੀ ਇਸ ਪਛਾਣ ਨੂੰ ਹੀ ਅੰਤਿਮ ਸੱਚ ਮੰਨ ਕੇ ਉਨ੍ਹਾਂ ਲਈ ਫਤਵੇ ਜਾਰੀ ਕਰ ਦਿੰਦੇ ਹਨ। ਉਨ੍ਹਾਂ ਦੇ ਅੰਦਰਲੀ ਜ਼ਿੰਦਗੀ ਦੀ ਤਾਂਘ ਦੀ ਸੰਘੀ ਘੁੱਟ ਦਿੱਤੀ ਜਾਂਦੀ ਹੈ। ਗਰੀਬ ਨੂੰ ਸੁਪਨੇ ਦੇਖਣ ਜਾਂ ਆਜ਼ਾਦੀ ਦੀ ਭਾਲ ਕਰਨ ਦਾ ਕੀ ਹੱਕ ਹੈ? ਅਲੀ ਅਤੇ ਤਾਰਾ ਦੁਆਰਾ ਕਿਣਕਾ-ਕਿਣਕਾ ਜੋੜ ਕੇ ਬਣਾਈ ਨਿੱਕੀ ਜਿਹੀ ਦੁਨੀਆ ਗਰੀਬੀ ਦੇ ਦੈਂਤ ਨਾਲ ਟਕਰਾ ਕੇ ਪਲਾਂ ਵਿਚ ਖਿੱਲਰ ਜਾਂਦੀ ਹੈ। ਮਾਜਿਦ ਮਾਜੀਦੀ ਦੀ ਫਿਲਮਸਾਜ਼ੀ ਦੀ ਖਾਸੀਅਤ ਇਹ ਹੈ ਕਿ ਉਹ ਇਸ ਡਰਾਵਣੇ ਸੱਚ ਨੂੰ ਕਿਤੇ ਵੀ ਵਪਾਰਕ ਅਤੇ ਬਾਜ਼ਾਰੀ ਨਹੀਂ ਬਣਨ ਦਿੰਦਾ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਉਸ ਨੂੰ ਇਹ ਫਿਲਮ ਬਣਾਉਣ ਦੇ ਦਿਨਾਂ ਵਿਚ ਹੀ ਪਤਾ ਲੱਗ ਗਿਆ ਹੋਵੇਗਾ ਕਿ ਇਹ ਫਿਲਮ ਬਾਕਿਸ ਆਫਿਸ 'ਤੇ ਇੱਕ ਦਿਨ ਵੀ ਨਹੀਂ ਟਿਕਣੀ!

ਇਸ ਫਿਲਮ ਵਿਚ ਬਹੁਤ ਸਾਰੇ ਯਾਦਗਾਰੀ ਦ੍ਰਿਸ਼ ਹਨ। ਨੰਗੀ-ਚਿੱਟੀ ਹਕੀਕਤ ਦੇ ਬਾਵਜੂਦ ਫਿਲਮ ਵਿਚ ਬਹੁਤ ਸਾਰੇ ਰੁਕ ਕੇ ਮਹਿਸੂਸ ਕਰਨ ਦੇ ਪਲ ਹਨ ਜਿਨ੍ਹਾਂ ਵਿਚ ਏ.ਕੇ. ਰਹਿਮਾਨ ਦਾ ਸੰਗੀਤ ਵੀ ਸ਼ਾਮਿਲ ਹੈ। ਇੱਕ ਦ੍ਰਿਸ਼ ਵਿਚ ਅਲੀ ਕਠਪੁਤਲੀਆਂ ਦਾ ਤਮਾਸ਼ਾ ਕਰ ਰਿਹਾ ਹੈ। ਮੁੰਬਈ ਦੀਆਂ ਟਰੇਨਾਂ ਵਿਚ ਜ਼ਿੰਦਗੀ ਕਿਸੇ ਖੂਬਸੂਰਤ ਪਹਾੜੀ ਨਦੀ ਵਾਂਗ ਵਹਿ ਰਹੀ ਹੈ। ਚੁਰਾਹਿਆਂ ਵਿਚ ਚਿੜੀਆਂ ਤੇ ਕਬੂਤਰਾਂ ਨੇ ਆਪਣੀਆਂ ਆਵਾਜ਼ਾਂ ਰਾਹੀ ਇੱਕ ਅਲੱਗ ਹੀ ਸੰਸਾਰ ਰਚਿਆ ਹੋਇਆ ਹੈ। ਫਿਲਮ ਵਿਚ ਸੁਪਨੇ ਲੈਂਦੇ ਅਤੇ ਹਰ ਰੋਜ਼ ਨਵੀਂ ਦੁਨੀਆਂ ਬਣਾਉਂਦੇ ਤੇ ਉਸ ਨੂੰ ਢਹਿੰਦੇ ਦੇਖਣ ਦਾ ਦਰਦ ਸਹਿੰਦੇ ਬੱਚੇ ਹਨ। ਉਨ੍ਹਾਂ ਦੀਆਂ ਦੋਸਤੀਆਂ ਅਤੇ ਮੁਸੀਬਤਾਂ ਹਨ। ਅਸੰਭਵ ਅਤੇ ਬੇਗੈਰਤ ਜ਼ਿੰਦਗੀ ਜਿਊਣ ਦੇ ਜਵਾਰਭਾਟੇ ਵਿਚ ਉਲਝੇ ਲੋਕ ਹਨ। ਇਸ ਤੋਂ ਬਿਨਾ ਗੰਦੀਆਂ ਬਸਤੀਆਂ ਨੂੰ ਨਰਕ ਵਿਚ ਬਦਲ ਕੇ ਆਪਣਾ 'ਕਾਲਾ ਸਾਮਰਾਜ' ਕਾਇਮ ਕਰਨ ਦੀਆਂ ਸਾਜ਼ਿਸ਼ਾਂ ਵਿਚ ਉਲਝੇ ਨਸ਼ਾ ਵੇਚਣ ਵਾਲੇ ਹਨ। ਮੌਕਾ ਆਉਣ 'ਤੇ ਬੰਦਿਆਂ ਦਾ ਗੋਸ਼ਤ ਤੱਕ ਵੇਚ ਦੇਣ ਵਾਲੇ ਠੇਕੇਦਾਰ ਹਨ। ਆਪਣੇ ਅਗਲੇ ਸ਼ਿਕਾਰ ਦੀ ਤਲਾਸ਼ ਵਿਚ ਅੰਨ੍ਹੇ ਹੋ ਚੁੱਕੇ ਬਲਾਤਕਾਰੀ ਹਨ, ਤੇ ਬਹੁਤ ਸਾਰੀਆਂ ਰੋਂਦੀਆਂ-ਕਲਪਦੀਆਂ ਤੇ ਆਪਣੇ ਭਰਾਵਾਂ-ਪ੍ਰੇਮੀਆਂ-ਪੁੱਤਾਂ ਲਈ ਕਲਪਦੀਆਂ ਮਾਵਾਂ ਹਨ। ਮਾਜਿਦ ਮਾਜੀਦੀ ਇਨ੍ਹਾਂ ਸਾਰੀਆਂ ਉਲਝੀਆਂ ਕਹਾਣੀਆਂ ਦਾ ਪਿੱਛਾ ਕਰਦਾ ਹੈ। ਉਸ ਨੂੰ ਰੰਜ਼ ਹੈ ਕਿ ਭਾਰਤੀ ਫਿਲਮਸਾਜ਼ਾਂ ਦੀ ਬੌਧਿਕ ਗਰੀਬੀ ਕਾਰਨ ਇਹ ਸਾਰੀਆਂ ਕਹਾਣੀਆਂ ਅਣ-ਦਿਸਦੀਆਂ ਤੇ ਅਣ-ਸੁਣੀਆਂ ਰਹਿ ਜਾਂਦੀਆਂ ਹਨ। ਉਸ ਨੂੰ ਇਹ ਜਾਣ ਕੇ ਹੋਰ ਵੀ ਹੈਰਾਨੀ ਹੋ ਸਕਦੀ ਹੈ ਕਿ ਸਿਆਸੀ ਅਤੇ ਸਮਾਜਿਕ ਤੌਰ 'ਤੇ ਇਨ੍ਹਾਂ ਕਹਾਣੀਆਂ ਨੂੰ ਘੜਦਾ ਤੰਤਰ ਤਾਂ ਇਨ੍ਹਾਂ ਦੀ ਹੋਂਦ ਤੋਂ ਹੀ ਮੁਨਕਰ ਹੈ। ਅਜਿਹੀ ਹਾਲਤ ਵਿਚ 'ਬੱਦਲਾਂ ਦੇ ਪਾਰ' ਦੇਖਣ ਦਾ ਹੌਸਲਾ ਕਿਸ ਕੋਲ ਬਚਿਆ ਹੈ?

# ਸਵਰਾ ਭਾਸਕਰ ਦੇ ਸੁੱਚੇ ਬੋਲ



ਭਾਰਤ ਦੇ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਉਘੀ ਅਦਾਕਾਰਾ ਸਵਰਾ ਭਾਸਕਰ ਵਿਰੁਧ ਅਦਾਲਤੀ ਹੱਤਕ ਬਾਰੇ ਅਪਰਾਧਿਕ ਕਾਰਵਾਈ ਸ਼ੁਰੂ ਕਰਨ ਦੀ ਸਹਿਮਤੀ ਨਹੀਂ ਦਿੱਤੀ। ਸਵਰਾ ਭਾਸਕਰ 'ਤੇ ਸੁਪਰੀਮ ਕੋਰਟ ਵਲੋਂ ਰਾਮ ਜਨਮਭੂਮੀ-ਬਾਬਰੀ ਮਸਜਿਦ ਕੇਸ ਬਾਰੇ ਫੈਸਲੇ ਖਿਲਾਫ ਅਪਮਾਨਜਨਕ ਬਿਆਨਬਾਜ਼ੀ ਕਰਨ ਦੇ ਦੋਸ਼ ਲਾਏ ਗਏ ਸਨ। ਦੱਸਣਯੋਗ ਹੈ ਕਿ ਕਿਸੇ ਵਿਅਕਤੀ ਖਿਲਾਫ ਅਦਾਲਤੀ ਹੱਤਕ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਕਾਨੂੰਨ ਅਨੁਸਾਰ, ਅਟਾਰਨੀ ਜਨਰਲ ਜਾਂ ਸੌਲਿਸਟਰ ਜਨਰਲ ਤੋਂ ਸਹਿਮਤੀ ਲੈਣੀ ਪੈਂਦੀ ਹੈ। ਇਕ ਵਕੀਲ ਅਨੁਜ ਸਕਸੈਨਾ ਨੇ ਅਦਾਕਾਰਾ ਖਿਲਾਫ ਹੱਤਕ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਅਟਾਰਨੀ ਜਨਰਲ ਤੋਂ ਸਹਿਮਤੀ ਮੰਗੀ ਸੀ। ਵੇਣੂਗੋਪਾਲ ਨੇ ਸਕਸੈਨਾ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਅਦਾਕਾਰਾ ਦਾ ਬਿਆਨ ਅਸਲੀ ਜਾਪਦਾ ਹੈ ਅਤੇ ਉਹ ਉਸ ਦੀ ਆਪਣੀ ਧਾਰਨਾ ਹੈ। ਉਨ੍ਹਾਂ ਕਿਹਾ ਕਿ "ਮੈਨੂੰ ਨਹੀਂ ਲੱਗਦਾ ਕਿ ਇਸ ਕੇਸ ਵਿਚ ਅਦਾਲਤ ਦੇ ਮਾਣ ਨੂੰ ਠੇਸ ਪੁੱਜੀ ਹੈ ਜਾਂ ਹੱਤਕ ਦਾ ਅਪਰਾਧ ਹੋਇਆ ਹੈ। ਇਸ ਕਰ ਕੇ ਮੈਂ ਸਵਰਾ ਭਾਸਕਰ ਖਿਲਾਫ ਮਾਣਹਾਨੀ ਦੇ ਕੇਸ ਸਬੰਧੀ ਕਾਰਵਾਈ ਸ਼ੁਰੂ ਕਰਨ ਦੀ ਸਹਿਮਤੀ ਨਹੀਂ ਦਿੰਦਾ।" ਅਟਾਰਨੀ ਜਨਰਲ ਦੇ ਇਸ ਫੈਸਲੇ ਦੀ ਹਰ ਪਾਸਿਓਂ ਖੂਬ ਤਾਰੀਫ ਹੋ ਰਹੀ ਹੈ।

ਯਾਦ ਰਹੇ ਕਿ ਹਾਲ ਹੀ ਵਿਚ ਇਕ ਹੋਰ ਚਰਚਿਤ ਕੇਸ ਵਿਚ ਵੀ ਅਟਾਰਨੀ ਜਨਰਲ ਨੇ ਚੰਗਾ ਰੋਲ ਨਿਭਾਇਆ ਹੈ। ਉਘੇ ਵਕੀਲ ਪ੍ਰਸ਼ਾਂਤ ਭੂਸ਼ਨ ਖਿਲਾਫ ਅਦਾਲਤੀ ਹੱਤਕ ਦੇ ਕੇਸ ਵਿਚ ਵੀ ਅਟਾਰਨੀ ਜਨਰਲ ਨੇ ਕਿਹਾ ਹੈ ਕਿ ਪ੍ਰਸ਼ਾਂਤ ਨੂੰ ਸਜ਼ਾ ਨਾ ਸੁਣਾਈ ਜਾਵੇ। ਅਟਾਰਨੀ ਜਨਰਲ ਆਮ ਕਰ ਕੇ ਕੇਂਦਰ ਸਰਕਾਰ ਦਾ ਹੀ ਪੱਖ ਪੂਰਦਾ ਹੈ। ਹੁਣ ਜਦੋਂ ਕੇਂਦਰ ਸਰਕਾਰ ਆਪਣੇ ਵਿਰੋਧੀਆਂ ਦੀ ਜ਼ੁਬਾਨਬੰਦੀ ਕਰ ਰਹੀ ਹੈ ਤਾਂ ਅਟਾਰਨੀ ਜਨਰਲ ਵਲੋਂ ਇਨ੍ਹਾਂ ਦੋ ਮਾਮਲਿਆਂ ਵਿਚ ਵੱਖਰੀ ਰਾਏ ਰੱਖੀ ਗਈ ਹੈ ਤਾਂ ਬਹੁਤਿਆਂ ਨੇ ਉਸ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਕਿਹਾ ਹੈ ਕਿ ਅਟਾਰਨੀ ਜਨਰਲ ਨੇ ਇਨਸਾਫ ਅਤੇ ਸਚਾਈ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ।

ਚੇਤੇ ਰਹੇ ਕਿ ਸਵਰਾ ਭਾਸਕਰ ਵੱਖ-ਵੱਖ ਮਸਲਿਆਂ ਉਤੇ ਆਪਣਾ ਪੱਖ ਰੱਖਦੀ ਰਹੀ ਹੈ। ਉਸ ਦੇ ਅਜਿਹੇ ਬਿਆਨਾਂ ਦੇ ਕੇਂਦਰ ਵਿਚ ਸਦਾ ਮਨੁੱਖਤਾ ਹੀ ਹੁੰਦੀ ਹੈ। ਉਸ ਨੇ ਆਪਣੀਆਂ ਕਈ ਇੰਟਰਵਿਊਜ਼ ਵਿਚ ਇਹ ਮੰਨਿਆ ਹੈ ਕਿ ਇਨ੍ਹਾਂ ਕਈ ਕਾਰਨਾਂ ਕਰ ਕੇ ਉਸ ਦੇ ਕੰਮ ਦਾ ਨੁਕਸਾਨ ਵੀ ਬਹੁਤ ਹੋਇਆ ਹੈ ਪਰ ਉਸ ਦਾ ਕਹਿਣਾ ਹੈ ਕਿ ਉਹ ਸੱਚ ਬੋਲਣ ਤੋਂ ਕਦੀ ਝਿਜਕੇਗੀ ਨਹੀਂ ਭਾਵੇਂ ਉਸ ਦਾ ਕਿੰਨਾ ਵੀ ਨੁਕਸਾਨ ਕਿਉਂ ਨਾ ਹੋ ਜਾਵੇ। ਉਹ ਹਮੇਸ਼ਾਂ ਆਪਣੇ ਦਿਲ ਦਾ ਕਹਿਣਾ ਮੰਨਦੀ ਹੈ ਅਤੇ ਜਦੋਂ ਵੀ ਉਸ ਨੂੰ ਲੱਗੇਗਾ ਕਿ ਕਿਸੇ ਨਾਲ ਵਧੀਕੀ ਹੋ ਰਹੀ ਹੈ ਤਾਂ ਉਹ ਆਪਣੀ ਆਵਾਜ਼ ਜ਼ਰੂਰ ਬੁਲੰਦ ਕਰੇਗੀ।

ਸਵਰਾ ਭਾਸਕਰ ਨੇ ਨਾਗਰਿਕਤਾ ਕਾਨੂੰਨ ਖਿਲਾਫ ਵੀ ਮੋਰਚਾਬੰਦੀ ਕੀਤੀ ਸੀ ਅਤੇ ਦਿੱਲੀ ਦੇ ਸ਼ਾਹੀਨ ਬਾਗ ਵਿਚ ਚੱਲੇ ਲੰਮੇ ਧਰਨੇ ਅਤੇ ਮੁਜ਼ਾਹਰੇ ਦੌਰਾਨ ਵੱਡਾ ਯੋਗਦਾਨ ਪਾਇਆ ਸੀ। ਉਸ ਦਾ ਆਖਣਾ ਹੈ ਕਿ ਉਸ ਨੂੰ ਮਨੁੱਖਤਾ ਦੇ ਹੱਕ ਵਿਚ ਖੜ੍ਹਨ ਦੀ ਜਾਗ ਉਸ ਦੇ ਮਾਪਿਆਂ ਨੇ ਲਾਈ ਹੈ ਅਤੇ ਉਹ ਸਾਰੀ ਉਮਰ ਇਸ ਉਤੇ ਪਹਿਰਾ ਦੇਵੇਗੀ। ਉਸ ਨੇ ਮੋਦੀ ਸਰਕਾਰ ਦੀ ਤਿਖੀ ਨੁਕਤਾਚੀਨੀ ਕੀਤੀ ਹੈ ਜਿਹੜੀ ਮੁਲਕ ਦੇ ਲੋਕਾਂ ਤੋਂ ਉਨ੍ਹਾਂ ਦੇ ਬੋਲਣ ਦਾ ਹੱਕ ਵੀ ਖੋਹ ਰਹੀ ਹੈ।

***-ਆਮਨਾ ਕੌਰ***

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 45 Cent + Team 52 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੋਰ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com